Ad Space Available
Please Call
Ph: 847-359-0746

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Ad Space Available
Please Call
Ph: 847-359-0746



Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 52, December 29, 2018 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਪੰਚਾਇਤ ਚੋਣਾਂ: ਸਰਕਾਰੀ ਮਸ਼ੀਨਰੀ ਨੇ ਉਮੀਦਵਾਰਾਂ ਦੀ ਬੱਸ ਕਰਾਈ

**ਚੰਡੀਗੜ੍ਹ:** ਚੋਣ ਕਮਿਸ਼ਨ ਵਲੋਂ ਪੰਜਾਬ ਵਿਚ ਨਿਰਪੱਖ ਪੰਚਾਇਤੀ ਚੋਣਾਂ ਕਰਵਾਉਣ ਬਾਰੇ ਹੁਕਮ, ਸਰਕਾਰੀ ਮਸ਼ੀਨਰੀ ਅੱਗੇ ਬੇਵੱਸ ਹੋਏ ਦਿਸੇ। ਪੰਚਾਇਤੀ ਚੋਣਾਂ ਦੇ ਐਲਾਨ ਤੋਂ ਲੈ ਕੇ ਵੋਟਾਂ ਤੱਕ ਪੇਂਡੂ ਇਲਾਕੇ ਜੰਗ ਦਾ ਮੈਦਾਨ ਬਣੇ ਰਹੇ। ਤਕਰੀਬਨ ਹਰ ਜ਼ਿਲ੍ਹੇ ਦੇ ਕਿਸੇ ਨਾ ਕਿਸੇ ਪਿੰਡ ਵਿਚ ਵੱਢ-ਟੁੱਕ ਦੀ ਘਟਨਾ ਵਾਪਰੀ। ਚੋਣ ਕਮਿਸ਼ਨਰ ਕੋਲ ਸ਼ਿਕਾਇਤਾਂ ਦੇ ਢੇਰ ਲੱਗ ਗਏ। ਸਭ ਤੋਂ ਵੱਧ ਚਰਚਾ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾਉਣ ਦੀ ਰਹੀ।

ਪੰਚਾਇਤੀ ਚੋਣਾਂ ਲਈ 27819 ਉਮੀਦਵਾਰਾਂ ਦੇ ਨਾਮਜ਼ਦਗੀ ਕਾਗਜ਼ ਰੱਦ ਹੋਏ। ਸਰਕਾਰੀ ਅੰਕੜਿਆਂ ਮੁਤਾਬਕ, ਕਾਗਜ਼ ਰੱਦ ਹੋਣ ਕਾਰਨ ਪੰਚ ਦੀਆਂ ਸੀਟਾਂ ਲਈ 20791 ਉਮੀਦਵਾਰ ਮੈਦਾਨ ਵਿਚੋਂ ਬਾਹਰ ਹੋ ਗਏ। ਪੰਚ ਦੇ ਅਹੁਦੇ ਲਈ ਕੁੱਲ 1,65,453 ਨਾਮਜ਼ਦਗੀ ਵਿਚੋਂ 1,44,662 ਨਾਮਜ਼ਦਗੀਆਂ ਸਹੀ ਮਿਲੀਆਂ। ਇਸੇ ਤਰ੍ਹਾਂ ਸਰਪੰਚਾਂ ਦੀ ਸੀਟ ਲਈ ਵੀ 7028 ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਗਏ। ਕਈ ਉਮੀਦਵਾਰਾਂ ਨੇ ਐਨ.ਓ.ਸੀ. ਨਾ ਦੇਣ ਦੇ ਦੋਸ਼ ਲਾਏ ਅਤੇ ਕਈ ਹੋਰਾਂ ਨੇ ਬਿਨਾਂ ਕਿਸੇ ਠੋਸ ਸਬੂਤ ਹੀ ਕਾਗਜ਼ ਰੱਦ ਕਰ ਦੇਣ ਦੀ ਸ਼ਿਕਾਇਤ ਕੀਤੀ। ਇਸ ਤੋਂ ਇਲਾਵਾ ਕਈਆਂ ਨੇ ਨਾਮਜ਼ਦਗੀ ਪੱਤਰਾਂ ਨਾਲ ਲਾਏ ਕਾਗਜ਼ ਪਾੜਨ ਦੀ ਸ਼ਿਕਾਇਤ ਕੀਤੀ ਜਿਸ ਕਾਰਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦਖਲ ਦੇਣਾ ਪਿਆ ਤੇ ਕਾਗਜ਼ ਰੱਦ ਹੋਣ ਵਾਲੇ ਸਾਰੇ ਪੀੜਤਾਂ ਨੂੰ ਰਾਹਤ ਦਿੰਦਿਆਂ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦਿੱਤਾ ਕਿ ਉਹ ਸ਼ਿਕਾਇਤ ਮਿਲਣ ਤੋਂ 48 ਘੰਟਿਆਂ ਦੇ ਅੰਦਰ ਸੁਣਵਾਈ ਕਰ ਕੇ ਹੁਕਮ ਪਾਸ ਕਰਨ।

ਪਟੀਸ਼ਨਰਾਂ ਨੇ ਵੱਡੇ ਪੱਧਰ 'ਤੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੀ ਗੱਲ ਪੂਰੀ ਤਰ੍ਹਾਂ ਸੁਣੇ ਬਿਨਾਂ ਹੀ ਨਾਮਜ਼ਦਗੀਆਂ ਰੱਦ ਕੀਤੀਆਂ ਗਈਆਂ। ਇਸ ਨਾਲ ਚੋਣ ਲੜਨ ਦਾ ਉਨ੍ਹਾਂ ਦਾ ਕਾਨੂੰਨੀ ਹੱਕ ਖੋਹ ਲਿਆ ਗਿਆ। ਵੱਡੇ ਪੱਧਰ 'ਤੇ ਨਾਮਜ਼ਦਗੀਆਂ ਰੱਦ ਹੋਣ ਸਬੰਧੀ ਅਕਾਲੀ ਦਲ ਨੇ ਕਾਂਗਰਸ ਸਰਕਾਰ ਨੂੰ ਘੇਰਿਆ ਅਤੇ ਡੀ.ਸੀ. ਦਫਤਰਾਂ ਅੱਗੇ ਧਰਨੇ ਸ਼ੁਰੂ ਕਰ ਦਿੱਤੇ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਾਂ ਇਥੋਂ ਤੱਕ ਕਹਿਣਾ ਪਿਆ ਕਿ ਜਿਸ ਤਰ੍ਹਾਂ ਸਾਰੇ ਪੰਜਾਬ 'ਚੋਂ ਖਬਰਾਂ ਆਈਆਂ ਹਨ, ਉਸ ਤੋਂ ਇਹੀ ਬਿਹਤਰ ਸੀ ਕਿ ਚੋਣਾਂ ਕਰਵਾਉਣ ਦੀ ਥਾਂ ਪੰਚ-ਸਰਪੰਚ ਨਾਮਜ਼ਦ ਹੀ ਕਰ ਦਿੱਤੇ ਜਾਂਦੇ। ਇਸ ਤੋਂ ਇਲਾਵਾ ਸਰਪੰਚੀ ਅਤੇ ਪੰਚੀ ਦੀ ਚੋਣ ਲੜਨ ਦੇ ਇੱਛੁਕ ਬਹੁਤੇ ਉਮੀਦਵਾਰਾਂ ਨੂੰ ਤਾਂ ਪਹਿਲਾਂ ਐਨ.ਓ.ਸੀ. ਹੀ ਨਹੀਂ ਹੋ ਸਕੇ। ਇਹੀ ਨਹੀਂ ਕਾਂਗਰਸ ਦੇ ਕੁਝ ਆਗੂਆਂ ਨੇ ਵੀ ਧੱਕੇਸ਼ਾਹੀ ਖਿਲਾਫ ਆਵਾਜ਼ ਬੁਲੰਦ ਕੀਤੀ ਤੇ ਸਰਬਸੰਮਤੀ ਨਾਲ ਬਣਾਏ ਸਰਪੰਚਾਂ ਉਤੇ ਵੀ ਉਂਗਲ ਚੁੱਕੀ। ਯਾਦ ਰਹੇ ਕਿ 30 ਦਸੰਬਰ ਨੂੰ 13276 ਪੰਚਾਇਤਾਂ ਲਈ ਵੋਟਾਂ ਪੁਆਉਣ ਦੀ ਜ਼ਿੰਮੇਵਾਰੀ ਪੰਜਾਬ ਰਾਜ ਚੋਣ ਕਮਿਸ਼ਨ ਦੀ ਸੀ।

ਉਧਰ, ਚੋਣ ਕਮਿਸ਼ਨ ਅਤੇ ਸਰਕਾਰ ਦੇ ਦਰਮਿਆਨ ਵੀ ਤਣਾਅ ਰਿਹਾ। ਚੋਣ ਕਮਿਸ਼ਨ ਨੇ ਮੋਗਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਾ ਤਬਾਦਲਾ ਕਰਨ ਦੇ ਹੁਕਮ ਦਿੱਤੇ ਕਿਉਂਕਿ ਡੀ.ਸੀ. ਨੇ ਆਪਣੇ ਪੱਧਰ ਉਤੇ ਇਕ ਪਿੰਡ ਦੀ ਪੰਚਾਇਤ ਚੋਣ ਨਾ ਕਰਵਾਉਣ ਦਾ ਹੁਕਮ ਦੇ ਦਿੱਤਾ ਸੀ। ਦੋ ਦਿਨ ਸਰਕਾਰ ਨੇ ਚੋਣ ਕਮਿਸ਼ਨ ਦੇ ਹੁਕਮ ਉਤੇ ਅਮਲ ਨਹੀਂ ਕੀਤਾ, ਫਿਰ ਡਿਪਟੀ ਕਮਿਸ਼ਨਰ ਨੂੰ ਬਦਲਣ ਦੀ ਥਾਂ ਨਵਾਂ, ਵੱਖਰਾ ਚੋਣ ਅਧਿਕਾਰੀ ਨਿਯੁਕਤ ਕਰ ਦਿੱਤਾ। ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਹੇਠਲੇ ਪੱਧਰ ਦੇ ਪ੍ਰਸ਼ਾਸਨਿਕ ਅਮਲੇ ਵੱਲ ਇਹ ਸੰਕੇਤ ਜਾਂਦੇ ਹਨ ਕਿ ਸੱਤਾਧਾਰੀ ਧਿਰ ਦਾ ਹੁਕਮ ਮੰਨਣ ਨਾਲ ਉਨ੍ਹਾਂ ਉਤੇ ਕੋਈ ਆਂਚ ਨਹੀਂ ਆਵੇਗੀ। ਇਸੇ ਕਾਰਨ ਅਧਿਕਾਰੀਆਂ ਨੇ ਚੋਣ ਕਮਿਸ਼ਨ ਦੀ ਗੱਲ ਮੰਨਣ ਦੀ ਥਾਂ ਸਿਆਸੀ ਲੋਕਾਂ ਨੂੰ ਵੱਧ ਤਵੱਜੋ ਦਿੱਤੀ।

ਸ਼ਹਿਰਾਂ ਵਿਚ ਸਥਾਨਕ ਸੰਸਥਾਵਾਂ ਜਾਂ

*(ਬਾਕੀ ਸਫਾ 6 ਉਤੇ)*

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ

**ਫਤਹਿਗੜ੍ਹ ਸਾਹਿਬ:** ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਭਾ ਲਈ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਸੰਗਤ ਦੀ ਆਮਦ ਹੋਈ। ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਇਤਿਹਾਸਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ, ਸ੍ਰੀ ਜੋਤੀ ਸਰੂਪ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਖੇ ਨਤਮਸਤਕ ਹੋਏ।

ਸ਼੍ਰੋਮਣੀ ਕਮੇਟੀ ਵਲੋਂ ਜਿਥੇ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ, ਉਥੇ ਪ੍ਰਸ਼ਾਸਨ ਨੇ ਵੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ। ਸੁਰੱਖਿਆ ਦੇ ਮੱਦੇਨਜ਼ਰ 3000 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਇਸ ਮੌਕੇ ਨਿਹੰਗ ਸਿੰਘਾਂ ਨੇ ਗਤਕੇ ਦੇ ਜੌਹਰ ਵਿਖਾਏ। ਕੜਾਕੇ ਦੀ ਠੰਢ ਦੇ ਬਾਵਜੂਦ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ ਅਤੇ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ। ਇਸ ਮੌਕੇ ਸੰਗਤ ਵੱਲੋਂ ਥਾਂ-ਥਾਂ ਲੰਗਰ ਲਾਏ ਗਏ ਸਨ। ਤਿੰਨ ਦਿਨ ਚੱਲੀ ਇਸ ਸਭਾ ਵਿਚ ਵਿਦੇਸ਼ਾਂ ਤੋਂ ਵੀ ਵੱਡੀ ਗਿਣਤੀ ਸੰਗਤ ਨਤਮਸਤਕ ਹੋਈ।



ਫਤਹਿਗੜ੍ਹ ਸਾਹਿਬ ਜੋੜ-ਮੇਲ ਵਿਚ ਪੁੱਜੀ ਸੰਗਤ।


Tanya`s Beauty Salon
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832

Fall Special Fare
Jan 10th to 31st March. 2019
ਦਿੱਲੀ $839
ਟੈਕਸ ਸਮੇਤ
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit and may change without notice, please call our office for more details. Other conditions apply.

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥
ਚਾਰ ਮੁਏ ਤੋ ਕਿਆ ਹੁਆ ਜੀਵਤ ਕਈ ਹਜ਼ਾਰ॥

## ਚਮਕੌਰ ਦੀ ਗੜ੍ਹੀ ਦੇ ਸਿੰਘ ਸ਼ਹੀਦਾਂ ਅਤੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿਚ

# ਸ਼ਹੀਦੀ ਸਮਾਗਮ

## 21 ਦਸੰਬਰ ਤੋਂ 30 ਦਸੰਬਰ 2018 ਤੱਕ

**ਰੋਜ਼ਾਨਾ ਸ਼ਾਮ 5:30 ਵਜੇ ਤੋਂ ਰਾਤ 8:30 ਵਜੇ ਤੱਕ**

## 29 ਦਸੰਬਰ 2018 (ਸਨਿਚਰਵਾਰ)

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਬੰਧੀ ਮਹਾਨ ਕੀਰਤਨ ਦਰਬਾਰ ਸ਼ਾਮ 7:15 ਤੋਂ ਰਾਤ 9:15 ਵਜੇ ਤੱਕ
ਗੁਰੂ ਰਾਮਦਾਸ ਅਕੈਡਮੀ, ਵਰਜੀਨੀਆ ਦੇ ਬੱਚਿਆਂ ਵਲੋਂ

## 31 ਦਸੰਬਰ 2018 (ਸੋਮਵਾਰ)

## ਮਹਾਨ ਕੀਰਤਨ ਦਰਬਾਰ

**ਸ਼ਾਮ 5:30 ਤੋਂ ਰਾਤ 12:30 ਵਜੇ ਤੱਕ**

12:00 ਵਜੇ ਫੁੱਲਾਂ ਦੀ ਵਰਖਾ ਅਤੇ ਆਰਤੀ ਕੀਰਤਨ ਨਾਲ ਨਵੇਂ ਸਾਲ ਨੂੰ ਜੀ ਆਇਆਂ ਆਖਿਆ ਜਾਵੇਗਾ

ਪ੍ਰਸਿੱਧ ਰਾਗੀ ਭਾਈ ਬਲਜਿੰਦਰ ਸਿੰਘ ਪਿਹੋਵਾ ਵਾਲੇ, ਭਾਈ ਗੁਰਪ੍ਰੀਤ ਸਿੰਘ ਬੱਲ੍ਹੜਵਾਲ ਵਾਲੇ, ਬੀਬੀ ਜਸਵਿੰਦਰ ਕੌਰ ਖਾਲਸਾ ਰਾਮਾਮੰਡੀ ਵਾਲਿਆਂ ਦਾ ਢਾਡੀ ਜਥਾ, ਕਥਾਵਾਚਕ ਗਿਆਨੀ ਮਨਜੀਤ ਸਿੰਘ ਲੁਧਿਆਣੇ ਵਾਲੇ, ਭਾਈ ਅਜੈਬ ਸਿੰਘ ਕਰਨਾਲ ਵਾਲੇ ਅਤੇ ਹੋਰ ਰਾਗੀ ਤੇ ਢਾਡੀ ਜਥੇ ਸੰਗਤਾਂ ਨੂੰ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ।



*ਸਮੂਹ ਸੰਗਤਾਂ ਨੂੰ ਉਲੀਕੇ ਗਏ ਪ੍ਰੋਗਰਾਮਾਂ ਅਨੁਸਾਰ ਗੁਰੂ ਘਰ ਵਿਖੇ ਹਾਜਰੀ ਭਰ ਕੇ ਜੀਵਨ ਸਫਲ ਕਰਨ ਦੀ ਬੇਨਤੀ ਹੈ ਜੀ।*

*ਗੁਰੂ ਕਾ ਲੰਗਰ ਅਟੁੱਟ ਵਰਤੇਗਾ*

**ਗੁਰੂ ਰੂਪ ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030**
ਸਾਬਕਾ ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

# ਧੋਖੇਬਾਜ਼ ਐਨ.ਆਰ.ਆਈ. ਲਾੜਿਆਂ ਨੂੰ ਡਿਪੋਰਟ ਕਰਵਾਉਣ ਲਈ ਸੈੱਲ ਕਾਇਮ

**ਅੰਮ੍ਰਿਤਸਰ:** ਪਤਨੀਆਂ ਨੂੰ ਛੱਡ ਕੇ ਵਿਦੇਸ਼ ਦੌੜਨ ਵਾਲੇ ਐਨ.ਆਰ.ਆਈ. ਲਾੜੇ ਹੁਣ ਜੇਲ੍ਹ ਜਾਣ ਤੋਂ ਨਹੀਂ ਬਚ ਸਕਣਗੇ। ਅਜਿਹੇ ਵਿਅਕਤੀਆਂ ਨੂੰ ਵਿਦੇਸ਼ ਤੋਂ ਡਿਪੋਰਟ ਕਰਵਾਉਣ ਲਈ ਖੇਤਰੀ ਪਾਸਪੋਰਟ ਦਫਤਰ ਅੰਮ੍ਰਿਤਸਰ ਨੇ ਵੱਖਰਾ ਸੈੱਲ ਕਾਇਮ ਕਰ ਦਿੱਤਾ ਹੈ।

ਇਸ ਯੂਨਿਟ ਵਿਚ ਜਿਥੇ ਅਜਿਹੇ ਕੇਸ ਹੀ ਵਿਚਾਰੇ ਜਾਂਦੇ ਹਨ ਅਤੇ ਪਹਿਲ ਦੇ ਆਧਾਰ 'ਤੇ ਕਾਨੂੰਨੀ ਕਾਰਵਾਈ ਅਮਲ ਵਿਚ ਲਿਆ ਕੇ ਸਬੰਧਤ ਵਿਅਕਤੀ ਦਾ ਪਾਸਪੋਰਟ ਜ਼ਬਤ ਕਰ ਲਿਆ ਜਾਂਦਾ ਹੈ, ਉਥੇ ਮੁਲਜ਼ਮਾਂ ਨੂੰ ਵਿਦੇਸ਼ ਤੋਂ ਭਾਰਤ ਲਿਆਉਣ ਲਈ ਵੀ ਕਾਰਵਾਈ ਕੀਤੀ ਜਾਂਦੀ ਹੈ। ਕੁਝ ਦਿਨਾਂ ਵਿਚ ਇਹ ਦਫਤਰ 10 ਅਜਿਹੇ ਵਿਅਕਤੀਆਂ ਦੇ ਪਾਸਪੋਰਟ ਜ਼ਬਤ ਕਰ ਚੁੱਕਾ ਹੈ।

ਪੰਜਾਬ ਵਿਚ 40 ਹਜ਼ਾਰ ਦੇ ਕਰੀਬ ਅਜਿਹੇ ਕੇਸ ਹਨ, ਜਿਨ੍ਹਾਂ ਵਿਚ ਵਿਦੇਸ਼ੀ ਲੜਕੇ ਪੰਜਾਬ ਆ ਕੇ ਵਿਆਹ ਕਰਵਾ ਗਏ। ਲੜਕੀ ਵਾਲਿਆਂ ਨੇ ਆਪਣੇ ਵਿੱਤ ਤੋਂ ਵੱਧ ਖਰਚ ਵਿਆਹਾਂ 'ਤੇ ਕੀਤਾ, ਪਰ ਇਹ ਲੜਕੇ ਥੋੜ੍ਹਾ ਸਮਾਂ ਲੜਕੀ ਨਾਲ ਰਹਿ ਕੇ ਉਸ ਦੇ ਗਹਿਣੇ ਅਤੇ ਹੋਰ ਕੀਮਤੀ ਸਾਮਾਨ ਲੈ ਕੇ ਵਿਦੇਸ਼ ਰਫੂਚੱਕਰ ਹੋ ਗਏ। ਕਈ ਕੇਸਾਂ ਵਿਚ ਤਾਂ ਇਨ੍ਹਾਂ ਲੜਕਿਆਂ ਨੇ ਸਹੁਰਾ ਪਰਿਵਾਰ ਤੋਂ ਵੱਡੀ ਰਕਮ ਵੀ ਵਸੂਲ ਕੀਤੀ ਹੈ।

## ਲਾਲੂ ਯਾਦਵ ਨੂੰ ਅੰਤਰਿਮ ਜ਼ਮਾਨਤ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਸੀ. ਬੀ.ਆਈ. ਤੇ ਈਡੀ ਵੱਲੋਂ ਆਈ. ਆਰ. ਸੀ. ਟੀ. ਸੀ. ਨਾਲ ਜੁੜੇ ਦੋ ਘੁਟਾਲਿਆਂ ਵਿਚ ਆਰ. ਜੇ. ਡੀ. ਪ੍ਰਧਾਨ ਲਾਲੂ ਪ੍ਰਸਾਦ ਯਾਦਵ ਨੂੰ 19 ਜਨਵਰੀ ਤੱਕ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਲਾਲੂ ਯਾਦਵ ਵੱਲੋਂ ਸਿਹਤ ਠੀਕ ਨਾ ਹੋਣ ਕਾਰਨ ਰਾਂਚੀ ਜੇਲ੍ਹ ਤੋਂ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤਣ ਦੌਰਾਨ ਵਿਸ਼ੇਸ਼ ਜੱਜ ਅਰੁਣ ਭਾਰਦਵਾਜ ਨੇ ਇਹ ਹੁਕਮ ਦਿੱਤੇ।

# ਰੱਖਿਆ ਮੰਤਰੀ ਜੇਮਜ਼ ਮੈਟਿਜ਼ ਵੱਲੋਂ ਅਸਤੀਫਾ

**ਵਾਸ਼ਿੰਗਟਨ:** ਭਾਰਤ-ਅਮਰੀਕਾ ਫੌਜੀ ਸਬੰਧਾਂ ਦੀ ਜ਼ੋਰਦਾਰ ਹਮਾਇਤ ਕਰਨ ਵਾਲੇ ਅਮਰੀਕੀ ਰੱਖਿਆ ਮੰਤਰੀ ਜੇਮਜ਼ ਮੈਟਿਜ਼ ਨੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਨੀਤੀ ਵਖਰੇਵਿਆਂ ਦਾ ਹਵਾਲਾ ਦਿੰਦਿਆਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਮੈਟਿਜ਼ ਨੇ ਟਰੰਪ ਨੂੰ ਲਿਖੇ ਪੱਤਰ ਵਿਚ ਸਾਫ ਕਰ ਦਿੱਤਾ ਕਿ ਉਹ ਉਨ੍ਹਾਂ ਦੀ ਥਾਂ ਕਿਸੇ ਸ਼ਖਸ ਦੀ ਚੋਣ ਕਰ ਲੈਣ, ਜੋ ਉਨ੍ਹਾਂ (ਟਰੰਪ) ਦੇ ਆਲਮੀ ਨਜ਼ਰੀਏ ਨਾਲ ਇਤਫਾਕ ਰੱਖਦਾ ਹੋਵੇ।

ਅਧਿਕਾਰਤ ਤੌਰ 'ਤੇ ਮੈਟਿਜ਼ ਦੇ ਅਹੁਦੇ ਦੀ ਮਿਆਦ 28 ਫਰਵਰੀ 2019 ਨੂੰ ਖਤਮ ਹੋਣੀ ਹੈ। ਸ੍ਰੀ ਮੈਟਿਜ਼ ਵੱਲੋਂ ਅਸਤੀਫਾ ਅਜਿਹੇ ਸਮੇਂ ਆਇਆ ਹੈ ਜਦੋਂ ਅਜੇ ਅਮਰੀਕੀ ਸਦਰ ਨੇ ਜੰਗ ਦੇ ਭੰਬੇ ਸੀਰੀਆ 'ਚੋਂ ਅਮਰੀਕੀ ਫੌਜਾਂ ਨੂੰ ਬਾਹਰ ਕੱਢਣ ਦਾ ਐਲਾਨ ਕਰ ਕੇ ਪੈਂਟਾਗਨ ਨੂੰ ਵੱਡਾ ਝਟਕਾ ਦਿੱਤਾ ਹੈ।

# ਸਿੱਖ ਕੈਬ ਚਾਲਕ ਦੇ ਹਮਲਾਵਰ ਨੂੰ 15 ਮਹੀਨੇ ਦੀ ਕੈਦ

**ਸਿਆਟਲ:** ਇਥੇ ਪਿਛਲੇ ਸਾਲ ਭਾਰਤੀ ਮੂਲ ਦੇ 53 ਸਾਲਾ ਸਿੱਖ ਕੈਬ ਚਾਲਕ ਉਤੇ ਹਥੌੜੇ ਨਾਲ ਹਮਲਾ ਕਰਨ ਦੇ ਦੋਸ਼ੀ ਨੂੰ 15 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਿੱਖਾਂ ਦੇ ਮਨੁੱਖੀ ਅਧਿਕਾਰਾਂ ਬਾਰੇ ਜਥੇਬੰਦੀ 'ਦਿ ਸਿੱਖ ਕੋਲੀਸ਼ਨ' ਅਨੁਸਾਰ ਸਵਰਨ ਸਿੰਘ ਨਾਂ ਦੇ ਕੈਬ ਚਾਲਕ ਉਤੇ ਰੌਰੀ ਬੈਨਸਨ ਨਾਂ ਦੇ ਵਿਅਕਤੀ ਨੇ ਦਸੰਬਰ 2017 'ਚ ਜਾਨਲੇਵਾ ਹਮਲਾ ਕਰ ਦਿੱਤਾ ਸੀ। ਬੈਨਸਨ ਨੇ ਸਿਆਟਲ ਦੀ ਅਦਾਲਤ 'ਚ ਆਪਣਾ ਜੁਰਮ ਕਬੂਲ ਕਰ ਲਿਆ ਸੀ। ਉਸ ਨੂੰ 15 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਗਵਾਹਾਂ ਨੇ ਆਪਣੇ ਬਿਆਨ 'ਚ ਦੱਸਿਆ ਹੈ ਕਿ ਸਵਰਨ ਸਿੰਘ 'ਤੇ ਜਦੋਂ ਇਹ ਹਮਲਾ ਕੀਤਾ ਗਿਆ ਤਾਂ ਉਹ ਬੈਨਸਨ ਅਤੇ ਉਸ ਦੀ ਮਾਂ ਨੂੰ ਉਸ ਦੇ ਘਰ ਛੱਡਣ ਗਿਆ ਹੋਇਆ ਸੀ। ਬੈਨਸਨ ਕਾਰ ਦੀ ਅਗਲੀ ਸੀਟ 'ਤੇ ਬੈਠਾ ਸੀ ਅਤੇ ਉਸ ਕੱਪੜੇ ਦੇ ਇਕ ਟੁਕੜੇ ਨਾਲ ਸਵਰਨ ਸਿੰਘ ਦਾ ਗਲਾ ਦਬਾਉਣ ਦੀ ਕੋਸ਼ਿਸ਼ ਕੀਤੀ। ਸਵਰਨ ਸਿੰਘ ਨੇ ਪੱਗ ਬੰਨ੍ਹੀ ਹੋਈ ਸੀ। ਬਿਆਨ ਵਿਚ ਕਿਹਾ ਗਿਆ ਹੈ ਕਿ ਸਵਰਨ ਸਿੰਘ ਨੇ ਤੁਰਤ ਕਾਰ 'ਚੋਂ ਨਿਕਲ ਕੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਬੈਨਸਨ ਨੇ ਆਪਣੇ ਥੈਲੇ 'ਚੋਂ ਹਥੌੜਾ ਕੱਢ ਕੇ ਉਸ ਦਾ ਪਿੱਛਾ ਕੀਤਾ ਤੇ ਉਸ ਦੇ ਸਿਰ 'ਚ ਕਈ ਵਾਰ ਹਥੌੜੇ ਮਾਰੇ। ਬੈਨਸਨ ਨੇ ਖਾਸ ਤੌਰ ਉਤੇ ਸਵਰਨ ਸਿੰਘ ਦੀ ਪੱਗ ਨੂੰ ਨਿਸ਼ਾਨਾ ਬਣਾਇਆ ਤੇ ਉਸ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਹਮਲੇ ਕਾਰਨ ਸਵਰਨ ਸਿੰਘ ਦੀ ਖੋਪੜੀ 'ਚ ਗੰਭੀਰ ਸੱਟਾਂ ਵੱਜੀਆਂ ਸਨ। ਬਾਅਦ ਵਿਚ ਬੈਨਸਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

## ਹਰਸ਼ ਵਰਧਨ ਸ਼ਰਿੰਗਲਾ ਅਮਰੀਕਾ 'ਚ ਭਾਰਤੀ ਰਾਜਦੂਤ ਨਿਯੁਕਤ

**ਨਵੀਂ ਦਿੱਲੀ:** ਅਨੁਭਵੀ ਕੂਟਨੀਤਕ ਹਰਸ਼ ਵਰਧਨ ਸ਼ਰਿੰਗਲਾ ਨੂੰ ਅਮਰੀਕਾ 'ਚ ਭਾਰਤ ਦਾ ਨਵਾਂ ਰਾਜਦੂਤ ਨਿਯੁਕਤ ਕੀਤਾ ਗਿਆ ਹੈ। ਸ਼ਰਿੰਗਲਾ ਜੋ ਭਾਰਤੀ ਵਿਦੇਸ਼ੀ ਸੇਵਾਵਾਂ ਦੇ 1984 ਬੈਚ ਦੇ ਕੂਟਨੀਤਕ ਹਨ, ਨਵਤੇਜ ਸਿੰਘ ਸਰਨਾ ਦੀ ਜਗ੍ਹਾ ਲੈਣਗੇ। ਜ਼ਿਕਰਯੋਗ ਹੈ ਕਿ ਵਰਤਮਾਨ ਸਮੇਂ ਸ਼ਰਿੰਗਲਾ ਬੰਗਲਾਦੇਸ਼ 'ਚ ਭਾਰਤੀ ਹਾਈ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਸੀਨੀਅਰ ਕੂਟਨੀਤਕ ਰੀਵਾ ਗਾਂਗੁਲੀ ਦਾਸ ਜੋ ਵਰਤਮਾਨ ਸਮੇਂ ਸਭਿਆਚਾਰ ਸਬੰਧੀ ਭਾਰਤੀ ਕਾਂਸਲ ਦੀ ਡਾਇਰੈਕਟਰ ਜਨਰਲ ਹਨ, ਨੂੰ ਬੰਗਲਾਦੇਸ਼ ਵਿਚ ਭਾਰਤੀ ਹਾਈ ਕਮਿਸ਼ਨਰ ਲਗਾਇਆ ਗਿਆ ਹੈ।

# 65 ਅਮਰੀਕੀ 'ਵਰਸਿਟੀਆਂ ਵਲੋਂ ਵੀਜ਼ਾ ਤਬਦੀਲੀਆਂ ਦਾ ਵਿਰੋਧ

**ਵਾਸ਼ਿੰਗਟਨ:** ਹਾਰਵਰਡ ਅਤੇ ਐਮ. ਆਈ. ਟੀ. ਯੂਨੀਵਰਸਿਟੀ ਸਮੇਤ ਪ੍ਰਮੁੱਖ 65 ਯੂਨੀਵਰਸਿਟੀਆਂ ਨੇ ਟਰੰਪ ਪ੍ਰਸ਼ਾਸਨ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਲਈ ਤਿਆਰ ਨਵੀਂ ਵੀਜ਼ਾ ਨੀਤੀ ਦਾ ਵਿਰੋਧ ਕਰਦਿਆਂ ਅਦਾਲਤ ਵਿਚ ਇਸ ਨੂੰ ਚੁਣੌਤੀ ਦਿੱਤੀ ਹੈ। ਇਨ੍ਹਾਂ 'ਵਰਸਿਟੀਆਂ ਦਾ ਆਖਣਾ ਹੈ ਕਿ ਇਸ ਨਵੀਂ ਨੀਤੀ ਦਾ ਅਮਰੀਕਾ ਦੀ ਉੱਚ ਸਿੱਖਿਆ ਪ੍ਰਣਾਲੀ ਉਤੇ ਬਹੁਤ ਮਾੜਾ ਪ੍ਰਭਾਵ ਪਵੇਗਾ। ਟਰੰਪ ਪ੍ਰਸ਼ਾਸਨ ਵੱਲੋਂ ਅਗਸਤ ਵਿਚ ਐਲਾਨੀ ਨਵੀਂ ਨੀਤੀ ਤਹਿਤ ਵੀਜ਼ਾ ਖਤਮ ਹੋਣ ਪਿਛੋਂ ਰਹਿਣ 'ਤੇ ਪਾਬੰਦੀ ਲਾਈ ਗਈ ਹੈ।

ਇਸ ਤਬਦੀਲੀ ਤੋਂ ਪਹਿਲਾਂ ਸਰਕਾਰ ਵੱਲੋਂ ਕਿਸੇ ਵਿਅਕਤੀ ਨੂੰ ਵੀਜ਼ਾ ਖਤਮ ਹੋਣ ਸਬੰਧੀ ਸਰਕਾਰੀ ਤੌਰ ਉਤੇ ਪੱਤਰ ਜਾਰੀ ਕਰਨ ਵਾਲੇ ਦਿਨ ਤੋਂ ਉਸ ਦੀ ਉਸ ਮੁਲਕ ਵਿਚ ਮੌਜੂਦਗੀ ਨੂੰ ਗੈਰਕਾਨੂੰਨੀ ਮੰਨਿਆ ਜਾਂਦਾ ਸੀ। ਨਵੇਂ ਨਿਯਮਾਂ ਤਹਿਤ ਅੰਦਰੂਨੀ ਸੁਰੱਖਿਆ ਵਿਭਾਗ ਵੱਲੋਂ ਕਿਸੇ ਦੀ ਗੈਰਕਾਨੂੰਨੀ ਮੌਜੂਦਗੀ ਲਈ ਤਰੀਕਾਂ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ ਜੋ ਕਿ ਕਿਸੇ ਵਿਦਿਆਰਥੀ ਦੇ ਡਿਗਰੀ ਪ੍ਰੋਗਰਾਮ ਮੁੱਕਣ ਜਾਂ ਕਿਸੇ ਵਿਅਕਤੀ ਦਾ ਵੀਜ਼ਾ ਮੁੱਕਣ ਵਾਲੇ ਦਿਨ ਤੋਂ ਸ਼ੁਰੂ ਹੋ ਸਕਦੀਆਂ ਹਨ।

ਹਾਰਵਰਡ, ਐਮ.ਆਈ.ਟੀ., ਯੇਲ ਅਤੇ ਪ੍ਰਿੰਸਟਨ ਯੂਨੀਵਰਸਿਟੀਆਂ ਨੇ ਇਸ ਵਿਵਸਥਾ ਦਾ ਵਿਰੋਧ ਕਰਦਿਆਂ ਅਦਾਲਤ ਦਾ ਰੁਖ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਵੀਂ ਨੀਤੀ ਤਹਿਤ ਐਫ, ਜੇ ਅਤੇ ਐਮ ਕੈਟਾਗਿਰੀਆਂ ਦੇ ਵੀਜ਼ਾ ਹੋਲਡਰਾਂ ਦੀ ਵੱਡੀ ਗਿਣਤੀ ਨੂੰ ਤਿੰਨ ਅਤੇ ਦਸ ਸਾਲਾਂ ਦੀ ਰੋਕ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਦਾ ਕੋਈ ਹੱਲ ਵੀ ਨਹੀਂ ਹੈ।

## ਅਯੁੱਧਿਆ ਵਿਚ ਵਿਵਾਦਤ ਥਾਂ 'ਤੇ ਨਮਾਜ਼ ਕਰਨ ਸਬੰਧੀ ਅਪੀਲ ਰੱਦ

**ਲਖਨਊ:** ਅਲਾਹਾਬਾਦ ਹਾਈ ਕੋਰਟ ਨੇ ਅਯੁੱਧਿਆ ਵਿਚ ਵਿਵਾਦਤ ਥਾਂ ਉਤੇ ਨਮਾਜ਼ ਕਰਨ ਸਬੰਧੀ ਆਗਿਆ ਦੇਣ ਲਈ ਪਾਈ ਇਕ ਅਪੀਲ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਨੇ ਅਪੀਲ ਕਰਤਾ ਨੂੰ ਇਹ ਆਖਦਿਆਂ ਪੰਜ ਲੱਖ ਰੁਪਏ ਜੁਰਮਾਨਾ ਵੀ ਲਾਇਆ ਹੈ ਕਿ ਉਸ ਨੇ 'ਸਸਤੀ ਸ਼ੋਹਰਤ' ਲਈ ਅਪੀਲ ਦਾਇਰ ਕੀਤੀ।

# ਅਕਾਲੀਆਂ ਨੇ ਰਾਜੀਵ ਗਾਂਧੀ ਦੇ ਬੁੱਤ 'ਤੇ ਕਾਲਖ ਮਲੀ

**ਲੁਧਿਆਣਾ:** ਸਲੇਮ ਟਾਬਰੀ ਪਾਰਕ ਵਿਚ ਲੱਗੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬੁੱਤ 'ਤੇ ਯੂਥ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਗੁਰਦੀਪ ਸਿੰਘ ਗੋਸ਼ਾ ਤੇ ਮੀਤਪਾਲ ਸਿੰਘ ਦੁੱਗਰੀ ਨੇ ਕਾਲਾ ਰੰਗ ਮਲ ਦਿੱਤਾ।

ਬੁੱਤ ਦੇ ਹੱਥਾਂ ਨੂੰ ਵੀ ਲਾਲ ਰੰਗ ਨਾਲ ਰੰਗ ਦਿੱਤਾ ਗਿਆ। ਘਟਨਾ ਬਾਰੇ ਪਤਾ ਲੱਗਦਿਆਂ ਹੀ ਕਾਂਗਰਸੀ ਆਗੂ ਬੁੱਤ ਨੂੰ ਸਾਫ ਕਰਨ ਲਈ ਪੁੱਜੇ ਤੇ ਕਾਂਗਰਸੀ ਆਗੂ ਗੁਰਸਿਮਰਨ ਮੰਡ ਨੇ ਆਪਣੀ ਪੱਗ ਉਤਾਰ ਕੇ ਪਹਿਲਾਂ ਬੁੱਤ ਸਾਫ ਕੀਤਾ ਤੇ ਫਿਰ ਉਸ ਨੂੰ ਦੁੱਧ ਨਾਲ ਧੋਤਾ। ਇਸ ਤੋਂ ਬਾਅਦ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਵੀ ਮੌਕੇ 'ਤੇ ਪੁੱਜੇ। ਉਨ੍ਹਾਂ ਤੁਰਤ ਪੁਲਿਸ ਤੋਂ ਮੁਲਜ਼ਮਾਂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਅਦ ਦੁਪਹਿਰ ਟਵੀਟ ਕਰ ਕੇ ਪ੍ਰਸ਼ਾਸਨ ਨੂੰ ਅਕਾਲੀ ਆਗੂਆਂ ਖਿਲਾਫ ਕਾਰਵਾਈ ਦੇ ਹੁਕਮ ਦਿੱਤੇ। ਪੁਲਿਸ ਨੇ ਇਸ ਮਾਮਲੇ ਵਿਚ ਨਗਰ ਨਿਗਮ ਦੇ ਜੇਈ ਦੀ ਸ਼ਿਕਾਇਤ 'ਤੇ ਯੂਥ ਅਕਾਲੀ ਦਲ ਆਗੂ ਗੁਰਦੀਪ ਸਿੰਘ ਗੋਸ਼ਾ ਤੇ ਮੀਤਪਾਲ ਸਿੰਘ ਦੁੱਗਰੀ ਖਿਲਾਫ ਕੇਸ ਦਰਜ ਕਰ ਲਿਆ ਹੈ।

## ਰਾਮਬਾਗ ਦੀਆਂ ਵਿਰਾਸਤੀ ਇਮਾਰਤਾਂ ਕਬਜ਼ੇ 'ਚ ਲੈਣ ਦੀ ਪ੍ਰਕਿਰਿਆ ਸ਼ੁਰੂ

**ਅੰਮ੍ਰਿਤਸਰ:** ਭਾਰਤੀ ਪੁਰਾਤਤਵ ਵਿਭਾਗ ਨੇ ਇਤਿਹਾਸਕ ਰਾਮਬਾਗ ਵਿਚ ਨਾਜਾਇਜ਼ ਕਬਜ਼ਿਆਂ ਵਾਲੀਆਂ ਇਮਾਰਤਾਂ ਦੀ ਸਾਂਭ-ਸੰਭਾਲ ਲਈ ਇਨ੍ਹਾਂ ਇਮਾਰਤਾਂ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਬਾਗ ਵਿਚ ਸਥਾਪਿਤ ਇਕ ਕਲੱਬ ਕੋਲੋਂ ਖਸਤਾ ਹਾਲਤ ਡਿਓਢੀ ਦਾ ਕਬਜ਼ਾ ਲਿਆ ਗਿਆ ਹੈ। ਹਾਲ ਹੀ ਵਿਚ ਭਾਰਤੀ ਪੁਰਾਤਤਵ ਵਿਭਾਗ ਅਤੇ ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਨਾਲ ਇਸ ਪੁਰਾਤਨ ਯਾਦਗਾਰ ਦੀ ਸਾਂਭ ਸੰਭਾਲ ਲਈ ਸਮਝੌਤਾ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਭਾਰਤੀ ਪੁਰਾਤਤਵ ਵਿਭਾਗ ਇਸ ਇਤਿਹਾਸਕ ਬਾਗ ਨੂੰ ਵਿਰਾਸਤੀ ਯਾਦਗਾਰ ਦਾ ਦਰਜਾ ਦੇ ਚੁੱਕਾ ਹੈ। ਇਸ ਸਬੰਧੀ ਹੋਏ ਸਮਝੌਤੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਕੀਤਾ ਗਿਆ ਹੈ, ਜਿਥੇ ਪੁਰਾਤਨ ਵਿਰਾਸਤੀ ਬਾਗ ਵਿਚ ਨਾਜਾਇਜ਼ ਕਬਜ਼ਿਆਂ ਬਾਰੇ ਕੇਸ ਵਿਚਾਰ ਅਧੀਨ ਹੈ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਸਚਿਨ ਤੇਂਦੁਲਕਰ

**ਅੰਮ੍ਰਿਤਸਰ:** ਮਾਸਟਰ ਬਲਾਸਟਰ ਵਜੋਂ ਜਾਣੇ ਜਾਂਦੇ ਮਹਾਨ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਪੁੱਜੇ। ਆਪਣੀ ਪਤਨੀ ਅੰਜਲੀ ਤੇਂਦੁਲਕਰ ਨਾਲ ਗੁਰੂ ਘਰ ਪੁੱਜੇ ਸ੍ਰੀ ਤੇਂਦੁਲਕਰ ਨੇ ਸ਼ਰਧਾ ਸਹਿਤ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਹ ਸ੍ਰੀ ਹਰਿਮੰਦਰ ਸਾਹਿਬ ਦੀ ਪਹਿਲੀ ਤੇ ਦੂਜੀ ਮੰਜ਼ਿਲ ਉਤੇ ਵੀ ਗਏ ਤੇ ਸਤਿਕਾਰ ਸਹਿਤ ਮੱਥਾ ਟੇਕ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਬਾਅਦ ਵਿਚ ਤੇਂਦੁਲਕਰ ਜੋੜੇ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਸੁੰਦਰ ਸੁਨਹਿਰੀ ਮਾਡਲ, ਸਿਰੋਪਾਉ, ਲੋਈ ਤੇ ਸਿੱਖ ਧਰਮ ਨਾਲ ਸਬੰਧਤ ਧਾਰਮਿਕ ਪੁਸਤਕਾਂ ਦੇ ਸੈਟ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ।


ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ

ਫੋਨ: 608-630-0287

49-52



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com



Michigan Truck Driving School
6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਸਾਲ 2018: ਅੰਦਰੂਨੀ ਕਲੇਸ਼ 'ਚ ਉਲਝੀਆਂ ਰਹੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਪੰਜਾਬ ਦੀਆਂ ਸਿਆਸੀ ਧਿਰਾਂ ਦਾ ਅੰਦਰੂਨੀ ਸੰਕਟ ਮੁੱਕ ਨਹੀਂ ਰਿਹਾ। ਮਾਫੀਆ ਨੂੰ ਖ਼ਤਮ ਕਰਨ ਦੇ ਵਾਅਦੇ ਨਾਲ ਸੱਤਾ ਵਿਚ ਆਏ ਕੈਪਟਨ ਅਮਰਿੰਦਰ ਸਿੰਘ ਨੂੰ ਰੇਤ ਦੀਆਂ ਖੱਡਾਂ ਦੀ ਨਿਲਾਮੀ ਦੇ ਮਾਮਲੇ ਵਿਚ ਆਪਣੇ ਨਜ਼ਦੀਕੀ ਮੰਤਰੀ ਰਾਣਾ ਗੁਰਜੀਤ ਸਿੰਘ ਦਾ ਅਸਤੀਫਾ ਵੀ ਲੈਣਾ ਪਿਆ ਸੀ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ (ਆਪ) ਇਸ ਸਾਲ ਦੋਫਾੜ ਹੋ ਗਈਆਂ ਹਨ। ਕਰਜ਼ੇ ਦੇ ਬੋਝ ਹੇਠ ਕਿਸਾਨ ਮਜ਼ਦੂਰ ਦੀਆਂ ਖੁਦਕੁਸ਼ੀਆਂ, ਨਸ਼ੇ




ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ, ਰੁਜ਼ਗਾਰ ਦੀ ਤਲਾਸ਼ ਵਿੱਚ ਵਿਦੇਸ਼ ਦੌੜ ਰਹੇ ਨੌਜਵਾਨ, ਆਪਣੀਆਂ ਮੰਗਾਂ ਦੇ ਹੱਕ ਵਿੱਚ ਸੰਘਰਸ਼ ਕਰਦੇ ਕਿਸਾਨ ਮਜ਼ਦੂਰ ਅਤੇ ਮੁਲਾਜ਼ਮਾਂ ਨਾਲ ਮੁੱਖ ਧਾਰਾ ਦੀ ਸਿਆਸਤ ਨੇ ਕੇਵਲ ਬਿਆਨਬਾਜ਼ੀ ਤੱਕ ਦਾ ਨਾਤਾ ਰੱਖਿਆ। ਬਰਗਾੜੀ ਮੋਰਚਾ ਤੇ ਕਰਤਾਰਪੁਰ ਲਾਂਘਾ ਸੂਬੇ ਦੀ ਸਿਆਸਤ ਦੇ ਕੇਂਦਰ ਵਿੱਚ ਰਹੇ।

ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਅਤੇ ਘਰ-ਘਰ ਰੁਜ਼ਗਾਰ ਵਰਗੇ ਮੁੱਦਿਆਂ ਦੇ ਦਬਾਅ ਵਿੱਚ ਘਿਰੀ ਕੈਪਟਨ ਸਰਕਾਰ ਨੂੰ ਬੇਅਦਬੀ ਅਤੇ ਗੋਲੀ ਕਾਂਡ ਦੇ ਕਸੂਰਵਾਰਾਂ ਨੂੰ ਸਜ਼ਾ ਦਿਵਾਉਣ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੇ ਸਰਕਾਰ ਦਾ ਕੰਮ ਆਸਾਨ ਕਰ ਦਿੱਤਾ। ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਬਹੁਤ ਸਾਰੇ ਅਫਸਰਾਂ ਦੀ ਕਾਰਗੁਜ਼ਾਰੀ ਉੱਤੇ ਉਂਗਲ ਉੱਠੀ ਹੈ ਪਰ ਬਾਦਲਾਂ ਦੇ ਜਵਾਬ ਨਾਲ ਲੋਕਾਂ ਦੀ ਤਸੱਲੀ ਨਹੀਂ ਹੋਈ। ਆਪ ਵੱਲੋਂ ਸੁਖਪਾਲ ਖਹਿਰਾ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾ ਕੇ ਹਰਪਾਲ ਸਿੰਘ ਚੀਮਾ ਨੂੰ ਲਗਾਉਣ ਨਾਲ ਖਹਿਰਾ ਦੀ ਅਗਵਾਈ ਵਿੱਚ ਅੱਠ ਵਿਧਾਇਕਾਂ ਨੇ ਵੱਖਰਾ ਰਾਹ ਫੜ ਲਿਆ ਅਤੇ ਪੰਜਾਬ ਦੀ ਖੁਦਮੁਖਤਿਆਰ ਲੀਡਰਸ਼ਿਪ ਪੈਦਾ ਕਰਨ ਦਾ ਐਲਾਨ ਕਰ ਦਿੱਤਾ। ਤਲਵੰਡੀ ਸਾਬੋ ਤੋਂ ਅੱਠ ਦਸੰਬਰ ਤੋਂ 16 ਦਸੰਬਰ ਤੱਕ ਪਟਿਆਲਾ ਪਹੁੰਚਿਆ ਇਨਸਾਫ ਮਾਰਚ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਬਣਾ ਕੇ ਖ਼ਤਮ ਹੋ ਗਿਆ। ਪਰ ਫਿਰ ਵੀ ਕੈਪਟਨ ਲਈ ਕੋਈ ਵੱਡੀ ਸਿਆਸੀ ਚੁਣੌਤੀ ਖੜ੍ਹੀ ਨਹੀਂ ਹੋ ਸਕੀ।

ਅਕਾਲੀ ਦਲ ਵਿਚ ਬਾਦਲ ਪਰਿਵਾਰ ਨਾਲ ਲੋਕਾਂ ਦੀ ਨਫਰਤ ਵੱਧ ਗਈ ਹੈ। ਪਾਰਟੀ ਦੇ ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਸੁਖਬੀਰ ਬਾਦਲ ਦੀ ਪ੍ਰਧਾਨਗੀ ਨੂੰ ਚੁਣੌਤੀ ਦੇ ਕੇ ਹਲਚਲ ਮਚਾ ਦਿੱਤੀ। ਮਾਝੇ ਦੇ ਜਰਨੈਲ ਕਹੇ ਜਾਂਦੇ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਨੇ ਨਵੀਂ ਪਾਰਟੀ ਬਣਾ ਲਈ। ਵੱਡੇ ਬਾਦਲ ਵੱਲੋਂ ਲੋਕਾਂ ਦੇ ਇਕੱਠ ਕਰ ਕੇ ਮਾਮਲੇ ਨੂੰ ਨਵਾਂ ਰੁਖ ਦੇਣ ਦੀ ਕੋਸ਼ਿਸ਼ ਨਾਕਾਮ ਹੋਣ ਤੋਂ ਬਾਅਦ ਸਮੁੱਚੇ ਅਕਾਲੀ ਦਲ ਨੇ ਅਕਾਲ ਤਖ਼ਤ ਉੱਤੇ ਪੇਸ਼ ਹੋਣ ਦੀ ਬਜਾਏ ਖੁਦ ਹੀ ਲਾਈ ਸੇਵਾ ਤਹਿਤ ਅਖੰਡ ਪਾਠ ਕਰਵਾ ਕੇ ਭੁੱਲਾਂ ਬਖ਼ਸ਼ਾ ਲਈਆਂ। ਦੂਜੇ ਪਾਸੇ ਛੇ ਮਹੀਨੇ ਚੱਲੇ ਬਰਗਾੜੀ ਮੋਰਚੇ ਦੀ ਬਗੈਰ ਕਿਸੇ ਨਤੀਜੇ ਦੇ ਸਮਾਪਤੀ ਕਾਰਨ ਮੁਤਵਾਜ਼ੀ ਜਥੇਦਾਰਾਂ ਵਿੱਚ ਮਤਭੇਦ ਉਭਰ ਆਏ ਹਨ।

ਪਾਕਿਸਤਾਨ ਵਿੱਚ ਅਗਸਤ ਮਹੀਨੇ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਹੁੰ ਚੁੱਕ ਸਮਾਗਮ ਵਿੱਚ ਪਹੁੰਚੇ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨੀ ਫੌਜ ਦੇ ਮੁਖੀ ਕਮਰ ਬਾਜਵਾ ਨਾਲ ਜੱਫੀ ਮਹੀਨਿਆਂ ਤੱਕ ਦੇਸ਼ ਅਤੇ ਪੰਜਾਬ ਵਿਚ ਚਰਚਾ ਦਾ ਕਾਰਨ ਬਣੀ ਰਹੀ। ਇਸ ਸਮਾਰੋਹ ਮੌਕੇ ਬਾਜਵਾ ਨੇ ਸਿੱਧੂ ਨੂੰ ਗੁਰੂ ਨਾਨਕ ਸਾਹਿਬ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੇ ਇਰਾਦੇ ਵਾਲੇ ਪ੍ਰਗਟਾਵੇ ਨੇ ਪੰਜਾਬ ਦੀ ਸਿਆਸਤ ਦਾ ਏਜੰਡਾ ਬਦਲ ਦਿੱਤਾ। ਕੈਪਟਨ ਅਮਰਿੰਦਰ ਸਿੰਘ ਵੱਲੋਂ ਕਰਤਾਰਪੁਰ ਲਾਂਘੇ ਨੂੰ ਖੋਲ੍ਹਣਾ ਪਾਕਿਸਤਾਨ ਦੀ ਫੌਜ ਅਤੇ ਆਈ.ਐਸ.ਆਈ. ਦੀ ਸਾਜਿਸ਼ ਤੱਕ ਕਰਾਰ ਦੇਣ ਨਾਲ ਸਿੱਧੂ ਦੇ ਪੱਖ ਵਿਚ ਹੋਰ ਲੋਕ ਰਾਇ ਬਣਾਉਣ ਵਿਚ ਹੀ ਸਹਾਈ ਹੋਈ।

26 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਲਾਂਘੇ ਦੇ ਰੱਖੇ ਨੀਂਹ ਪੱਥਰ ਦੌਰਾਨ ਹੀ ਅਮਰਿੰਦਰ ਨੇ ਪਾਕਿਸਤਾਨ ਜਾਣ ਤੋਂ ਜਵਾਬ ਦੇ ਦਿੱਤਾ। 28 ਨਵੰਬਰ ਨੂੰ ਪਾਕਿਸਤਾਨ ਵਾਲੇ ਪਾਸੇ ਕਰਤਾਰਪੁਰ ਸਾਹਿਬ ਵਿਖੇ ਰੱਖੇ ਨੀਂਹ ਪੱਥਰ ਵਿੱਚ ਸਿੱਧੂ ਸਮੇਤ ਦੋ ਕੇਂਦਰੀ ਮੰਤਰੀ ਹਰਸਿਮਰਤ ਕੌਰ ਅਤੇ ਹਰਦੀਪ ਪੁਰੀ ਵੀ ਸ਼ਾਮਲ ਹੋਏ। ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਦੀਆਂ ਚੋਣਾਂ ਹੋਈਆਂ ਨੂੰ ਤਿੰਨ ਮਹੀਨੇ ਦਾ ਸਮਾਂ ਬੀਤ ਚੁੱਕਾ ਹੈ ਪਰ ਅਜੇ ਤੱਕ ਇਨ੍ਹਾਂ ਦੇ ਚੇਅਰਮੈਨ ਲਗਾਉਣ ਦੀ ਲੋੜ ਨਹੀਂ ਸਮਝੀ ਗਈ। ਪੰਚਾਇਤਾਂ ਕਰੀਬ ਛੇ ਮਹੀਨੇ ਪਹਿਲਾਂ ਭੰਗ ਕਰਕੇ ਚੋਣਾਂ ਹੁਣ ਹੋ ਰਹੀਆਂ ਹਨ। ਪਹਿਲਾਂ ਅਕਾਲੀ-ਭਾਜਪਾ ਸਰਕਾਰ ਦੀ ਤਰ੍ਹਾਂ ਹੀ ਇਸ ਵਾਰ ਵੀ ਵਿਰੋਧੀਆਂ ਦੇ ਕਾਗਜ਼ ਰੱਦ ਕਰਨ ਅਤੇ ਜ਼ੋਰ ਜਬਰਦਸਤੀ ਦੇ ਦੋਸ਼ ਲੱਗ ਰਹੇ ਹਨ।

ਸਰਕਾਰ ਵੱਲੋਂ ਘਰ-ਘਰ ਰੁਜ਼ਗਾਰ ਦੇ ਵਾਅਦੇ ਨੂੰ ਸੀਮਤ ਕਰਕੇ ਨਿੱਜੀ ਸੰਸਥਾਵਾਂ ਰਾਹੀਂ ਲਗਵਾਏ ਗਏ ਰੁਜ਼ਗਾਰ ਮੇਲੇ ਨੌਜਵਾਨਾਂ ਦੀ ਖੱਜਲ ਖੁਆਰੀ ਦਾ ਕਾਰਨ ਜ਼ਿਆਦਾ ਬਣੇ। ਹਰਿਆਣਾ ਆਪਣੇ ਕਾਲਜਾਂ ਵਿੱਚ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਕਰਵਾ ਚੁੱਕਾ ਹੈ ਪਰ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਕਰਵਾਉਣ ਦੇ ਮੰਤਰੀ ਮੰਡਲ ਦੇ ਫੈਸਲੇ ਉੱਤੇ ਅਮਲ ਕਰਨ ਦੀ ਖੇਚਲ ਨਹੀਂ ਕੀਤੀ। ਹੁਣ ਸਾਲ 2019 ਵੀ ਲੋਕ ਸਭਾ ਚੋਣਾਂ ਦੇ ਲੇਖੇ ਲੱਗਣ ਵਾਲਾ ਹੈ।

## ਬਾਦਲਾਂ ਲਈ ਖੜ੍ਹੀਆਂ ਹੋਈਆਂ ਵੱਡੀਆਂ ਚੁਣੌਤੀਆਂ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿਚ ਸਾਲ 2018 ਭਾਰੀ ਉੱਥਲ ਪੁੱਥਲ ਵਾਲਾ ਮੰਨਿਆ ਜਾ ਰਿਹਾ ਹੈ। ਖਾਸ ਕਰ ਕੇ ਅਕਾਲੀਆਂ ਲਈ ਤਾਂ ਇਹ ਵਰ੍ਹਾਂ ਬੜੀਆਂ ਹੀ ਕੌੜੀਆਂ ਤੇ ਲੰਮਾ ਸਮਾਂ ਤਕਲੀਫ ਦੇਣ ਵਾਲੀਆਂ ਯਾਦਾਂ ਛੱਡ ਕੇ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਇਹ ਪ੍ਰਭਾਵ ਜਾਣ ਲੱਗਿਆ ਸੀ ਕਿ ਬਾਦਲ ਪਰਿਵਾਰ ਅਤੇ ਅਕਾਲੀ ਦਲ ਦੇ ਵਿਵਾਦਤ ਆਗੂਆਂ ਦੇ 'ਨਿੱਜੀ ਕਸ਼ਟ' ਕੱਟੇ ਗਏ ਪਰ ਸਿਆਸੀ ਤੌਰ ਉਤੇ ਚੁਣੌਤੀਆਂ ਪਹਿਲਾਂ ਨਾਲੋਂ ਵੀ ਜ਼ਿਆਦਾ ਵੱਡੀਆਂ ਹੁੰਦੀਆਂ ਜਾ ਰਹੀਆਂ ਹਨ। ਪੰਜਾਬ ਦੇ ਸਭ ਤੋਂ ਬਜ਼ੁਰਗ ਸਿਆਸਤਦਾਨ ਅਤੇ 5 ਵਾਰੀ ਸੂਬੇ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਵੱਲੋਂ



ਸਰਗਰਮ ਸਿਆਸਤ ਤੋਂ ਕਿਨਾਰਾ ਕਰਕੇ ਸਰਗਰਮੀਆਂ ਸੀਮਤ ਕਰਨ ਤੋਂ ਬਾਅਦ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਦੀ ਪੁਸ਼ਤਪਨਾਹੀ ਲਈ ਫਿਰ ਤੋਂ ਅੱਗੇ ਆਉਣਾ ਪਿਆ। ਵੱਡੇ ਬਾਦਲ ਲਈ ਇਹ ਵਰ੍ਹਾ ਇਸ ਲਈ ਵੀ ਬਹੁਤ ਜ਼ਿਆਦਾ ਸੰਕਟ ਵਾਲਾ ਸੀ ਕਿਉਂਕਿ ਉਨ੍ਹਾਂ ਦੇ ਦੋ ਪੁਰਾਣੇ ਸਾਥੀਆਂ ਸੁਖਦੇਵ ਸਿੰਘ ਢੀਂਡਸਾ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਬਗਾਵਤ ਦਾ ਬਿਗੁਲ ਵਜਾ ਦਿੱਤਾ। ਪੰਜਾਬ ਵਿਚ ਅਕਾਲੀ ਭਾਜਪਾ ਸਰਕਾਰ ਦੇ ਸਮੇਂ ਸਾਲ 2015 ਦੌਰਾਨ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ 'ਚ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਤੋਂ ਬਾਅਦ ਕੋਟਕਪੂਰਾ ਤੇ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਦੇ ਸੇਕ ਨੇ ਅਕਾਲੀ ਦਲ ਦੀ ਹਾਲਤ ਬੇਹੱਦ ਪਤਲੀ ਬਣਾ ਦਿੱਤੀ ਹੈ। ਪੰਜਾਬ ਦੀ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਅਕਾਲੀ ਆਪਣੇ ਆਪ ਨੂੰ ਬਰਗਾੜੀ ਕਾਂਡ ਤੋਂ ਸੁਰਖ਼ਰੂ ਸਮਝ ਬੈਠੇ ਸਨ ਪਰ ਸੱਤਾ ਤਬਦੀਲੀ ਤੋਂ ਬਾਅਦ ਮਾਮਲਾ ਜ਼ਿਆਦਾ ਭਖਦਾ ਮੁੱਦਾ ਬਣ ਗਿਆ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਸਾਲ ਦੌਰਾਨ ਜਿਹੜੀਆਂ ਹੋਰ ਸਿਆਸੀ ਮਾਰਾਂ ਪਈਆਂ ਉਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵੀ ਸ਼ਾਮਲ ਹੈ। ਅਕਾਲੀ ਦਲ ਇਸ ਹਲਕੇ ਉਤੇ ਕਈ ਦਹਾਕੇ ਕਾਬਜ਼ ਰਿਹਾ ਪਰ ਅਜੀਤ ਸਿੰਘ ਕੋਹਾੜ ਦੀ ਮੌਤ ਤੋਂ ਬਾਅਦ ਇਹ ਸੀਟ ਅਕਾਲੀ ਦਲ ਦੇ ਹੱਥੋਂ ਨਿਕਲ ਗਈ। ਇਸੇ ਤਰ੍ਹਾਂ ਪੰਜਾਬ ਦੀਆਂ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀਆਂ 'ਤੇ ਵੀ ਅਕਾਲੀ ਦਲ ਦਾ ਪਿਛਲੇ 10 ਸਾਲਾਂ ਤੋਂ ਕਬਜ਼ਾ ਚੱਲਿਆ ਆ ਰਿਹਾ ਸੀ ਤੇ ਇਸ ਸਾਲ ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ ਦੌਰਾਨ ਬਹੁ ਗਿਣਤੀ ਸੰਸਥਾਵਾਂ ਉਤੇ ਕਾਂਗਰਸ ਦਾ ਕਬਜ਼ਾ ਹੋ ਗਿਆ ਹੈ।

# ਸੁਖਪਾਲ ਸਿੰਘ ਖਹਿਰਾ ਨਵੇਂ ਵਰ੍ਹੇ ਦੇ ਪਹਿਲੇ ਹਫਤੇ ਬਣਾਉਣਗੇ ਨਵੀਂ ਪਾਰਟੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਬਾਗੀ ਧੜੇ ਦੇ ਆਗੂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਉਹ ਜਨਵਰੀ 2019 ਦੇ ਪਹਿਲੇ ਹਫਤੇ ਆਪਣੀ ਨਵੀਂ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕਰ ਦੇਣਗੇ। ਉਨ੍ਹਾਂ ਕਿਹਾ ਕਿ ਸਾਲ 2019 ਦੀਆਂ ਲੋਕ ਸਭਾ ਚੋਣਾਂ



ਨੇੜੇ ਆ ਗਈਆਂ ਹਨ, ਜਿਸ ਕਾਰਨ ਉਹ ਨਵੇਂ ਵਰ੍ਹੇ ਦੇ ਸ਼ੁਰੂ ਵਿਚ ਆਪਣੀ ਪਾਰਟੀ ਬਣਾ ਕੇ ਸਰਗਰਮੀਆਂ ਵਿੱਢ ਦੇਣਗੇ।

ਸ੍ਰੀ ਖਹਿਰਾ ਦੇ ਇਸ ਕਥਨ ਤੋਂ ਸੰਕੇਤ ਮਿਲੇ ਹਨ ਕਿ ਉਹ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਲੋਕ ਸਭਾ ਦੀ ਚੋਣ ਲੜਨ ਦੇ ਰੌਅ ਵਿਚ ਹਨ। ਦੱਸਣਯੋਗ ਹੈ ਕਿ 8 ਦਸੰਬਰ ਨੂੰ ਬਾਗੀ ਧੜੇ ਵੱਲੋਂ ਪੰਜਾਬ ਵਿਚ ਇਨਸਾਫ ਮਾਰਚ ਸ਼ੁਰੂ ਕਰਨ ਵੇਲੇ ਸ੍ਰੀ ਖਹਿਰਾ ਨੇ ਦਾਅਵਾ ਕੀਤਾ ਸੀ ਕਿ ਉਹ 16 ਦਸੰਬਰ ਨੂੰ ਪਟਿਆਲਾ ਵਿਚ ਮਾਰਚ ਦੀ ਸਮਾਪਤੀ ਮੌਕੇ ਨਵੀਂ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕਰਨਗੇ ਪਰ ਉਹ ਇਸ ਵਿਚ ਕਾਮਯਾਬ ਨਹੀਂ ਹੋ ਸਕੇ ਸਨ। ਉਹ ਪਟਿਆਲਾ ਵਿਚ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਅਤੇ ਪਾਰਟੀ ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਦੇ ਪੰਜਾਬ ਮੰਚ ਨਾਲ ਮਿਲ ਕੇ ਕੇਵਲ ਪੰਜਾਬ ਜਮਹੂਰੀ ਗੱਠਜੋੜ ਬਣਾਉਣ ਤੱਕ ਹੀ ਸੀਮਤ ਰਹੇ ਸਨ ਅਤੇ ਮੌਕੇ 'ਤੇ ਹੀ ਡਾਕਟਰ ਗਾਂਧੀ ਵੱਲੋਂ ਦੋ ਨੁਕਤਿਆਂ ਉਪਰ ਸ੍ਰੀ ਖਹਿਰਾ ਉਪਰ ਇਤਰਾਜ਼ ਵੀ ਉਠਾ ਦਿੱਤੇ ਸਨ।

ਸ੍ਰੀ ਖਹਿਰਾ ਨੇ ਆਪਣੀ ਧਿਰ ਦੇ 5 ਵਿਧਾਇਕਾਂ ਨਾਜ਼ਰ ਸਿੰਘ ਮਾਨਸ਼ਾਹੀਆ, ਕੰਵਰ ਸੰਧੂ, ਮਾਸਟਰ ਬਲਦੇਵ ਸਿੰਘ, ਪਿਰਮਲ ਸਿੰਘ ਖਾਲਸਾ ਅਤੇ ਜਗਦੇਵ ਸਿੰਘ ਕਮਾਲੂ ਸਮੇਤ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਨਵੀਂ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ। ਇਸ ਮੌਕੇ ਉਨ੍ਹਾਂ ਸਾਫ ਕੀਤਾ ਕਿ ਨਵੀਂ ਪਾਰਟੀ ਬਣਾਉਣ ਵੇਲੇ ਬਾਗੀ ਧੜੇ ਦੇ ਵਿਧਾਇਕ ਅਸਤੀਫੇ ਨਹੀਂ ਦੇਣਗੇ ਕਿਉਂਕਿ ਉਹ ਅਸਤੀਫੇ ਦੇ ਕੇ 8 ਹਲਕਿਆਂ ਵਿਚ ਜ਼ਿਮਨੀ ਚੋਣਾਂ ਕਰਵਾਉਣ ਦਾ ਸਰਕਾਰ ਉਪਰ ਬੋਝ ਨਹੀਂ ਪਾਉਣਗੇ ਅਤੇ ਨਾ ਹੀ ਅਜਿਹਾ ਕਰ ਕੇ ਅਕਾਲੀ ਦਲ ਨੂੰ ਮੁੱਖ ਵਿਰੋਧੀ ਧਿਰ ਬਣਨ ਦਾ ਰਾਹ ਸਾਫ਼ ਕਰਨਗੇ।

ਪ੍ਰੈੱਸ ਕਾਨਫਰੰਸ ਵਿਚ ਬਾਗੀ ਧੜੇ ਦੇ ਦੋ ਵਿਧਾਇਕ ਜੈ ਕਿਸ਼ਨ ਸਿੰਘ ਰੋੜੀ ਅਤੇ ਜਗਤਾਰ ਸਿੰਘ ਜੱਗਾ ਹਾਜ਼ਰ ਨਹੀਂ ਸਨ। ਸ੍ਰੀ ਖਹਿਰਾ ਨੇ ਕਿਹਾ ਕਿ ਨਵੀਂ ਪਾਰਟੀ ਜਮਹੂਰੀ ਗੱਠਜੋੜ ਦੀ ਸਹਿਮਤੀ ਨਾਲ ਹੀ ਉਸਾਰੀ ਜਾਵੇਗੀ। ਸ੍ਰੀ ਖਹਿਰਾ ਨੇ ਕਿਹਾ ਕਿ ਫਿਲਹਾਲ ਉਨ੍ਹਾਂ ਦੀ ਅਕਾਲੀ ਦਲ ਦੇ ਬਾਗ਼ੀ ਧੜੇ ਅਕਾਲੀ ਦਲ ਟਕਸਾਲੀ ਨਾਲ ਗੱਠਜੋੜ ਬਾਰੇ ਕੋਈ ਗੱਲ ਨਹੀਂ ਹੋਈ ਪਰ ਉਹ ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਹੋਰ ਹਮਖਿਆਲ ਪਾਰਟੀਆਂ ਨਾਲ ਵੀ ਗੱਠਜੋੜ ਕਰਨ ਦਾ ਯਤਨ ਕਰਨਗੇ।

## ਡੈਮ ਦੇ ਖਰਚੇ ਬਾਰੇ ਕੇਂਦਰ ਵੱਲੋਂ ਪੰਜਾਬ ਦੀ ਬੇਨਤੀ ਪ੍ਰਵਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ 'ਚ ਸੂਬੇ ਦੇ ਯੋਗਦਾਨ ਨੂੰ ਘਟਾਉਣ ਸਬੰਧੀ ਕੀਤੀ ਬੇਨਤੀ ਕੇਂਦਰ ਸਰਕਾਰ ਨੇ ਪ੍ਰਵਾਨ ਕਰ ਲਈ ਹੈ। ਹੁਣ ਇਸ ਪ੍ਰੋਜੈਕਟ ਵਿਚ ਕੇਂਦਰ ਵੱਲੋਂ ਆਪਣਾ ਖਰਚਾ 60 ਤੋਂ ਵਧਾ ਕੇ 86 ਫੀਸਦੀ ਕੀਤਾ ਜਾਵੇਗਾ। ਕੇਂਦਰੀ ਮੰਤਰਾਲੇ ਨੇ ਜਲ ਸਰੋਤ, ਨਦੀ ਵਿਕਾਸ ਅਤੇ ਗੰਗਾ ਪੁਨਰ ਸੁਰਜੀਤੀ ਦੇ ਕੌਮੀ ਪ੍ਰੋਜੈਕਟ ਵਿਚ ਕੇਂਦਰ ਤੇ ਸੂਬੇ ਦੇ ਅਨੁਪਾਤ ਵਿਚ ਸੋਧ ਕੀਤੀ ਹੈ। ਇਸ ਸਬੰਧੀ ਕੇਂਦਰੀ ਮੰਤਰਾਲੇ ਵੱਲੋਂ ਪੱਤਰ ਪ੍ਰਾਪਤ ਹੋਣ ਪਿਛੋਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪ੍ਰੋਜੈਕਟ ਨਾਲ ਸੂਬੇ ਦੀ ਸਿੰਜਾਈ ਸਮਰੱਥਾ ਕਈ ਗੁਣਾਂ ਵੱਧ ਜਾਵੇਗੀ।

# ਭਾਜਪਾ ਪੰਜਾਬ ਤੋਂ ਕਰੇਗੀ 'ਮਿਸ਼ਨ 2019' ਦਾ ਆਗਾਜ਼

**ਗੁਰਦਾਸਪੁਰ:** ਭਾਜਪਾ ਨੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਮੁਹਿੰਮ ਸ਼ੁਰੂ ਕਰਨ ਲਈ ਪੰਜਾਬ ਨੂੰ ਚੁਣਿਆ ਹੈ। ਇਸ ਸਬੰਧੀ ਪਹਿਲੀ ਰੈਲੀ ਗੁਰਦਾਸਪੁਰ ਦੇ ਪੁੱਡਾ ਗਰਾਊਂਡ ਵਿਚ ਕੀਤੀ ਜਾਵੇਗੀ ਜਿਸ ਨੂੰ ਸੰਬੋਧਨ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹੁੰਚ ਰਹੇ ਹਨ। ਸੂਬੇ ਦੀ ਭਾਜਪਾ ਲੀਡਰਸ਼ਿਪ ਇਸ ਰੈਲੀ ਨੂੰ ਲੈ ਕੇ ਪੱਬਾਂ ਭਾਰ ਹੋ ਗਈ ਹੈ। ਚੇਤੇ ਰਹੇ, 2014 ਦੀਆਂ ਲੋਕ ਸਭਾ ਚੋਣਾਂ ਲਈ ਵੀ ਭਾਜਪਾ ਨੇ ਚੋਣ ਰੈਲੀਆਂ ਦੀ ਸ਼ੁਰੂਆਤ ਗੁਆਂਢੀ ਜ਼ਿਲ੍ਹਾ ਪਠਾਨਕੋਟ ਤੋਂ ਕੀਤੀ ਸੀ।

ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਦੱਸਿਆ ਕਿ ਉਨ੍ਹਾਂ ਨੇ ਪੁੱਡਾ ਗਰਾਊਂਡ ਵਿਚ ਹੋਣ ਵਾਲੀ ਰੈਲੀ ਦੀ ਜਗ੍ਹਾ ਦਾ ਜਾਇਜ਼ਾ ਲਿਆ ਤੇ ਤਿੰਨ ਜਨਵਰੀ ਨੂੰ ਹੋਣ ਵਾਲੀ ਇਸ ਰੈਲੀ ਲਈ ਵਰਕਰਾਂ ਦੀਆਂ ਡਿਊਟੀਆਂ ਵੀ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਚੋਣ ਰੈਲੀ ਇਕ ਮਹਾਂ ਰੈਲੀ ਹੋਵੇਗੀ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵੀ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਤੋਹਫਾ ਮੋਦੀ ਸਰਕਾਰ ਨੇ ਦਿੱਤਾ ਹੈ। ਇਸ ਤੋਂ ਇਲਾਵਾ ਹਰਿਮੰਦਰ ਸਾਹਿਬ ਦੇ ਲੰਗਰ 'ਤੇ ਲੱਗਣ ਵਾਲੇ ਜੀ.ਐਸ.ਟੀ. ਨੂੰ ਮੁਆਫ ਕਰ ਕੇ ਉਨ੍ਹਾਂ ਪੰਜਾਬੀਆਂ ਦਾ ਦਿਲ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਉਣ ਵਿਚ ਲੱਗੀ ਰਹੀ ਪਰ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਹੀ ਦੋਸ਼ੀਆਂ ਨੂੰ ਸਜ਼ਾ ਦਿੱਤੀ ਗਈ ਹੈ।



# ਸਿਆਸੀ ਧਿਰਾਂ ਨੂੰ ਰਾਸ ਆਈ ਕਿਸਾਨਾਂ ਦੀ ਕਰਜ਼ ਮੁਆਫੀ

## ਅੱਠ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਿਚ ਕਰਜ਼ ਮੁਆਫੀ ਵਾਲੀ ਪਾਰਟੀ ਨੂੰ ਮਿਲੀ ਜਿੱਤ

**ਨਵੀਂ ਦਿੱਲੀ:** ਚੋਣਾਂ ਵਿਚ ਕਿਸਾਨਾਂ ਦੀ ਕਰਜ਼ਾ ਮੁਆਫੀ ਦਾ ਵਾਅਦਾ ਚੋਣ ਜਿੱਤ ਦਾ ਫਾਰਮੂਲਾ ਬਣ ਰਿਹਾ ਹੈ। ਇਸ ਦਾ ਅੰਦਾਜ਼ਾ ਪਿਛਲੇ ਦੋ ਸਾਲਾਂ ਵਿਚ ਅੱਠ ਵਿਧਾਨ ਚੋਣਾਂ ਦੇ ਨਤੀਜਿਆਂ ਨੂੰ ਵੇਖ ਕੇ ਲਾਇਆ ਜਾ ਸਕਦਾ ਹੈ। ਕਾਂਗਰਸ ਨੇ ਹਾਲ ਹੀ ਹੋਈਆਂ ਚੋਣਾਂ ਵਿਚ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਕਿਸਾਨਾਂ ਦੀ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ, ਇਸੇ ਫਾਰਮੂਲੇ ਨਾਲ ਇਨ੍ਹਾਂ ਰਾਜਾਂ ਵਿਚ ਕਾਂਗਰਸ ਦੀ ਜਿੱਤ ਹੋਈ।

ਇਸ ਤੋਂ ਪਹਿਲਾਂ ਭਾਜਪਾ ਨੇ ਵੀ 2017 ਵਿਚ ਯੂ.ਪੀ. ਵਿਧਾਨ ਸਭਾ ਦੀਆਂ ਚੋਣਾਂ ਵਿਚ ਕਿਸਾਨ ਕਰਜ਼ਾ ਮੁਆਫੀ ਦਾ ਵਾਅਦਾ ਕਰ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ ਸੀ। ਪੰਜਾਬ ਵਿਚ ਵੀ ਕਾਂਗਰਸ ਨੇ ਕਿਸਾਨਾਂ ਦਾ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਸੀ। ਭਾਜਪਾ ਨੇ ਗੁਜਰਾਤ ਵਿਚ ਕਿਸਾਨਾਂ ਦੇ ਕਰਜ਼ ਉਪਰ ਲੱਗਣ ਵਾਲੇ ਵਿਆਜ ਨੂੰ ਚੁਕਾਉਣ ਦਾ ਵਾਅਦਾ ਕੀਤਾ ਸੀ। ਟੀ.ਆਰ.ਐਸ. ਨੇ ਤੇਲੰਗਾਨਾ ਵਿਚ ਕਰਜ਼ਾ ਮੁਆਫੀ ਅਤੇ ਕਿਸਾਨਾਂ ਨੂੰ ਨਕਦ ਸਾਲਾਨਾ ਪ੍ਰਤੀ ਏਕੜ ਅੱਠ ਹਜ਼ਾਰ ਰੁਪਏ ਦੇਣ ਤੋਂ ਬਾਅਦ ਇਹ ਰਾਸ਼ੀ ਦਸ ਹਜ਼ਾਰ ਕਰਨ ਦਾ ਵਾਅਦਾ ਕੀਤਾ ਹੈ। ਇਸ ਵਾਅਦੇ ਨਾਲ ਹੀ ਤੇਲੰਗਾਨਾ ਵਿਚ ਟੀ.ਆਰ.ਐਸ. ਨੇ ਭਾਰੀ ਜਿੱਤ ਦਿਵਾਈ। ਵੱਖ-ਵੱਖ ਪਾਰਟੀਆਂ ਦੇ ਵਾਅਦੇ ਅਤੇ ਸਰਕਾਰ ਵੱਲੋਂ ਕੀਤੇ ਐਲਾਨਾਂ ਵਿਚ ਕਿਸਾਨਾਂ ਦਾ ਪੂਰਾ ਕਰਜ਼ਾ ਮੁਆਫ ਨਹੀਂ ਹੁੰਦਾ, ਇਹ ਐਲਾਨ ਸਿਰਫ ਛੋਟੇ ਦਾਇਰੇ ਵਾਲੇ ਕਿਸਾਨਾਂ ਅਤੇ ਰਕਮ ਲਈ ਹੀ ਹੁੰਦਾ ਹੈ।

ਭਾਜਪਾ ਅਤੇ ਜੇ.ਡੀ.ਐਸ. ਨੇ ਕਰਨਾਟਕਾ ਵਿਚ ਚੋਣਾਂ ਤੋਂ ਪਹਿਲਾਂ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ ਸੀ। ਭਾਜਪਾ ਨੂੰ ਇਸ ਵਾਅਦੇ ਕਾਰਨ ਹੀ 224 ਵਿਚੋਂ 104 ਸੀਟਾਂ ਮਿਲੀਆਂ ਸਨ। ਪਿਛਲੇ ਦੋ ਸਾਲਾਂ ਅੰਦਰ ਯੂਪੀ, ਮਹਾਰਾਸ਼ਟਰ, ਕਰਨਾਟਕ, ਪੰਜਾਬ, ਰਾਜਸਥਾਨ ਅਤੇ ਤਾਮਿਲਨਾਡੂ ਵਿਚ 2017 ਤੋਂ ਲੈ ਕੇ ਹੁਣ ਤੱਕ 1.40 ਲੱਖ ਕਰੋੜ ਦੇ ਕਰਜ਼ਾ ਮੁਆਫੀ ਦਾ ਐਲਾਨ ਹੋਇਆ ਹੈ। ਇਨ੍ਹਾਂ ਵਿਚੋਂ 80 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਮੁਆਫ ਹੋ ਚੁੱਕੇ ਹਨ ਅਤੇ ਹੋਰ ਕਰਜ਼ਾ ਮੁਆਫੀ ਦੀ ਪ੍ਰਕਿਰਿਆ ਇਨ੍ਹਾਂ ਰਾਜਾਂ ਵਿਚ ਜਾਰੀ ਹੈ। 2019 ਦੀਆਂ ਲੋਕ ਸਭਾ ਵਿਚ ਕਾਂਗਰਸ ਕਿਸਾਨਾਂ ਲਈ 2 ਲੱਖ ਕਰੋੜ ਦਾ ਕਰਜ਼ਾ ਮੁਆਫੀ ਦਾ ਐਲਾਨ ਕਰ ਸਕਦੀ ਹੈ। ਇਨ੍ਹਾਂ ਐਲਾਨਾਂ ਦੇ ਦੋ ਮੁੱਖ ਏਜੰਡੇ ਹੋਣਗੇ।



ਪਹਿਲਾ ਕਿਸਾਨਾਂ ਦੇ ਪੰਜ ਲੱਖ ਦੇ ਕਰਜ਼ੇ ਵਿਚੋਂ ਦੋ ਲੱਖ ਤੱਕ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ ਅਤੇ ਦੂਜਾ ਵੱਡਾ ਐਲਾਨ ਕਿਸਾਨਾਂ ਦੀ ਪੱਕੀ ਆਮਦਨ ਗਾਰੰਟੀ ਨਿਸ਼ਚਿਤ ਕਰਨ ਦਾ ਹੋ ਸਕਦਾ ਹੈ। ਸੂਤਰਾਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਮਨਾ ਕਰਨ ਦੇ ਬਾਵਜੂਦ ਭਾਜਪਾ ਕਿਸਾਨਾਂ ਦੀ ਕਰਜ਼ ਮੁਆਫੀ ਦੀ ਵੱਡੀ ਸੰਭਾਵਨਾਵਾਂ ਨੂੰ ਟਟੋਲ ਰਹੀ ਹੈ। 2008 ਵਿਚ ਕਿਸਾਨਾਂ ਦੀ ਕਰਜ਼ਾ ਮੁਆਫੀ ਦੀ ਪਹਿਲ ਯੂਪੀਏ ਸਰਕਾਰ ਨੇ ਕੀਤੀ ਅਤੇ 71 ਹਜ਼ਾਰ ਕਰੋੜ ਦੇ ਕਰਜ਼ ਮੁਆਫ ਹੋਏ ਸਨ। ਇਕ ਸਰਵੇ ਅਨੁਸਾਰ ਕਰਜ਼ਾ ਮੁਆਫੀ ਦੇ ਵਾਅਦਿਆਂ ਨੇ ਤੁਰਤ ਅਸਰ ਦਿਖਾਇਆ। ਰਾਜਸਥਾਨ ਵਿਚ ਖੇਤੀ ਕਰਜ਼ ਰਿਕਵਰੀ ਵਿਚ 25 ਫੀਸਦੀ ਦੀ ਕਮੀ ਆਈ। ਮੱਧ ਪ੍ਰਦੇਸ਼ ਵਿਚ ਵਾਅਦੇ ਤੋਂ ਪਹਿਲਾਂ ਇਹ ਰਿਕਵਰੀ 80 ਫੀਸਦੀ ਸੀ ਅਤੇ ਵਾਅਦੇ ਤੋਂ ਬਾਅਦ ਘੱਟ ਕੇ 50 ਫੀਸਦੀ ਹੋ ਗਈ। ਇਨ੍ਹਾਂ ਤਿੰਨ ਰਾਜਾਂ ਵਿਚ 30 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਮੁਆਫੀ ਕਰਨੀ ਹੋਵੇਗੀ। ਉਥੇ ਹੀ ਤੇਲੰਗਾਨਾ ਵਿਚ ਵਾਅਦੇ ਨੂੰ ਪੁਗਾਉਣ ਲਈ ਸਰਕਾਰ ਨੂੰ 14 ਹਜ਼ਾਰ ਕਰੋੜ ਰੁਪਏ ਦੀ ਲੋੜ ਹੋਵੇਗੀ।

ਸੀ.ਐਸ.ਡੀ.ਐਸ. ਦੇ ਸੰਜੇ ਕੁਮਾਰ ਕਹਿੰਦੇ ਹਨ ਕਿ ਜੋ ਪਾਰਟੀਆਂ ਅਜਿਹੇ ਐਲਾਨ ਕਰਦੀਆਂ ਹਨ, ਉਨ੍ਹਾਂ ਨੂੰ ਚੋਣਾਂ ਵਿਚ ਫਾਇਦਾ ਹੁੰਦਾ ਹੈ। ਇਹ ਤਾਂ ਹੋਰ ਵਧਦਾ ਹੀ ਜਾਵੇਗਾ। ਇਸ ਲਈ ਪਾਰਟੀਆਂ ਅਜਿਹੇ ਐਲਾਨ ਕਰਨੇ ਬੰਦ ਕਰ ਦੇਣਗੀਆਂ ਇਹ ਤਾਂ ਅਸੰਭਵ ਹੈ। ਆਰ.ਬੀ.ਆਈ. ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਅਤੇ ਕਈ ਖੇਤੀਬਾੜੀ ਮਾਹਿਰ ਕਰਜ਼ਾ ਮੁਆਫੀ ਨੂੰ ਠੀਕ ਨਹੀਂ ਮੰਨਦੇ। ਰਾਜਨ ਨੇ ਦੱਸਿਆ ਕਿ ਇਸ ਨਾਲ ਕ੍ਰੈਡਿਟ ਕਲਚਰ ਖਰਾਬ ਹੁੰਦਾ ਹੈ। ਉਨ੍ਹਾਂ ਨੇ ਪਾਰਟੀ ਚੋਣ ਕਮਿਸ਼ਨ ਨੂੰ ਰਾਜਨੀਤਕ ਪਾਰਟੀਆਂ ਵੱਲੋਂ ਕੀਤੇ ਜਾਂਦੇ ਅਜਿਹੇ ਵਾਅਦਿਆਂ ਦੇ ਵਿਰੁੱਧ ਸਖ਼ਤ ਕਦਮ ਚੁੱਕਣ ਲਈ ਪੱਤਰ ਵੀ ਲਿਖਿਆ ਹੈ। ਖੇਤੀਬਾੜੀ ਵਿਗਿਆਨੀ ਐਮ.ਐਸ. ਸਵਾਮੀਨਾਥਨ ਵੀ ਕਰਜ਼ਾ ਮੁਆਫੀ ਨੂੰ ਠੀਕ ਨਹੀਂ ਮੰਨਦੇ। ਉਹ ਕਹਿੰਦੇ ਹਨ ਕਿ ਇਹ ਤਰੀਕਾ ਲੰਮੇ ਸਮੇਂ ਤੱਕ ਨਹੀਂ ਚੱਲ ਸਕਦਾ। ਕਰਜ਼ਾ ਮੁਆਫੀ ਕਰਨਾ ਠੀਕ ਨਹੀਂ ਹੈ ਪਰ ਸਰਕਾਰਾਂ ਰਾਜਨੀਤਕ ਦਬਾਅ ਕਾਰਨ ਅਜਿਹਾ ਕਰਦੀਆਂ ਹਨ। ਇਹ ਟਿਕਾਊ ਖੇਤੀ ਲਈ ਠੀਕ ਨਹੀਂ ਹੈ। ਮੈਰੀਨਲਿੰਚ ਦੀ ਸਟੱਡੀ ਅਨੁਸਾਰ ਦੇਸ਼ ਵਿਚ ਜੇਕਰ ਕਰਜ਼ਾ ਮੁਆਫੀ ਹੁੰਦੀ ਹੈ ਤਾਂ 2019 ਦੀਆਂ ਚੋਣਾਂ ਤੋਂ ਪਹਿਲਾਂ ਕਰੀਬ 2.5 ਲੱਖ ਕਰੋੜ ਰੁਪਏ ਦੀ ਡੁੱਬਦਾ ਖੇਤੀ ਕਰਜ਼ਾ ਮੁਆਫ ਹੋਵੇਗਾ।

ਖੇਤੀ ਮਾਹਰ ਦੇਵਿੰਦਰ ਸ਼ਰਮਾ ਆਖਦੇ ਹਨ ਕਿ ਦੇਸ਼ ਵਿਚ ਖੇਤੀ ਕਰਜ਼ਾ ਮੁਆਫੀ ਨਾਲ ਬਹੁਤ ਜ਼ਿਆਦਾ ਵਿੱਤੀ ਭਾਰ ਨਹੀਂ ਪੈਂਦਾ। ਸ਼ਰਮਾ ਅਨੁਸਾਰ ਕਿਸਾਨਾਂ ਦੀ ਕਰਜ਼ਾ ਮੁਆਫੀ ਇਕ ਤਰ੍ਹਾਂ ਦਾ ਪਛਤਾਵਾ ਹੈ ਕਿਉਂਕਿ ਪਿਛਲੇ 40 ਸਾਲਾਂ ਵਿਚ ਜਿਸ ਤਰ੍ਹਾਂ ਮਹਿੰਗਾਈ ਨੂੰ ਵਧੀ ਹੈ ਪਰ ਕਿਸਾਨਾਂ ਦੀ ਆਮਦਨ ਵਿਚ ਵਾਧਾ ਨਹੀਂ ਹੋਇਆ। ਕਾਰਪੋਰੇਟ ਕਰਜ਼ਾ ਮੁਆਫੀ ਰਾਹੀਂ ਸਿਰਫ ਮੁੱਠੀ ਭਰ ਲੋਕਾਂ ਨੂੰ ਹੀ ਫਾਇਦਾ ਹੁੰਦਾ ਹੈ। ਇਕ ਅੰਦਾਜ਼ੇ ਅਨੁਸਾਰ ਕਿਸਾਨਾਂ ਦੇ ਕਰਜ਼ਾ ਮੁਆਫੀ ਦੇ ਐਲਾਨ ਨਾਲ ਕਰੀਬ 5 ਤੋਂ 7 ਕਰੋੜ ਕਿਸਾਨਾਂ ਨੂੰ ਫਾਇਦਾ ਮਿਲਦਾ ਹੈ।

ਏ.ਡੀ.ਆਰ. ਦੇ ਸੰਸਥਾਪਕ ਅਤੇ ਆਈ.ਆਈ.ਐਮ. ਬੰਗਲੂਰੂ ਵਿਚ ਪ੍ਰੋਫੈਸਰ ਤਿਰਲੋਚਨ ਸ਼ਾਸਤਰੀ ਦਾ ਕਹਿਣਾ ਹੈ ਕਿ ਲੋਕਾਂ ਦੀ ਸਮੱਸਿਆਵਾਂ ਦਾ ਹੱਲ ਸਰਕਾਰਾਂ ਨੂੰ ਕਰਨਾ ਚਾਹੀਦਾ ਹੈ ਪਰ ਇਸ ਲਈ ਮੁਫਤ ਚੀਜ਼ਾਂ ਦੇਣ ਦੀ ਪਰੰਪਰਾ ਠੀਕ ਨਹੀਂ ਹੈ। ਇਸ ਦਾ ਦੂਜਾ ਪੱਖ ਵੀ ਹੈ। ਸੀ.ਐਸ.ਡੀ. ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਅਭੇ ਕੁਮਾਰ ਆਖਦੇ ਹਨ ਕਿ ਕਰਜ਼ਾ ਮੁਆਫੀ ਜਾਂ ਕਿਸਾਨਾਂ ਦੇ ਖਾਤਿਆਂ ਵਿਚ ਰਾਸ਼ੀ ਦੇਣਾ ਕੋਈ ਗ਼ਲਤ ਨਹੀਂ ਹੈ। ਇਹ ਤਾਂ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਸਬਸਿਡੀ ਹੀ ਹੈ।

## ਇਨ੍ਹਾਂ ਸੂਬਿਆਂ ਵਿਚ ਸਫਲ ਰਿਹਾ ਫਾਰਮੂਲਾ

ਰਾਜਸਥਾਨ ਵਿਚ ਰਾਹੁਲ ਗਾਂਧੀ ਨੇ ਚੋਣ ਰੈਲੀ ਵਿਚ ਕਿਹਾ ਕਿ ਸਾਡੀ ਪਾਰਟੀ ਦੀ ਜਿੱਤ ਹੋਈ ਤਾਂ 10 ਦਿਨਾਂ ਦੇ ਅੰਦਰ ਕਿਸਾਨਾਂ ਦਾ ਕਰਜ਼ਾ ਮੁਆਫ ਹੋਵੇਗਾ। ਇਸ ਸੂਬੇ ਵਿਚ 90 ਫੀਸਦੀ ਕਿਸਾਨ ਵਾਅਦੇ ਤੋਂ ਪਹਿਲਾਂ ਕਰਜ਼ਾ ਵਾਪਸ ਕਰ ਰਹੇ ਸਨ। ਬਾਅਦ ਵਿਚ ਰਿਕਵਰੀ ਵਿਚ 25 ਫੀਸਦੀ ਕਮੀ ਆਈ ਹੈ। ਸਰਕਾਰ ਉਪਰ ਕਰਜ਼ਾ ਮੁਆਫੀ ਨਾਲ 2 ਹਜ਼ਾਰ 800 ਦਾ ਵਿੱਤੀ ਬੋਝ ਪਵੇਗਾ।

ਛਤੀਸਗੜ੍ਹ ਵਿਚ ਕਾਂਗਰਸ ਪਾਰਟੀ ਨੇ ਕਰਜ਼ਾ ਮੁਆਫੀ ਦੇ ਨਾਲ ਜੀਰੀ ਦਾ ਸਮਰਥਨ ਮੁੱਲ ਦੋ ਹਜ਼ਾਰ ਤੋਂ ਵਧਾ ਕੇ ਢਾਈ ਕਰਨ ਦੀ ਗੱਲ ਆਖੀ ਸੀ। ਇਸ ਵਾਅਦੇ ਮਗਰੋਂ ਕਿਸਾਨਾਂ ਨੇ ਜੀਰੀ ਦੀ ਵਿਕਰੀ 'ਤੇ ਰੋਕ ਲਗਾ ਦਿੱਤੀ ਹੈ। ਮੰਡੀਆਂ ਵਿਚ 50 ਫੀਸਦੀ ਜੀਰੀ ਦੀ ਘੱਟ ਆਈ ਹੈ। ਇਥੇ ਕਰਜ਼ਾ ਮੁਆਫੀ ਨਾਲ ਸਰਕਾਰ 'ਤੇ 7 ਹਜ਼ਾਰ ਕਰੋੜ ਦਾ ਬੋਝ ਪਵੇਗਾ। ਮੱਧ ਪ੍ਰਦੇਸ਼ ਵਿਚ ਜੂਨ ਵਿਚ ਰਾਹੁਲ ਨੇ ਕਰਜ਼ਾ ਮੁਆਫੀ ਦੇ ਨਾਲ ਅਤੇ ਜੀਰੀ ਦੇ ਐਮ.ਐਸ.ਪੀ. ਵਧਾਉਣ ਦਾ ਵਾਅਦਾ ਕੀਤਾ। ਇਥੇ ਕਰਜ਼ਾ ਮੁਆਫੀ ਦੇ ਐਲਾਨ ਤੋਂ ਬਾਅਦ ਖੇਤੀ ਕਰਜ਼ਾ ਮੁਆਫੀ ਸਾਲਾਨਾ 80 ਫੀਸਦੀ ਤੋਂ ਘੱਟ ਕੇ 50 ਫੀਸਦੀ ਹੀ ਰਹਿ ਗਿਆ। ਇਸ ਨਾਲ ਰਾਜ ਸਰਕਾਰ 'ਤੇ 18 ਤੋਂ 20 ਹਜ਼ਾਰ ਕਰੋੜ ਦਾ ਰੁਪਏ ਦਾ ਬੋਝ ਪਵੇਗਾ।

ਇਸੇ ਤਰ੍ਹਾਂ ਤੇਲੰਗਾਨਾ ਵਿਚ ਟੀ.ਆਰ.ਐਸ. ਦੂਜੀ ਵਾਰ ਸੱਤਾ ਵਿਚ ਆਈ ਹੈ। ਰਾਜ ਸਰਕਾਰ ਦੀ ਰਾਯਤੂ ਬੰਧੂ ਸਕੀਮ ਤਹਿਤ ਕਿਸਾਨਾਂ ਨੂੰ ਪ੍ਰਤੀ ਏਕੜ ਖ਼ਰਚ ਕਰਨ ਲਈ ਹਰ ਸਾਲ ਅੱਠ ਹਜ਼ਾਰ ਰੁਪਏ ਖਾਤੇ ਵਿਚ ਦਿੱਤੇ ਜਾ ਰਹੇ ਹਨ। ਚੋਣਾਂ ਵਿਚ ਇਹ ਰਕਮ ਪ੍ਰਤੀ ਸਾਲ 10 ਹਜ਼ਾਰ ਕਰਨ ਦਾ ਵਾਅਦਾ ਕੀਤਾ ਸੀ। 2018-19 ਦੇ ਲਈ ਸਰਕਾਰ ਨੇ 12 ਹਜ਼ਾਰ ਕਰੋੜ ਦਾ ਬਜਟ ਰਖਿਆ ਹੈ।

ਉੱਤਰ ਪ੍ਰਦੇਸ਼ ਵਿਚ 2017 ਵਿਚ ਭਾਜਪਾ ਨੇ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ ਸੀ। ਜਿੱਤ ਤੋਂ ਬਾਅਦ 36 ਹਜ਼ਾਰ ਕਰੋੜ ਰੁਪਏ ਦੇ ਕਰਜ਼ਾ ਮੁਆਫ ਕੀਤੇ ਜਾਣ ਦਾ ਐਲਾਨ ਹੋਇਆ। ਪੰਜਾਬ ਵਿਚ 2017 ਵਿਚ ਕਾਂਗਰਸ ਨੇ ਚੋਣ ਤੋਂ ਪਹਿਲਾਂ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ ਅਤੇ 10 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫੀ ਦਾ ਐਲਾਨ ਕੀਤਾ। ਇਸੇ ਤਰ੍ਹਾਂ ਕਰਨਾਟਕ ਵਿਚ 2018 ਵਿਚ ਜੇ.ਡੀ.ਐਸ. ਨੇ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ। 34 ਹਜ਼ਾਰ ਕਰੋੜ ਰੁਪਏ ਦੇ ਕਰਜ਼ਾ ਮੁਆਫ ਹੋਣਗੇ। ਗੁਜਰਾਤ ਵਿਚ 2018 ਵਿਚ ਭਾਜਪਾ ਨੇ ਕਿਸਾਨਾਂ ਦੇ ਲਈ ਸਿੱਧਾ ਕਰਜ਼ਾ ਮੁਆਫੀ ਦਾ ਐਲਾਨ ਨਾ ਕਰ ਕੇ ਕਿਸਾਨਾਂ ਦੇ ਕਰਜ਼ੇ ਦਾ ਵਿਆਜ ਸਰਕਾਰ ਵੱਲੋਂ ਚੁਕਾਉਣ ਦਾ ਵਾਅਦਾ ਕੀਤਾ ਸੀ।

## ਨੀਤੀ ਆਯੋਗ ਨੇ ਕਰਜ਼ਾ ਮੁਆਫੀ 'ਤੇ ਚੁੱਕੇ ਸਵਾਲ

**ਨਵੀਂ ਦਿੱਲੀ:** ਖੇਤੀ ਕਰਜ਼ੇ ਮੁਆਫ ਕਰਨ ਦੀ ਬਹਿਸ ਵਿਚ ਸ਼ਾਮਲ ਹੁੰਦਿਆਂ ਨੀਤੀ ਆਯੋਗ ਨੇ ਕਿਹਾ ਕਿ ਅਜਿਹੇ ਕਦਮ ਨਾਲ ਕੁਝ ਕੁ ਕਿਸਾਨਾਂ ਨੂੰ ਸਹਾਇਤਾ ਮਿਲੇਗੀ ਪਰ ਖੇਤੀ ਸੰਕਟ ਦਾ ਇਹ ਕੋਈ ਢੁਕਵਾਂ ਹੱਲ ਨਹੀਂ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਇਆ ਜਾ ਰਿਹਾ ਹੈ। ਨੀਤੀ ਆਯੋਗ ਦੇ ਉਪ ਚੇਅਰਮੈਨ ਰਾਜੀਵ ਕੁਮਾਰ ਨੇ ਕਿਹਾ ਕਿ ਕਰਜ਼ੇ ਮੁਆਫ ਕਰਨ ਨਾਲ ਖੇਤੀ ਸੰਕਟ ਹੱਲ ਨਹੀਂ ਹੋਣ ਵਾਲਾ ਹੈ। ਇਹ ਕਦਮ ਕੁਝ ਸਮੇਂ ਲਈ ਤਾਂ ਕਿਸਾਨਾਂ ਨੂੰ ਰਾਹਤ ਦੇਵੇਗਾ ਪਰ ਪੱਕੇ ਤੌਰ 'ਤੇ ਉਨ੍ਹਾਂ ਦੇ ਮਸਲੇ ਹੱਲ ਨਹੀਂ ਹੋਣਗੇ। ਨੀਤੀ ਆਯੋਗ ਦੇ ਮੈਂਬਰ ਅਤੇ ਖੇਤੀਬਾੜੀ ਨੀਤੀ ਦੇ ਮਾਹਿਰ ਰਮੇਸ਼ ਚੰਦ ਨੇ ਵੀ ਰਾਜੀਵ ਕੁਮਾਰ ਦੇ ਵਿਚਾਰਾਂ ਨਾਲ ਸਹਿਮਤੀ ਜਤਾਈ ਅਤੇ ਕਿਹਾ ਕਿ ਆਰਥਿਕ ਪੱਖੋਂ ਕਮਜ਼ੋਰ ਸੂਬਿਆਂ 'ਚ 10 ਤੋਂ 15 ਫੀਸਦੀ ਕਿਸਾਨਾਂ ਨੂੰ ਹੀ ਕਰਜ਼ਾ ਮੁਆਫੀ ਦਾ ਲਾਭ ਹੋਵੇਗਾ।

## 2019 ਦੀਆਂ ਲੋਕ ਸਭਾ ਚੋਣਾਂ ਵਿਚ ਸਭ ਤੋਂ ਵੱਡਾ ਮੁੱਦਾ ਬਣੇਗੀ ਕਰਜ਼ਾ ਮੁਆਫੀ

**ਨਵੀਂ ਦਿੱਲੀ:** ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਨੂੰ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੱਡਾ ਮੁੱਦਾ ਬਣਾਉਣ ਦਾ ਐਲਾਨ ਕੀਤਾ ਹੈ ਤੇ ਇਹ ਵੀ ਕਿਹਾ ਕਿ ਜਿਥੋਂ ਤੱਕ ਇਸ ਮਾਮਲੇ ਦਾ ਸਬੰਧ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੈਨ ਨਾਲ ਨਹੀਂ ਸੌਣ ਦੇਣਗੇ। ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਕਾਂਗਰਸ ਦੇ ਮੁੱਖ ਮੰਤਰੀਆਂ ਨੇ ਆਪਣੇ ਸਹੁੰ ਚੁੱਕ ਸਮਾਗਮਾਂ ਵਾਲੇ ਦਿਨ ਹੀ ਦੋ-ਦੋ ਲੱਖ ਰੁਪਏ ਤੱਕ ਦੀ ਕਰਜ਼ਾ ਮੁਆਫੀ ਦਾ ਐਲਾਨ ਕਰ ਦਿੱਤਾ। ਰਾਜਸਥਾਨ ਸਰਕਾਰ ਵੀ ਇਸ ਪਾਸੇ ਪਿੱਛੇ ਨਾ ਰਹੀ। ਇਸ ਦਾ ਦਬਾਅ ਮਹਿਸੂਸ ਕਰਦਿਆਂ ਭਾਜਪਾ ਨੇ ਉੜੀਸਾ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਰਜ਼ ਮੁਆਫੀ ਦਾ ਵਾਅਦਾ ਕੀਤਾ ਹੈ। ਆਸਾਮ ਸਰਕਾਰ ਨੇ ਵੀ ਛੇ ਸੌ ਕਰੋੜ ਰੁਪਏ ਮੁਆਫ ਕਰਨ ਦਾ ਐਲਾਨ ਕਰ ਦਿੱਤਾ ਹੈ।



ਰਾਹੁਲ ਦੇ ਐਲਾਨ ਨਾਲ ਕਈ ਪੱਖਾਂ ਤੋਂ ਕਰਜ਼ਾ ਮੁਆਫੀ ਦੇ ਮੁੱਦੇ ਦੀ ਆਲੋਚਨਾ ਵੀ ਹੋ ਰਹੀ ਹੈ। ਕਈ ਅਰਥ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਅਜਿਹਾ ਕਰਨ ਨਾਲ ਵਿੱਤੀ ਅਨੁਸ਼ਾਸਨ ਵਿਗੜ ਜਾਵੇਗਾ। ਕਿਸੇ ਸਿਆਸੀ ਧਿਰ ਵੱਲੋਂ ਕਰਜ਼ਾ ਮੁਆਫੀ ਦਾ ਵਿਰੋਧ ਕਰਕੇ ਵੋਟ ਜਾਣ ਦਾ ਖਤਰਾ ਸਹੇੜਨਾ ਸ਼ਾਇਦ ਮੁਸ਼ਕਿਲ ਰਹੇ ਪਰ ਉਹ ਕੁਝ ਮਾਹਿਰਾਂ ਰਾਹੀਂ ਇਸ ਦਾ ਵਿਰੋਧ ਕਰਵਾ ਰਹੀਆਂ ਹਨ। ਕਾਂਗਰਸ ਨੂੰ ਲੱਗਦਾ ਹੈ ਕਿ ਯੂ.ਪੀ.ਏ.-1 ਦੌਰਾਨ 2008 ਵਿਚ ਮਨਮੋਹਨ ਸਿੰਘ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ ਮੁਆਫੀ ਨੇ ਉਨ੍ਹਾਂ ਨੂੰ 2009 ਦੀਆਂ ਚੋਣਾਂ ਜਿਤਾਉਣ ਵਿਚ ਵੱਡੀ ਭੂਮਿਕਾ ਨਿਭਾਈ ਸੀ। ਹੁਣ ਹੋਈਆਂ ਚੋਣਾਂ ਵਿਚ ਕਾਂਗਰਸ ਦੀ ਵਾਪਸੀ ਵਿਚ ਵੀ ਇਸ ਦਾ ਯੋਗਦਾਨ ਹੈ। ਪਿਛਲੇ ਦਿਨੀਂ ਦੋ ਸੌ ਦੇ ਕਰੀਬ ਕਿਸਾਨ ਜਥੇਬੰਦੀਆਂ ਨੇ ਦਿੱਲੀ ਵਿਚ ਇਕੱਠ ਕਰ ਕੇ ਕਿਸਾਨਾਂ ਦੀ ਕਰਜ਼ਾ ਮੁਆਫੀ ਅਤੇ ਘੱਟੋ ਘੱਟ ਸਮਰਥਨ ਮੁੱਲ ਯਕੀਨੀ ਬਣਾਉਣ ਨਾਲ ਸਬੰਧਿਤ ਕਾਨੂੰਨ ਬਣਾਉਣ ਅਤੇ ਤਿੰਨ ਹਫਤਿਆਂ ਤੱਕ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕੀਤੀ ਸੀ।

## ਕਰਜ਼ਾ ਮੁਆਫੀ ਦੇ ਲਾਰਿਆਂ ਦੀ ਥਾਂ ਠੋਸ ਯੋਜਨਾਬੰਦੀ ਦੀ ਲੋੜ

**ਨਵੀਂ ਦਿੱਲੀ:** ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਚੋਣ ਪ੍ਰਚਾਰ ਦੌਰਾਨ ਕਾਂਗਰਸ ਨੇ ਇਹ ਐਲਾਨ ਕੀਤੇ ਸਨ ਕਿ ਸੱਤਾ ਸੰਭਾਲਦਿਆਂ ਹੀ 10 ਦਿਨਾਂ ਦੇ ਅੰਦਰ-ਅੰਦਰ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਦੇਵੇਗੀ। ਇਨ੍ਹਾਂ ਰਾਜਾਂ ਵਿਚ ਪਹਿਲੀ ਸੱਟੇ ਇਹ ਕਰਜ਼ਾ ਮੁਆਫ ਕਰ ਦਿੱਤਾ ਗਿਆ ਹੈ। ਮੱਧ ਪ੍ਰਦੇਸ਼ ਵਿਚ 35000 ਕਰੋੜ ਦਾ, ਛੱਤੀਸਗੜ੍ਹ ਵਿਚ 6100 ਕਰੋੜ ਦਾ ਅਤੇ ਰਾਜਸਥਾਨ ਵਿਚ 8500 ਕਰੋੜ ਦਾ ਕਿਸਾਨਾਂ ਦਾ ਕਰਜ਼ਾ ਹੈ। ਇਸ ਨੂੰ ਤਾਂ ਮੁਆਫ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ ਪਰ ਇਸ ਲਈ ਰਾਜ ਇੰਨੀਆਂ ਵੱਡੀਆਂ ਰਕਮਾਂ ਕਿਵੇਂ ਜੁਟਾਉਣਗੇ, ਇਸ ਦਾ ਕੋਈ ਖੁਲਾਸਾ ਨਹੀਂ ਕੀਤਾ ਗਿਆ।

ਪੰਜਾਬ ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਇਹ ਗੱਜ-ਵੱਜ ਕੇ ਐਲਾਨ ਕੀਤਾ ਗਿਆ ਸੀ ਕਿ ਸਰਕਾਰ ਬਣਦਿਆਂ ਹੀ ਕਿਸਾਨਾਂ ਦੇ ਕਰਜ਼ੇ 'ਤੇ ਲੀਕ ਫੇਰ ਦਿੱਤੀ ਜਾਏਗੀ। ਪਿਛਲੇ ਡੇਢ ਸਾਲ ਦੇ ਅਰਸੇ ਦੌਰਾਨ ਇਹ ਲੀਕ ਫੇਰੀ ਤਾਂ ਜਾ ਰਹੀ ਹੈ ਪਰ ਇਸ ਲਈ ਪੈੱਨ ਕਾਫੀ ਹੌਲੀ ਚੱਲ ਰਿਹਾ ਹੈ। ਪੰਜਾਬ ਵਿਚ ਸਰਕਾਰ ਬਣਦਿਆਂ ਹੀ ਜਦੋਂ ਮੁੱਖ ਮੰਤਰੀ ਸਾਹਿਬ ਨੇ ਇਹ ਮਹਿਸੂਸ ਕੀਤਾ ਕਿ ਕਰਜ਼ੇ ਦੀ ਸਾਰੀ ਰਕਮ 'ਤੇ ਲੀਕ ਫੇਰਨੀ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੈ ਤਾਂ ਉਹ ਛੋਟੇ ਤੇ ਦਰਮਿਆਨੇ ਕਿਸਾਨਾਂ ਦੇ ਕਰਜ਼ਿਆਂ ਦੀ 2 ਲੱਖ ਦੀ ਰਾਸ਼ੀ ਮੁਆਫ ਕਰਨ ਦੀ ਗੱਲ ਆਖਣ ਲੱਗੇ। ਪਿਛਲੇ ਸਮੇਂ ਵਿਚ ਵੱਡੇ ਵੱਡੇ ਸਮਾਗਮ ਕਰਕੇ ਕੁਝ ਰਾਸ਼ੀ ਦੇ ਚੈੱਕ ਵੰਡੇ ਵੀ ਹਨ ਪਰ ਉਸ ਨਾਲ ਕਿਸਾਨ ਵਰਗ 'ਚ ਕਿੰਨੀ ਕੁ ਸੰਤੁਸ਼ਟੀ ਪੈਦਾ ਹੋਈ ਹੈ, ਇਸ ਦਾ ਸਭ ਨੂੰ ਪਤਾ ਹੈ।



ਕਿਸਾਨਾਂ ਵੱਲ ਬੈਂਕਾਂ ਅਤੇ ਆੜ੍ਹਤੀਆਂ ਦੀਆਂ ਦੇਣਦਾਰੀਆਂ ਅਜੇ ਵੀ ਬਾਕੀ ਹਨ। ਉਹ ਹੁਣ ਤੱਕ ਇਸ ਉਲਝਣ ਵਿਚੋਂ ਨਿਕਲ ਨਹੀਂ ਸਕੇ ਕਿ ਇਸ ਕਰਜ਼ੇ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ। ਇਸ ਕਦਮ ਨਾਲ ਸਾਰਾ ਢਾਂਚਾ ਹੀ ਉਖੜ-ਪੁਖੜ ਗਿਆ ਹੈ ਅਤੇ ਸਰਕਾਰ ਦੀ ਬੇੜੀ ਡੋਲਣ ਲੱਗੀ ਹੈ। ਸੂਬੇ ਦਾ ਖਜ਼ਾਨਾ ਭਾਂ-ਭਾਂ ਕਰ ਰਿਹਾ ਹੈ। ਸਰਕਾਰੀ ਕਰਮਚਾਰੀਆਂ ਨੂੰ ਹੋਰ ਭੱਤਿਆਂ ਦੀ ਗੱਲ ਤਾਂ ਛੱਡੋ, ਆਪਣੀਆਂ ਤਨਖਾਹਾਂ ਦੇ ਹੀ ਫਿਕਰ ਪੈ ਗਏ ਹਨ।

### ਸੁਖਬੀਰ ਕਿਸਾਨੀ ਕਰਜ਼ੇ ਬਾਰੇ ਸਿਆਸੀ ਡਰਾਮਾ ਨਾ ਕਰੇ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਤੇ ਹੋਰ ਸੂਬਿਆਂ ਵਿਚ ਕਾਂਗਰਸ ਵੱਲੋਂ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਕੀਤੇ ਐਲਾਨ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਟਿੱਪਣੀ ਨੂੰ 'ਸਿਆਸੀ ਡਰਾਮਾ' ਕਰਾਰ ਦਿੱਤਾ ਹੈ।

ਮੁੱਖ ਮੰਤਰੀ ਨੇ ਬਾਦਲ ਨੂੰ ਨਸੀਹਤ ਦਿੱਤੀ ਕਿ ਜੇਕਰ ਸਿਆਸੀ ਪਿੜ ਵਿਚ ਅਕਾਲੀ ਦਲ ਦਾ ਵਜੂਦ ਕਾਇਮ ਰੱਖਣਾ ਹੈ ਤਾਂ ਉਸ ਨੂੰ ਅਜਿਹੀ ਡਰਾਮੇਬਾਜ਼ੀ ਛੱਡ ਦੇਣੀ ਚਾਹੀਦੀ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਜਸਟਿਸ ਜ਼ੋਰਾ ਸਿੰਘ 'ਆਪ' ਵਿਚ ਸ਼ਾਮਲ

**ਨਵੀਂ ਦਿੱਲੀ:** ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰਨ ਲਈ ਪਿਛਲੀ ਬਾਦਲ ਸਰਕਾਰ ਵੱਲੋਂ ਬਣਾਏ ਗਏ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੇ ਮੁਖੀ ਰਹੇ ਜਸਟਿਸ (ਸੇਵਾ ਮੁਕਤ) ਜ਼ੋਰਾ ਸਿੰਘ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਉਧਰ ਬਾਗੀ ਧੜੇ ਨਾਲ ਰਲੇ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੋੜੀ ਮੁੜ 'ਆਪ' ਨਾਲ ਤੁਰ ਪਏ ਹਨ।

ਦਿੱਲੀ ਵਿਚ 'ਆਪ' ਦੇ ਮੁੱਖ ਦਫਤਰ ਵਿਚ ਜਸਟਿਸ ਜ਼ੋਰਾ ਸਿੰਘ ਨੂੰ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਪਾਰਟੀ ਵਿਚ ਸ਼ਾਮਲ ਕੀਤਾ। ਸ੍ਰੀ ਜ਼ੋਰਾ ਸਿੰਘ ਨੇ ਕਿਹਾ ਕਿ 35 ਸਾਲ ਦੀਆਂ ਸੇਵਾਵਾਂ ਮਗਰੋਂ ਉਨ੍ਹਾਂ ਸਮਾਜ ਸੇਵਾ ਵੱਲ ਆਉਣ ਦਾ ਫੈਸਲਾ ਲਿਆ। 'ਆਪ' ਵਿਚ ਸ਼ਾਮਲ ਹੋਣ ਬਾਰੇ ਉਨ੍ਹਾਂ ਕਿਹਾ ਕਿ ਦਿੱਲੀ 'ਚ ਅਰਵਿੰਦ ਕੇਜਰੀਵਾਲ ਸਰਕਾਰ ਨੇ ਸਿੱਖਿਆ, ਸਿਹਤ ਅਤੇ ਹੋਰ ਖੇਤਰਾਂ 'ਚ ਚੰਗੇ ਕੰਮ ਕੀਤੇ ਹਨ। ਬੇਅਦਬੀ ਕਾਂਡ ਦੀ ਰਿਪੋਰਟ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਰਿਪੋਰਟ ਤਤਕਾਲੀ ਬਾਦਲ ਸਰਕਾਰ ਨੂੰ ਦੇ ਦਿੱਤੀ ਸੀ ਜਿਸ ਉਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਅਤੇ ਨਾ ਹੀ ਉਸ ਨੂੰ ਜਨਤਕ ਕਰਨ ਦੀ ਕੋਸ਼ਿਸ਼ ਕੀਤੀ ਗਈ।

ਭਗਵੰਤ ਮਾਨ ਨੇ ਕਿਹਾ ਕਿ ਜੇਕਰ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਗਈ ਹੁੰਦੀ ਤਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸੁਮੇਧ ਸਿੰਘ ਸੈਣੀ ਅਤੇ ਹੋਰ ਲੋਕ ਜੇਲ੍ਹਾਂ ਵਿਚ ਬੰਦ ਹੁੰਦੇ। ਉਨ੍ਹਾਂ ਕਿਹਾ ਕਿ ਸ੍ਰੀ ਕੇਜਰੀਵਾਲ 28 ਜਨਵਰੀ ਨੂੰ ਬਰਨਾਲਾ, 29 ਜਨਵਰੀ ਨੂੰ ਗੜ੍ਹਸ਼ੰਕਰ ਅਤੇ 2 ਫਰਵਰੀ ਨੂੰ ਅੰਮ੍ਰਿਤਸਰ ਵਿਖੇ ਰੈਲੀਆਂ ਕਰਨਗੇ। ਗੜ੍ਹਸ਼ੰਕਰ ਤੋਂ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਕਿਹਾ ਕਿ ਸ੍ਰੀ ਕੇਜਰੀਵਾਲ ਲੋਕਾਂ ਲਈ ਉਮੀਦ ਦੀ ਕਿਰਨ ਬਣੇ ਹਨ ਅਤੇ ਹੁਣ ਲੋਕ ਸਭਾ ਚੋਣਾਂ 'ਚ ਉਨ੍ਹਾਂ ਨੂੰ ਹੋਰ ਵੱਧ ਹਮਾਇਤ ਮਿਲੇਗੀ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਨਵਾਂ ਮੰਚ ਉਸਾਰਨ ਦੀ ਕਵਾਇਦ

**ਬਠਿੰਡਾ:** ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਹੁਣ ਸ਼੍ਰੋਮਣੀ ਅਕਾਲੀ ਦਲ (1920) ਦੇ ਸਹਿਯੋਗ ਨਾਲ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਲਈ ਨਵਾਂ ਮੰਚ ਉਸਾਰਨ ਦੀ ਕਵਾਇਦ ਆਰੰਭੀ ਹੈ। ਇਸੇ ਤਹਿਤ ਅਕਾਲੀ ਦਲ (1920) ਦੇ ਜਰਨਲ ਸਕੱਤਰ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ 22 ਫਰਵਰੀ ਨੂੰ ਪਿੰਡ ਰਣਸੀਂਹ ਕਲਾਂ (ਮੋਗਾ) ਵਿਚ ਮੀਰੀ-ਪੀਰੀ ਕਾਨਫਰੰਸ ਕਰਨ ਦਾ ਐਲਾਨ ਕੀਤਾ ਹੈ। ਪਾਰਟੀ ਨੇ ਕਾਨਫਰੰਸ ਦੀ ਅਗਵਾਈ ਮੁਤਵਾਜ਼ੀ ਜਥੇਦਾਰ ਦਾਦੂਵਾਲ ਨੂੰ ਸੌਂਪ ਦਿੱਤੀ ਹੈ।

ਇਸ ਸਬੰਧੀ ਕੀਤੀ ਮੀਡੀਆ ਕਾਨਫਰੰਸ ਵਿਚ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਮੁੱਖ ਸਿਆਸੀ ਧਿਰਾਂ ਨੂੰ ਛੱਡ ਕੇ ਹੋਰ ਸਾਰੀਆਂ ਧਿਰਾਂ ਨੂੰ ਸੱਦਾ ਦਿੱਤਾ ਹੈ। ਸ੍ਰੀ ਰਣਸੀਂਹ ਨੇ ਇਹ ਵੀ ਐਲਾਨ ਕੀਤਾ ਹੈ ਕਿ ਭਾਈ ਜਗਤਾਰ ਸਿੰਘ ਹਵਾਰਾ ਦੇ ਐਲਾਨ ਮਗਰੋਂ 8 ਜਨਵਰੀ ਨੂੰ ਰਣਸੀਂਹ ਕਲਾਂ ਵਿਚ ਰੱਖੀ ਪੰਥਕ ਕਾਨਫਰੰਸ ਨੂੰ ਰੱਦ ਕਰ ਦਿੱਤਾ ਗਿਆ ਹੈ।

ਦੱਸਣਯੋਗ ਹੈ ਕਿ ਬਰਗਾੜੀ ਮੋਰਚੇ ਨੂੰ ਲੈ ਕੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਵੀ 10 ਜਨਵਰੀ ਦੇ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਸੀ। ਦੂਸਰੀ ਧਿਰ ਨੇ ਵੀ ਆਪਣਾ ਐਲਾਨਿਆ 8 ਜਨਵਰੀ ਦਾ ਪੰਥਕ ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਸ੍ਰੀ ਰਣਸੀਂਹ ਨੇ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਦੇ ਮੱਦੇਨਜ਼ਰ ਨਵਾਂ ਮੰਚ ਕਾਇਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਦਾਦੂਵਾਲ ਨੇ ਪੰਜਾਬ ਦੇ ਹਿੱਤਾਂ ਲਈ ਵੱਡਾ ਸੰਘਰਸ਼ ਕੀਤਾ ਹੈ। ਸੂਤਰਾਂ ਮੁਤਾਬਕ ਇਹ ਪੰਥਕ ਧਿਰਾਂ ਹੁਣ ਅਕਾਲੀ ਦਲ (ਮਾਨ) ਤੋਂ ਪਾਸਾ ਵੱਟਣ ਦੇ ਰੌਂਅ ਵਿਚ ਹਨ ਅਤੇ ਖ਼ਾਲਿਸਤਾਨ ਦੇ ਮੁੱਦੇ ਕਰਕੇ ਇਨ੍ਹਾਂ ਨੇ ਮਾਨ ਦਲ ਤੋਂ ਆਪਣੇ ਆਪ ਨੂੰ ਲਾਂਭੇ ਕਰਨਾ ਸ਼ੁਰੂ ਕਰ ਦਿੱਤਾ ਹੈ। ਬਲਜੀਤ ਸਿੰਘ ਦਾਦੂਵਾਲ ਨੇ ਕਾਨਫਰੰਸ ਦੀ ਅਗਵਾਈ ਲਈ ਮਿਲੇ ਸੱਦੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਨਵਾਂ ਮੰਚ ਉਸਾਰਨ ਦੇ ਏਜੰਡੇ 'ਤੇ ਹੋ ਰਹੀ ਕਾਨਫਰੰਸ ਵਿਚ ਉਹ ਸ਼ਿਰਕਤ ਕਰਨਗੇ। ਉਨ੍ਹਾਂ ਇਸ ਗੱਲ ਦਾ ਜਵਾਬ ਦੇਣ ਤੋਂ ਟਾਲਾ ਵੱਟਿਆ ਕਿ ਧਿਆਨ ਸਿੰਘ ਮੰਡ ਅਤੇ ਹੋਰਨਾਂ ਨੂੰ ਕਿਉਂ ਨਹੀਂ ਸੱਦਿਆ ਜਾ ਰਿਹਾ ਹੈ।

# ਇੰਡੋਨੇਸ਼ੀਆ 'ਚ ਸੁਨਾਮੀ ਨਾਲ ਤਬਾਹੀ, 320 ਮੌਤਾਂ

**ਕੈਰੀਟਾ:** ਇੰਡੋਨੇਸ਼ੀਆ ਵਿਚ ਜਵਾਲਾਮੁਖੀ ਫਟਣ ਮਗਰੋਂ ਆਈ ਸੁਨਾਮੀ ਕਾਰਨ 320 ਵਿਅਕਤੀ ਮਾਰੇ ਗਏ ਅਤੇ 1100 ਹੋਰ ਜ਼ਖਮੀ ਹੋ ਗਏ ਹਨ। ਕੌਮੀ ਆਫਤ ਏਜੰਸੀ ਦੇ ਤਰਜਮਾਨ ਸੁਤੋਪੋ ਪੁਰਵੋ ਨੁਗਰੋਹੋ ਨੇ ਦੱਸਿਆ ਕਿ ਕਰਾਕਾਤੋਆ ਦਾ 'ਚਾਈਲਡ' ਨਾਮੀ ਜਵਾਲਾਮੁਖੀ ਫੱਟ ਗਿਆ ਜਿਸ ਦੀ ਮਾਰ ਹੇਠ ਜਾਵਾ ਦਾ ਪੱਛਮੀ ਹਿੱਸਾ ਅਤੇ ਦੱਖਣੀ ਸੁਮਾਟਰਾ ਦੇ ਤੱਟੀ ਇਲਾਕੇ ਆ ਗਏ। ਸਮੁੰਦਰ 'ਚੋਂ ਉੱਠੀਆਂ ਛੱਲਾਂ ਕਰਕੇ ਸੈਂਕੜੇ ਇਮਾਰਤਾਂ ਨਸ਼ਟ ਹੋ ਗਈਆਂ।

ਸੋਸ਼ਲ ਮੀਡੀਆ 'ਤੇ ਪਾਈ ਗਈ ਵੀਡੀਓ 'ਚ ਦਿਖਾਇਆ ਗਿਆ ਕਿ ਪਾਣੀ ਦੀ ਦੀਵਾਰ ਪੌਪ ਗਰੁੱਪ 'ਸੈਵਨਟੀਨ' ਦੇ ਸੰਗੀਤਕ ਪ੍ਰੋਗਰਾਮ ਦੌਰਾਨ ਅਚਾਨਕ ਆਈ ਅਤੇ ਉਸ ਨੇ ਬੈਂਡ ਦੇ ਮੈਂਬਰਾਂ ਨੂੰ ਸਟੇਜ ਤੋਂ ਡੇਗਣ ਮਗਰੋਂ ਸਰੋਤਿਆਂ ਨੂੰ ਵੀ ਆਪਣੀ ਲਪੇਟ 'ਚ ਲੈ ਲਿਆ। ਬਚਾਅ ਅਤੇ ਰਾਹਤ ਟੀਮਾਂ ਮਲਬੇ 'ਚ ਜਿਊਂਦੇ ਲੋਕਾਂ ਦੀ ਭਾਲ ਕਰ ਰਹੀਆਂ ਹਨ। ਕੌਮਾਂਤਰੀ ਸੁਨਾਮੀ ਸੂਚਨਾ ਕੇਂਦਰ ਮੁਤਾਬਕ ਜਵਾਲਾਮੁਖੀ ਫਟਣ ਨਾਲ ਸੁਨਾਮੀ ਆਉਣਾ ਮੁਸ਼ਕਲ ਹੀ ਹੁੰਦਾ ਹੈ। ਭੂਚਾਲ ਮਗਰੋਂ ਸੁਨਾਮੀ ਦੀ ਤਾਂ ਚਿਤਾਵਨੀ ਦਿੱਤੀ ਜਾ ਸਕਦੀ ਹੈ ਪਰ ਜਵਾਲਾਮੁਖੀ ਫਟਣ ਜਵਾਲਾਮੁਖੀ ਤੋਂ ਬਾਅਦ ਆਈ ਸੁਨਾਮੀ ਲੋਕਾਂ ਨੂੰ ਬਚਣ ਦਾ ਕੋਈ ਰਾਹ ਨਹੀਂ ਦਿੰਦੀ ਹੈ।

ਸੁਨਾਮੀ ਕਾਰਨ ਚਾਰੇ ਪਾਸੇ ਤਬਾਹੀ ਦਾ ਮੰਜ਼ਰ ਬਣ ਗਿਆ। ਬੀਚਾਂ 'ਤੇ ਦਰੱਖਤ ਉਖੜ ਗਏ ਅਤੇ ਮਲਬਾ ਖਿੰਡ ਗਿਆ। ਜਾਵਾ ਦੇ ਪੱਛਮੀ ਕੰਢੇ ਉਤੇ ਕੈਰਿਟਾ ਬੀਚ 'ਚ ਤਬਾਹੀ ਦਿਖਾਈ ਦਿੰਦੀ ਹੈ। ਜ਼ਿਕਰਯੋਗ ਹੈ ਕਿ ਜਾਵਾ ਅਤੇ ਸੁਮਾਟਰਾ ਦੇ ਅਨਾਕ ਕਰਾਕਾਤੋਆ 'ਚ 1883 ਵਿਚ ਆਈ ਸੁਨਾਮੀ 'ਚ 36 ਹਜ਼ਾਰ ਲੋਕ ਮਾਰੇ ਗਏ ਸਨ।

## ਪੰਜਾਬ ਤੇ ਹਰਿਆਣਾ ਕੜਾਕੇ ਦੀ ਠੰਢ ਦੇ ਲਪੇਟੇ ਵਿਚ

**ਚੰਡੀਗੜ੍ਹ:** ਉਤਰੀ ਸੂਬੇ ਪੰਜਾਬ ਤੇ ਹਰਿਆਣਾ ਲਗਾਤਾਰ ਕੜਾਕੇ ਦੀ ਠੰਢ ਦੀ ਲਪੇਟ ਵਿਚ ਹਨ। ਅੰਮ੍ਰਿਤਸਰ ਤੇ ਆਦਮਪੁਰ ਦੋਵੇਂ ਜਗ੍ਹਾ ਤਾਪਮਾਨ 0.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਜੰਮੂ ਖਿੱਤੇ ਵਿਚ ਰਾਤ ਦਾ ਤਾਪਮਾਨ ਲਗਾਤਾਰ ਹੇਠਾਂ ਨੂੰ ਜਾ ਰਿਹਾ ਹੈ।

ਜੰਮੂ-ਸ੍ਰੀਨਗਰ ਕੌਮੀ ਮਾਰਗ ਦੇ ਨਾਲ ਬਨਿਹਾਲ ਤੇ ਬਟੋਟ ਵਿਚ ਤੇ ਡੋਡਾ ਜ਼ਿਲ੍ਹੇ ਦੇ ਭੱਦਰਵਾਹ 'ਚ ਤਾਪਮਾਨ ਸਿਫਰ 'ਤੇ ਪੁੱਜ ਗਿਆ ਹੈ। ਕਟੜਾ 'ਚ ਵੀ ਤਾਪਮਾਨ 5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਪੰਜਾਬ ਦੇ ਹੋਰ ਸ਼ਹਿਰਾਂ ਵਿਚੋਂ ਪਠਾਨਕੋਟ ਦਾ ਤਾਪਮਾਨ 2.9, ਲੁਧਿਆਣਾ ਦਾ 2.8, ਫਰੀਦਕੋਟ ਦਾ 3.8, ਗੁਰਦਾਸਪੁਰ ਦਾ 3.5, ਬਠਿੰਡਾ ਦਾ 4.5 ਤੇ ਹਲਵਾਰਾ ਵਿਚ 3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਰਾਜਧਾਨੀ ਚੰਡੀਗੜ੍ਹ ਦਾ ਘੱਟੋ-ਘੱਟ ਤਾਪਮਾਨ ਵੀ 5.5 ਡਿਗਰੀ ਸੈਲਸੀਅਸ ਰਿਹਾ।

# ਪੰਚਾਇਤ ਚੋਣਾਂ: ਸਰਕਾਰੀ ਮਸ਼ੀਨਰੀ ਨੇ ਉਮੀਦਵਾਰਾਂ ਦੀ ਬੱਸ ਕਰਾਈ

*(ਸਫਾ ਇਕ ਦੀ ਬਾਕੀ)*

ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਵਿਚ ਧੱਕਾ ਜਾਂ ਹੇਰਾਫੇਰੀ ਕੋਈ ਨਵੀਂ ਗੱਲ ਨਹੀਂ ਹੈ। ਅਕਾਲੀ-ਭਾਜਪਾ ਦੇ ਦਸ ਸਾਲ ਦੇ ਸ਼ਾਸਨਕਾਲ ਦੌਰਾਨ 2008 ਦੀਆਂ ਚੋਣਾਂ ਵਿਚ ਪੰਚਾਂ ਵਿਚੋਂ ਸਰਪੰਚ ਚੁਣਨ ਦਾ ਫੈਸਲਾ ਕੀਤਾ ਸੀ। ਉਦੋਂ ਇਹ ਚਰਚਾ ਸੁਣਨ ਵਿਚ ਮਿਲੀ ਸੀ ਕਿ ਬਹੁਤ ਸਾਰੇ ਪਿੰਡਾਂ ਵਿਚ ਸਰਪੰਚ ਥਾਣੇਦਾਰਾਂ ਵਲੋਂ ਜਾਂ ਉਨ੍ਹਾਂ ਦੀ ਹਮਾਇਤ/ਸਹਿਮਤੀ ਨਾਲ ਚੁਣੇ ਗਏ ਸਨ। ਇਸ ਤੋਂ ਇਲਾਵਾ 2 ਮਹੀਨੇ ਪਹਿਲਾਂ ਹੋਈਆਂ ਬਲਾਕ ਸਮਿਤੀ ਚੋਣਾਂ ਵਿਚ ਵੀ ਗੁੰਡਾਗਰਦੀ ਦੇ ਸਾਰੇ ਰਿਕਾਰਡ ਟੁੱਟ ਗਏ ਸਨ। ਇਸ ਕੰਮ ਵਿਚ ਅਕਾਲੀ ਵੀ ਪਿੱਛੇ ਨਾ ਰਹੇ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਰੋਧੀਆਂ ਤੋਂ ਕੁੱਟਮਾਰ ਦਾ 'ਬਦਲਾ' ਲੈਣ ਲਈ ਖੁਦ ਮੈਦਾਨ ਵਿਚ ਨਿੱਤਰੇ ਜਿਸ ਕਾਰਨ ਉਨ੍ਹਾਂ ਖਿਲਾਫ ਐਫ.ਆਈ.ਆਰ. ਵੀ ਦਰਜ ਕੀਤੀ ਗਈ। ਉਸ ਸਮੇਂ ਵੀ ਸਰਕਾਰ ਉਤੇ ਧੱਕੇਸ਼ਾਹੀ ਦੇ ਦੋਸ਼ ਲੱਗੇ ਸਨ। ਧੱਕੇਸ਼ਾਹੀ ਦਾ ਸਿਲਸਲਾ ਸਿਰਫ ਪੇਂਡੂ ਖੇਤਰਾਂ ਤੱਕ ਸੀਮਤ ਨਹੀਂ ਰਿਹਾ। ਇਸ ਤੋਂ ਪਹਿਲਾਂ ਸ਼ਹਿਰੀ ਚੋਣਾਂ ਵਿਚ ਵੀ ਇਸੇ ਤਰ੍ਹਾਂ ਦੀਆਂ ਸ਼ਿਕਾਇਤਾਂ ਆਈਆਂ ਸਨ। ਉਸ ਸਮੇਂ ਅਕਾਲੀ ਦਲ ਨੇ ਕਈ ਥਾਂਵਾਂ ਤੋਂ ਆਪਣੇ ਉਮੀਦਵਾਰ ਪਿੱਛੇ ਹਟਾ ਲਏ ਸਨ ਤੇ ਕਾਂਗਰਸ ਸਰਕਾਰ ਉਤੇ ਦੋਸ਼ ਲਾਇਆ ਸੀ ਕਿ ਉਹ ਚੋਣ ਕਮਿਸ਼ਨ ਨਾਲ ਮਿਲ ਕੇ ਧੱਕੇਸ਼ਾਹੀ ਕਰ ਰਹੀ ਹੈ ਪਰ ਹੁਣ ਪੰਚਾਇਤੀ ਚੋਣਾਂ ਵਿਚ ਤਾਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ। ਇੰਨੇ ਵੱਡੇ ਪੱਧਰ ਉਤੇ ਚੋਣ ਕਮਿਸ਼ਨ ਕੋਲ ਕਦੀ ਸ਼ਿਕਾਇਤਾਂ ਨਹੀਂ ਪੁੱਜੀਆਂ। ਸਰਕਾਰੀ ਤੰਤਰ ਵੀ ਚੋਣ ਕਮਿਸ਼ਨ ਦੀ ਥਾਂ ਸਿਆਸੀ ਹੱਥਾਂ ਵਿਚ ਖੇਡਦਾ ਨਜ਼ਰ ਆਇਆ। ਚੋਣਾਂ ਦੇ ਐਲਾਨ ਤੋਂ ਲੈ ਕੇ ਇਹ ਅਮਲ ਮੁਕੰਮਲ ਹੋਣ ਤੱਕ ਚੋਣ ਕਮਿਸ਼ਨ ਨੂੰ ਵੀ ਹਨੇਰੇ ਵਿਚ ਰੱਖਣ ਵਿਚ ਕੋਈ ਕਸਰ ਨਾ ਛੱਡੀ ਗਈ।

# ਇਮਰਾਨ ਖਾਨ ਦੇ ਅਮਨ ਦੇ ਪੈਗਾਮ ਨੂੰ ਪਾਕਿਸਤਾਨੀ ਫੌਜ ਮੁਖੀ ਦੀ ਹਮਾਇਤ

**ਕਰਾਚੀ:** ਪਾਕਿਸਤਾਨ ਦੇ ਥਲ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਸ਼ਾਂਤੀ ਦੀ ਸ਼ੁਰੂ ਕੀਤੀ ਗਈ ਪਹਿਲਕਦਮੀ ਬਾਰੇ ਕਿਹਾ ਕਿ ਨਵੀਂ ਸਰਕਾਰ ਨੇ ਭਾਰਤ ਵੱਲ ਨੇਕਨੀਤੀ ਨਾਲ ਸ਼ਾਂਤੀ ਅਤੇ ਦੋਸਤੀ ਦਾ ਹੱਥ ਵਧਾਇਆ ਹੈ ਪਰ ਇਸ ਨੂੰ ਕਮਜ਼ੋਰੀ ਨਹੀਂ ਸਮਝਣਾ ਚਾਹੀਦਾ ਹੈ।

ਜਲ ਸੈਨਾ ਅਕਾਦਮੀ 'ਚ ਜਵਾਨਾਂ ਦੀ ਪਾਸਿੰਗ ਆਊਟ ਪਰੇਡ ਨੂੰ ਸੰਬੋਧਨ ਕਰਦਿਆਂ ਜਨਰਲ ਬਾਜਵਾ ਨੇ ਕਿਹਾ ਕਿ ਪਾਕਿਸਤਾਨ ਸ਼ਾਂਤੀ ਪਸੰਦ ਮੁਲਕ ਹੈ ਅਤੇ ਸ਼ਾਂਤੀ 'ਚ ਵਿਸ਼ਵਾਸ ਰੱਖਦਾ ਹੈ। ਇਮਰਾਨ ਖ਼ਾਨ ਸਰਕਾਰ ਵੱਲੋਂ ਪਾਕਿਸਤਾਨ ਅਤੇ ਭਾਰਤ ਵਿਚਕਾਰ ਸ਼ਾਂਤੀ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਦਿਆਂ ਥਲ ਸੈਨਾ ਮੁਖੀ ਨੇ ਕਿਹਾ ਕਿ ਸ਼ਾਂਤੀ ਦਾ ਹਰ ਕਿਸੇ ਨੂੰ ਫਾਇਦਾ ਹੁੰਦਾ ਹੈ ਅਤੇ ਇਕ-ਦੂਜੇ ਖਿਲਾਫ਼ ਲੜਨ ਦੀ ਬਜਾਏ ਹੁਣ ਅਜਿਹਾ ਵੇਲਾ ਹੈ ਜਦੋਂ ਬਿਮਾਰੀਆਂ, ਗਰੀਬੀ ਅਤੇ ਅਨਪੜ੍ਹਤਾ ਨਾਲ ਜੂਝਿਆ ਜਾਵੇ। ਜਨਰਲ ਬਾਜਵਾ ਨੇ ਕਿਹਾ ਕਿ ਜੰਗਾਂ ਨਾਲ ਲੋਕਾਂ ਨੂੰ ਮੌਤ, ਤਬਾਹੀ ਅਤੇ ਗਰੀਬੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਅਤਿਵਾਦ ਜਾਂ ਸਾਬੋਤਾਜ ਦੀਆਂ ਘਟਨਾਵਾਂ ਨਾਲ ਟਾਕਰਾ ਕਰਨਾ ਪੈ ਰਿਹਾ ਹੈ। ਆਧੁਨਿਕ ਜੰਗੀ ਹਥਿਆਰਾਂ ਦਾ ਜ਼ਿਕਰ ਕਰਦਿਆਂ ਥਲ ਸੈਨਾ ਮੁਖੀ ਨੇ ਕਿਹਾ ਕਿ ਸੂਚਨਾ ਅਤੇ ਆਧੁਨਿਕ ਤਕਨਾਲੋਜੀ ਨੇ ਜੰਗ ਦਾ ਮੁਹਾਂਦਰਾ ਹੀ ਬਦਲ ਦਿੱਤਾ ਹੈ ਅਤੇ ਜਿਹੜੇ ਮੁਲਕ ਛੇਤੀ ਬਦਲਾਅ ਕਰ ਲੈਂਦੇ ਹਨ, ਉਹ ਜੰਗਾਂ ਜਿੱਤਣ ਦੇ ਕਾਬਲ ਬਣ ਜਾਂਦੇ ਹਨ।

## ਪੁਲਿਸ ਵੇਖ ਗੈਂਗਸਟਰ ਹੈਰੀ ਚੀਮਾ ਨੇ ਤੀਜੀ ਮੰਜਿਲ ਤੋਂ ਮਾਰੀ ਛਾਲ, ਮੌਤ

**ਚੰਡੀਗੜ੍ਹ:** ਯੂ.ਪੀ, ਪੰਜਾਬ ਅਤੇ ਹਰਿਆਣਾ ਵਿਚ ਦਰਜ ਕਈ ਅਪਰਾਧਿਕ ਮਾਮਲਿਆਂ 'ਚ ਸ਼ਾਮਲ ਗੈਂਗਸਟਰ ਹਰਜੋਤ ਸਿੰਘ ਉਰਫ ਹੈਰੀ ਚੀਮਾ ਦੀ ਸੈਕਟਰ 32 ਹਸਪਤਾਲ ਵਿਚ ਜੇਰੇ ਇਲਾਜ ਮੌਤ ਹੋ ਗਈ।

ਇੰਡਸਟਰੀਅਲ ਏਰੀਆ ਦੇ ਹੋਟਲ ਲੈਮਨ ਟ੍ਰੀ ਵਿਚ ਜਬਰ ਜਨਾਹ ਦੀ ਵਾਰਦਾਤ ਨੂੰ ਅੰਜਾਮ ਦੇਣ ਦੇ ਬਾਅਦ ਮੁਲਜ਼ਮ ਨੇ ਪੁਲਿਸ ਦੀ ਗ੍ਰਿਫਤਾਰੀ ਤੋਂ ਬਚਣ ਲਈ ਹੋਟਲ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ ਸੀ। ਇਸ ਦੌਰਾਨ ਉਹ ਗੰਭੀਰ ਜ਼ਖ਼ਮੀ ਹੋ ਗਿਆ ਸੀ। ਮੁਲਜ਼ਮ ਨੇ ਇਕ ਲੜਕੀ ਨੂੰ ਹੋਟਲ ਵਿਚ ਪਾਰਟੀ ਦਾ ਬਹਾਨਾ ਬਣਾ ਕੇ ਬੁਲਾਇਆ ਸੀ ਪਰ ਹੋਟਲ 'ਚ ਉਸ ਨੇ ਪੀੜਤ ਨਾਲ ਜਬਰ ਜਨਾਹ ਦੀ ਵਾਰਦਾਤ ਨੂੰ ਅੰਜਾਮ ਦੇ ਦਿੱਤਾ। ਜਾਂਚ ਦੌਰਾਨ ਪਤਾ ਲੱਗਿਆ ਸੀ ਕਿ ਮੁਲਜ਼ਮ ਜ਼ੀਰਕਪੁਰ ਵਿਚ ਆਪਣਾ ਨਾਂ ਬਦਲ ਕੇ ਰਹਿ ਰਿਹਾ ਸੀ।

## ਭ੍ਰਿਸ਼ਟਾਚਾਰ ਮਾਮਲੇ 'ਚ ਨਵਾਜ਼ ਸ਼ਰੀਫ ਨੂੰ ਸੱਤ ਸਾਲ ਕੈਦ

**ਇਸਲਾਮਾਬਾਦ:** ਪਾਕਿਸਤਾਨ ਦੀ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਨੇ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਅਲ-ਅਜ਼ੀਜ਼ੀਆ ਸਟੀਲ ਮਿੱਲ ਨਾਲ ਸਬੰਧਤ ਭ੍ਰਿਸ਼ਟਾਚਾਰ ਮਾਮਲੇ ਵਿਚ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਹਾਲਾਂਕਿ ਅਯੋਗ ਦੱਸ ਕੇ ਗੱਦੀਓਂ ਲਾਹੇ ਸਾਬਕਾ ਵਜ਼ੀਰੇ ਆਜ਼ਮ ਨੂੰ ਪਨਾਮਾ ਪੇਪਰ ਘੁਟਾਲੇ ਨਾਲ ਜੁੜੇ ਫਲੈਗਸ਼ਿਪ ਨਿਵੇਸ਼ ਭ੍ਰਿਸ਼ਟਾਚਾਰ ਕੇਸ 'ਚੋਂ ਬਰੀ ਕਰ ਦਿੱਤਾ ਹੈ। ਸ਼ਰੀਫ ਪਰਿਵਾਰ ਖਿਲਾਫ ਬਕਾਇਆ ਭ੍ਰਿਸ਼ਟਾਚਾਰ ਨਾਲ ਸਬੰਧਤ ਇਨ੍ਹਾਂ ਦੋ ਮਾਮਲਿਆਂ ਵਿਚ ਫੈਸਲਾ ਜਵਾਬਦੇਹੀ ਅਦਾਲਤ-2 ਦੇ ਜੱਜ ਮੁਹੰਮਦ ਅਰਸ਼ਦ ਮਲਿਕ ਨੇ ਸੁਣਾਇਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਮੁਤਵਾਜ਼ੀ ਜਥੇਦਾਰਾਂ ਵਿਚਾਲੇ ਸੁਲ੍ਹਾ-ਸਫਾਈ ਲਈ ਭੱਜ-ਨੱਠ

**ਬਠਿੰਡਾ:** ਬਰਗਾੜੀ ਮੋਰਚੇ ਦੀ ਸਮਾਪਤੀ ਮਗਰੋਂ ਮੁਤਵਾਜ਼ੀ ਜਥੇਦਾਰਾਂ ਵਿਚਾਲੇ ਉਭਰੇ ਮਤਭੇਦਾਂ ਨੂੰ ਦੂਰ ਕਰਨ ਲਈ ਅੰਦਰੋਂ ਅੰਦਰੀ ਸੁਲ੍ਹਾ ਦੇ ਯਤਨ ਸ਼ੁਰੂ ਹੋ ਗਏ ਹਨ। ਪੰਥਕ ਆਗੂ ਕਿਸੇ ਵੀ ਸੂਰਤ ਵਿਚ ਮੋਰਚੇ ਨੂੰ ਖਿਲਰਨ ਨਹੀਂ ਦੇਣਾ ਚਾਹੁੰਦੇ। ਮੁਤਵਾਜ਼ੀ ਜਥੇਦਾਰ ਧਿਆਨ ਸਿੰਘ



ਮੰਡ ਨੇ 10 ਜਨਵਰੀ ਨੂੰ ਫਤਹਿਗੜ੍ਹ ਸਾਹਿਬ ਵਿਚ ਮੋਰਚਾ ਮੁੜ ਸ਼ੁਰੂ ਕਰਨ ਲਈ ਐਲਾਨ ਕੀਤਾ ਹੈ ਜਦਕਿ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ 8 ਜਨਵਰੀ ਨੂੰ ਮੋਗਾ ਦੇ ਪਿੰਡ ਰਣਸੀਂਹ ਕਲਾਂ ਵਿਚ ਹੋ ਰਹੇ ਪੰਥਕ ਇਕੱਠ ਵਿਚ ਪੁੱਜ ਰਹੇ ਹਨ। ਦੋ ਹਫਤਿਆਂ ਦੇ ਸਮੇਂ ਦੌਰਾਨ ਪੰਜਾਬ ਸਰਕਾਰ ਮੰਨੀਆਂ ਮੰਗਾਂ ਨੂੰ ਅਮਲ ਵਿਚ ਲਿਆਉਂਦੀ ਹੈ ਤਾਂ ਸਾਰਾ ਮਸਲਾ ਸੁਲਝ ਜਾਣ ਦੀ ਉਮੀਦ ਹੈ। ਕੈਪਟਨ ਹਕੂਮਤ ਆਪਣੇ ਵਾਅਦੇ ਨੂੰ ਅਮਲੀ ਜਾਮਾ ਨਾ ਪਹਿਨਾ ਸਕੀ ਤਾਂ ਪੰਥਕ ਆਗੂ ਮੁਤਵਾਜ਼ੀ ਜਥੇਦਾਰਾਂ ਦੀ ਏਕਤਾ ਲਈ ਵਾਹ ਲਾਉਣਗੇ।

ਸੂਤਰ ਦੱਸਦੇ ਹਨ ਕਿ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਤਾਂ ਪੰਥਕ ਏਕਤਾ ਦੇ ਮੱਦੇਨਜ਼ਰ ਅਤੇ ਪੰਥਕ ਭਰੋਸੇਯੋਗਤਾ ਖਾਤਰ ਦੋ ਪੈਰ ਪਿੱਛੇ ਹਟਣ ਦਾ ਵਾਅਦਾ ਵੀ ਕਰ ਦਿੱਤਾ ਹੈ ਜਦਕਿ ਦਾਦੂਵਾਲ ਦਾ ਗੁੱਸਾ ਠੰਢਾ ਹੋਣ ਦਾ ਨਾਂ ਨਹੀਂ ਲੈ ਰਿਹਾ ਹੈ। ਪਤਾ ਲੱਗਾ ਹੈ ਕਿ ਧਿਆਨ ਸਿੰਘ ਮੰਡ 16 ਦਸੰਬਰ ਨੂੰ ਪਿੰਡ ਦਾਦੂਵਾਲ 'ਚ ਮੁਤਵਾਜ਼ੀ ਜਥੇਦਾਰ ਦਾਦੂਵਾਲ ਨੂੰ ਮਿਲ ਕੇ ਵੀ ਆਏ ਹਨ। ਸੂਤਰ ਦੱਸਦੇ ਹਨ ਕਿ ਅਸਲ ਰੌਲਾ ਬਰਗਾੜੀ ਮੋਰਚੇ ਦੇ ਸਿਆਸੀ ਸਿਹਰੇ ਦਾ ਹੈ। ਮੁੱਖ ਮੰਤਰੀ ਨਾਲ 6 ਜੂਨ ਨੂੰ ਮੋਰਚਾ ਆਗੂਆਂ ਦੀ ਮੀਟਿੰਗ ਹੋਈ ਸੀ ਤਾਂ ਉਸ ਵਿਚ ਦਾਦੂਵਾਲ ਸ਼ਾਮਲ ਸਨ। ਉਸ ਮਗਰੋਂ ਜੋ ਵੀ ਸਰਕਾਰੀ ਪੱਧਰ 'ਤੇ ਗੱਲਬਾਤ ਚੱਲੀ, ਉਸ ਵਿਚ ਦਾਦੂਵਾਲ ਸ਼ਾਮਲ ਨਹੀਂ ਸਨ। ਚਰਚੇ ਚੱਲ ਰਹੇ ਹਨ ਕਿ ਦਾਦੂਵਾਲ ਨੇ ਮੰਡ ਤੋਂ ਆਪਣੀ ਗੱਡੀ ਦੇ ਤੇਲ ਦਾ ਖਰਚਾ ਮੰਗਿਆ ਹੈ।

ਸੂਤਰਾਂ ਅਨੁਸਾਰ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਮੋਗਾ ਦੇ ਪਿੰਡ ਰਣਸੀਂਹ ਕਲਾਂ 'ਚ ਵੀ ਆਗੂ ਬੂਟਾ ਸਿੰਘ ਨਾਲ ਗੱਲਬਾਤ ਕਰਨ ਗਏ ਸਨ ਜੋ 8 ਜਨਵਰੀ ਦੀ ਪੰਥਕ ਕਨਵੈਨਸ਼ਨ ਦਾ ਪ੍ਰਬੰਧ ਕਰ ਰਹੇ ਹਨ। ਵੱਡਾ ਇਤਰਾਜ਼ ਮੰਡ ਵੱਲੋਂ ਬਰਗਾੜੀ ਮੋਰਚੇ ਨੂੰ ਸਮਾਪਤ ਕਰਨ ਲਈ ਅਖ਼ਤਿਆਰ ਕੀਤੇ ਢੰਗ ਤਰੀਕੇ 'ਤੇ ਹੈ। ਸੂਤਰ ਦੱਸਦੇ ਹਨ ਕਿ ਕੇਂਦਰ ਸਰਕਾਰ ਨੇ ਵੀ ਬਰਗਾੜੀ ਮੋਰਚਾ ਸਮਾਪਤ ਕਰਾਉਣ ਲਈ ਪੰਜਾਬ ਸਰਕਾਰ ਰਾਹੀਂ ਦਬਾਅ ਬਣਾਇਆ ਸੀ।

ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਬਰਗਾੜੀ ਮੋਰਚੇ ਦਾ ਸਿਹਰਾ ਲੈਣ ਅਤੇ ਗੱਡੀ ਦੇ ਤੇਲ ਦੇ ਪੈਸਿਆਂ ਆਦਿ ਦਾ ਕੋਈ ਰੌਲਾ ਹੀ ਨਹੀਂ ਹੈ। ਮਸਲਾ ਸਿਰਫ ਮੰਡ ਵੱਲੋਂ ਦਿਖਾਏ ਵਤੀਰੇ ਅਤੇ ਮੋਰਚਾ ਸਮਾਪਤ ਕਰਨ ਲਈ ਵਰਤੀ ਕਾਹਲ ਪਿਛਲੇ ਕਾਰਨਾਂ ਦਾ ਹੈ। ਜਿੰਨਾਂ ਸਮਾਂ ਮੰਡ ਕਾਰਨ ਨਹੀਂ ਦੱਸਣਗੇ, ਉਨਾਂ ਸਮਾਂ ਕੋਈ ਗੱਲਬਾਤ ਨਹੀਂ ਹੋਵੇਗੀ। ਸ੍ਰੀ ਦਾਦੂਵਾਲ ਨੇ ਆਖਿਆ ਕਿ ਮੰਡ ਪਹਿਲਾਂ ਜੁਆਬ ਦੇਵੇ।

## ਹਵਾਰਾ ਨੇ ਸੰਘਰਸ਼ ਦੀ ਜ਼ਿੰਮੇਵਾਰੀ ਆਪਣੇ ਹੱਥ ਲਈ

**ਚੰਡੀਗੜ੍ਹ:** ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ ਹੇਠ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਸ੍ਰੀ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਨੇ ਕਿਹਾ ਹੈ ਕਿ ਅਕਾਲ ਤਖ਼ਤ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਬਰਗਾੜੀ ਮੋਰਚੇ ਨੂੰ ਸਮਾਪਤ ਕਰਨ ਦੀ ਆਪਹੁਦਰੀ ਕਾਰਵਾਈ ਕੀਤੀ ਹੈ। ਉਨ੍ਹਾਂ ਭਵਿੱਖ ਵਿਚ ਉਲੀਕੇ ਜਾਣ ਵਾਲੇ ਸਾਰੇ ਸੰਘਰਸ਼ ਦੀ ਜ਼ਿੰਮੇਵਾਰੀ ਆਪਣੇ ਹੱਥਾਂ 'ਚ ਲੈਂਦਿਆਂ ਐਲਾਨ ਕੀਤਾ ਹੈ ਕਿ ਜਲਦ ਹੀ ਉਹ ਪੰਜ ਸਿੰਘਾਂ 'ਤੇ ਅਧਾਰਤ ਕਮੇਟੀ ਦਾ ਗਠਨ ਕਰਨਗੇ ਅਤੇ ਅਗਲੇ ਸੰਘਰਸ਼ ਦੀ ਅੰਤਿਮ ਪ੍ਰਵਾਨਗੀ ਦੇਣ ਦਾ ਮੁਕੰਮਲ ਅਧਿਕਾਰ ਇਸ ਕਮੇਟੀ ਦੇ ਹੱਥ ਹੀ ਹੋਵੇਗਾ। ਦੱਸਣਯੋਗ ਹੈ ਕਿ ਪਿਛਲੇ ਸਮੇਂ ਬਰਗਾੜੀ ਮੋਰਚਾ ਸਮਾਪਤ ਕਰਨ ਕਾਰਨ ਦੋ ਮੁਤਵਾਜ਼ੀ ਜਥੇਦਾਰਾਂ ਸੰਤ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਨੇ ਵੀ ਦੋਸ਼ ਲਾਏ ਸਨ ਕਿ ਭਾਈ ਮੰਡ ਨੇ ਮਨਮਾਨੇ ਢੰਗ ਨਾਲ ਮੋਰਚਾ ਸਮਾਪਤ ਕਰਕੇ ਸਿੱਖ ਕੌਮ ਨਾਲ ਧੋਖਾ ਕੀਤਾ ਹੈ।

## ਭ੍ਰਿਸ਼ਟਾਚਾਰ ਮਾਮਲੇ ਵਿਚ ਕੋਲਿਆਂਵਾਲੀ ਨੂੰ ਜੇਲ੍ਹ ਭੇਜਿਆ

**ਮੁਹਾਲੀ:** ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਅਧੀਨ ਸੇਵਾਵਾਂ ਬੋਰਡ ਦੇ ਸਾਬਕਾ ਮੈਂਬਰ ਅਤੇ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਲਿਮਟਿਡ ਦੇ ਸਾਬਕਾ ਚੇਅਰਮੈਨ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਨੂੰ ਪੁਲਿਸ ਰਿਮਾਂਡ ਖਤਮ ਹੋਣ 'ਤੇ ਮੁੜ ਮੁਹਾਲੀ ਅਦਾਲਤ



ਵਿਚ ਪੇਸ਼ ਕੀਤਾ ਗਿਆ।

ਅਦਾਲਤ ਨੇ ਅਕਾਲੀ ਜਥੇਦਾਰ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਅਧੀਨ ਜੇਲ੍ਹ ਭੇਜ ਦਿੱਤਾ। ਇਸ ਤੋਂ ਪਹਿਲਾਂ ਜਥੇਦਾਰ ਦਾ ਸਰਕਾਰੀ ਹਸਪਤਾਲ ਵਿਚ ਮੈਡੀਕਲ ਕਰਵਾਇਆ ਗਿਆ। ਵਿਜੀਲੈਂਸ ਦੇ ਐਸ.ਐਸ.ਪੀ. ਅਸ਼ੋਕ ਬਾਠ ਨੇ ਦੱਸਿਆ ਕਿ ਪੁਲਿਸ ਰਿਮਾਂਡ ਦੌਰਾਨ ਵਿਜੀਲੈਂਸ ਨੇ ਜਥੇਦਾਰ ਦੀਆਂ ਜਾਇਦਾਦਾਂ ਸਬੰਧੀ ਵੱਡੀ ਮਾਤਰਾ ਵਿਚ ਰਿਕਾਰਡ ਹਾਸਲ ਕਰਕੇ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਦੀ ਪਿੰਡ ਕੋਲਿਆਂਵਾਲੀ ਵਿਚ ਕਰੀਬ 6 ਏਕੜ ਰਕਬੇ ਵਿਚ ਆਲੀਸ਼ਾਨ ਕੋਠੀ ਦੀ ਵਿਜੀਲੈਂਸ ਦੀ ਟੀਮ ਨੇ ਪੈਮਾਇਸ਼ ਕੀਤੀ ਸੀ।

# ਜਲਿਆਂਵਾਲੇ ਬਾਗ ਦੀ ਹੋਏਗੀ ਕਾਇਆ ਕਲਪ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਜਲਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦੀ ਸ਼ਤਾਬਦੀ ਮਨਾਉਣ ਦੀ ਯੋਜਨਾ ਲਗਭਗ ਤਿਆਰ ਹੈ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨਾਲ ਤਾਲਮੇਲ ਕਰ ਕੇ ਪ੍ਰੋਗਰਾਮ ਉਲੀਕਣੇ ਸ਼ੁਰੂ ਕਰ ਦਿੱਤੇ ਹਨ। ਇਸ ਦੇ ਪਹਿਲੇ ਪੜਾਅ ਤਹਿਤ ਕੇਂਦਰ ਸਰਕਾਰ ਵੱਲੋਂ ਇਤਿਹਾਸਕ ਖ਼ੂਹ ਉੱਪਰ ਤੇ ਇਸ ਦੇ ਆਲੇ ਦੁਆਲੇ ਪਾਰਦਰਸ਼ੀ ਸ਼ੀਸ਼ਾ ਲਾਇਆ ਜਾ ਰਿਹਾ ਹੈ।

13 ਅਪਰੈਲ, 1919 ਨੂੰ ਜਲਿਆਂਵਾਲਾ ਬਾਗ ਵਿਚ ਦਰਦਨਾਕ ਸਾਕਾ ਵਾਪਰਿਆ ਸੀ।

ਇਸ ਵਿਚ ਹਜ਼ਾਰਾਂ ਲੋਕਾਂ ਦੀ ਜਾਨ ਅੰਗਰੇਜ਼ ਸਿਪਾਹੀਆਂ ਦੀ ਗੋਲੀ ਨਾਲ ਚਲੀ ਗਈ ਹੈ। ਜਲਿਆਂਵਾਲਾ ਬਾਗ ਦੇ ਖ਼ੂਨੀ ਕਾਂਡ ਨੇ ਦੇਸ਼ ਵਿਚ ਆਜ਼ਾਦੀ ਦੀ ਲਹਿਰ ਨੂੰ ਹੋਰ ਪ੍ਰਚੰਡ ਕੀਤਾ ਸੀ। ਅੰਗਰੇਜ਼ੀ ਸਰਕਾਰ ਦੇ ਅੰਕੜਿਆਂ ਮੁਤਾਬਕ ਇਥੇ ਮੌਜੂਦ ਖੂਹ ਵਿੱਚ 120 ਦੇ ਕਰੀਬ ਲੋਕਾਂ ਨੇ ਛਾਲ ਲਾਈ ਤੇ ਮਾਰੇ ਗਏ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਲਿਆਂਵਾਲਾ ਬਾਗ ਦੀ ਸਾਂਭ-ਸੰਭਾਲ ਦਾ ਦੌਰ ਸ਼ੁਰੂ ਹੋਇਆ। ਇਸ ਨੂੰ ਪੁਰਾਤਨ ਵਿਭਾਗ ਨੇ ਵਿਰਾਸਤ ਵਜੋਂ ਸੰਭਾਲਣਾ ਸ਼ੁਰੂ ਕਰ ਦਿੱਤਾ। ਹੁਣ 13 ਅਪਰੈਲ 2019 ਵਿਚ ਜਲਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਆ ਰਹੀ ਹੈ।

ਪੰਜਾਬ ਸਰਕਾਰ ਦੇ ਸਹਿਯੋਗ ਨਾਲ ਕੇਂਦਰ ਸਰਕਾਰ ਇਸ ਨੂੰ ਵਿਸ਼ਵ ਪੱਧਰ 'ਤੇ ਮਨਾਉਣਾ ਚਾਹੁੰਦੀ ਹੈ। ਇਸ ਲਈ ਸਰਕਾਰ ਨੇ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਸਭ ਤੋਂ ਪਹਿਲਾਂ ਉਸ ਖੂਹ ਦੀ ਰੂਪ ਰੇਖਾ ਬਦਲੀ ਜਾ ਰਹੀ ਹੈ।





## ਜਲਿਆਂਵਾਲਾ ਕਾਂਡ ਲਈ ਮੁਆਫੀ ਵਾਸਤੇ ਬਰਤਾਨੀਆ 'ਤੇ ਦਬਾਅ ਪਾਏ ਕੇਂਦਰ

**ਨਵੀਂ ਦਿੱਲੀ:** ਲੋਕ ਸਭਾ ਵਿਚ ਮੰਗ ਉਠੀ ਹੈ ਕਿ ਅਗਲੇ ਸਾਲ ਜਲਿਆਂਵਾਲੇ ਬਾਗ ਕਾਂਡ ਦੇ 100 ਸਾਲ ਪੂਰੇ ਹੋਣ ਮੌਕੇ ਕੇਂਦਰ ਸਰਕਾਰ ਨੂੰ ਬਰਤਾਨੀਆ ਸਰਕਾਰ 'ਤੇ ਇਸ ਕਤਲੇਆਮ ਲਈ ਮੁਆਫੀ ਮੰਗਣ ਦਾ ਦਬਾਅ ਬਣਾਉਣਾ ਚਾਹੀਦਾ ਹੈ। ਸਿਫਰ ਕਾਲ ਵਿਚ ਇਹ ਮੁੱਦਾ ਉਠਾਉਂਦੇ ਹੋਏ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਗਲੇ ਸਾਲ ਜਲਿਆਂਵਾਲਾ ਕਤਲੇਆਮ ਦੇ 100 ਸਾਲ ਪੂਰੇ ਹੋ ਰਹੇ ਹਨ। ਇਸ ਮੌਕੇ 'ਤੇ ਭਾਰਤ ਸਰਕਾਰ ਨੂੰ ਬਰਤਾਨੀਆ ਸਰਕਾਰ 'ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਇਸ ਗੈਰ ਮਨੁੱਖੀ ਕਾਰੇ ਲਈ ਭਾਰਤ ਤੋਂ ਮੁਆਫੀ ਮੰਗੇ।

ਜਲ੍ਹਿਆਂਵਾਲਾ ਬਾਗ ਦੇ ਟਰੱਸਟ ਦੇ ਮੈਂਬਰ ਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇਸ ਸ਼ਹੀਦੀ ਖੂਹ ਦੀ ਰੂਪ ਰੇਖਾ ਨੂੰ ਸੰਵਾਰਨ ਲਈ ਤੇ ਜਲ੍ਹਿਆਂਵਾਲਾ ਬਾਗ ਵਿੱਚ ਹੋਰ ਕਈ ਪ੍ਰੋਜੈਕਟਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

# ਦਿਲਬਾਗ ਸਿੰਘ ਬਾਘਾ 19 ਸਾਲ ਬਾਅਦ ਰਿਹਾ

**ਪਟਿਆਲਾ:** ਅਤਿਵਾਦ ਦੇ ਦੌਰ 'ਚ ਕਤਲ ਤੇ ਟਾਡਾ ਐਕਟ ਦੇ ਦੋ ਦਰਜਨ ਕੇਸਾਂ ਅਧੀਨ 19 ਸਾਲ ਜੇਲ੍ਹ ਵਿਚ ਬੰਦ ਰਹਿਣ ਉਪਰੰਤ ਸੂਬਾ ਸਰਕਾਰ ਨੇ ਘੱਗਾ ਥਾਣੇ ਅਧੀਨ ਪੈਂਦੇ ਪਿੰਡ



ਅਤਾਲਾਂ ਦੇ ਦਿਲਬਾਗ ਸਿੰਘ ਬਾਘਾ ਨੂੰ ਰਿਹਾਅ ਕਰ ਦਿੱਤਾ ਹੈ। ਉਹ ਗ੍ਰਿਫਤਾਰੀ ਤੋਂ ਪਹਿਲਾਂ 9 ਸਾਲ ਭਗੌੜਾ ਵੀ ਰਿਹਾ ਸੀ, ਇਸ ਤਰ੍ਹਾਂ ਉਹ 28 ਸਾਲਾਂ ਬਾਅਦ ਘਰ ਪਰਤਿਆ ਹੈ।

ਜ਼ਿਕਰਯੋਗ ਹੈ ਕਿ ਖਾੜਕੂਵਾਦ ਦੌਰਾਨ ਬਾਘਾ 'ਤੇ ਦੋ ਦਰਜਨ ਕੇਸ ਦਰਜ ਹੋਏ ਜਿਨ੍ਹਾਂ ਵਿਚੋਂ ਵੀਹ ਦੇ ਕਰੀਬ ਕਤਲਾਂ ਨਾਲ ਸਬੰਧਤ ਮਾਮਲੇ ਸਨ ਪਰ ਇਨ੍ਹਾਂ ਵਿਚੋਂ ਦੋ ਕੇਸਾਂ ਵਿਚੋਂ ਹੀ ਸਜ਼ਾ ਹੋਈ ਜਿਨ੍ਹਾਂ ਵਿਚੋਂ ਵੀ ਹਰਿਆਣਾ ਨਾਲ ਸਬੰਧਤ ਇੱਕ ਕੇਸ ਵਿਚੋਂ ਉਸ ਨੂੰ ਸੁਪਰੀਮ ਕੋਰਟ ਨੇ ਬਰੀ ਕਰ ਦਿੱਤਾ ਸੀ। ਇਹ ਕੇਸ ਘੱਗਾ ਥਾਣੇ ਵਿਚ ਸਾਲ 1992 'ਚ ਦਰਜ ਹੋਇਆ ਜਿਸ ਵਿਚ ਹੋਈ ਉਮਰ ਕੈਦ ਦੀ ਸਜ਼ਾ ਤਹਿਤ ਉਹ 1999 ਤੋਂ ਹੁਣ ਤੱਕ ਜੇਲ੍ਹ ਵਿਚ ਹੀ ਰਿਹਾ। ਘਰ ਪਰਤਣ ਤੋਂ ਬਾਅਦ ਬਾਘਾ ਨੇ ਦੱਸਿਆ ਕਿ ਪੁਲਿਸ ਨੇ ਉਸ 'ਤੇ ਝੂਠੇ ਕੇਸ ਦਰਜ ਕੀਤੇ ਸਨ। ਉਸ ਨੇ ਗ੍ਰਿਫਤਾਰੀ ਦੇ ਡਰੋਂ ਸਾਲ 1990 ਵਿਚ ਘਰ ਛੱਡ ਦਿੱਤਾ ਸੀ ਪਰ 1999 ਵਿਚ ਦਿੱਲੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਉਸ ਨੇ ਕਿਹਾ ਕਿ ਘੱਗਾ ਥਾਣੇ ਦੇ ਕੇਸ ਵਿਚ ਹੋਈ ਉਮਰ ਕੈਦ ਤਹਿਤ ਉਸ ਦੀ ਰਿਹਾਈ 14 ਸਾਲਾਂ ਬਾਅਦ ਹੋਣੀ ਬਣਦੀ ਸੀ ਪਰ ਉਸ ਨੂੰ 19 ਸਾਲਾਂ ਤੱਕ ਜੇਲ੍ਹ ਵਿਚ ਬੰਦ ਰੱਖਿਆ ਗਿਆ। ਉਹ ਭਾਵੇਂ ਪਹਿਲਾਂ ਵੀ ਪੈਰੋਲ 'ਤੇ ਬਾਹਰ ਆਉਂਦਾ ਰਿਹਾ ਹੈ ਪਰ ਜੇਲ੍ਹ ਤੋਂ ਮੁਕੰਮਲ ਮੁਕਤੀ ਹੁਣ ਹੀ ਮਿਲੀ ਹੈ। ਉਸ ਨੇ ਆਪਣੀ ਰਿਹਾਈ ਲਈ ਬਰਗਾੜੀ ਮੋਰਚੇ ਦੇ ਪ੍ਰਬੰਧਕਾਂ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਸਜ਼ਾ ਪੂਰੀ ਕਰ ਚੁੱਕੇ ਬਾਕੀ ਸਿੱਖ ਬੰਦੀਆਂ ਦੀ ਵੀ ਰਿਹਾਈ ਹੋਣੀ ਚਾਹੀਦੀ ਹੈ। ਉਸ ਨੇ ਕਿਹਾ ਕਿ 2002 ਦੀ ਸਰਕਾਰ ਮੌਕੇ ਵੀ ਅਮਰਿੰਦਰ ਸਿੰਘ ਨੇ ਤਿੰਨ ਦਰਜਨ ਦੇ ਕਰੀਬ ਸਿੱਖ ਬੰਦੀਆਂ ਨੂੰ ਰਿਹਾਅ ਕੀਤਾ ਸੀ। ਉਸ ਨੇ ਕਿਹਾ ਕਿ ਹੁਣ ਉਹ ਘਰ ਰਹਿ ਕੇ ਖੇਤੀਬਾੜੀ ਕਰੇਗਾ।

# ਘੁੱਕਿਆਂਵਾਲੀ ਕੇਸ 'ਚੋਂ ਦਾਦੂਵਾਲ ਸਮੇਤ 15 ਬਰੀ

**ਕਾਲਾਂਵਾਲੀ:** ਪਿੰਡ ਘੁੱਕਿਆਂਵਾਲੀ ਵਿਚ ਸਾਲ 2007 ਦੌਰਾਨ ਡੇਰਾ ਪ੍ਰੇਮੀਆਂ ਅਤੇ ਸਿੱਖ ਸੰਗਤ ਵਿਚਕਾਰ ਹੋਏ ਝਗੜੇ ਦੇ ਮਾਮਲੇ ਵਿਚ ਸਿਰਸਾ ਦੀ ਅਦਾਲਤ ਨੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਮੇਤ 15 ਸਿੰਘਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ। ਜ਼ਿਕਰਯੋਗ ਹੈ ਕਿ ਸੰਨ 2007 ਵਿਚ ਡੇਰਾ ਮੁਖੀ ਵੱਲੋਂ ਦਸਮੇਸ਼ ਪਿਤਾ ਵਰਗਾ ਬਾਣਾ ਪਾ ਕੇ ਅੰਮ੍ਰਿਤ ਛਕਾਉਣ ਦਾ ਸਿੱਖ ਪੰਥ ਨੇ ਵਿਰੋਧ ਕੀਤਾ ਸੀ।

ਇਸ ਮਾਮਲੇ ਵਿਚ 17 ਮਈ 2007 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸਿੱਖ ਪੰਥ ਦਾ ਵੱਡਾ ਇਕੱਠ ਹੋਇਆ ਤੇ ਪੰਜ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਵੱਲੋਂ ਡੇਰਾ ਮੁਖੀ ਦੇ ਬਾਈਕਾਟ ਦਾ ਹੁਕਮਨਾਮਾ ਜਾਰੀ ਕੀਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਸ ਹੁਕਮਨਾਮੇ ਉਪਰ ਪਹਿਰਾ ਦਿੰਦਿਆਂ 16 ਜੁਲਾਈ 2007 ਨੂੰ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੇ ਪਿੰਡ ਘੁੱਕਿਆਂਵਾਲੀ ਜ਼ਿਲ੍ਹਾ ਸਿਰਸਾ ਵਿਚ ਪੁੱਜਣ 'ਤੇ ਸਿੱਖ ਸੰਗਤ ਵੱਲੋਂ ਘਿਰਾਉ ਕੀਤਾ ਗਿਆ। ਇਸ ਦੌਰਾਨ ਦੋਵਾਂ ਧਿਰਾਂ ਵਿਚ ਹੋਈ ਟੱਕਰ ਵਿਚ ਕਈ ਵਿਅਕਤੀ ਫੱਟੜ ਹੋ ਗਏ ਸਨ। ਗਿਆਰਾਂ ਸਾਲ ਚੱਲੇ ਇਸ ਕੇਸ ਦੇ 'ਚ ਜਥੇਦਾਰ ਦਾਦੂਵਾਲ ਸਮੇਤ ਸਾਰੇ ਸਿੰਘਾਂ ਨੂੰ ਐਡੀਸ਼ਨਲ ਸੈਸ਼ਨ ਜੱਜ ਜਰਨੈਲ ਸਿੰਘ ਦੀ ਅਦਾਲਤ ਨੇ ਵਕੀਲ ਰਣਜੀਤ ਸਿੰਘ, ਭਰਪੂਰ ਸਿੰਘ ਮਨਮਿੰਦਰ ਸਿੰਘ ਡੱਬਵਾਲੀ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਬਰੀ ਕਰ ਦਿੱਤਾ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਪੰਥਕ ਧਿਰਾਂ ਨੇ ਫੜੀ ਸਰਗਰਮੀ

**ਅੰਮ੍ਰਿਤਸਰ (ਬਿਊਰੋ):** ਲੰਬੇ ਸਮੇਂ ਤੋਂ ਉਡੀਕੀਆਂ ਜਾ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਉੱਘੇ ਸਿੱਖ ਵਕੀਲ ਐਚ. ਐਸ. ਫੂਲਕਾ ਨੂੰ ਜਾਰੀ ਜਵਾਬੀ ਪੱਤਰ ਵਿਚ ਇਸ ਸਿੱਖ ਸੰਸਥਾ ਦੀਆਂ ਚੋਣਾਂ ਜਲਦ ਕਰਾਉਣ ਪ੍ਰਤੀ ਦਿਖਾਈ ਦਿਲਚਸਪੀ ਨੂੰ ਦੇਖਦਿਆਂ ਪੰਥਕ ਹਲਕਿਆਂ 'ਚ ਹੁਣ ਤੋਂ ਹੀ ਇਨ੍ਹਾਂ ਚੋਣਾਂ ਸਬੰਧੀ ਹਲਚਲ ਸ਼ੁਰੂ ਹੋ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲਾਂ ਰਵਾਇਤੀ ਵਿਰੋਧੀ ਕਾਂਗਰਸ ਪਾਰਟੀ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦੀ ਦਿੱਤੀ ਜਾ ਰਹੀ ਚੁਣੌਤੀ ਤੋਂ ਬਾਅਦ ਹਾਲ ਹੀ ਵਿਚ ਨਵੇਂ ਗਠਿਤ ਹੋਏ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵੱਲੋਂ ਵੀ ਸ਼੍ਰੋਮਣੀ ਕਮੇਟੀ ਚੋਣਾਂ ਦੇ ਦੰਗਲ 'ਚ ਜ਼ੋਰ-ਸ਼ੋਰ ਨਾਲ ਨਿੱਤਰਨ ਦੇ ਐਲਾਨ ਕਾਰਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੱਥੇ 'ਤੇ ਵੀ ਚਿੰਤਾ ਦੀਆਂ ਲਕੀਰਾਂ ਉੱਭਰਨੀਆਂ ਸ਼ੁਰੂ ਹੋ ਗਈਆਂ ਹਨ।

ਗ੍ਰਹਿ ਮੰਤਰਾਲੇ ਵੱਲੋਂ ਜਾਰੀ ਪੱਤਰ ਵਿਚ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਦੀ ਮਿਆਦ ਦੋ ਸਾਲ ਪਹਿਲਾਂ 16 ਦਸੰਬਰ 2016 ਨੂੰ ਖ਼ਤਮ ਹੋਣ ਦਾ ਜ਼ਿਕਰ ਕੀਤੇ ਜਾਣ ਕਾਰਨ ਹੁਣ ਇਨ੍ਹਾਂ ਚੋਣਾਂ ਨੂੰ ਜਲਦੀ ਕਰਵਾਏ ਜਾਣ ਲਈ ਅਕਾਲੀ ਦਲ ਵਿਰੋਧੀ ਪਾਰਟੀਆਂ ਵੱਲੋਂ ਕੇਂਦਰ ਤੇ ਰਾਜ ਸਰਕਾਰ 'ਤੇ ਇਹ ਚੋਣਾਂ ਜਲਦ ਕਰਾਏ ਜਾਣ ਲਈ ਦਬਾਅ ਬਣਾਏ ਜਾਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਸਮਝਿਆ ਜਾਂਦਾ ਹੈ ਕਿ ਨਵੇਂ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਦੀ ਨਿਯੁਕਤੀ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅਗਲੇ ਵਰ੍ਹੇ 2019 ਵਿਚ ਕਰਵਾਏ ਜਾਣ ਦੀ ਸੰਭਾਵਨਾ ਹੈ।

ਅਗਲੇ ਵਰ੍ਹੇ 2019 ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਯੋਜਨਾਵਾਂ ਬਣਾ ਰਹੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਅਹੁਦੇਦਾਰ ਵੀ ਚੋਣਾਂ ਜਲਦੀ ਹੋਣ ਦੀਆਂ ਸੰਭਾਵਨਾਵਾਂ ਕਾਰਨ ਚਿੰਤਤ ਨਜ਼ਰ ਆ ਰਹੇ ਹਨ। ਕਈ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਮੈਂਬਰਾਂ ਦਾ ਕਹਿਣਾ ਹੈ ਕਿ ਅਗਲੇ ਵਰ੍ਹੇ ਸ਼੍ਰੋਮਣੀ ਕਮੇਟੀ ਚੋਣਾਂ ਹੋਣ ਦੀ ਹਾਲਤ ਵਿਚ ਮੌਜੂਦਾ ਅਹੁਦੇਦਾਰਾਂ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਨੂੰ ਬਰੇਕਾਂ ਲੱਗ ਸਕਦੀਆਂ ਹਨ।

ਇਸ ਤੋਂ ਇਲਾਵਾ ਜੇਕਰ ਅਗਲੇ ਵਰ੍ਹੇ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੰਦੀ ਹੈ ਤਾਂ ਪਹਿਲਾਂ ਹੀ ਵਿਰੋਧੀ ਧਿਰਾਂ ਤੇ 'ਆਪਣਿਆਂ' ਦੀਆਂ ਹੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਲੋਕ ਸਭਾ ਚੋਣਾਂ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੀ ਵੀ ਚੋਣਾਂ ਲੜਨਾ ਟੇਢੀ ਖੀਰ ਸਾਬਤ ਹੋ ਸਕਦਾ ਹੈ।

## ਰਾਮ ਮੰਦਿਰ 'ਤੇ ਸਿਆਸਤ

# ਸੈਂਕੜੇ ਵਰ੍ਹੇ ਪੁਰਾਣੇ 182 ਮੰਦਿਰ ਖਸਤਾ ਹਾਲ, ਜ਼ਮੀਨਾਂ 'ਤੇ ਕਬਜ਼ਾ

**ਅਯੁੱਧਿਆ:** ਇਸ ਵੇਲੇ ਦੇਸ਼ ਵਿਚ ਰਾਮ ਮੰਦਿਰ ਦੇ ਨਿਰਮਾਣ ਨੂੰ ਲੈ ਕੇ ਬਹਿਸ ਤੇਜ਼ ਹੋ ਗਈ ਹੈ, ਪਰ ਅਯੁੱਧਿਆ ਅੰਦਰ ਹਾਲੇ ਵੱਡੀ ਗਿਣਤੀ ਵਿਚ ਅਜਿਹੇ ਮੰਦਿਰ ਹਨ ਜਿਨ੍ਹਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ। ਅਯੁੱਧਿਆ ਵਿਚ ਛੋਟੇ ਮੰਦਿਰ ਅਜਿਹੇ ਹਨ ਜਿਨ੍ਹਾਂ ਦੀ ਜ਼ਮੀਨਾਂ ਵਿਕ ਗਈਆਂ ਹਨ ਜਾਂ ਕਬਜ਼ਾ ਹੋ ਚੁੱਕਿਆ ਹੈ। ਦੂਜਾ, ਅਯੁੱਧਿਆ ਵਿਚ ਲਗਾਤਾਰ ਸ਼ਰਧਾਲੂਆਂ ਦੀ ਗਿਣਤੀ ਵਧਣ ਨਾਲ ਉਨ੍ਹਾਂ ਦੇ ਉਚਿਤ ਪ੍ਰਬੰਧ ਦੀ ਵਿਵਸਥਾ ਨਹੀਂ ਹੋ ਰਹੀ ਹੈ, ਜਿਸ ਕਾਰਨ ਸ਼ਰਧਾਲੂਆਂ ਨੂੰ ਮਜਬੂਰੀ ਕਾਰਨ ਪੁਰਾਣੀ ਖਸ਼ਤਾਹਾਲ ਮੰਦਰਾਂ ਵਿਚ ਰੁਕਣਾ ਪੈ ਰਿਹਾ ਹੈ।

ਅਯੁੱਧਿਆ ਨਗਰ ਨਿਗਮ ਨੇ 182 ਖਸਤਾਹਾਲ ਮੰਦਰਾਂ ਦੀ ਸੂਚੀ ਬਣਾਈ ਹੈ। ਹਾਲ ਵਿਚ ਹੀ ਯੋਗੀ ਸਰਕਾਰ ਨੇ ਇਸ ਨੂੰ ਨਗਰ ਨਿਗਮ ਐਲਾਨਿਆ ਹੈ। ਨਗਰ ਨਿਗਮ ਦੇ ਮੇਅਰ ਰਿਸ਼ੀਕੇਸ਼ ਉਪਾਧਿਆਏ ਦਾ ਕਹਿਣਾ ਹੈ ਕਿ ਖਸ਼ਤਾ ਹਾਲ ਮੰਦਰਾਂ ਅਤੇ ਭਵਨਾਂ ਨੂੰ ਪ੍ਰਸ਼ਾਸਨ ਵੱਲੋਂ ਨੋਟਿਸ ਜਾਰੀ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸਾਡੀ ਪਹਿਲ ਮਨੁੱਖੀ ਜਾਨ-ਮਾਲ ਦੀ ਸੁਰੱਖਿਆ ਹੈ। ਇਸ ਕਰ ਕੇ ਮੰਦਰਾਂ ਦੇ ਸਵਾਮੀ ਖੁਦ ਖਸਤਾ ਹਾਲ ਭਵਨਾਂ ਨੂੰ ਡੇਗ ਦੇਣ ਨਹੀਂ ਤਾਂ ਪ੍ਰਸ਼ਾਸਨ ਵੱਲੋਂ ਇਨ੍ਹਾਂ ਉਪਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਈ ਮੰਦਿਰ ਅਜਿਹੇ ਹਨ ਜਿਨ੍ਹਾਂ ਨੂੰ ਨੋਟਿਸ ਪਿਛੋਂ ਵੀ ਖਾਲੀ ਨਹੀਂ ਕੀਤਾ ਗਿਆ ਹੈ। ਇਸ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਚਤੁਭਰਜੀ ਮੰਦਿਰ ਦੇ ਮਹੰਤ ਬਲਰਾਜ ਦਾਸ ਕਹਿੰਦੇ ਹਨ ਕਿ ਸਰਕਾਰ ਵੀ ਮੰਦਰਾਂ ਨਾਲ ਭੇਦਭਾਵ ਕਰਦੀ ਹੈ। ਦੀਵਾਲੀ ਮੌਕੇ ਜਿਹੜੇ ਮੰਦਿਰ ਰਾਮ ਦੀ ਪੌੜੀ ਸਾਹਮਣੇ ਸਨ, ਉਨ੍ਹਾਂ ਨੂੰ ਰੰਗ ਰੋਗਨ ਕੀਤਾ ਗਿਆ ਜਦਕਿ ਸਾਡਾ ਮੰਦਿਰ ਥੋੜਾ ਪਿਛੇ ਹੈ ਤਾਂ ਉਸ ਨੂੰ ਛੱਡ ਦਿੱਤਾ ਗਿਆ।



### ਜ਼ਿਆਦਾਤਰ ਮੰਦਿਰਾਂ ਦੀਆਂ ਜ਼ਮੀਨਾਂ ਵਿਕ ਗਈਆਂ ਜਾਂ ਕਬਜ਼ਾ ਕਰ ਲਿਆ

ਚਤੁਭਰਜੀ ਮੰਦਿਰ ਦੇ ਮਹੰਤ ਬਲਰਾਮ ਦਾਸ ਨੇ ਦੱਸਿਆ ਕਿ ਪਹਿਲਾਂ ਰਾਮ ਮੰਦਿਰ ਦੀ ਪੌੜੀ ਕੋਲ ਚਤੁਭਰਜੀ ਮੰਦਿਰ ਕੋਲ ਸਭ ਤੋਂ ਜ਼ਿਆਦਾ ਜ਼ਮੀਨ ਸੀ। ਇਨ੍ਹਾਂ ਜ਼ਮੀਨਾਂ 'ਤੇ ਕਬਜ਼ਾ ਹੋ ਗਿਆ ਜਾਂ ਫਿਰ ਕਿਰਾਏਦਾਰ ਖਾਲੀ ਨਹੀਂ ਕਰ ਰਹੇ ਹਨ। ਪਹਿਲਾਂ ਮਹੰਤਾਂ ਨੇ ਅਹਾਤੇ (ਆਂਗਨ) ਦੀ ਜ਼ਮੀਨ ਵੀ ਘਰ ਬਣਾਉਣ ਲਈ ਵੇਚ ਦਿੱਤੀ। ਸ਼ੁਕਲ ਮੰਦਿਰ ਦੇ ਪੁਜਾਰੀ ਸੰਤ ਪ੍ਰਕਾਸ਼ ਦੱਸਦੇ ਹਨ ਕਿ ਵੱਡੇ ਮੰਦਿਰ ਵਾਲੇ ਜਿਨ੍ਹਾਂ ਮੰਦਰਾਂ ਦੀ ਹਾਲਤ ਖਰਾਬ ਹੋ ਚੁੱਕੀ ਹੈ, ਉਨ੍ਹਾਂ ਨੂੰ ਖਰੀਦਣ ਜਾਂ ਕਬਜ਼ਾ ਕਰਨ ਦੀ ਭਾਲ ਵਿਚ ਰਹਿੰਦੇ ਹਨ।

ਮੰਦਿਰ ਬਚਾਉਣ ਲਈ ਗਰੀਬ ਮਹੰਤ ਜਾਂ ਪੁਜਾਰੀ ਮੰਦਿਰ ਨੂੰ ਚਲਾਉਂਦੇ ਰਹਿੰਦੇ ਹਨ। ਸ਼ੀਸ਼ ਮਹਿਲ ਮੰਦਿਰ ਵਿਚ ਕਿਰਾਏਦਾਰ ਵੱਲੋਂ ਕਬਜ਼ਾ ਕਰਨ ਦਾ ਮਾਮਲਾ ਵਿਵਾਦਾਂ ਵਿਚ ਹੈ। ਇਕ ਕਿਰਾਏਦਾਰ ਆਪਣਾ ਮਕਾਨ ਬਣਾਉਣ ਤੋਂ ਬਾਅਦ ਵੀ ਇਥੇ ਸਿਰਫ ਰਾਤ ਨੂੰ ਸੌਣ ਲਈ ਆਉਂਦਾ ਹੈ।

### ਦੋ ਲੋਕਾਂ ਦੀ ਮੌਤ ਤੋਂ ਬਾਅਦ ਖਸਤਾ ਹਾਲ ਮੰਦਿਰਾਂ ਦੀ ਪਛਾਣ ਸ਼ੁਰੂ ਹੋਈ

ਸਾਵਨ ਮੇਲੇ ਵਿਚ 16 ਅਗਸਤ 2016 ਨੂੰ ਲਛਮਣ ਘਾਟ ਵਿਚ ਬਣੇ ਖਸਤਾਹਾਲ ਯਾਦਵ ਪੰਚਾਇਤੀ ਮੰਦਿਰ ਦੀ ਛੱਤ ਡਿੱਗ ਗਈ ਸੀ, ਜਿਸ ਨਾਲ ਦੋ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 4 ਤੋਂ 5 ਸ਼ਰਧਾਲੂ ਜ਼ਖ਼ਮੀ ਹੋ ਗਏ ਸਨ। ਇਸ ਤੋਂ ਬਾਅਦ ਨਗਰ ਨਿਗਮ ਨੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਸੀ। ਜ਼ਿਕਰਯੋਗ ਹੈ ਕਿ ਅਯੁੱਧਿਆ ਵਿਚ ਸਾਵਨ ਮੇਲਾ, ਕਾਰਤਿਕ ਪੂਰਨਿਮਾ ਅਤੇ ਰਾਮ ਨੌਮੀ ਤਿੰਨ ਮੁੱਖ ਮੇਲੇ ਹਨ। ਇਸ ਦੌਰਾਨ ਸ਼ਰਧਾਲੂ ਮੰਦਰਾਂ ਵਿਚ ਠਹਿਰਦੇ ਹਨ। ਪ੍ਰਸ਼ਾਸਨ ਚਾਹੁੰਦਾ ਹੈ ਕਿ ਸ਼ਰਧਾਲੂ ਇਨ੍ਹਾਂ ਖਸਤਾਹਾਲ ਮੰਦਰਾਂ ਜਾਂ ਭਵਨਾਂ ਵਿਚ ਨਾ ਠਹਿਰਨ। ਪਰ ਇਸ ਦੇ ਉਲਟ ਜਿਨ੍ਹਾਂ ਮੰਦਰਾਂ ਦੇ ਭਵਨ ਹਾਲੇ ਵੀ ਹਨ, ਸ਼ਰਧਾਲੂ ਉਨ੍ਹਾਂ ਵਿਚ ਆ ਕੇ ਠਹਿਰਦੇ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਸ਼ਰਧਾਲੂਆਂ ਦੇ ਰੁਕਣ ਲਈ ਕੋਈ ਚੰਗੀ ਵਿਵਸਥਾ ਨਹੀਂ ਹੋ ਸਕੀ।

**ਚਤੁਭਰਜੀ ਮੰਦਿਰ :** ਇਹ ਮੰਦਿਰ ਲਗਭਗ 600 ਸਾਲ ਪੁਰਾਣਾ ਹੈ। ਇਸ ਨੂੰ ਸੰਤ ਸ੍ਰੀ ਰਮਤਾ ਦਾਸ ਨੇ ਵਸਾਇਆ ਸੀ। ਮਹੰਤ ਬਲਰਾਮ ਦਾਸ ਨੇ ਦੱਸਿਆ ਕਿ ਉਪਰਲੀ ਕੋਈ ਆਮਦਨ ਨਹੀਂ ਹੈ। ਜਦੋਂ ਸਾਵਨ ਮੇਲਾ, ਕਾਰਤਿਕ ਪੂਰਨਿਮਾ ਅਤੇ ਰਾਮ ਨੌਮੀ ਦਾ ਮੇਲਾ ਹੁੰਦਾ ਹੈ, ਉਸ ਵੇਲੇ ਸ਼ਰਧਾਲੂ ਦਰਸ਼ਨ ਕਰਨ ਆਉਂਦੇ ਹਨ। ਮੰਦਿਰ ਦੀ ਹਾਲਤ ਹੁਣ ਖਸਤਾ ਹਾਲ ਹੋ ਗਈ ਹੈ, ਇਸ ਲਈ ਹੁਣ ਜ਼ਿਆਦਾ ਸ਼ਰਧਾਲੂ ਨਹੀਂ ਆਉਂਦੇ।

**ਸ਼ੀਸ਼ ਮਹੱਲ ਮੰਦਿਰ:** ਇਸ ਮੰਦਿਰ ਦੀ ਸੰਚਾਲਕ ਸੁਸ਼ੀਲਾ ਸਿੰਘ ਨੇ ਦੱਸਿਆ ਕਿ ਸਕੰਦ ਪੁਰਾਣ ਅਨੁਸਾਰ ਰਾਜਾ ਦਸ਼ਰਥ ਨੇ ਸੀਤਾ ਮਾਤਾ ਨੂੰ ਮੂੰਹ ਦਿਖਾਈ ਵਜੋਂ ਇਹ ਭਵਨ ਦਿੱਤਾ ਸੀ। ਹੁਣ ਇਸ ਦੇ ਗੇਟ ਦੀ ਹਾਲਤ ਖਰਾਬ ਹੋ ਚੁੱਕੀ ਹੈ। ਮੰਦਿਰ ਦਾ ਵਿਵਾਦ ਵੀ ਕਿਰਾਏਦਾਰਾਂ ਨਾਲ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਦੀ ਹਾਲਤ ਤਰਸਯੋਗ ਹੋਣ ਕਾਰਨ ਕਈ ਵਾਰ ਨੋਟਿਸ ਆ ਚੁੱਕੇ ਹਨ ਪਰ ਮੰਦਿਰ ਦੀ ਥਾਂ ਸੁਰੱਖਿਅਤ ਹੈ।

**ਦਸ਼ਰਥ ਯੱਗਸ਼ਾਲਾ:** ਮਹੰਤ ਵਿਜੇ ਦਾਸ ਨੇ ਦੱਸਿਆ ਕਿ ਮੰਦਿਰ ਦਾ ਇਤਿਹਾਸ 500 ਸਾਲ ਪੁਰਾਣਾ ਹੈ। ਇਥੇ ਰਾਜਾ ਦਸ਼ਰਥ ਨੇ ਪੁੱਤਰ ਪ੍ਰਾਪਤੀ ਲਈ ਯੱਗ ਕੀਤਾ ਸੀ। ਜਿਨ੍ਹਾਂ ਮੰਦਰਾਂ ਕੋਲ ਪੈਸਾ ਹੈ, ਉਨ੍ਹਾਂ ਨੇ ਮੰਦਿਰਾਂ ਦੇ ਅੱਗੇ ਵਾਲੇ ਦਰਵਾਜ਼ੇ ਅਤੇ ਅੰਦਰ ਤੋਂ ਸਭ ਠੀਕ ਕਰਵਾ ਲਿਆ ਹੈ। ਇਨ੍ਹਾਂ ਮੰਦਰਾਂ ਦੇ ਸੰਤਾਂ ਦੀ ਜਾਣ ਪਛਾਣ ਸਰਕਾਰ ਵਿਚ ਬੈਠੇ ਲੋਕਾਂ ਤੱਕ ਹੈ।

**ਸ੍ਰੀ ਰਾਮ ਨਿਵਾਸ ਮੰਦਿਰ :** ਇਹ ਮੰਦਿਰ ਤਕਰੀਬਨ 250 ਸਾਲ ਪੁਰਾਣਾ ਹੈ ਅਤੇ ਇਸ ਦਾ ਅਗਲਾ ਹਿੱਸਾ ਕਾਫੀ ਖਸਤਾਯੋਗ ਹਾਲਤ ਵਿਚ ਹੈ। ਮੰਦਿਰ ਦੇ ਮਹੰਤ ਰਾਮਰੰਗ ਸ਼ਾਸਤਰੀ ਨੇ ਇਕ ਕੋਨੇ ਵਿਚ ਸਿਵਲਿੰਗ ਨੂੰ ਦਿਖਾਉਂਦਿਆਂ ਦੱਸਿਆ ਕਿ ਜਦੋਂ ਸ੍ਰੀਰਾਮ ਦਾ ਜਨਮ ਹੋਇਆ ਤਾਂ ਭਗਵਾਨ ਸ਼ਿਵ ਸਾਧ ਦੇ ਰੂਪ ਵਿਚ ਉਨ੍ਹਾਂ ਦੇ ਦਰਸ਼ਨ ਕਰਨ ਆਏ ਸਨ। ਉਨ੍ਹਾਂ ਦੱਸਿਆ ਕਿ ਕੁਝ ਸਾਲ ਪਹਿਲਾਂ ਮੰਦਿਰ ਦੇ ਪਿਛਲੇ ਹਿੱਸੇ ਦੀ ਮੁਰੰਮਤ ਕਰਵਾਈ ਸੀ ਅਤੇ ਛੇਤੀ ਹੀ ਹੋਰਨਾਂ ਹਿੱਸਿਆਂ ਦੀ ਮੁਰੰਮਤ ਕਰਵਾਈ ਜਾਵੇਗੀ।

# ਹੁਣ ਕੰਪਿਊਟਰਾਂ ਦੀ 'ਜਸੂਸੀ' ਕਰੇਗੀ ਮੋਦੀ ਸਰਕਾਰ

**ਨਵੀਂ ਦਿੱਲੀ:** ਮੋਦੀ ਸਰਕਾਰ ਨੇ ਦੇਸ ਦੇ ਹਰ ਕੰਪਿਊਟਰ ਸਿਸਟਮ 'ਚ ਪਏ ਡੈਟਾ ਦੀ ਨਿਗਰਾਨੀ ਅਤੇ ਉਸ ਨੂੰ ਦੇਖਣ ਲਈ 10 ਕੇਂਦਰੀ ਏਜੰਸੀਆਂ ਨੂੰ ਅਧਿਕਾਰ ਦੇ ਦਿੱਤੇ ਹਨ। ਵਿਰੋਧੀ ਧਿਰਾਂ ਵੱਲੋਂ ਜਾਸੂਸੀ ਦੇ ਦੋਸ਼ ਲਾਏ ਜਾਣ ਮਗਰੋਂ ਸਰਕਾਰ ਨੇ ਕਿਹਾ ਕਿ 'ਇਨ੍ਹਾਂ ਤਾਕਤਾਂ ਦੀ ਅਣਅਧਿਕਾਰਤ ਵਰਤੋਂ' ਨੂੰ ਰੋਕਣ ਦੇ ਇਰਾਦੇ ਨਾਲ ਇਹ ਕਦਮ ਉਠਾਇਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ 10 ਕੇਂਦਰੀ ਜਾਂਚ ਅਤੇ ਜਾਸੂਸ ਏਜੰਸੀਆਂ ਨੂੰ ਕੰਪਿਊਟਰ ਸੂਚਨਾ ਤਕਨਾਲੋਜੀ ਐਕਟ ਤਹਿਤ ਕਿਸੇ ਵੀ ਕੰਪਿਊਟਰ 'ਚ ਰੱਖੀ ਗਈ ਜਾਣਕਾਰੀ ਦੇਖਣ, ਉਨ੍ਹਾਂ 'ਤੇ ਨਜ਼ਰ ਰੱਖਣ ਅਤੇ ਉਸ ਦਾ ਅਧਿਐਨ ਕਰਨ ਦਾ ਅਧਿਕਾਰ ਹੋਵੇਗਾ।

ਇਨ੍ਹਾਂ 10 ਏਜੰਸੀਆਂ 'ਚ ਖੁਫੀਆ ਬਿਊਰੋ, ਨਾਰਕੋਟਿਕਸ ਕੰਟਰੋਲ ਬਿਊਰੋ, ਇਨਫੋਰਸਮੈਂਟ ਡਾਇਰੈਕਟੋਰੇਟ, ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਿਜ਼, ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ, ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ, ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ, ਰਿਸਰਚ ਐਂਡ ਅਨੈਲਸਿਸ ਵਿੰਗ, ਡਾਇਰੈਕਟਰ ਆਫ ਸਿਗਨਲ ਇੰਟੈਲੀਜੈਂਸ (ਜੰਮੂ ਕਸ਼ਮੀਰ, ਉੱਤਰ ਪੂਰਬ ਅਤੇ ਅਸਾਮ 'ਚ ਸਰਗਰਮ) ਅਤੇ ਦਿੱਲੀ ਪੁਲਿਸ ਕਮਿਸ਼ਨਰ ਸ਼ਾਮਲ ਹਨ। ਹੁਕਮਾਂ 'ਚ ਕਿਹਾ ਗਿਆ ਕਿ ਸੂਚਨਾ ਤਕਨਾਲੋਜੀ ਐਕਟ 2000 ਦੀ ਧਾਰਾ 69 ਤਹਿਤ ਸੁਰੱਖਿਆ ਏਜੰਸੀਆਂ ਕਿਸੇ ਵੀ ਕੰਪਿਊਟਰ ਸਿਸਟਮ 'ਚ ਤਿਆਰ, ਭੇਜੀ ਗਈ, ਹਾਸਲ ਹੋਈ ਜਾਂ ਸਟੋਰ ਕੀਤੀ ਗਈ ਕਿਸੇ ਵੀ ਤਰ੍ਹਾਂ ਦੀ ਸੂਚਨਾ ਦੇ ਇੰਟਰਸੈਪਸ਼ਨ, ਨਿਗਰਾਨੀ ਅਤੇ ਡੀਕ੍ਰਿਪਸ਼ਨ ਲਈ ਅਧਿਕਾਰਤ ਹਨ।

ਸੂਚਨਾ ਤਕਨਾਲੋਜੀ ਕਾਨੂੰਨ ਦੀ ਧਾਰਾ 69 ਕਿਸੇ ਕੰਪਿਊਟਰ ਸਰੋਤ ਰਾਹੀਂ ਕਿਸੇ ਸੂਚਨਾ ਉਤੇ ਨਜ਼ਰ ਰੱਖਣ ਜਾਂ ਉਸ ਨੂੰ ਦੇਖਣ ਲਈ ਨਿਰਦੇਸ਼ ਜਾਰੀ ਕਰਨ ਦੀਆਂ ਸ਼ਕਤੀਆਂ ਨਾਲ ਜੁੜੀ ਹੈ। ਪਹਿਲਾਂ ਦੇ ਹੁਕਮਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭਾਰਤੀ ਟੈਲੀਗ੍ਰਾਫ ਐਕਟ ਦੇ ਪ੍ਰਾਵਧਾਨਾਂ ਤਹਿਤ ਫੋਨ ਹੋਣ ਵਾਲੀਆਂ ਫੋਨ ਕਾਲਾਂ ਦੀ ਟੈਪਿੰਗ ਅਤੇ ਉਨ੍ਹਾਂ ਦੇ ਅਧਿਐਨ ਲਈ ਖੁਫੀਆ ਅਤੇ ਸੁਰੱਖਿਆ ਏਜੰਸੀਆਂ ਨੂੰ ਅਧਿਕਾਰਤ ਕਰਨ ਜਾਂ ਮਨਜ਼ੂਰੀ ਦੇਣ ਦਾ ਵੀ ਅਧਿਕਾਰ ਹੈ।

### ਯੂ.ਪੀ.ਏ. ਸਰਕਾਰ 'ਚ ਹਰ ਮਹੀਨੇ ਟੈਪ ਹੁੰਦੀਆਂ ਸਨ 9000 ਕਾਲਾਂ

**ਨਵੀਂ ਦਿੱਲੀ:** ਕੰਪਿਊਟਰ ਅਤੇ ਸੰਚਾਰ ਉਪਕਰਨਾਂ ਦੀ ਨਿਗਰਾਨੀ ਦੇ ਮੁੱਦੇ 'ਤੇ ਸਿਆਸੀ ਵਾਰ-ਪਲਟਵਾਰ ਵਿਚਕਾਰ ਕੁਝ ਪੁਰਾਣੀਆਂ ਆਰ.ਟੀ.ਆਈ. 'ਚ ਪਤਾ ਲੱਗਾ ਹੈ ਕਿ ਕਾਂਗਰਸ ਦੀ ਅਗਵਾਈ ਵਾਲੀ ਮਨਮੋਹਨ ਸਿੰਘ ਸਰਕਾਰ ਦੌਰਾਨ ਹਜ਼ਾਰਾਂ ਫੋਨ ਕਾਲਾਂ ਅਤੇ ਈਮੇਲਜ਼ ਨੂੰ ਰੋਕ ਕੇ ਜਾਂਚਿਆ ਜਾਂਦਾ ਸੀ। ਉਸ ਸਮੇਂ ਗ੍ਰਹਿ ਮੰਤਰਾਲੇ ਨੇ ਇਕ ਆਰ.ਟੀ.ਆਈ. ਦੇ ਜਵਾਬ 'ਚ ਮੰਨਿਆ ਸੀ ਕਿ ਕੇਂਦਰ ਸਰਕਾਰ ਫੋਨ ਕਾਲਾਂ 'ਚ ਦਖਲ ਦੇਣ ਲਈ ਹਰ ਮਹੀਨੇ ਔਸਤਨ 7500 ਤੋਂ 9000 ਆਦੇਸ਼ ਜਾਰੀ ਕਰਦੀ ਹੈ। 6 ਅਗਸਤ 2013 ਨੂੰ ਪਾਈ ਗਈ ਆਰ.ਟੀ.ਆਈ. ਦੇ ਜਵਾਬ 'ਚ ਗ੍ਰਹਿ ਮੰਤਰਾਲੇ ਨੇ ਦੱਸਿਆ ਸੀ ਕਿ ਕੇਂਦਰ ਸਰਕਾਰ ਵੱਲੋਂ ਹਰ ਮਹੀਨੇ ਔਸਤਨ 7500-9000 ਫੋਨ ਕਾਲਾਂ 'ਚ ਦਖਲ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਹਰ ਮਹੀਨੇ ਔਸਤਨ 300 ਤੋਂ 500 ਈਮੇਲਜ਼ 'ਚ ਦਖਲ ਦੇਣ ਦੇ ਹੁਕਮ ਜਾਰੀ ਕੀਤੇ ਜਾਂਦੇ ਸਨ।

### ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰਿਆ

**ਨਵੀਂ ਦਿੱਲੀ:** ਸਰਕਾਰ ਵੱਲੋਂ 10 ਕੇਂਦਰੀ ਏਜੰਸੀਆਂ ਨੂੰ ਕਿਸੇ ਵੀ ਕੰਪਿਊਟਰ 'ਤੇ ਨਜ਼ਰ ਰੱਖਣ ਅਤੇ ਡੇਟਾ ਦੀ ਪੜਤਾਲ ਕਰਨ ਦੇ ਹੁਕਮ ਨਾਲ ਕਾਂਗਰਸ ਦੀ ਅਗਵਾਈ ਹੇਠ ਵਿਰੋਧੀ ਪਾਰਟੀਆਂ ਨੇ ਭਾਜਪਾ ਸਰਕਾਰ ਨੂੰ ਕਰਾਰੇ ਹੱਥੀਂ ਲਿਆ ਅਤੇ ਕਿਹਾ ਕਿ ਇਹ ਗ਼ੈਰ ਸੰਵਿਧਾਨਕ, ਗ਼ੈਰਜਮਹੂਰੀ ਅਤੇ ਮੌਲਿਕ ਅਧਿਕਾਰਾਂ 'ਤੇ ਹਮਲਾ ਹੈ।

ਸੀ.ਪੀ.ਐਮ., ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ ਅਤੇ ਤ੍ਰਿਣਮੂਲ ਕਾਂਗਰਸ, 'ਆਪ' ਸਮੇਤ ਹੋਰ ਪਾਰਟੀਆਂ ਨੇ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਹੁਕਮਾਂ ਦਾ ਇਕੱਠਿਆਂ ਵਿਰੋਧ ਕਰਨਗੇ।

# ਸੱਜਣ ਕੁਮਾਰ ਵੱਲੋਂ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ

**ਨਵੀਂ ਦਿੱਲੀ:** ਸਾਬਕਾ ਕਾਂਗਰਸ ਆਗੂ ਸੱਜਣ ਕੁਮਾਰ ਨੇ 1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਦਿੱਲੀ ਹਾਈ ਕੋਰਟ ਵੱਲੋਂ ਉਸ ਖਿਲਾਫ ਸੁਣਾਏ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਜੋ ਸਿੱਖ ਕਤਲੇਆਮ ਦੇ ਪੀੜਤਾਂ ਦੇ ਕੇਸਾਂ ਦੀ ਪੈਰਵੀ ਕਰਦੇ ਹਨ, ਨੇ ਦੱਸਿਆ ਕਿ ਉਨ੍ਹਾਂ ਨੂੰ ਸੁਪਰੀਮ ਕੋਰਟ ਦੀ ਰਜਿਸਟਰੀ ਵੱਲੋਂ ਇਤਲਾਹ ਦਿੱਤੀ ਗਈ ਹੈ ਕਿ ਸੱਜਣ ਕੁਮਾਰ ਨੇ ਹਾਈ ਕੋਰਟ ਦੇ ਫੈਸਲੇ ਖਿਲਾਫ ਅਪੀਲ ਦਾਇਰ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੀੜਤਾਂ ਨੇ ਪਹਿਲਾਂ ਹੀ ਇਕ ਅਰਜ਼ੀ ਦਾਇਰ ਕਰ ਦਿੱਤੀ ਹੈ ਤਾਂ ਕਿ ਉਨ੍ਹਾਂ ਦਾ ਪੱਖ ਸੁਣੇ ਬਗੈਰ ਸੱਜਣ ਕੁਮਾਰ ਦੀ ਅਪੀਲ 'ਤੇ ਕੋਈ ਇਕਤਰਫਾ ਫੈਸਲਾ ਨਾ ਕੀਤਾ ਜਾਵੇ। ਸੱਜਣ ਕੁਮਾਰ ਨੂੰ ਲੰਘੀ 17 ਦਸੰਬਰ ਨੂੰ ਦਿੱਲੀ ਦੇ ਰਾਜਨਗਰ ਇਲਾਕੇ ਵਿਚ ਹੋਏ ਸਿੱਖ ਕਤਲੇਆਮ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

# ਜੰਮੂ-ਕਸ਼ਮੀਰ 'ਚ ਰਾਸ਼ਟਰਪਤੀ ਰਾਜ ਲਾਗੂ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਚ ਛੇ ਮਹੀਨਿਆਂ ਦੇ ਗਵਰਨਰੀ ਰਾਜ ਪੂਰਾ ਹੋਣ ਤੋਂ ਬਾਅਦ ਰਾਸ਼ਟਰਪਤੀ ਰਾਜ ਸ਼ੁਰੂ ਹੋ ਗਿਆ ਹੈ ਜਿਸ ਨਾਲ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਅਤਿਵਾਦ ਅਤੇ ਹਿੰਸਾ ਦੀ ਲਪੇਟ ਵਿਚ ਆਏ ਸੂਬੇ ਦੇ ਸਾਰੇ ਨੀਤੀਗਤ ਫੈਸਲੇ ਕੇਂਦਰੀ ਕੈਬਨਿਟ ਵੱਲੋਂ ਲਏ ਜਾਣ ਦਾ ਰਾਹ ਸਾਫ ਹੋ ਗਿਆ ਹੈ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੇ ਫਰਮਾਨ 'ਤੇ ਦਸਤਖਤ ਕਰ ਦਿੱਤੇ ਹਨ।



ਜੰਮੂ ਕਸ਼ਮੀਰ ਵਿਚ ਜੂਨ ਮਹੀਨੇ ਉਦੋਂ ਸਿਆਸੀ ਸੰਕਟ ਆ ਗਿਆ ਸੀ ਜਦੋਂ ਭਾਜਪਾ ਨੇ ਮਹਿਬੂਬਾ ਮੁਫਤੀ ਦੀ ਅਗਵਾਈ ਵਾਲੀ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ ਸੀ ਤੇ ਸਰਕਾਰ ਡਿੱਗ ਪਈ ਸੀ। ਗਵਰਨਰ ਸੱਤਿਆ ਪਾਲ ਮਲਿਕ ਵਲੋਂ ਰਿਪੋਰਟ ਮਿਲਣ ਤੋਂ ਬਾਅਦ ਰਾਸ਼ਟਰਪਤੀ ਨੇ ਗਜ਼ਟ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ। ਨੋਟੀਫਿਕੇਸ਼ਨ ਵਿਚ ਕਿਹਾ ਗਿਆ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 356 ਤਹਿਤ ਮੈਂ ਨਿਰਦੇਸ਼ ਦਿੰਦਾ ਹਾਂ ਕਿ ਜੰਮੂ ਕਸ਼ਮੀਰ ਸਰਕਾਰ ਦੇ ਗਵਰਨਰ ਵੱਲੋਂ ਕੀਤੇ ਜਾਂਦੇ ਸਾਰੇ ਕਾਰਜ ਅਤੇ ਵਰਤੀਆਂ ਜਾਂਦੀਆਂ ਸਾਰੀਆਂ ਸ਼ਕਤੀਆਂ ਰਾਸ਼ਟਰਪਤੀ ਦੀ ਨਿਗਰਾਨੀ, ਨਿਰਦੇਸ਼ਾਂ ਤੇ ਕੰਟਰੋਲ ਅਧੀਨ ਆ ਜਾਣਗੀਆਂ ਤੇ ਇਹ ਰਾਜ ਦੇ ਗਵਰਨਰ ਵਲੋਂ ਕਾਰਜਸ਼ੀਲ ਵੀ ਰਹਿਣਗੀਆਂ।

ਗਵਰਨਰ ਮਲਿਕ ਵੱਲੋਂ ਰਾਜ ਵਿਚ ਕੇਂਦਰੀ ਰਾਜ ਲਾਗੂ ਕਰਨ ਦੀ ਸਿਫਾਰਸ਼ ਬਾਰੇ ਰਿਪੋਰਟ ਭੇਜਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਕੈਬਨਿਟ ਵੱਲੋਂ ਇਸ 'ਤੇ ਫੈਸਲਾ ਲਿਆ ਗਿਆ ਸੀ। ਜੰਮੂ ਕਸ਼ਮੀਰ ਦਾ ਵੱਖਰਾ ਸੰਵਿਧਾਨ ਹੋਣ ਕਰ ਕੇ ਇਸ ਦੀ ਧਾਰਾ 92 ਤਹਿਤ ਛੇ ਮਹੀਨਿਆਂ ਲਈ ਗਵਰਨਰੀ ਰਾਜ ਲਾਗੂ ਕੀਤਾ ਜਾ ਸਕਦਾ ਹੈ।

# ਤੰਦੂਰ ਕਾਂਡ: ਹਾਈ ਕੋਰਟ ਵੱਲੋਂ ਸੁਸ਼ੀਲ ਸ਼ਰਮਾ ਨੂੰ ਰਿਹਾ ਕਰਨ ਦੇ ਆਦੇਸ਼

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਤੰਦੂਰ ਕਾਂਡ ਦੇ ਦੋਸ਼ੀ ਸਾਬਕਾ ਯੂਥ ਕਾਂਗਰਸੀ ਆਗੂ ਸੁਸ਼ੀਲ ਕੁਮਾਰ ਸ਼ਰਮਾ ਨੂੰ ਰਿਹਾਅ ਕਰਨ ਦੇ ਆਦੇਸ਼ ਦੇ ਦਿੱਤੇ। ਸੁਸ਼ੀਲ ਕੁਮਾਰ 1995 'ਚ ਆਪਣੀ ਪਤਨੀ ਦੀ ਹੱਤਿਆ ਕਰਨ ਤੋਂ ਬਾਅਦ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਸੀ। ਇਸ ਮਾਮਲੇ 'ਚ ਸੁਸ਼ੀਲ ਸ਼ਰਮਾ ਪਹਿਲਾਂ ਤੋਂ ਹੀ ਦੋ ਦਹਾਕਿਆਂ ਤੋਂ ਜ਼ਿਆਦਾ ਸਮਾਂ ਜੇਲ੍ਹ ਵਿਚ ਬੰਦ ਸੀ। ਅਦਾਲਤ ਨੇ ਕਿਹਾ ਕਿ ਸੁਸ਼ੀਲ ਸ਼ਰਮਾ 23 ਸਾਲਾਂ ਤੋਂ ਜੇਲ੍ਹ 'ਚ ਹੈ ਅਤੇ ਆਪਣੇ ਅਪਰਾਧ ਲਈ ਸਜ਼ਾ ਭੁਗਤ ਚੁੱਕਿਆ ਹੈ, ਇਸ ਲਈ ਉਸ ਨੂੰ ਹੋਰ ਦਿਨ ਜੇਲ੍ਹ 'ਚ ਨਹੀਂ ਰੱਖਿਆ ਜਾ ਸਕਦਾ। ਪੁਰਾਣੇ ਨਿਯਮ ਅਨੁਸਾਰ ਉਮਰ ਕੈਦ 'ਚ 14 ਸਾਲ ਦੀ ਸਜ਼ਾ ਪੂਰੀ ਕਰਨ ਦੇ ਬਾਅਦ ਸਰਕਾਰ ਕਿਸੇ ਵੀ ਕੈਦੀ ਨੂੰ ਆਚਰਣ ਦੇ ਆਧਾਰ ਉਤੇ ਰਿਹਾਅ ਕਰਨ ਦਾ ਫੈਸਲਾ ਲੈ ਸਕਦੀ ਹੈ। ਸੁਸ਼ੀਲ ਸ਼ਰਮਾ, ਜਿਸ ਦੀ ਉਮਰ ਹੁਣ 56 ਸਾਲ ਹੈ, ਨੇ ਆਪਣੀ ਪਤਨੀ ਦੀ ਉਸ ਦੇ ਮਰਦ ਦੋਸਤ ਨਾਲ ਸਬੰਧਾਂ 'ਤੇ ਇਤਰਾਜ਼ ਨੂੰ ਲੈ ਕੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ ਤੇ ਉਸ ਦੇ ਸਰੀਰ ਦੇ ਟੁਕੜੇ ਕਰ ਕੇ ਰੈਸਟੋਰੈਂਟ ਦੇ ਤੰਦੂਰ (ਓਵਨ) 'ਚ ਸੁੱਟ ਕੇ ਸਾੜ ਦਿੱਤਾ ਸੀ।

# ਪੰਚਾਇਤੀ ਚੋਣਾਂ: ਲੋਕਾਂ ਨੇ ਆਪਸ ਵਿਚ ਉਲਝਣ ਦੀ ਥਾਂ ਸਰਬਸੰਮਤੀ ਨੂੰ ਦਿੱਤੀ ਪਹਿਲ

**ਚੰਡੀਗੜ੍ਹ:** ਪੰਚਾਇਤ ਚੋਣਾਂ ਲਈ ਸਰਗਰਮੀਆਂ ਦੌਰਾਨ 1863 ਸਰਪੰਚ ਤੇ 22203 ਪੰਚ ਬਿਨਾਂ ਮੁਕਾਬਲਾ ਚੁਣ ਲਏ ਗਏ ਹਨ। ਕਾਗਜ਼ ਰੱਦ ਹੋਣ ਅਤੇ ਵਾਪਸ ਲਏ ਜਾਣ ਤੋਂ ਬਾਅਦ 28375 ਸਰਪੰਚ ਅਤੇ 104027 ਪੰਚ ਚੋਣ ਮੈਦਾਨ ਵਿਚ ਡਟੇ ਹੋਏ ਹਨ। ਬਿਨਾਂ ਮੁਕਾਬਲਾ ਚੁਣੇ ਗਏ ਪੰਚਾਂ ਤੇ ਸਰਪੰਚਾਂ ਵਿਚ ਕੁਝ ਅਜਿਹੇ ਵੀ ਹਨ ਜਿਹੜੇ ਵਿਰੋਧੀ ਉਮੀਦਵਾਰਾਂ



ਦੇ ਕਾਗਜ਼ ਰੱਦ ਹੋਣ ਕਰਕੇ ਚੁਣੇ ਗਏ ਹਨ। ਇਸ ਕਰ ਕੇ ਕਈ ਥਾਵਾਂ 'ਤੇ ਵਿਰੋਧ ਦੇ ਸੁਰ ਵੀ ਗਰਮ ਹਨ ਅਤੇ ਚੋਣ ਕਮਿਸ਼ਨ ਕੋਲ ਵੱਡੀ ਗਿਣਤੀ 'ਚ ਸ਼ਿਕਾਇਤਾਂ ਪਹੁੰਚ ਰਹੀਆਂ ਹਨ।

ਸਭ ਤੋਂ ਵੱਧ 329 ਸਰਪੰਚ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਰਬਸੰਮਤੀ ਜਾਂ ਬਿਨਾਂ ਮੁਕਾਬਲੇ ਦੇ ਚੁਣੇ ਗਏ ਹਨ। ਇਸ ਤੋਂ ਬਾਅਦ ਗੁਰਦਾਸਪੁਰ ਵਿਚ 274 ਅਤੇ ਪਟਿਆਲਾ ਵਿਚ 266 ਸਰਪੰਚ ਸਰਬਸੰਮਤੀ ਨਾਲ ਚੁਣੇ ਗਏ ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿਚ ਸਭ ਤੋਂ ਵੱਧ 4750 ਪੰਚ, ਪਟਿਆਲਾ ਵਿਚ 3285 ਅਤੇ ਲੁਧਿਆਣਾ ਵਿਚ 3090 ਪੰਚ ਬਿਨਾਂ ਮੁਕਾਬਲਾ ਚੁਣੇ ਗਏ ਹਨ। ਕਈ ਜ਼ਿਲ੍ਹੇ ਅਜਿਹੇ ਵੀ ਹਨ ਜਿਥੇ ਬਹੁਤ ਘੱਟ ਪੰਚ ਤੇ ਸਰਪੰਚ ਸਰਬਸੰਮਤੀ ਜਾਂ ਬਿਨਾਂ ਮੁਕਾਬਲਾ ਚੁਣੇ ਗਏ ਹਨ। ਪੰਚਾਇਤ ਚੋਣਾਂ ਵਿਚ ਔਰਤਾਂ ਲਈ 50 ਫੀਸਦੀ ਸੀਟਾਂ ਰਾਖਵੀਆਂ ਹੋਣ ਕਰਕੇ ਪਿੰਡਾਂ ਵਿਚ ਦਿਲਚਸਪ ਮੁਕਾਬਲੇ ਹੋ ਰਹੇ ਹਨ ਤੇ ਪਹਿਲਾਂ ਵਾਂਗ ਹੀ ਬਹੁਤੀਆਂ ਥਾਵਾਂ 'ਤੇ ਔਰਤਾਂ ਦੇ ਪਤੀ ਅਤੇ ਪੁੱਤਰ ਚੋਣ ਪ੍ਰਚਾਰ ਕਰ ਰਹੇ ਹਨ। ਸਰਪੰਚੀ ਅਤੇ ਪੰਚੀ ਦੇ ਉਮੀਦਵਾਰਾਂ ਨੇ ਆਪਣੀਆਂ ਫੋਟੋਆਂ ਵਾਲੇ ਪੋਸਟਰ ਛਪਵਾ ਕੇ ਪ੍ਰਚਾਰ ਮਘਾ ਦਿੱਤਾ ਹੈ। ਕੁਝ ਪਿੰਡ ਅਜਿਹੇ ਹਨ ਜਿਥੇ ਸਰਬਸੰਮਤੀ ਇਸ ਕਰਕੇ ਨਹੀਂ ਹੋ ਸਕੀ ਕਿਉਂਕਿ ਕੁਝ ਵਿਅਕਤੀ ਮੁਫ਼ਤ ਦੀ ਦਾਰੂ ਪੀਣਾ ਚਾਹੁੰਦੇ ਸਨ। ਜਿਹੜੇ ਪਿੰਡਾਂ ਵਿਚ ਸ਼ਰਾਬ ਦੇ ਦੌਰ ਸ਼ੁਰੂ ਹੋ ਗਏ ਹਨ, ਉਥੇ ਤੈਅ ਖਰਚੇ ਤੋਂ ਕਿਤੇ ਵੱਧ ਖਰਚਾ ਹੋਣਾ ਤੈਅ ਹੈ।

## ਸਿਆਸੀ ਲੋਕਾਂ ਨੂੰ ਨਹੀਂ ਪਚ ਰਹੀਆਂ ਪੰਚਾਇਤਾਂ ਦੀਆਂ ਸਰਬਸੰਮਤੀਆਂ

**ਬਟਾਲਾ:** ਕੌਮਾਂਤਰੀ ਕਸਬਾ ਡੇਰਾ ਬਾਬਾ ਨਾਨਕ ਬਲਾਕ ਵਿਚ 146 ਪੰਚਾਇਤਾਂ 'ਚੋਂ 120 ਪੰਚਾਇਤਾਂ 'ਤੇ ਸਰਬਸੰਮਤੀ ਬਣੀ ਹੈ, ਜਿਸ ਦੀ ਇਲਾਕੇ ਵਿਚ ਚਰਚਾ ਛਿੜੀ ਹੋਈ ਹੈ ਤੇ ਇਹ ਸਰਬਸੰਮਤੀ ਕਈ ਲੋਕਾਂ ਨੂੰ ਹਜ਼ਮ ਨਹੀਂ ਹੋ ਰਹੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਨੂੰ ਸਿਰੇ ਦੀ ਧੱਕੇਸ਼ਾਹੀ ਦੱਸਿਆ ਜਾ ਰਿਹਾ ਹੈ। ਰੋਚਕ ਤੱਥ ਇਹ ਹੈ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਜੋ ਦੋਸ਼ ਕਾਂਗਰਸ ਪਾਰਟੀ ਦੇ ਆਗੂ ਤੇ ਸਮਰਥਕ ਅਕਾਲੀਆਂ 'ਤੇ ਲਾਉਂਦੇ ਰਹੇ, ਉਹੀ ਇਲਜ਼ਾਮ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਵਰਕਰ ਹਾਕਮ ਧਿਰ ਉਤੇ ਲਾ ਰਹੇ ਹਨ। ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਵਿਚ 146 ਪੰਚਾਇਤਾਂ 'ਚੋਂ 120 ਪੰਚਾਇਤਾਂ ਉਤੇ ਸਰਬਸੰਮਤੀ ਬਣਨ ਨੂੰ ਅਕਾਲੀ ਦਲ ਦੇ ਆਗੂ ਕਾਂਗਰਸ ਦੀ ਧੱਕੇਸ਼ਾਹੀ ਦੱਸ ਰਹੇ ਹਨ। ਇਸ ਤਰ੍ਹਾਂ ਕੌਮਾਂਤਰੀ ਸੀਮਾ ਨਾਲ ਲੱਗਦਾ ਪਿੰਡ ਘਣੀਆਂ ਜੋ ਰਾਵੀ ਤੋਂ ਪਾਰ ਹੈ, ਦੀ ਪੰਚਾਇਤ ਵੀ ਸਰਬਸੰਮਤੀ ਨਾਲ ਚੁਣੀ ਗਈ ਹੈ। ਉਂਜ ਪਿਛਲੇ ਚਾਰ ਦਹਾਕਿਆਂ ਤੋਂ ਇਸ ਪਿੰਡ ਦੀ ਸਰਪੰਚੀ ਦਾ ਤਾਜ ਇਕ ਹੀ ਪਰਿਵਾਰ ਸਿਰ ਸੱਜ ਰਿਹਾ ਹੈ।

## ਰਾਖਵੀਂਆਂ ਸੀਟਾਂ ਨੇ ਉਲਝਾਈ ਤਾਣੀ

**ਜਲੰਧਰ:** ਨਕੋਦਰ ਵਿਧਾਨ ਸਭਾ ਸੀਟ ਵਿਚ ਪੈਂਦੇ ਪਿੰਡ ਬੈਨਾਪੁਰ ਵਿਚ ਸਰਪੰਚੀ ਦੀਆਂ ਚੋਣਾਂ ਦਾ ਕੋਈ ਸ਼ੋਰ ਨਹੀਂ ਹੈ। ਪ੍ਰਸ਼ਾਸਨ ਦੀ ਇਕ ਗਲਤੀ ਕਾਰਨ ਇਥੋਂ ਦੀਆਂ ਚੋਣਾਂ ਹੀ ਟਾਲਨੀਆਂ ਪੈ ਗਈਆਂ ਹਨ। ਸਿਰਫ 50 ਘਰਾਂ ਵਾਲੇ ਇਸ ਪਿੰਡ ਵਿਚ ਕੋਈ ਐਸ.ਸੀ. ਪਰਿਵਾਰ ਨਹੀਂ ਰਹਿੰਦਾ ਜਦਕਿ ਪ੍ਰਸ਼ਾਸਨ ਨੇ ਇਥੇ ਦੇ ਸਰਪੰਚ ਦੇ ਅਹੁਦੇ ਨੂੰ ਐਸ.ਸੀ. ਰਿਜ਼ਰਵ ਕਰ ਦਿੱਤਾ ਹੈ। ਹੁਣ ਇਸ ਪਿੰਡ ਵਿਚ ਸਰਪੰਚੀ ਦੀਆਂ ਚੋਣਾਂ ਤੋਂ ਬਾਅਦ ਚੋਣ ਹੋਵੇਗੀ। ਸਰਪੰਚੀ ਦੀ ਚੋਣ ਨਾ ਹੋਣ ਕਾਰਨ ਪਿੰਡ ਦੇ ਪੰਚ ਵੀ ਬੜੇ ਪਰੇਸ਼ਾਨ ਹਨ।

# ਹਲਵਾਰਾ 'ਚ ਨਵੇਂ ਸਿਵਲ ਅੰਤਰਰਾਸ਼ਟਰੀ ਹਵਾਈ ਟਰਮੀਨਲ ਲਈ ਸਮਝੌਤਾ

**ਚੰਡੀਗੜ੍ਹ:** ਭਾਰਤੀ ਹਵਾਈ ਫ਼ੌਜ ਦੇ ਸਟੇਸ਼ਨ ਹਲਵਾਰਾ (ਲੁਧਿਆਣਾ) ਵਿਚ ਇਕ ਨਵਾਂ ਸਿਵਲ ਅੰਤਰਰਾਸ਼ਟਰੀ ਹਵਾਈ ਟਰਮੀਨਲ ਸਥਾਪਿਤ ਕਰਨ ਦੀ ਪ੍ਰਵਾਨਗੀ ਦੇਣ ਵਾਸਤੇ ਮੰਤਰੀ ਮੰਡਲ ਵੱਲੋਂ 3 ਦਸੰਬਰ, 2018 ਨੂੰ ਲਏ ਫੈਸਲੇ ਦੇ ਸੰਦਰਭ 'ਚ ਪੰਜਾਬ ਸਰਕਾਰ ਨੇ ਏਅਰਪੋਰਟ ਅਥਾਰਟੀ ਆਫ ਇੰਡੀਆ (ਏ.ਏ.ਆਈ.) ਨਾਲ ਇਕ ਸਮਝੌਤੇ 'ਤੇ ਸਹੀ ਪਾਈ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਪ੍ਰੋਜੈਕਟ ਇਕ ਜਾਇੰਟ ਵੈਂਚਰ ਕੰਪਨੀ (ਜੇ.ਵੀ.ਸੀ) ਰਾਹੀਂ ਲਾਗੂ ਕੀਤਾ ਜਾਵੇਗਾ ਜਿਸ 'ਚ ਬਹੁਮਤ ਹਿੱਸੇਦਾਰੀ 51 ਫੀਸਦੀ ਏ.ਏ.ਆਈ. ਦੀ ਹੈ ਜਦ ਕਿ ਗ੍ਰੇਟਰ ਲੁਧਿਆਣਾ ਵਿਕਾਸ ਅਥਾਰਟੀ (ਗਲਾਡਾ) ਦੇ ਰਾਹੀਂ ਸੂਬਾ ਸਰਕਾਰ ਦੀ ਹਿੱਸੇਦਾਰੀ 49% ਹੈ।

ਨਵਾਂ ਹਵਾਈ ਅੱਡਾ ਵਿਕਸਤ ਕਰਨ ਲਈ ਸਾਰਾ ਪੂੰਜੀ ਖਰਚਾ ਏ.ਏ.ਆਈ. ਵੱਲੋਂ ਸਹਿਣ ਕੀਤਾ ਜਾਵੇਗਾ ਜਦ ਕਿ ਪੰਜਾਬ ਸਰਕਾਰ ਪ੍ਰੋਜੈਕਟ ਲਈ ਸਾਰੀਆਂ ਰੁਕਾਵਟਾਂ ਮੁਕਤ ਕਰਨ ਤੋਂ ਇਲਾਵਾ 135.54 ਏਕੜ ਜ਼ਮੀਨ ਮੁਫਤ 'ਚ ਮੁਹੱਈਆ ਕਰਵਾਏਗੀ। ਬੁਲਾਰੇ ਅਨੁਸਾਰ ਇਸ ਨੂੰ ਚਲਾਉਣ, ਪ੍ਰਬੰਧਨ ਅਤੇ ਰੱਖ-ਰਖਾਅ ਦਾ ਖਰਚਾ ਸਾਂਝੀ ਕੰਪਨੀ ਸਹਿਣ ਕਰੇਗੀ। ਉਮੀਦ ਹੈ ਕਿ 135.54 ਏਕੜ ਰਕਬੇ 'ਤੇ ਨਵੇਂ ਅੰਤਰਰਾਸ਼ਟਰੀ ਸਿਵਲ ਇਨਕਲੇਵ ਦੇ ਪਹਿਲੇ ਪੜਾਅ ਦਾ ਕੰਮ ਤਿੰਨ ਸਾਲਾਂ ਵਿਚ ਹਵਾਈ ਜਹਾਜ਼ਾਂ ਦੀ ਕੋਡ 4-ਸੀ ਟਾਈਪ ਦੀਆਂ ਉਡਾਣਾਂ ਵਾਸਤੇ ਮੁਕੰਮਲ ਹੋ ਜਾਵੇਗਾ। ਲੁਧਿਆਣਾ ਵਿਖੇ ਅੰਤਰਰਾਸ਼ਟਰੀ ਹਵਾਈ ਅੱਡਾ ਸਿਰਫ ਵਪਾਰਕ ਉਡਾਣਾਂ ਲਈ ਹੀ ਨਹੀਂ ਹੋਵੇਗਾ ਸਗੋਂ ਸੂਬੇ 'ਚ ਹਵਾਈ ਯਾਤਰੀਆਂ ਨੂੰ ਹਵਾਈ ਸੰਪਰਕ ਦੀਆਂ ਵਧੀਆ ਸਹੂਲਤਾਂ ਵੀ ਮੁਹੱਈਆ ਕਰਵਾਏਗਾ। ਅੰਮ੍ਰਿਤਸਰ ਹਵਾਈ ਅੱਡੇ 'ਤੇ ਕਾਰਗੋ ਟਰਮੀਨਲ ਨੂੰ ਚਾਲੂ ਕਰਨ ਅਤੇ ਰੱਖ-ਰਖਾਅ ਵਾਸਤੇ ਪੰਜਾਬ ਸਰਕਾਰ ਅਤੇ ਏ.ਏ.ਆਈ. ਕਾਰਗੋ ਲੌਜਿਸਟਿਕਜ਼ ਐਂਡ ਐਲਾਇਡ ਸਰਵਿਸਿਜ਼ ਕੰਪਨੀ ਲਿਮਟਿਡ ਦਰਮਿਆਨ ਇਕ ਹੋਰ ਐਮ.ਓ.ਯੂ. ਵੀ ਸਹੀਬੱਧ ਕੀਤਾ ਗਿਆ। ਇਸ ਐਮ.ਓ.ਯੂ. ਮੁਤਾਬਕ ਸਾਲ 2013 ਤੋਂ ਚਾਲੂ ਅੰਮ੍ਰਿਤਸਰ ਹਵਾਈ ਅੱਡੇ 'ਤੇ ਬਣੇ ਛੇਤੀ ਖਰਾਬ ਹੋ ਜਾਣ ਵਾਲੇ ਪਦਾਰਥਾਂ (ਪੈਰਿਸ਼ੇਬਲ ਕਾਰਗੋ ਸੈਂਟਰ) ਦੀ ਸੰਭਾਲ ਵਾਲੇ ਸੈਂਟਰ ਨੂੰ ਏ.ਏ.ਆਈ. ਵੱਲੋਂ ਆਪਣੇ ਅਧੀਨ ਲਿਆ ਜਾਵੇਗਾ।

# ਪਾਕਿਸਤਾਨ ਨੇ ਰੱਦ ਕੀਤਾ ਕਰਤਾਰਪੁਰ ਦੀ ਭੂਮੀ ਤਬਾਦਲੇ ਦਾ ਪ੍ਰਸਤਾਵ

**ਅੰਮ੍ਰਿਤਸਰ:** ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ 'ਚ ਸਥਿਤ ਕਰਤਾਰਪੁਰ ਸਾਹਿਬ ਦੀ ਭੂਮੀ ਨੂੰ ਭਾਰਤ ਦਾ ਹਿੱਸਾ ਬਣਾਉਣ ਲਈ ਪੰਜਾਬ ਵਿਧਾਨ ਸਭਾ 'ਚ ਪੇਸ਼ ਕੀਤੇ ਜ਼ਮੀਨ ਬਦਲੀ ਦੇ ਪ੍ਰਸਤਾਵ ਨੂੰ ਪਾਕਿਸਤਾਨ ਨੇ ਰੱਦ ਕਰ ਦਿੱਤਾ ਹੈ। ਇਸਲਾਮਾਬਾਦ 'ਚ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਸਲ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਅਸਲ 'ਚ ਪਾਕਿਸਤਾਨ ਵਲੋਂ ਭਾਰਤ ਵੱਲ ਵਧਾਇਆ ਇਕ ਦੋਸਤਾਨਾ ਕਦਮ ਹੈ।

ਜ਼ਿਕਰਯੋਗ ਹੈ ਕਿ 14 ਦਸੰਬਰ ਨੂੰ ਪੰਜਾਬ ਵਿਧਾਨ ਸਭਾ 'ਚ ਕਰਤਾਰਪੁਰ ਸਾਹਿਬ ਲਾਂਘੇ ਦਾ ਮਤਾ ਸਰਬਸੰਮਤੀ ਨਾਲ ਪਾਸ ਕਰਦਿਆਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਨੂੰ ਭਾਰਤ 'ਚ ਸ਼ਾਮਲ ਕਰਨ ਲਈ ਜ਼ਮੀਨ ਦੇ ਤਬਾਦਲੇ ਦਾ ਮੁੱਦਾ ਉਠਾਇਆ ਗਿਆ ਸੀ, ਜਿਸ ਨੂੰ ਬਾਅਦ 'ਚ ਮਤੇ ਵਿਚ ਸ਼ਾਮਲ ਕਰ ਲਿਆ ਗਿਆ। ਪਿਛੋਂ ਉਕਤ ਭੂਮੀ ਨੂੰ ਗੁਰੂ ਨਾਨਕ ਦੇਵ ਦੇ ਇਤਿਹਾਸ ਨਾਲ ਜੁੜੀ ਹੋਈ ਦੱਸਦਿਆਂ ਸੂਬਾ ਸਰਕਾਰ ਵੱਲੋਂ ਕੇਂਦਰ ਸਰਕਾਰ ਅੱਗੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੀ ਭੂਮੀ ਬਦਲੇ 11,000 ਏਕੜ ਜ਼ਮੀਨ ਦਾ ਤਬਾਦਲਾ ਕੀਤੇ ਜਾਣ ਦਾ ਪ੍ਰਸਤਾਵ ਪੇਸ਼ ਕੀਤਾ ਗਿਆ।

ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਸ ਬਾਰੇ 'ਚ ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਸੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ 'ਚ ਸੰਨ 1962 ਵਿਚ ਪਾਕਿਸਤਾਨ ਨਾਲ ਕੀਤੀ ਜ਼ਮੀਨ ਬਦਲੀ ਦਾ ਹਵਾਲਾ ਦਿੰਦਿਆਂ ਦੱਸਿਆ ਸੀ ਕਿ ਹੁਸੈਨੀਵਾਲਾ ਵਿਖੇ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਅੰਤਿਮ ਸੰਸਕਾਰ ਵਾਲੀ ਜਗ੍ਹਾ ਲਈ ਪਾਕਿਸਤਾਨ ਨਾਲ ਜ਼ਮੀਨ ਬਦਲੀ ਕੀਤੀ ਗਈ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਇਸ ਤਰ੍ਹਾਂ ਕਰਨ ਨਾਲ ਕਰਤਾਰਪੁਰ ਲਾਂਘੇ ਕਾਰਨ ਪੈਦਾ ਹੋਣ ਵਾਲਾ ਕੌਮੀ ਸੁਰੱਖਿਆ ਦਾ ਮਸਲਾ ਵੀ ਉਠ ਨਹੀਂ ਸਕੇਗਾ।


# ਸਰਪੰਚਾਂ ਦੇ ਗਲੇ ਦੀ ਹੱਡੀ ਬਣੇ ਪੰਚਾਇਤੀ ਫੰਡ

**ਮਲੋਟ:** ਅਕਾਲੀ-ਭਾਜਪਾ ਸਰਕਾਰ ਮੌਕੇ ਪਿੰਡਾਂ ਦੇ ਵਿਕਾਸ ਲਈ ਜਾਰੀ ਕੀਤੇ ਕਰੋੜਾਂ ਰੁਪਏ ਦੇ ਫੰਡਾਂ ਦਾ ਹਿਸਾਬ-ਕਿਤਾਬ ਹੁਣ ਸਾਬਕਾ ਸਰਪੰਚਾਂ ਦੇ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ। ਪਿਛਲੇ ਦਿਨੀਂ ਫੰਡ ਖੁਰਦ-ਬੁਰਦ ਕਰਨ ਦੇ ਮਾਮਲੇ ਵਿਚ ਏ.ਡੀ.ਸੀ. (ਵਿਕਾਸ) ਬਠਿੰਡਾ ਵੱਲੋਂ ਕੀਤੀ ਪੜਤਾਲ ਮਗਰੋਂ ਪਿੰਡ ਭੁਲੇਰੀਆਂ ਦੇ ਸਰਪੰਚ ਅਤੇ ਪੰਚਾਇਤ ਸਕੱਤਰ ਖਿਲਾਫ਼ ਕੇਸ ਵੀ ਦਰਜ ਹੋ ਚੁੱਕਾ ਹੈ।

ਹੁਣ ਤਾਜ਼ਾ ਮਾਮਲਾ ਪਿੰਡ ਸ਼ਾਮ ਖੇੜਾ ਦਾ ਹੈ, ਜਿਥੋਂ ਦੇ ਵਸਨੀਕ ਨੇ ਆਰ.ਟੀ.ਆਈ. ਤਹਿਤ ਉਕਤ ਪਿੰਡ ਵਿਚ 2014, 2015 ਤੇ 2016 ਵਿਚ ਸਰਕਾਰ ਵੱਲੋਂ ਜਾਰੀ ਫੰਡਾਂ ਅਤੇ ਖਰਚੇ ਦਾ ਰਿਕਾਰਡ ਮੰਗਿਆ ਸੀ, ਜੋ 50 ਸਫਿਆਂ ਦੇ ਰੂਪ ਵਿਚ ਪ੍ਰਾਪਤ ਹੋਇਆ। ਇਸ ਵਿਚ 18 ਨਵੰਬਰ 2014 ਤੋਂ ਲੈ ਕੇ 31 ਦਸੰਬਰ 2016 ਤੱਕ ਵੇਰਵੇ ਸਣੇ ਖਰਚਾ, ਆਮਦਨੀ ਤੇ ਪ੍ਰਾਪਤ ਫੰਡਾਂ ਦੇ ਵੇਰਵੇ ਦਰਜ ਸਨ। ਮੌਕੇ 'ਤੇ ਕੀਤੀ ਪੜਤਾਲ ਅਨੁਸਾਰ ਆਰ.ਟੀ.ਆਈ. ਵਿਚ ਦਰਸਾਏ ਬਹੁਤੇ ਕੰਮ ਖਾਨਾਪੂਰਤੀ ਅਤੇ ਅਧੂਰੇ ਸਨ। ਮੁਹੱਈਆ ਕਰਵਾਈ ਸੂਚਨਾ ਦੇ ਅਖੀਰਲੇ ਪੰਨੇ 'ਤੇ ਦਰਸਾਇਆ ਗਿਆ ਸੀ ਕਿ ਦਸੰਬਰ 2016 ਤੱਕ ਪੰਚਾਇਤ ਦੇ ਵੱਖ-ਵੱਖ ਬੈਂਕ ਖਾਤਿਆਂ ਐਚ.ਡੀ.ਐਫ.ਸੀ. ਵਿਚ 1849193 ਰੁਪਏ, ਐਕਸਿਸ ਬੈਂਕ ਵਿਚ 2724281, ਓ.ਬੀ.ਸੀ. ਬੈਂਕ ਵਿਚ 358666 ਤੇ 25877, ਪੀ.ਐਨ.ਬੀ. ਵਿਚ 9817 ਤੇ 329406 ਰੁਪਏ ਅਤੇ ਸੈਂਟਰਲ ਬੈਂਕ 'ਚ 4306 ਰੁਪਏ ਤੇ ਕੁੱਲ 5301546 ਬਕਾਇਆ ਸਨ, ਪਰ ਅੱਜ ਦੀ ਤਰੀਕ ਵਿਚ ਸਿਰਫ 4 ਲੱਖ ਦੇ ਕਰੀਬ ਬਕਾਇਆ ਹੈ।

# ਪੰਜਾਬ ਦੇ ਤਿੰਨ ਸੰਸਦ ਮੈਂਬਰਾਂ ਨੇ ਫੰਡ ਵੰਡਣ 'ਚ ਬਾਜ਼ੀ ਮਾਰੀ

**ਬਠਿੰਡਾ:** ਪੰਜਾਬ ਦੇ ਸੰਸਦ ਮੈਂਬਰਾਂ ਦੀ ਤਿੱਕੜੀ ਦੇ ਖ਼ਜ਼ਾਨੇ ਹੁਣ ਖਾਲੀ ਹੋ ਗਏ ਹਨ, ਜਿਨ੍ਹਾਂ ਨੇ ਸੰਸਦੀ ਕੋਟੇ ਦੇ ਫੰਡ ਵੰਡਣ 'ਚ ਬਾਜ਼ੀ ਮਾਰ ਲਈ ਹੈ। ਦੇਸ਼ ਭਰ 'ਚੋਂ ਸਿਰਫ 35 ਸੰਸਦ ਮੈਂਬਰਾਂ ਦੀ ਸ਼ਨਾਖਤ ਹੋਈ ਹੈ, ਜਿਨ੍ਹਾਂ ਨੇ ਆਪਣੇ ਸੰਸਦੀ ਕੋਟੇ ਦੇ ਸਾਰੇ ਫੰਡ ਵੰਡ ਦਿੱਤੇ ਹਨ। ਇਨ੍ਹਾਂ ਸ਼ਨਾਖਤੀ ਮੈਂਬਰਾਂ 'ਚ ਪੰਜਾਬ ਦੇ ਤਿੰਨ ਸੰਸਦ







ਮੈਂਬਰ ਵੀ ਸ਼ਾਮਲ ਹਨ। ਸਭਨਾਂ ਸਿਆਸੀ ਧਿਰਾਂ ਦਾ ਇਕ-ਇਕ ਸੰਸਦ ਮੈਂਬਰ ਇਸ ਮਾਮਲੇ ਵਿਚ ਮੋਹਰੀ ਬਣਿਆ ਹੈ। ਪਟਿਆਲਾ ਤੋਂ 'ਆਪ' ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ, ਅੰਮ੍ਰਿਤਸਰ ਤੋਂ ਕਾਂਗਰਸੀ ਐਮ.ਪੀ. ਗੁਰਜੀਤ ਸਿੰਘ ਔਜਲਾ ਅਤੇ ਫਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਐਮ.ਪੀ. ਸ਼ੇਰ ਸਿੰਘ ਘੁਬਾਇਆ ਸ਼ਾਮਲ ਹਨ, ਜਿਨ੍ਹਾਂ ਨੇ ਆਪਣੇ ਕੋਟੇ ਦੇ ਸਾਰੇ ਫੰਡ ਸਮਾਪਤ ਕਰ ਦਿੱਤੇ ਹਨ।

ਵੇਰਵਿਆਂ ਅਨੁਸਾਰ ਹਰ ਸੰਸਦ ਮੈਂਬਰ ਨੂੰ ਪ੍ਰਤੀ ਸਾਲ ਪੰਜ ਕਰੋੜ ਦੇ ਫੰਡ ਦੋ ਕਿਸ਼ਤਾਂ ਵਿਚ ਮਿਲਦੇ ਹਨ। ਪੰਜ ਵਰ੍ਹਿਆਂ ਵਿਚ ਹਰ ਐਮ.ਪੀ. ਨੂੰ 25 ਕਰੋੜ ਦੇ ਫੰਡ ਰਿਲੀਜ਼ ਹੁੰਦੇ ਹਨ। ਪੰਜਾਬ ਦੇ ਤਿੰਨੋਂ ਸੰਸਦ ਮੈਂਬਰਾਂ ਨੇ ਕੁੱਲ 75 ਕਰੋੜ ਦੇ ਸੰਸਦੀ ਕੋਟੇ ਦੇ ਫੰਡ ਆਪੋ ਆਪਣੇ ਹਲਕੇ ਵਿਚ ਵੰਡ ਦਿੱਤੇ ਹਨ। ਇਨ੍ਹਾਂ ਸੰਸਦ ਮੈਂਬਰਾਂ ਕੋਲ ਹੁਣ ਕੋਈ ਬਕਾਇਆ ਫੰਡ ਨਹੀਂ ਹੈ। ਡਾ. ਧਰਮਵੀਰ ਗਾਂਧੀ ਆਖਦੇ ਹਨ ਕਿ ਉਨ੍ਹਾਂ ਨੇ ਫੰਡ ਵਰਤਣ ਵਿਚ ਕਦੇ ਢਿੱਲ ਨਹੀਂ ਵਰਤੀ ਅਤੇ ਕੁਝ ਹਫਤੇ ਪਹਿਲਾਂ ਉਨ੍ਹਾਂ ਦਾ ਖਾਤਾ ਨਿੱਲ ਹੋ ਗਿਆ ਸੀ। ਉਨ੍ਹਾਂ ਨੇ ਵੰਡੇ ਫੰਡਾਂ ਦਾ ਜਨਤਕ ਤੌਰ 'ਤੇ ਖੁਲਾਸਾ ਵੀ ਕਰ ਦਿੱਤਾ ਹੈ। ਇਵੇਂ ਐਮ.ਪੀ. ਸ਼ੇਰ ਸਿੰਘ ਘੁਬਾਇਆ ਅਤੇ ਗੁਰਜੀਤ ਸਿੰਘ ਔਜਲਾ ਦੇ ਖਾਤੇ ਨਿਲ ਹੋ ਗਏ ਹਨ।

ਸਰਕਾਰੀ ਤੱਥਾਂ ਅਨੁਸਾਰ ਬਹੁਤੇ ਜ਼ਿਲ੍ਹਾ ਅਫਸਰਾਂ ਤਰਫੋਂ ਸਮੇਂ ਸਿਰ ਐਮ.ਪੀ. ਫੰਡਾਂ ਦੇ ਵਰਤੋਂ ਸਰਟੀਫਿਕੇਟ ਨਹੀਂ ਭੇਜੇ ਜਾਂਦੇ ਹਨ, ਜਿਸ ਕਰ ਕੇ ਐਮ.ਪੀ. ਨੂੰ ਮਿਲਣ ਵਾਲੀ ਫੰਡਾਂ ਦੀ ਅਗਲੀ ਕਿਸ਼ਤ ਪਛੜ ਜਾਂਦੀ ਹੈ। ਸੰਗਰੂਰ ਤੋਂ ਐਮ.ਪੀ. ਭਗਵੰਤ ਮਾਨ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਵੰਡੇ ਫੰਡਾਂ ਦੀ ਵਰਤੋਂ ਲਈ ਕਾਫੀ ਮਸ਼ੱਕਤ ਕਰਨੀ ਪੈਂਦੀ ਹੈ, ਕਿਉਂਕਿ ਸਰਕਾਰੀ ਢਿੱਲ ਮੱਠ ਕਰਕੇ ਫੰਡ ਸਮੇਂ ਸਿਰ ਵਰਤੇ ਨਹੀਂ ਜਾਂਦੇ ਹਨ। ਉਨ੍ਹਾਂ ਨੇ ਖੁਦ ਆਪਣੀ ਤਰਫੋਂ ਤੇਜ਼ ਰਫਤਾਰ ਨਾਲ ਫੰਡ ਵੰਡੇ ਹਨ ਪਰ ਵਰਤੋਂ ਸਰਟੀਫਿਕੇਟ ਸਮੇਂ ਸਿਰ ਜਾਰੀ ਨਾ ਕਰਕੇ ਕਈ ਜ਼ਿਲ੍ਹਿਆਂ ਵਿਚ ਕੰਮ ਪਛੜ ਜਾਂਦਾ ਹੈ।

ਦੱਸਣਯੋਗ ਹੈ ਕਿ ਭਗਵੰਤ ਮਾਨ ਨੇ ਵੀ ਸਿੱਖਿਆ ਅਤੇ ਸਿਹਤ ਕਾਰਜਾਂ ਲਈ ਮੋਹਰੀ ਹੋ ਕੇ ਫੰਡਾਂ ਦੀ ਵੰਡ ਕੀਤੀ ਹੈ। ਉਨ੍ਹਾਂ ਨੇ ਹੁਣ ਸਰਬਸੰਮਤੀ ਕਰਨ ਵਾਲੀਆਂ ਪੰਚਾਇਤਾਂ ਨੂੰ ਪੰਜ ਲੱਖ ਦੇ ਫੰਡ ਦਾ ਐਲਾਨ ਕੀਤਾ ਹੈ। ਕੇਂਦਰ ਸਰਕਾਰ ਨੇ ਵੀ ਮੰਨਿਆ ਹੈ ਕਿ ਵਰਤੋਂ ਸਰਟੀਫਿਕੇਟਾਂ ਵਿਚ ਦੇਰੀ ਹੋ ਰਹੀ ਹੈ ਅਤੇ ਮਾਮਲਾ ਐਮ.ਪੀਲੈਡ ਦੀਆਂ ਮੀਟਿੰਗਾਂ ਵਿਚ ਉਠਾਇਆ ਜਾਂਦਾ ਹੈ। ਕੇਂਦਰ ਸਰਕਾਰ ਤਰਫੋਂ ਇਹ ਮਾਮਲਾ ਵੀ ਵਿਚਾਰ ਅਧੀਨ ਹੈ ਕਿ ਹਰ ਐਮ.ਪੀ. ਨੂੰ ਪ੍ਰਤੀ ਸਾਲ ਇਕੋ ਕਿਸ਼ਤ ਵਿਚ ਪੰਜ ਕਰੋੜ ਦਾ ਫੰਡ ਜਾਰੀ ਕਰ ਦਿੱਤਾ ਜਾਵੇ। ਇਹ ਮਾਮਲਾ ਵਿੱਤ ਮੰਤਰਾਲੇ ਨਾਲ ਵਿਚਾਰਿਆ ਜਾ ਰਿਹਾ ਹੈ।

ਹਰਿਆਣਾ ਦੇ ਦੋ ਐਮ.ਪੀ ਭਿਵਾਨੀ ਮਹਿੰਦਰਗੜ੍ਹ ਤੋਂ ਧਰਮਬੀਰ ਅਤੇ ਸੋਨੀਪਤ ਹਲਕੇ ਤੋਂ ਐਮਪੀ ਰਮੇਸ਼ ਚੰਦਰ ਕੌਸ਼ਿਕ ਨੇ ਪੂਰੇ ਦੇ ਪੂਰੇ ਫੰਡ ਵਰਤ ਲਏ ਹਨ। ਰਾਜਸਥਾਨ 'ਚੋਂ ਹਲਕਾ ਗੰਗਾਨਗਰ ਦੇ ਸਿਰਫ ਇਕੋ ਐਮ.ਪੀ ਨਿਹਾਲ ਚੰਦ ਚੌਹਾਨ ਨੇ ਸੰਸਦੀ ਕੋਟੇ ਦੇ ਸਾਰੇ ਫੰਡ ਵਰਤ ਲਏ ਹਨ।

## ਹਰਸਿਮਰਤ ਬਾਦਲ ਨੇ ਫੰਡ ਵੰਡਣ ਵਿਚ ਹੱਥ ਖਿੱਚਿਆ

ਕਿਸੇ ਵੇਲੇ ਫੰਡ ਵੰਡਣ ਵਿਚ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਅੱਗੇ ਰਹੇ ਹਨ। ਸਰਕਾਰ ਬਦਲਣ ਮਗਰੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਸੰਸਦੀ ਕੋਟੇ ਦੇ ਫੰਡ ਵੰਡਣ ਦੀ ਰਫਤਾਰ ਮੱਧਮ ਹੋਈ ਹੈ। ਗੱਠਜੋੜ ਸਰਕਾਰ ਵੇਲੇ ਉਹ ਸੰਗਤ ਦਰਸ਼ਨ ਕਰਕੇ ਫੰਡਾਂ ਦੀ ਵੰਡ ਕਰਦੇ ਰਹਿੰਦੇ ਸਨ। ਹੁਣ ਉਨ੍ਹਾਂ ਦੀ ਫੰਡ ਵੰਡਣ ਦੀ ਚਾਲ ਮੱਠੀ ਹੋ ਗਈ ਹੈ।

ਦੇਖਣ ਵਿਚ ਆਇਆ ਹੈ ਕਿ ਵਿਰੋਧੀ ਧਿਰ ਵਾਲੇ ਸੰਸਦ ਮੈਂਬਰਾਂ ਦੇ ਫੰਡਾਂ ਵਿਚ ਪ੍ਰਸ਼ਾਸਨ ਤਰਫੋਂ ਬਹੁਤੀ ਦਿਲਚਸਪੀ ਨਹੀਂ ਲਈ ਜਾਂਦੀ ਹੈ, ਜਿਸ ਕਰ ਕੇ ਗਰਾਂਟਾਂ ਸਮੇਂ ਸਿਰ ਖਰਚ ਨਹੀਂ ਹੁੰਦੀਆਂ ਹਨ।

## ਅਗਨੀ-4 ਮਿਜ਼ਾਈਲ ਦੀ ਸਫਲ ਅਜ਼ਮਾਇਸ਼

**ਬਾਲਾਸੌਰ (ਉੜੀਸਾ):** ਭਾਰਤ ਨੇ ਪਰਮਾਣੂ ਬਾਲਣ ਲਿਜਾਣ ਦੇ ਸਮਰੱਥ ਅਤੇ ਜ਼ਮੀਨ ਤੋਂ ਜ਼ਮੀਨ ਉਤੇ ਚਾਰ ਹਜ਼ਾਰ ਕਿਲੋਮੀਟਰ ਤੱਕ ਦਾ ਨਿਸ਼ਾਨਾ ਫੁੰਡਣ ਵਾਲੀ ਅਗਨੀ-4 ਬੈਲਿਸਟਿਕ ਮਿਜ਼ਾਈਲ ਦਾ ਸਫਲ ਪ੍ਰੀਖਣ ਕੀਤਾ। ਯੁਧਨੀਤਕ ਪੱਖੋਂ ਅਹਿਮ ਇਹ ਮਿਜ਼ਾਈਲ ਡਾ. ਅਬਦੁਲ ਕਲਾਮ ਟਾਪੂ ਸਥਿਤ ਇੰਟੈਗਰੇਟਿਡ ਟੈਸਟ ਰੇਂਜ ਤੋਂ ਛੱਡੀ ਗਈ।

# ਇਮਰਾਨ ਨੇ ਸੰਯੁਕਤ ਰਾਸ਼ਟਰ ਦੇ ਮੁਖੀ ਕੋਲ ਕਸ਼ਮੀਰ ਮੁੱਦਾ ਚੁੱਕਿਆ

**ਸੰਯੁਕਤ ਰਾਸ਼ਟਰ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰੇਜ਼ ਨਾਲ ਫੋਨ ਉਤੇ ਹੋਈ ਗੱਲਬਾਤ ਦੌਰਾਨ ਕਸ਼ਮੀਰ ਦਾ ਮੁੱਦਾ ਉਠਾਇਆ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਇਸ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੇ ਬਿਨਾਂ ਇਹ ਜਾਣਕਾਰੀ ਦਿੱਤੀ।



ਭਾਰਤ ਵੱਲੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਸਖਤ ਜਵਾਬ ਦਿੰਦੇ ਹੋਏ ਪਾਕਿਸਤਾਨ ਨੂੰ ਆਪਣੇ ਕੰਮ ਨਾਲ ਮਤਲਬ ਰੱਖਣ ਅਤੇ ਕਸ਼ਮੀਰ ਨੂੰ ਭਾਰਤ ਦਾ ਅਟੁੱਟ ਹਿੱਸਾ ਦੱਸਣ ਸਬੰਧੀ ਸੰਯੁਕਤ ਰਾਸ਼ਟਰ ਦੀ ਰਾਇ ਪੁੱਛਣ ਉਤੇ ਦੁਜਾਰਿਕ ਨੇ ਕਿਹਾ ਕਿ ਕਸ਼ਮੀਰ ਉਤੇ ਉਨ੍ਹਾਂ ਦੇ ਰੁਖ ਨੂੰ ਦੁਹਰਾਇਆ ਗਿਆ ਹੈ। ਸੁਰੱਖਿਆ ਕੌਂਸਲ ਦੇ ਆਦੇਸ਼ ਅਨੁਸਾਰ ਇਕ ਆਬਜ਼ਰਵਰ ਸਮੂਹ ਹੈ। ਉਨ੍ਹਾਂ ਦਾ ਇਸ਼ਾਰਾ ਭਾਰਤ ਤੇ ਪਾਕਿਸਤਾਨ ਵਿਚ ਸੰਯੁਕਤ ਰਾਸ਼ਟਰ ਸੈਨਿਕ ਆਬਜ਼ਰਵਰ ਸਮੂਹ ਵੱਲ ਸੀ। ਦੁਜਾਰਿਕ ਨੇ ਦੱਸਿਆ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨਾਲ ਗੱਲ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਇਹ ਆਮ ਗੱਲ ਹੈ ਕਿ ਜਨਰਲ ਸਕੱਤਰ ਸਰਕਾਰਾਂ ਅਤੇ ਰਾਸ਼ਟਰਾਂ ਦੇ ਮੁਖੀਆਂ ਨਾਲ ਗੱਲਬਾਤ ਕਰਦੇ ਹਨ।

# ਪੰਜਾਬੀ ਲੋਕ ਹੋਏ ਅਸਲੇ ਦੇ ਸ਼ੁਦਾਈ

**ਬਠਿੰਡਾ:** ਪੰਜਾਬੀ ਲੋਕ ਅਸਲੇ ਲਈ ਇੰਨੇ ਸ਼ੁਦਾਈ ਹੋਏ ਪਏ ਹਨ ਕਿ ਇਸ ਮਾਮਲੇ ਵਿਚ ਉਨ੍ਹਾਂ ਸਭ ਨੂੰ ਪਿੱਛੇ ਛੱਡ ਦਿੱਤਾ ਹੈ। ਲੰਘੇ ਦੋ ਵਰ੍ਹਿਆਂ 'ਚ ਪੰਜਾਬ ਵਿਚ ਜਿੰਨੇ ਅਸਲਾ ਲਾਇਸੈਂਸ ਬਣੇ ਹਨ, ਉਨੇ ਜੰਮੂ-ਕਸ਼ਮੀਰ ਨੂੰ ਛੱਡ ਕੇ ਦੇਸ਼ ਦੇ ਹੋਰ ਕਿਸੇ ਸੂਬੇ 'ਚ ਨਹੀਂ ਬਣੇ। ਉੱਤਰ ਪ੍ਰਦੇਸ਼ 'ਚ ਦੇਸ਼ ਭਰ ਵਿਚੋਂ ਸਭ ਤੋਂ ਵੱਧ 12.88 ਲੱਖ ਅਸਲਾ ਲਾਇਸੈਂਸ ਹਨ ਅਤੇ ਏਡੇ ਵੱਡੇ ਸੂਬੇ ਵਿਚ ਪਹਿਲੀ ਜਨਵਰੀ 2017 ਤੋਂ ਹੁਣ ਤੱਕ ਸਿਰਫ 11,459 ਨਵੇਂ ਅਸਲਾ ਲਾਇਸੈਂਸ ਬਣੇ ਹਨ ਜਦੋਂ ਕਿ ਪੰਜਾਬ ਵਿਚ ਇਨ੍ਹਾਂ ਦੋ ਵਰ੍ਹਿਆਂ ਦੌਰਾਨ 26,322 ਅਸਲਾ ਲਾਇਸੈਂਸ ਬਣੇ ਹਨ।

ਇਨ੍ਹਾਂ ਦੋ ਸਾਲਾਂ ਦੌਰਾਨ ਹਰਿਆਣਾ ਵਿਚ ਸਿਰਫ 10,238 ਅਤੇ ਰਾਜਸਥਾਨ ਵਿਚ ਸਿਰਫ 6390 ਅਸਲਾ ਲਾਇਸੈਂਸ ਬਣੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਅਸਲਾ ਲਾਇਸੈਂਸਾਂ ਨੂੰ ਯੂਨੀਕ ਸ਼ਨਾਖਤ ਨੰਬਰ ਨਾਲ ਜੋੜਨ ਲਈ 'ਨੈਸ਼ਨਲ ਡਾਟਾਬੇਸ ਆਫ ਆਰਮਜ਼ ਲਾਇਸੈਂਸ' ਤਿਆਰ ਕੀਤਾ ਗਿਆ ਹੈ। ਨਵੇਂ ਡਾਟਾਬੇਸ ਨੇ ਨਵੇਂ ਤੱਥ ਉਜਾਗਰ ਕੀਤੇ ਹਨ, ਜੋ ਚੌਂਕਸ ਕਰਨ ਵਾਲੇ ਹਨ। ਦੇਸ਼ ਭਰ ਵਿਚ 35.87 ਲੱਖ ਅਸਲਾ ਲਾਇਸੈਂਸ ਹਨ ਜਦੋਂ ਕਿ ਪੰਜਾਬ ਵਿਚ ਹੁਣ ਅਸਲਾ ਲਾਇਸੈਂਸਾਂ ਦੀ ਗਿਣਤੀ 3,85,671 ਹੋ ਗਈ ਹੈ ਜੋ ਕਿ ਪਹਿਲੀ ਜਨਵਰੀ 2017 ਨੂੰ 3,59,349 ਸੀ। ਇਹੋ ਗਿਣਤੀ ਪੰਜਾਬ ਵਿਚ ਜੁਲਾਈ 2011 ਵਿਚ 3,23,492 ਸੀ। ਮਤਲਬ ਕਿ ਪੰਜਾਬ ਵਿਚ ਸਾਢੇ ਸੱਤ ਵਰ੍ਹਿਆਂ ਵਿਚ 62,179 ਨਵੇਂ ਅਸਲਾ ਲਾਇਸੈਂਸ ਬਣੇ ਹਨ। ਹਕੂਮਤ ਬਦਲੀ ਮਗਰੋਂ ਵੀ ਲਾਇਸੈਂਸਾਂ ਨੂੰ ਠੱਲ੍ਹ ਨਹੀਂ ਪਈ ਹੈ।

ਵੇਰਵਿਆਂ ਅਨੁਸਾਰ ਦੇਸ਼ ਵਿਚੋਂ ਪੰਜਾਬ ਅਸਲਾ ਲਾਇਸੈਂਸਾਂ ਦੇ ਮਾਮਲੇ ਵਿਚ ਤੀਸਰੇ ਸਥਾਨ ਹੈ ਜਦੋਂ ਕਿ ਜੰਮੂ ਕਸ਼ਮੀਰ 4.84 ਲੱਖ ਅਸਲਾ ਲਾਇਸੈਂਸਾਂ ਨਾਲ ਦੂਸਰੇ ਨੰਬਰ ਉਤੇ ਹੈ। ਜੰਮੂ-ਕਸ਼ਮੀਰ ਅਜਿਹਾ ਸੂਬਾ ਹੈ ਜਿਥੇ ਲੰਘੇ ਦੋ ਵਰ੍ਹਿਆਂ ਦੌਰਾਨ ਦੇਸ਼ ਭਰ 'ਚੋਂ ਸਭ ਤੋਂ ਜ਼ਿਆਦਾ 1.15 ਲੱਖ ਅਸਲਾ ਲਾਇਸੈਂਸ ਬਣੇ ਹਨ। ਜੰਮੂ ਕਸ਼ਮੀਰ ਤਾਂ ਗੜਬੜ ਵਾਲਾ ਖਿੱਤਾ ਕਰਾਰ ਦਿੱਤਾ ਹੋਇਆ ਹੈ। ਪੰਜਾਬ ਵਿਚ ਲੋਕ ਕਾਹਦੇ ਲਈ ਸਭ

## 'ਦੋ ਨੰਬਰ' ਦੇ ਅਸਲੇ ਦਾ ਕੋਈ ਹਿਸਾਬ ਕਿਤਾਬ ਨਹੀਂ

ਪੰਜਾਬ ਦੇ ਕਾਲੇ ਦਿਨਾਂ ਦੌਰਾਨ ਵੀ ਪੰਜਾਬ ਵਿਚ ਅਸਲਾ ਲਾਇਸੈਂਸ ਕਾਫੀ ਬਣੇ ਸਨ। ਹੁਣ ਜਦੋਂ ਤੋਂ ਗੈਂਗਸਟਰਾਂ ਦੀ ਦਹਿਸ਼ਤ ਵਧੀ ਹੈ, ਉਦੋਂ ਤੋਂ ਮੁੜ ਅਸਲਾ ਲਾਇਸੈਂਸ ਤੇਜ਼ੀ ਨਾਲ ਬਣਨੇ ਸ਼ੁਰੂ ਹੋਏ ਹਨ। ਪੰਜਾਬ ਦੇ ਸਰਦੇ ਪੁੱਜਦੇ ਲੋਕ ਕਾਫੀ ਵੱਡੀ ਰਾਸ਼ੀ ਹਥਿਆਰ ਖਰੀਦਣ 'ਤੇ ਖਰਚ ਕਰ ਰਹੇ ਹਨ। ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਕਈ ਕਤਲਾਂ ਵਿਚ ਲਾਇਸੈਂਸੀ ਹਥਿਆਰ ਹੀ ਵਰਤੇ ਗਏ ਹਨ। ਜੋ ਪੰਜਾਬ ਵਿਚ ਦੋ ਨੰਬਰ ਦਾ ਅਸਲਾ ਹੈ, ਉਸ ਦਾ ਕੋਈ ਹਿਸਾਬ ਕਿਤਾਬ ਹੀ ਨਹੀਂ। ਪੰਜਾਬ 'ਚ ਅਸਲੇ ਦੇ ਨਾਂ ਹੇਠ ਗਾਣਿਆਂ ਦੀਆਂ ਐਲਬਮਾਂ ਮਾਰਕੀਟ 'ਚ ਆ ਚੁੱਕੀਆਂ ਤੇ ਅਸਲੇ ਵਾਲੇ ਗੀਤ ਵੀ ਆਮ ਪ੍ਰਚਲਿਤ ਹਨ। ਪੰਜਾਬੀ ਗਾਇਕੀ ਨੇ ਕਾਫੀ ਹੱਦ ਤੱਕ ਹਥਿਆਰਾਂ ਨੂੰ ਪ੍ਰਚਲਿਤ ਕੀਤਾ ਹੈ। ਇਨ੍ਹਾਂ ਗਾਣਿਆਂ ਕਰ ਕੇ ਕਈ ਵਿਆਹ ਸਮਾਰੋਹਾਂ 'ਚ ਗੋਲੀਆਂ ਵੀ ਚੱਲੀਆਂ ਹਨ। ਇਸ ਤੋਂ ਇਲਾਵਾ ਲੋਕ ਸੋਸ਼ਲ ਮੀਡੀਆ ਉਤੇ ਆਪਣੇ ਸਟੇਟਸ ਲਈ ਹਥਿਆਰਾਂ ਨਾਲ ਤਸਵੀਰਾਂ ਖਿੱਚ ਕੇ ਪਾਉਂਦੇ ਹਨ।



ਕੁੱਝ ਦਾਅ 'ਤੇ ਲਾ ਦਿੰਦੇ ਹਨ। ਜਦੋਂ ਕਿ ਹਰਿਆਣਾ ਵਿਚ ਸਿਰਫ 1.52 ਲੱਖ ਅਤੇ ਰਾਜਸਥਾਨ ਵਿਚ ਕੇਵਲ 1.40 ਲੱਖ ਅਸਲਾ ਲਾਇਸੈਂਸ ਹਨ। ਮੁਲਕ ਦੇ ਸਿਰਫ ਸੱਤ ਸੂਬੇ ਹੀ ਹਨ ਜਿਥੇ ਅਸਲਾ ਲਾਇਸੈਂਸਾਂ ਦੀ ਗਿਣਤੀ ਇਕ ਲੱਖ ਤੋਂ ਟੱਪੀ ਹੈ। ਮੁਲਕ ਦੀ ਰਾਜਧਾਨੀ ਦਿੱਲੀ ਵਿਚ ਅਸਲਾ ਲਾਇਸੈਂਸਾਂ ਦੀ ਗਿਣਤੀ 40,620 ਅਤੇ ਚੰਡੀਗੜ੍ਹ ਵਿਚ ਇਹੋ ਗਿਣਤੀ 80,858 ਹੈ। ਕੇਰਲ ਵਿਚ ਸਿਰਫ 10,600 ਅਸਲਾ ਲਾਇਸੈਂਸ ਹਨ ਜਦੋਂ ਕਿ ਗੁਜਰਾਤ ਵਿਚ 63,138 ਅਸਲਾ ਲਾਇਸੈਂਸ ਹਨ। ਪੰਜਾਬ ਵਿਚ ਇਸ ਵੇਲੇ ਕਰੀਬ 55 ਲੱਖ ਪਰਿਵਾਰ ਹਨ ਅਤੇ ਇਸ ਹਿਸਾਬ ਨਾਲ ਪੰਜਾਬ ਦੇ ਔਸਤਨ ਹਰ 14ਵੇਂ ਪਰਿਵਾਰ ਕੋਲ ਅਸਲਾ ਲਾਇਸੈਂਸ ਹਨ। ਪੰਜਾਬ ਵਿਚ ਔਸਤਨ 80 ਲੋਕਾਂ ਪਿੱਛੇ ਇਕ ਅਸਲਾ ਲਾਇਸੈਂਸ ਹੈ। ਬਠਿੰਡਾ ਜ਼ਿਲ੍ਹੇ ਵਿਚ ਲੋਕ ਅਸਲਾ ਲਾਇਸੈਂਸ ਲਈ ਵੱਡੀਆਂ ਵੱਡੀਆਂ ਸਿਫਾਰਸ਼ਾਂ ਵੀ ਲਾਉਂਦੇ ਹਨ। ਤਾਹੀਉਂ ਪਿਛਲੇ ਸਮੇਂ ਦੌਰਾਨ ਅਸਲਾ ਲਾਇਸੈਂਸ ਵਾਲੀ ਇਕੱਲੀ ਫਾਈਲ ਦੀ ਕੀਮਤ 20 ਹਜ਼ਾਰ ਕੀਤੀ ਗਈ ਸੀ, ਜੋ ਕਿ ਹੁਣ ਨਵੇਂ ਡਿਪਟੀ ਕਮਿਸ਼ਨਰ ਨੇ ਮੁਫਤ ਦੇਣੀ ਸ਼ੁਰੂ ਕਰ ਦਿੱਤੀ ਹੈ।

ਕਾਂਗਰਸ ਸਰਕਾਰ ਨੇ ਗੱਦੀ ਸੰਭਾਲਣ ਮਗਰੋਂ ਪੰਜਾਬ ਵਿਚ ਪਿਛਲੇ ਦਸ ਵਰ੍ਹਿਆਂ ਦੌਰਾਨ ਬਣੇ ਅਸਲਾ ਲਾਇਸੈਂਸਾਂ ਦੀ ਜਾਂਚ ਵੀ ਕਰਾਈ ਹੈ ਜਿਸ ਵਿਚ ਕੋਈ ਬਹੁਤਾ ਹੱਥ ਪੱਲੇ ਨਹੀਂ ਪਿਆ ਹੈ। ਕੈਪਟਨ ਸਰਕਾਰ ਨੇ ਦਾਅਵਾ ਕੀਤਾ ਕਿ ਗੱਠਜੋੜ ਸਰਕਾਰ ਦੇ ਦਸ ਵਰ੍ਹਿਆਂ ਦੇ ਰਾਜ ਦੌਰਾਨ ਪੰਜਾਬ ਵਿਚ ਕਰੀਬ ਦੋ ਲੱਖ ਅਸਲਾ ਲਾਇਸੈਂਸ ਨਵੇਂ ਬਣੇ ਹਨ। ਜਾਂਚ ਮਗਰੋਂ ਬਠਿੰਡਾ, ਰੋਪੜ ਤੇ ਫਾਜ਼ਿਲਕਾ ਜ਼ਿਲ੍ਹੇ ਹੀ ਸਿਰਫ ਕੁਝ ਲਾਇਸੈਂਸ ਰੱਦ ਕੀਤੇ ਗਏ ਹਨ।

# ਕੇਜਰੀਵਾਲ ਦਾ ਦਫਤਰ ਪੰਜਾਬੀ ਭਾਸ਼ਾ ਤੋਂ ਅਣਜਾਣ

**ਨਵਾਂ ਸ਼ਹਿਰ:** ਭਾਵੇਂ ਦਿੱਲੀ ਸਰਕਾਰ ਦੇ ਪੰਜਾਬੀ ਭਾਸ਼ਾ ਪ੍ਰਤੀ ਪਿਆਰ ਦੇ ਅਕਸਰ ਬਿਆਨ ਦਿੱਤੇ ਜਾਂਦੇ ਹਨ ਪਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਦਫਤਰ ਪੰਜਾਬੀ ਭਾਸ਼ਾ ਤੋਂ ਅਣਜਾਣ ਹੈ। ਮੁੱਖ ਮੰਤਰੀ ਦਫਤਰ ਨੂੰ ਭੇਜੀ ਪੰਜਾਬੀ ਭਾਸ਼ਾ ਵਿਚ ਲਿਖੀ ਚਿੱਠੀ ਹੋਰ ਥਾਵਾਂ 'ਤੇ ਅਨੁਵਾਦ ਹੋਣ ਲਈ ਭੇਜੀ ਜਾਂਦੀ ਹੈ ਜਿਹੜੀ ਕਿ ਕਈ ਮਹੀਨੇ ਬਾਅਦ ਵੀ ਵਾਪਸ ਨਹੀਂ ਮੁੜਦੀ। ਇਹ ਖੁਲਾਸਾ ਸੂਚਨਾ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਜਾਣਕਾਰੀ ਤੋਂ ਹੋਇਆ ਹੈ।

ਪੰਜਾਬ ਦੇ ਕੁਝ ਰਾਜਸੀ ਤੇ ਸਮਾਜਿਕ ਕਾਰਕੁਨਾਂ ਬਲਵੰਤ ਸਿੰਘ ਖੇੜਾ ਹੁਸ਼ਿਆਰਪੁਰ, ਅਮਰਜੀਤ ਸਿੰਘ ਮਾਨ ਸੰਗਰੂਰ, ਕੁਲਦੀਪ ਸਿੰਘ ਖਹਿਰਾ ਲੁਧਿਆਣਾ ਅਤੇ ਪਰਵਿੰਦਰ ਸਿੰਘ ਕਿੱਤਣਾ ਨਵਾਂ ਸ਼ਹਿਰ ਨੇ 24 ਜਨਵਰੀ 2018 ਨੂੰ ਇਕ ਪੱਤਰ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਭੇਜ ਕੇ ਕਿਹਾ ਸੀ ਕਿ ਉਹ ਰਾਸ਼ਟਰੀ ਏਕਤਾ ਕਾਸਲ ਦੇ ਪੁਨਰਗਠਨ ਅਤੇ



ਇਸ ਦੀ ਬੈਠਕ ਬੁਲਾਉਣ ਲਈ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਅਪੀਲ ਕਰਨ। ਠੀਕ ਦਸ ਮਹੀਨੇ ਬਾਅਦ ਮਿਤੀ 27 ਨਵੰਬਰ 2018 ਨੂੰ ਪਰਵਿੰਦਰ ਸਿੰਘ ਕਿੱਤਣਾ ਨੇ ਆਰ.ਟੀ.ਆਈ. ਤਹਿਤ ਜਾਣਕਾਰੀ ਮੰਗੀ ਕਿ ਦੱਸਿਆ ਜਾਵੇ ਕਿ ਹੁਣ ਤੱਕ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਭੇਜੇ ਪੱਤਰ 'ਤੇ ਕੀ ਕਾਰਵਾਈ ਹੋਈ ਹੈ। ਇਸ ਨਾਲ ਸਬੰਧਤ ਕਾਗਜ਼ਾਤ ਦੀ ਵੀ ਮੰਗ ਕੀਤੀ ਗਈ ਸੀ।

ਦਿੱਲੀ ਦੇ ਮੁੱਖ ਮੰਤਰੀ ਦਫਤਰ ਵੱਲੋਂ ਮਿਤੀ 14 ਦਸੰਬਰ 2018 ਨੂੰ ਆਰ.ਟੀ.ਆਈ. ਤਹਿਤ ਭੇਜੀ ਸੂਚਨਾ 'ਚ ਦੱਸਿਆ ਗਿਆ ਹੈ ਕਿ ਉਕਤ ਪੱਤਰ ਮੁੱਖ ਮੰਤਰੀ ਦਿੱਲੀ ਦੇ ਦਫ਼ਤਰ 'ਚ 30 ਜਨਵਰੀ 2018 ਨੂੰ ਪ੍ਰਾਪਤ ਹੋ ਗਿਆ ਸੀ ਪਰ ਪੰਜਾਬੀ 'ਚ ਹੋਣ ਕਰਕੇ ਉਹ ਪੱਤਰ ਸਕੱਤਰ ਕਲਾ, ਸਭਿਆਚਾਰ ਅਤੇ ਭਾਸ਼ਾ ਵਿਭਾਗ ਦਿੱਲੀ ਸਰਕਾਰ ਨੂੰ ਭੇਜ ਦਿੱਤਾ ਗਿਆ ਸੀ। ਅਨੁਵਾਦ ਕਰਨ ਲਈ ਪੱਤਰ 27 ਫਰਵਰੀ 2018 ਨੂੰ ਭੇਜਿਆ ਗਿਆ ਸੀ। ਇਸ ਤੋਂ ਅੱਗੇ ਕੀ ਹੋਇਆ ਦਫਤਰ ਵੱਲੋਂ ਇਸ ਸਬੰਧੀ ਨਾ ਤਾਂ ਕੋਈ ਜਾਣਕਾਰੀ ਦਿੱਤੀ ਹੈ ਤੇ ਨਾ ਹੀ ਰਿਕਾਰਡ ਉਪਲਬਧ ਕਰਵਾਇਆ ਗਿਆ ਹੈ।

## ਫ਼ੈਜ਼ਾਬਾਦ ਜੇਲ੍ਹ 'ਚ ਜਿਨਾਹ ਦੀ ਤਸਵੀਰ 'ਤੇ ਵਿਵਾਦ

**ਫ਼ੈਜ਼ਾਬਾਦ:** ਉਤਰ ਪ੍ਰਦੇਸ਼ ਦੀ ਫ਼ੈਜ਼ਾਬਾਦ ਜੇਲ੍ਹ ਵਿਚ ਪ੍ਰੋਗਰਾਮ ਦੌਰਾਨ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੀ ਤਸਵੀਰ ਲੱਗੀ ਹੋਣ ਕਰ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਭਾਜਪਾ ਅਤੇ ਹੋਰ ਹਿੰਦੂ ਜਥੇਬੰਦੀਆਂ ਨੇ ਪ੍ਰਬੰਧਕਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਸੀਨੀਅਰ ਕਮਿਊਨਿਸਟ ਆਗੂ ਸੂਰਿਆ ਕਾਂਤ ਪਾਂਡੇ ਦੀ ਜਥੇਬੰਦੀ ਨੇ ਜੇਲ੍ਹ ਅੰਦਰ ਸੁਤੰਤਰਤਾ ਸੈਨਾਨੀ ਅਸ਼ਫਾਕਉੱਲ੍ਹਾ ਖਾਨ ਦਾ ਸ਼ਹੀਦੀ ਦਿਵਸ ਮਨਾਇਆ ਸੀ।

ਪ੍ਰੋਗਰਾਮ ਦੌਰਾਨ ਬਹਾਦਰ ਸ਼ਾਹ ਜ਼ਫਰ, ਟੀਪੂ ਸੁਲਤਾਨ ਅਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਸਮੇਤ ਹੋਰ ਉੱਘੀਆਂ ਹਸਤੀਆਂ ਦੇ ਨਾਲ ਜਿਨਾਹ ਦੀ ਤਸਵੀਰ ਵੀ ਰੱਖੀ ਗਈ ਸੀ। ਭਾਜਪਾ ਦੇ ਸਥਾਨਕ ਵਿਧਾਇਕ ਵੇਦ ਗੁਪਤਾ ਨੇ ਕਿਹਾ ਕਿ ਪ੍ਰਬੰਧਕਾਂ ਨੇ ਜਿਨਾਹ ਦੀ ਤਸਵੀਰ ਲਗਾ ਕੇ ਸ਼ਹੀਦੀ ਪ੍ਰੋਗਰਾਮ ਨੂੰ ਵਿਵਾਦਤ ਬਣਾ ਦਿੱਤਾ ਹੈ।

# ਬੇਅਦਬੀ: ਜੋਰਾ ਸਿੰਘ ਕਮਿਸ਼ਨ ਰਿਪੋਰਟ 'ਤੇ ਕੋਈ ਕਾਰਵਾਈ ਨਹੀਂ ਹੋਈ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਪਿਛਲੀ ਅਕਾਲੀ ਭਾਜਪਾ ਸਰਕਾਰ ਵੱਲੋਂ ਬਣਾਏ ਗਏ ਜੋਰਾ ਸਿੰਘ ਕਮਿਸ਼ਨ ਰਿਪੋਰਟ 'ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਪੰਜਾਬ ਸਰਕਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਮੰਨਿਆ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਬਾਰੇ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਕੋਈ ਕਾਰਵਾਈ ਨਹੀਂ ਕੀਤੀ ਹਾਲਾਂਕਿ ਰਿਪੋਰਟ ਮਿਲਣ ਤੋਂ ਬਾਅਦ ਉਹ ਸਰਕਾਰ 9 ਮਹੀਨੇ ਸੱਤਾ ਵਿਚ ਰਹੀ ਸੀ। ਜਦੋਂ ਜਸਟਿਸ ਰਾਜਨ ਗੁਪਤਾ ਦੇ ਬੈਂਚ ਸਾਹਮਣੇ ਸੁਣਵਾਈ ਸ਼ੁਰੂ ਹੋਈ ਤਾਂ ਸਾਬਕਾ ਕੇਂਦਰੀ ਮੰਤਰੀ ਅਤੇ ਸੀਨੀਅਰ ਐਡਵੋਕੇਟ ਪੀ. ਚਿਦੰਬਰਮ ਪੰਜਾਬ ਸਰਕਾਰ ਦੀ ਤਰਫੋਂ ਪੇਸ਼ ਹੋਏ।

ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਕੁੱਲ ਸੱਤ ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ 'ਚੋਂ ਤਿੰਨ ਬੇਅਦਬੀ ਦੀਆਂ ਘਟਨਾਵਾਂ ਨਾਲ ਸਬੰਧਤ ਸਨ ਜਦਕਿ ਦੋ ਰੋਸ ਮੁਜ਼ਾਹਰਿਆਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨਾਲ। ਦੋ ਹੋਰ ਕੇਸ ਪੁਲਿਸ ਕਰਮੀਆਂ ਨਾਲ ਸਬੰਧਤ ਸਨ ਜਿਨ੍ਹਾਂ 'ਚੋਂ ਇਕ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸੌਂਪੇ ਜਾਣ ਤੋਂ ਬਾਅਦ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਉਦੋਂ ਕਾਇਮ ਕੀਤਾ ਸੀ ਜਦੋਂ ਪਹਿਲੇ ਕਮਿਸ਼ਨ ਦੀ ਰਿਪੋਰਟ 'ਤੇ ਕੋਈ ਕਾਰਵਾਈ ਨਾ ਕੀਤੀ ਗਈ।



ਜੋਰਾ ਸਿੰਘ ਕਮਿਸ਼ਨ ਨੇ ਪੁਲਿਸ ਅਫਸਰਾਂ ਦੀ ਭੂਮਿਕਾ ਦੀ ਜਾਂਚ ਕਰਨ ਦੀ ਹੀ ਸਿਫਾਰਸ਼ ਕੀਤੀ। ਉਂਜ ਵੀ ਇਸ ਦੀਆਂ ਸਿਫਾਰਸ਼ਾਂ ਸਰਕਾਰ ਲਈ ਮੰਨਣੀਆਂ ਲਾਜ਼ਮੀ ਨਹੀਂ ਸਨ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਅੰਦਰ ਅਸੰਤੁਸ਼ਟੀ ਦੇ ਮੱਦੇਨਜ਼ਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਕਾਇਮ ਕੀਤਾ ਗਿਆ ਕਿਉਂਕਿ ਬੇਅਦਬੀ ਦੇ ਕੇਸਾਂ ਦੀ ਠੀਕ ਢੰਗ ਨਾਲ ਜਾਂਚ ਨਹੀਂ ਕੀਤੀ ਗਈ ਤੇ ਦੇਰੀ ਵੀ ਹੋ ਗਈ ਸੀ।

ਹਾਈ ਕੋਰਟ ਦੇ ਸੇਵਾ ਮੁਕਤ ਜੱਜ ਦੀ ਅਗਵਾਈ ਹੇਠ ਕਾਇਮ ਕੀਤੇ ਕਮਿਸ਼ਨ ਦੀਆਂ ਸਿਫਾਰਸ਼ਾਂ ਕਾਨੂੰਨ ਮੁਤਾਬਕ ਸਹੀ ਸਨ। ਦਰਅਸਲ ਕਮਿਸ਼ਨ ਦੀ ਰਿਪੋਰਟ ਸੌਂਪੇ ਜਾਣ ਤੋਂ ਬਾਅਦ ਜਾਂਚ ਦੇ ਕੰਮ ਵਿਚ ਤੇਜ਼ੀ ਆਈ।

ਪਟੀਸ਼ਨਰ ਪੁਲਿਸ ਅਫਸਰਾਂ ਨੂੰ ਕਮਿਸ਼ਨ ਆਫ ਇਨਕੁਆਰੀ ਐਕਟ ਦੀ ਧਾਰਾ 8ਬੀ ਤਹਿਤ ਨੋਟਿਸ ਤੇ ਸੰਮਨ ਜਾਰੀ ਕੀਤੇ ਗਏ ਸਨ ਪਰ ਉਨ੍ਹਾਂ ਜਾਂਚ ਦੇ ਕੰਮ ਵਿਚ ਕੋਈ ਸਹਿਯੋਗ ਨਾ ਦਿੱਤਾ ਹਾਲਾਂਕਿ ਸੈਕਸ਼ਨ 8ਬੀ ਤਹਿਤ ਉਨ੍ਹਾਂ ਦਾ ਜਵਾਬ ਦੇਣਾ ਜ਼ਰੂਰੀ ਬਣਦਾ ਸੀ। ਜੱਜ ਨੇ ਸਰਕਾਰੀ ਵਕੀਲ ਤੋਂ ਪੁੱਛਿਆ ਕਿ ਕੀ ਕਿਸੇ ਕੇਸ ਵਿਚ ਪੁਲਿਸ ਅਫਸਰ ਪਰਮਜੀਤ ਸਿੰਘ ਉਮਰਾਨੰਗਲ ਦਾ ਨਾਂ ਵੀ ਆਇਆ ਸੀ।

## ਕਮਿਸ਼ਨ 'ਤੇ ਖੜ੍ਹੇ ਸਵਾਲਾਂ ਦਾ ਚਿਦੰਬਰਮ ਨੇ ਦਿੱਤਾ ਜਵਾਬ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਨਿਯੁਕਤੀ ਖਿਲਾਫ ਦਾਇਰ ਪਟੀਸ਼ਨ 'ਤੇ ਪੰਜਾਬ ਸਰਕਾਰ ਵੱਲੋਂ ਪੀ. ਚਿਦੰਬਰਮ ਨੇ ਪੱਖ ਰੱਖਿਆ।

ਹੁਣ ਇਸ ਦੇ ਜਵਾਬ ਵਿਚ ਪੀ. ਚਿਦੰਬਰਮ ਨੇ ਅਦਾਲਤ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਜੋ ਤੱਥ ਸਾਹਮਣੇ ਆਏ, ਉਸ ਨੂੰ ਤਫਤੀਸ਼ੀ ਏਜੰਸੀ ਆਪਣੇ ਮੁਤਾਬਕ ਅੱਗੇ ਲੈ ਕੇ ਜਾਏਗੀ। ਉਨ੍ਹਾਂ ਆਪਣੀ ਬਹਿਸ ਵਿਚ ਕਿਹਾ ਕਿ ਇਸ ਮਾਮਲੇ ਦੀ ਤਫਤੀਸ਼ ਕਰ ਰਹੀ ਤਫਤੀਸ਼ੀ ਏਜੰਸੀ ਤੇ ਐਸ.ਆਈ.ਟੀ. ਮੁੜ ਤੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਹਰ ਤੱਥ ਦੀ ਜਾਂਚ ਕਰ ਸਕਦੇ ਹਨ।

# ਆਜ਼ਾਦੀ ਦੇ 71 ਸਾਲ ਪਿੱਛੋਂ ਵੀ ਸਰਹੱਦੀ ਲੋਕਾਂ ਨੂੰ ਸਰਕਾਰੀ ਮਿਹਰ ਦੀ ਉਡੀਕ

**ਅੰਮ੍ਰਿਤਸਰ:** ਪੰਜਾਬ 'ਚ ਪੰਚਾਇਤੀ ਚੋਣਾਂ ਦਾ ਜ਼ੋਰ ਹੈ ਪਰ ਸਰਹੱਦੀ ਖੇਤਰ ਦੇ ਲੋਕ ਅਜੇ ਵੀ ਵਿਕਾਸ ਨੂੰ ਤਰਸ ਰਹੇ ਹਨ। ਜ਼ਿਲ੍ਹਾ ਤਰਨਤਾਰਨ ਦਾ ਸਰਹੱਦੀ ਖੇਤਰ ਅਜੇ ਵੀ ਪਛੜੇ ਇਲਾਕੇ ਵਜੋਂ ਜਾਣਿਆ ਜਾਂਦਾ ਹੈ। ਭਾਵੇਂ ਦੇਸ਼ ਦੀ ਆਜ਼ਾਦੀ ਨੂੰ 7 ਦਹਾਕੇ ਬੀਤ ਗਏ ਹਨ ਪਰ ਸਰਹੱਦੀ ਖੇਤਰ ਦੇ ਲੋਕਾਂ ਨੂੰ ਅਜੇ ਵੀ ਬੁਨਿਆਦੀ ਸਹੂਲਤਾਂ ਪੂਰੀ ਤਰ੍ਹਾਂ ਨਹੀਂ ਮਿਲੀਆਂ। ਜਿਹੜੀ ਵੀ ਸਰਕਾਰ ਬਣਦੀ ਹੈ, ਉਹ ਵੋਟਾਂ ਤੋਂ ਪਹਿਲਾਂ ਦਾਅਵੇ ਤਾਂ ਵੱਡੇ ਕਰਦੀ ਹੈ ਪਰ ਪਿੱਛੋਂ ਲੋਕਾਂ ਦੀ ਸਾਰ ਨਹੀਂ ਲਈ ਜਾਂਦੀ।


ਇਸ ਖੇਤਰ ਦੇ ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਇਸ ਇਲਾਕੇ ਵਿਚ ਸਿਹਤ ਅਤੇ ਸਿੱਖਿਆ ਸਹੂਲਤਾਂ ਦਾ ਬੁਰਾ ਹਾਲ ਹੈ। ਇੱਥੇ ਨਾ ਕੋਈ ਵੱਡਾ ਹਸਪਤਾਲ ਹੈ ਤੇ ਨਾ ਹੀ ਕਾਲਜ। ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਪਿੰਡ ਚੂੰਘ ਵਿਚ ਲੜਕਿਆਂ ਤੇ ਲੜਕੀਆਂ ਦਾ ਸਾਂਝਾ ਕਾਲਜ ਬਣਾਇਆ ਗਿਆ ਹੈ। ਇਸ ਤੋਂ ਬਿਨਾ ਲੜਕੀਆਂ ਲਈ ਵੱਖਰੇ ਤੌਰ 'ਤੇ ਕੋਈ ਕਾਲਜ ਨਹੀਂ ਹੈ, ਜਿਸ ਦੀ ਮੰਗ ਕਈ ਵਾਰ ਲੋਕ ਸਮੇਂ ਦੀਆਂ ਸਰਕਾਰਾਂ ਪਾਸੋਂ ਕਰ ਚੁੱਕੇ ਹਨ। ਮਜਬੂਰਨ ਲੋਕ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਲਈ ਵੱਡੇ ਸ਼ਹਿਰਾਂ ਦੇ ਸਕੂਲਾਂ-ਕਾਲਜਾਂ ਵਿਚ ਭੇਜ ਰਹੇ ਹਨ। ਇਥੇ ਸਿਹਤ ਸਹੂਲਤਾਂ ਵੀ ਰੱਬ ਆਸਰੇ ਹਨ। ਖੇਮਕਰਨ ਵਿਚ ਬਣਿਆ ਇਕੋ-ਇਕ ਹਸਪਤਾਲ ਖੁਦ ਲਾਚਾਰ ਹੈ। ਉਥੇ ਨਾ ਮੁਫਤ ਦਵਾਈਆਂ ਦੀ ਸਹੂਲਤ ਹੈ ਤੇ ਨਾ ਹੀ ਐਮਰਜੈਂਸੀ ਵਾਸਤੇ ਸਪੈਸ਼ਲ ਡਾਕਟਰ ਉਪਲਬਧ ਹਨ। ਇਸ ਹਸਪਤਾਲ ਵਿਚ ਡਾਕਟਰਾਂ ਦੀ ਵੀ ਘਾਟ ਹੈ।

ਇਸ ਵੇਲੇ ਇਥੇ 9 ਡਾਕਟਰ ਡਿਊਟੀ ਦੇ ਰਹੇ ਹਨ, ਜਿਨ੍ਹਾਂ ਵਿਚੋਂ ਤਿੰਨ-ਤਿੰਨ ਡਾਕਟਰ ਦਿਨ-ਰਾਤ ਕੰਮ ਕਰ ਕੇ ਅਗਲੇ ਦਿਨ ਛੁੱਟੀ ਕਰ ਜਾਂਦੇ ਹਨ। ਇਸ ਹਸਪਤਾਲ ਵਿਚ ਬੱਚਿਆਂ ਦੇ ਮਾਹਿਰ ਅਤੇ ਮੈਡੀਕਲ ਸਰਜਨ ਸਮੇਤ ਹੋਰ ਕਈ ਡਾਕਟਰਾਂ ਦੀ ਘਾਟ ਹੈ। ਸਵੀਪਰ ਅਤੇ ਚੌਕੀਦਾਰ ਵੀ ਨਾ ਹੋਣ ਕਰਕੇ ਸਫ਼ਾਈ ਦਾ ਬੁਰਾ ਹਾਲ ਹੈ। ਜੇ ਇਸ ਖੇਤਰ ਵਿਚ ਰੁਜ਼ਗਾਰ ਦੇ ਵਸੀਲਿਆਂ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਨਾ ਤਾਂ ਕੋਈ ਸ਼ੈਲਰ ਹੈ ਤੇ ਨਾ ਕੋਈ ਹੋਰ ਸਨਅਤ ਹੈ। ਸਰਕਾਰ ਵੱਲੋਂ ਇਥੇ ਰੁਜ਼ਗਾਰ ਦੇ ਸਾਧਨ ਵੀ ਪੈਦਾ ਨਹੀਂ ਕੀਤੇ ਜਾ ਰਹੇ। ਇਸ ਖੇਤਰ ਦੇ ਲੋਕ ਜ਼ਿਆਦਾਤਰ ਖੇਤੀਬਾੜੀ ਨਾਲ ਜੁੜੇ ਹੋਏ ਹਨ। ਇਸ ਖੇਤਰ ਵਿਚ ਖੇਤੀਬਾੜੀ ਵਾਲੀ ਜ਼ਮੀਨ ਦੀ ਸਿੰਜਾਈ ਨਹਿਰੀ ਪਾਣੀ ਨਾਲ ਹੁੰਦੀ ਸੀ ਪਰ ਸਰਕਾਰ ਦੀ ਕਥਿਤ ਅਣਗਹਿਲੀ ਕਾਰਨ ਸਾਰੀਆਂ ਨਹਿਰਾਂ, ਰਜਵਾਹੇ ਤੇ ਸੂਏ ਸਫ਼ਾਈ ਨਾ ਹੋਣ ਕਾਰਨ ਤੇ ਪਾਣੀ ਨਾ ਆਉਣ ਕਰਕੇ ਸਰਕੰਡੇ ਤੇ ਘਾਹ ਫੂਸ ਨਾਲ ਭਰੇ ਪਏ ਹਨ। ਕਿਸਾਨ ਡੂੰਘੇ ਬੋਰ ਕਰਵਾ ਕੇ ਟਿਊਬਵੈੱਲਾਂ ਨਾਲ ਖੇਤੀਬਾੜੀ ਕਰਨ ਲਈ ਮਜਬੂਰ ਹਨ।

ਇਸ ਖੇਤਰ ਵਿਚ ਲਿੰਕ ਸੜਕਾਂ ਦਾ ਵੀ ਬੁਰਾ ਹਾਲ ਹੈ। ਮੁੱਖ ਹਾਈਵੇਅ ਅੰਮ੍ਰਿਤਸਰ-ਖੇਮਕਰਨ ਤੇ ਖਾਲੜਾ-ਹਰੀਕੇ ਸੜਕ ਨੂੰ ਨੈਸ਼ਨਲ ਹਾਈਵੇਅ ਅਥਾਰਿਟੀ ਵੱਲੋਂ ਚੌੜਾ ਕਰਨ ਦਾ ਕੰਮ ਕਰਵਾਇਆ ਜਾ ਰਿਹਾ ਹੈ। ਮੌਜੂਦਾ ਕਾਂਗਰਸ ਸਰਕਾਰ ਵੱਲੋਂ ਜਿੱਥੇ ਚੋਣਾਂ ਤੋਂ ਪਹਿਲਾਂ ਚਾਰ ਹਫ਼ਤਿਆਂ ਵਿਚ ਨਸ਼ਾ ਖ਼ਤਮ ਕਰਨ ਦੀ ਗੱਲ ਕੀਤੀ ਗਈ ਸੀ, ਉਥੇ ਹੀ ਖੇਮਕਰਨ ਦੇ ਹਲਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਵੱਲੋਂ ਪੁਲਿਸ ਤੇ ਸਿਵਲ ਪ੍ਰਸ਼ਾਸਨ ਨੂੰ ਨਾਲ ਲੈ ਕੇ 11 ਪਿੰਡਾਂ ਨੂੰ ਨਸ਼ਾ ਮੁਕਤ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਇਸ ਦੇ ਬਾਵਜੂਦ ਪਿੰਡਾਂ ਦੇ ਲੋਕਾਂ ਦੀ ਰਾਏ 'ਚ ਪਿੰਡਾਂ ਵਿਚ ਨਸ਼ਾ ਸ਼ਰ੍ਹੇਆਮ ਵਿਕਦਾ ਹੈ। ਦੇਸ਼ ਦੀ ਵੰਡ ਵੇਲੇ ਇਸ ਇਲਾਕੇ ਦੇ ਲੋਕਾਂ ਨੇ ਜੋ ਸੰਤਾਪ ਭੋਗਿਆ ਸੀ, ਉਹ ਜੰਗਾਂ, ਯੁੱਧਾਂ ਤੇ ਖਤਰੇ ਕਾਰਨ ਅਜੇ ਵੀ ਬਰਕਰਾਰ ਹੈ। 1965, 1971 ਦੀ ਭਾਰਤ-ਪਾਕਿ ਜੰਗ, ਕਾਰਗਿਲ ਦੀ ਲੜਾਈ, ਸਰਜੀਕਲ ਸਟਰਾਈਕ ਅਤੇ ਹੋਰ ਖ਼ਤਰੇ ਦੇ ਸਮਿਆਂ ਵਿਚ ਇਸ ਇਲਾਕੇ ਦੇ ਲੋਕਾਂ ਦਾ ਉਜਾੜਾ ਹੁੰਦਾ ਰਿਹਾ ਹੈ। ਕਈ ਵਾਰ ਉੱਜੜ ਕੇ ਮੁੜ ਕਾਰੋਬਾਰ ਚਲਾ ਕੇ ਨੁਕਸਾਨ ਝੱਲਣ ਵਾਲੇ ਇਨ੍ਹਾਂ ਲੋਕਾਂ ਦੀ ਕਿਸੇ ਸਰਕਾਰ ਨੇ ਬਾਂਹ ਨਹੀਂ ਫੜੀ।

# ਆਮ ਲੋਕਾਂ ਲਈ ਨਵੇਂ ਸਾਲ ਦੀ ਆਮਦ ਦਾ ਕੀ ਅਰਥ!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਇੱਕ ਹੋਰ ਸਾਲ ਨੂੰ ਸਮੇਟਿਆ ਜਾਂਦਾ ਅਤੇ ਇੱਕ ਹੋਰ ਸਾਲ ਨੂੰ ਛਾਲਾਂ ਮਾਰ ਕੇ ਆਉਂਦਾ ਵੇਖਣ ਵਾਲੀ ਘੜੀ ਦੇ ਗਵਾਹ ਬਣਨ ਲੱਗੇ ਹਾਂ। ਲੋਕੀਂ ਇੱਕ ਵਾਰੀ ਫਿਰ ਇੱਕ ਦੂਸਰੇ ਨੂੰ ਨਵਾਂ ਸਾਲ ਮੁਬਾਰਕ ਕਹਿਣਗੇ। ਸ਼ਾਇਦ ਉਹ ਲੋਕ ਵੀ ਕਿਸੇ ਨਾ ਕਿਸੇ ਨੂੰ ਕਹਿਣਗੇ, ਜਿਨ੍ਹਾਂ ਨੇ ਪਿਛਲਾ ਸਾਲ ਮਾਣਿਆ ਜਾਂ ਹੰਢਾਇਆ ਨਹੀਂ, ਭੁਗਤਿਆ ਹੋਵੇਗਾ। ਇੱਕ ਆਮ ਕਹਾਵਤ ਹੈ ਕਿ ਘਰ-ਘਰ ਉਨ੍ਹਾਂ ਲੋਕਾਂ ਦੇ ਬੱਚੇ ਵੀ ਖੇਡਦੇ ਹਨ, ਜਿਨ੍ਹਾਂ ਕੋਲ ਘਰ ਨਹੀਂ ਹੁੰਦੇ। ਨਵਾਂ ਸਾਲ ਮਾਣਨ ਅਤੇ ਮਨਾਉਣ ਦਾ ਜਿਨ੍ਹਾਂ ਨੂੰ ਕਦੇ ਮੌਕਾ ਹੀ ਨਹੀਂ ਮਿਲ ਸਕਿਆ, ਨਵੇਂ ਸਾਲ 'ਤੇ ਉਹ ਵੀ ਮੁਬਾਰਕ ਦੇ ਦਿੰਦੇ ਹਨ। ਬੜੇ ਲੋਕ ਇਸ ਕੰਮ ਲਈ ਕੁਝ ਦਿਨ ਪਹਿਲਾਂ ਤੋਂ ਤਿਆਰੀ ਸ਼ੁਰੂ ਕਰਨ ਲੱਗਦੇ ਹਨ, ਕੁਝ ਕਾਰਡ ਛਪਵਾ ਕੇ ਭੇਜਣ ਵਾਲੇ ਕੰਮ ਰੁੱਝ ਜਾਂਦੇ ਹਨ ਤੇ ਕੁਝ ਇੰਟਰਨੈਟ ਤੋਂ ਇਸ ਨਾਲ ਸਬੰਧ ਰੱਖਦੇ ਸੁਨੇਹੇ ਚੁਣਨ ਲੱਗਦੇ ਹਨ, ਜੋ ਨਵਾਂ ਸਾਲ ਚੜ੍ਹਦਾ ਵੇਖ ਕੇ ਮੁੱਕਦੇ ਸਾਲ ਦੀ ਸ਼ਾਮ ਨੂੰ ਭੇਜਣੇ ਹੁੰਦੇ ਹਨ। ਏਸੇ ਨਾਲ ਦੋ ਕੁ ਦਿਨ ਉਹ ਖੁਸ਼ ਰਹਿ ਲੈਂਦੇ ਹਨ।

ਨਵਾਂ ਸਾਲ ਮਨੁੱਖਤਾ ਨੂੰ ਵਕਤ ਦੇ ਇੱਕ ਹੋਰ ਅਗਲੇ ਦੌਰ ਵਿਚ ਦਾਖਲੇ ਦਾ ਸੱਦਾ ਦਿੰਦਾ ਹੈ, ਪਰ ਪਿਛਲੇ ਸਾਲਾਂ ਦੇ ਲੇਖੇ ਵਿਚ ਅਜਿਹਾ ਕੁਝ ਲੱਭਣਾ ਬਹੁਤ ਔਖਾ ਹੈ ਕਿ ਭਾਰਤ ਕਿਸੇ 'ਅਗਲਾ' ਕਹੇ ਜਾਣ ਵਾਲੇ ਦੌਰ ਵਿਚ ਕਦਮ ਰੱਖਣ ਵਾਲਾ ਵੀ ਹੋਇਆ ਹੈ। ਬਹੁਤ ਥੋੜ੍ਹੇ ਮੌਕੇ ਖੁਸ਼ੀ ਵਾਲੇ ਨਸੀਬ ਹੁੰਦੇ ਹਨ। ਜ਼ਿਆਦਾ ਘਟਨਾਵਾਂ ਅਜਿਹੀਆਂ ਵਾਪਰਦੀਆਂ ਹਨ ਕਿ ਸਾਨੂੰ ਭਾਰਤ ਅੱਗੇ ਵਧਦਾ ਦਿੱਸਣ ਦੀ ਥਾਂ ਕੁਝ ਮਾਮਲਿਆਂ ਵਿਚ ਪਿੱਛੇ ਨੂੰ ਗਿੜਦਾ ਜਾਪਣ ਲੱਗ ਪੈਂਦਾ ਹੈ। ਪਹਿਲਾਂ ਇਹ ਸੁਣਿਆ ਜਾਂਦਾ ਸੀ ਕਿ ਬੀਤੇ ਪੰਜ ਸਾਲਾਂ ਵਿਚ ਭਾਰਤ ਨੇ ਆਹ ਪ੍ਰਾਪਤੀਆਂ ਕੀਤੀਆਂ ਹਨ ਅਤੇ ਅੱਜ ਕੱਲ੍ਹ ਇਹ ਗੱਲ ਸੁਣਨੀ ਪੈ ਰਹੀ ਹੈ ਕਿ ਭਾਰਤ ਨੇ ਆਪਣੇ ਵੱਡਿਆਂ ਦੀ ਵਿਰਾਸਤ ਨੂੰ ਐਨਾ ਖੋਰਾ ਲਾ ਛੱਡਿਆ ਹੈ।

ਅਸੀਂ ਬਹੁਤ ਪੁਰਾਣੇ ਮਾਮਲਿਆਂ ਵੱਲ ਜਾਣ ਦੀ ਥਾਂ ਸਿਰਫ ਪੰਜਾਂ ਸਾਲਾਂ ਦਾ ਲੇਖਾ ਕਰੀਏ ਤਾਂ ਪਹਿਲੀ ਗੱਲ ਸੋਚਣ ਦੀ ਇਹ ਹੈ ਕਿ ਕੀ ਕਦੀ ਇਨਸਾਨ ਏਨਾ ਬੇਕਦਰਾ ਹੋਇਆ ਸੀ, ਜਿੰਨਾ ਇਸ ਵਕਤ ਹੋਇਆ ਪਿਆ ਹੈ? ਰਾਜਸਥਾਨ ਦੀ ਇੱਕੋ ਘਟਨਾ ਇਸ ਦਾ ਖੁਲਾਸਾ ਕਰਨ ਲਈ ਕਾਫੀ ਹੈ। ਇੱਕ ਥਾਂ ਗਊਆਂ ਲੈ ਕੇ ਜਾਂਦੇ ਕੁਝ ਬੰਦਿਆਂ ਨੂੰ ਭੀੜ ਨੇ ਕੁੱਟ ਦਿੱਤਾ ਤੇ ਫਿਰ ਪੁਲਿਸ ਆ ਗਈ। ਭੀੜ ਦੇ ਕੁੱਟੇ ਉਹ ਬੰਦੇ ਮਰਨਾਊ ਪਏ ਸਨ, ਪੁਲਿਸ ਨੇ ਨਹੀਂ ਸੀ ਚੁੱਕੇ ਤੇ ਗਊਆਂ ਨੂੰ ਇੱਕ ਟਰੱਕ ਵਿਚ ਲੱਦ ਕੇ ਕੁਝ ਕਿਲੋਮੀਟਰ ਦੂਰ ਗਊ-ਸ਼ਾਲਾ ਵਿਚ ਛੱਡਣ ਚਲੀ ਗਈ। ਵਾਪਸ ਆਣ ਕੇ ਬੰਦੇ ਚੁੱਕੇ ਅਤੇ ਉਨ੍ਹਾਂ ਨੂੰ ਹਸਪਤਾਲ ਛੱਡਣ ਗਈ ਤਾਂ ਸਿਰਫ ਤਿੰਨ ਕਿਲੋਮੀਟਰ ਦੂਰੀ ਤੈਅ ਕਰਨ ਵਿਚ ਪੁਲਿਸ ਵਾਲਿਆਂ ਨੂੰ ਏਨਾ ਸਾਹ ਚੜ੍ਹਿਆ ਕਿ ਉਹ ਰਾਹ ਵਿਚ ਚਾਹ ਪੀਣ ਲੱਗ ਪਏ। ਜਦੋਂ ਤੱਕ ਉਹ ਲੋਕ ਹਸਪਤਾਲ ਪਹੁੰਚੇ, ਇੱਕ ਬੰਦਾ ਮਰ ਚੁਕਾ ਸੀ। ਗਊਆਂ ਨੂੰ ਬਚਾਉਣਾ ਜ਼ਰੂਰੀ ਸੀ, ਕਿਉਂਕਿ ਉਨ੍ਹਾਂ ਨੂੰ ਕੁਝ ਹੋ ਜਾਂਦਾ ਤਾਂ ਸਾਰੇ ਦੇਸ਼ ਵਿਚ 'ਕੁਝ ਦਾ ਕੁਝ' ਹੋ ਜਾਂਦਾ।

ਦੂਜਾ ਸਵਾਲ ਹੈ, ਭਰੋਸੇਯੋਗਤਾ ਦਾ। ਲੋਕਾਂ ਨੂੰ ਆਪਣੇ ਦੇਸ਼ ਦੇ ਸਿਸਟਮ ਵਿਚ ਯਕੀਨ ਨਹੀਂ ਰਿਹਾ। ਇਸ ਤਰ੍ਹਾਂ ਦੀ ਬੇਭਰੋਸਗੀ ਦਾ ਪਤਾ ਆਮ ਲੋਕਾਂ ਦੀ ਗੱਲਬਾਤ ਵਿਚੋਂ ਨੇੜਲੇ ਥਾਣੇ ਦੀ ਪੁਲਿਸ ਤੋਂ ਲੈ ਕੇ ਦੇਸ਼ ਦੇ ਸਿਖਰ ਉਤੇ ਬੈਠੇ ਆਗੂਆਂ ਬਾਰੇ ਹੁੰਦੀਆਂ ਟਿਪਣੀਆਂ ਤੋਂ ਲੱਗਦਾ ਹੈ। ਉਪਰ ਵਾਲੇ ਆਪਸ ਵਿਚ ਵੀ ਇਹੋ ਕੁਝ ਕਹਿੰਦੇ ਹਨ। ਸਰਕਾਰ ਨੇ ਦੇਸ਼ ਨੂੰ ਚਲਾਉਣਾ ਹੈ ਤਾਂ ਕਹਿੰਦੀ ਹੈ ਕਿ ਲੋਕ ਉਸ ਦਾ ਯਕੀਨ ਕਰਨ, ਪਰ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਜਿੰਦਾਂ ਫੈਸਲਾ ਦਿੱਤਾ ਹੈ, ਉਸ ਨੇ ਯਕੀਨ ਪਤਲਾ ਕਰ ਦਿੱਤਾ ਹੈ।

ਆਮ ਪ੍ਰਭਾਵ ਹੈ ਕਿ ਸਰਕਾਰ ਨੇ ਅਦਾਲਤ ਨੂੰ ਗੁੰਮਰਾਹ ਕਰਨ ਵਾਲਾ ਐਫੀਡੇਵਿਟ ਪੇਸ਼ ਕਰ ਕੇ ਆਪਣੇ ਪੱਖ ਦਾ ਫੈਸਲਾ ਕਰਨ ਦੇ ਹਾਲਾਤ ਪੈਦਾ ਕਰ ਲਏ ਸਨ। ਸਰਕਾਰ ਨੇ ਇਸ ਪਿੱਛੋਂ ਸੱਚੇ ਹੋਣ ਲਈ ਸੁਪਰੀਮ ਕੋਰਟ ਨੂੰ ਇਹ ਲਿਖ ਭੇਜਿਆ ਹੈ ਕਿ ਉਸ ਦੀ ਚਿੱਠੀ ਦੀ ਭਾਸ਼ਾ ਗਲਤ ਸਮਝੀ ਗਈ ਹੈ, ਚਿੱਠੀ ਤਾਂ 'ਭੂਤ ਕਾਲ' (ਪਾਸਟ ਟੈਂਸ) ਵਿਚ ਸੀ ਤੇ ਅਦਾਲਤ ਨੇ 'ਵਰਤਮਾਨ' (ਪਰੈਜ਼ੈਂਟ ਟੈਂਸ) ਵਿਚ ਸਮਝ ਲਈ ਸੀ। ਭਾਵ ਦੇਸ਼ ਦੀ ਸਭ ਤੋਂ ਉਚੀ ਅਦਾਲਤ ਵਿਚ ਬੈਠੇ ਜੱਜ ਸਾਹਿਬਾਨ ਨੂੰ ਚਿੱਠੀ ਪੜ੍ਹਨੀ ਨਹੀਂ ਆਈ ਤੇ ਇਸ ਲਈ ਫੈਸਲਾ ਭੁਲੇਖੇ ਵਾਲਾ ਹੋ ਗਿਆ ਹੈ। ਉਰਦੂ ਦਾ ਸ਼ੇਅਰ ਹੈ: 'ਕੌਨ ਨਾ ਮਰ ਜਾਏ ਇਸ ਸਾਦਗੀ ਪੇ।'

ਕੇਂਦਰ ਸਰਕਾਰ ਦੀ ਆਪਣੇ ਬਚਾਅ ਵਾਸਤੇ ਅਦਾਲਤ ਉਤੇ ਚਿੱਠੀ ਨਾ ਸਮਝ ਸਕਣ ਦੀ ਊਜ ਇਹੋ ਦੱਸਦੀ ਹੈ ਕਿ ਉਸ ਨੂੰ ਇਸ ਦੇਸ਼ ਦੇ ਲੋਕਾਂ ਦੀ ਅਕਲ ਏਨੀ ਸਿੱਧੜ ਜਾਪਦੀ ਹੈ ਕਿ ਉਸ ਸਰਕਾਰ ਦੀ ਦਿੱਤੀ ਇਹ ਸਮਝਾਉਣੀ ਵੀ ਹਰ ਭਾਰਤੀ ਨਾਗਰਿਕ ਦੇ ਖਾਤੇ ਵਿਚ 'ਤਿੰਨ-ਤਿੰਨ' ਲੱਖ ਰੁਪਏ ਪਾਉਣ ਦੇ ਜੁਮਲੇ ਵਾਂਗ ਸਮਝ ਕੇ ਲੋਕ ਹਜ਼ਮ ਕਰ ਜਾਣਗੇ। ਇਸ ਨਾਲ ਸਿਸਟਮ ਬਾਰੇ ਲੋਕਾਂ ਵਿਚ ਪੈਦਾ ਹੋਈ ਬੇਭਰੋਸਗੀ ਹੋਰ ਵੀ ਵਧਣ ਵੱਲ ਜਾ ਸਕਦੀ ਹੈ।

ਤੀਜਾ ਸਵਾਲ ਦੇਸ਼ ਦੀ ਫੌਜ ਦੇ ਕੁਝ ਜਰਨੈਲਾਂ ਵੱਲੋਂ ਰਿਟਾਇਰਮੈਂਟ ਤੋਂ ਬਾਅਦ ਦੀ ਝਾਕ ਵਿਚ ਸਰਕਾਰੀ ਧਿਰ ਦੇ ਪੱਖ ਵਿਚ ਬਿਆਨਬਾਜ਼ੀ ਤੋਂ ਪੈਦਾ ਹੁੰਦਾ ਹੈ। ਕਦੀ ਜਨਰਲ ਥਿਮੱਈਆ ਨੇ ਕੁਝ ਗੱਲਾਂ ਉਤੇ ਬੜਾ ਸਾਫ ਪੈਂਤੜਾ ਲਿਆ ਸੀ ਤੇ ਕੁਝ ਗੱਲਾਂ ਉਤੇ ਬੜੇ ਭੁਲੇਖੇ ਪੈਦਾ ਹੋਣ ਲੱਗੇ ਸਨ। ਉਦੋਂ ਦੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪੁੱਤਰ ਦੀ ਬਦਤਮੀਜ਼ੀ ਦੇ ਖਿਲਾਫ ਫੌਜ ਵੱਲੋਂ ਸਿਨਮਾ ਘੇਰਨ ਦੀ ਕਾਰਵਾਈ ਨੂੰ ਉਸ ਨੇ ਜਾਇਜ਼ ਠਹਿਰਾਇਆ ਤਾਂ ਠੀਕ ਕੀਤਾ ਸੀ, ਪਰ ਬਾਕੀ ਗੱਲਾਂ ਵਿਚ ਠੀਕ ਨਹੀਂ ਸੀ। ਉਹ ਅੰਗਰੇਜ਼ੀ ਰਾਜ ਵੇਲੇ ਦਾ ਫੌਜੀ ਅਫਸਰ ਸੀ ਤੇ ਉਸ ਸਾਮਰਾਜੀ ਰਾਜ ਦੇ ਵਕਤ ਫੌਜ ਕੋਲ ਤਾਕਤਾਂ ਬਹੁਤ ਜ਼ਿਆਦਾ ਹੁੰਦੀਆਂ ਸਨ। ਉਹ ਆਜ਼ਾਦੀ ਪਿੱਛੋਂ ਵੀ ਉਹੋ ਜਿਹੀ ਹੈਸੀਅਤ ਆਪਣੇ ਹੱਥ ਚਾਹੁੰਦਾ ਸੀ, ਪਰ ਇਹ ਇਸ ਲਈ ਨਹੀਂ ਸੀ ਦਿੱਤੀ ਜਾ ਸਕਦੀ ਕਿ ਪਾਕਿਸਤਾਨ ਦਾ ਤਜਰਬਾ ਭਾਰਤ ਨੂੰ ਪਤਾ ਸੀ, ਇਸ ਲਈ ਲੋਕਤੰਤਰ ਦੇ ਭਵਿੱਖ ਵਾਸਤੇ ਇਸ ਅੱਗੇ ਸਪੀਡ ਬਰੇਕਰ ਲਾਉਣਾ ਠੀਕ ਸੀ।

ਫਿਰ ਜਦੋਂ ਬੰਗਲਾ ਦੇਸ਼ ਬਣਿਆ ਤਾਂ ਫੌਜ ਦੀ ਮੁੜ ਸ਼ਾਨ ਹੋ ਗਈ, ਉਸ ਵੇਲੇ ਰਾਜਨੀਤੀ ਦੇ ਇੱਕ ਖਾਸ ਹਿੱਸੇ ਵੱਲੋਂ 'ਵੀ ਵਾਂਟ ਮਾਨਿਕ ਸ਼ਾਅ', ਅਰਥਾਤ ਸਾਨੂੰ ਫੌਜ ਦੇ ਮੁਖੀ ਜਨਰਲ ਮਾਣਕ ਸ਼ਾਹ ਦੀ ਅਗਵਾਈ ਚਾਹੀਦੀ ਹੈ, ਦੇ ਨਾਅਰੇ ਲੱਗੇ ਸਨ। ਭਾਰਤ ਦੇ ਲੋਕਾਂ ਨੇ ਇਸ ਨੂੰ ਪ੍ਰਵਾਨ ਨਹੀਂ ਸੀ ਕੀਤਾ ਤੇ ਜੇ ਉਸ ਵਕਤ ਅਜਿਹੀ ਗੱਲ ਅੱਗੇ ਵਧਦੀ ਤਾਂ ਲੋਕਤੰਤਰ ਲਈ ਬੜੀ ਖਤਰਨਾਕ ਹੋਣੀ ਸੀ। ਉਦੋਂ ਦੀ ਫੌਜੀ ਅਫਸਰਾਂ ਦੀ ਰਾਜਨੀਤੀ ਵਿਚ ਘਟੀ ਦਿਲਚਸਪੀ ਫਿਰ ਜਾਗਣ ਲੱਗੀ ਹੈ। ਉਹ ਰਾਫੇਲ ਜਹਾਜ਼ਾਂ ਅਤੇ ਹੋਰ ਸੌਦਿਆਂ ਬਾਰੇ ਸਰਕਾਰ ਤੇ ਵਿਰੋਧੀ ਧਿਰ ਦਰਮਿਆਨ ਚੱਲਦੀ ਘਟੀਆ ਜਿਹੀ ਬਹਿਸ ਦੌਰਾਨ ਏਦਾਂ ਦੇ ਬਿਆਨ ਦੇਣ ਲੱਗ ਪਏ ਹਨ, ਜੋ ਭਾਰਤੀ ਫੌਜ ਦੇ ਕਿਰਦਾਰ ਨੂੰ ਢਾਹ ਲਾਉਣ ਵਾਲੇ ਹੋ ਸਕਦੇ ਹਨ। ਇਸ ਤੋਂ ਬਚਣ ਦੀ ਲੋੜ ਹੈ, ਪਰ ਜਦੋਂ ਸਰਕਾਰ ਵਿਚ ਬੈਠੇ ਕੁਝ ਲੋਕ ਖੁਦ ਫੌਜੀ ਅਫਸਰਾਂ ਨੂੰ ਏਦਾਂ ਕਰਨ ਲਈ ਉਕਸਾ ਰਹੇ ਹੋਣ ਤਾਂ ਰੋਕਣ ਵਾਲਾ ਕੋਈ ਨਹੀਂ ਹੁੰਦਾ।

ਜਦੋਂ ਬੋਫੋਰਜ਼ ਤੋਪ ਸੌਦੇ ਦਾ ਰੌਲਾ ਪਿਆ ਸੀ, ਉਸ ਵਕਤ ਫੌਜੀ ਜਰਨੈਲਾਂ ਨੇ ਸਰਕਾਰ ਦੇ ਪੱਖ ਵਿਚ ਬੋਲਣ ਦੀ ਥਾਂ ਇਹ ਕਿਹਾ ਸੀ ਕਿ ਤੋਪ ਬੜੀ ਵਧੀਆ ਹੈ, ਪਰ ਜਿੰਨਾ ਇਸ ਬਾਰੇ ਰੌਲਾ ਪੈ ਗਿਆ ਹੈ, ਇਸ ਨੂੰ ਛੱਡ ਕੇ ਕੋਈ ਹੋਰ ਬਦਲ ਲੱਭਿਆ ਜਾ ਸਕਦਾ ਹੈ ਤਾਂ ਕਿ ਵਿਵਾਦ ਨਾ ਰਹੇ। ਅੱਜ ਏਦਾਂ ਨਹੀਂ ਹੁੰਦਾ।

ਤੀਜਾ ਮਾਮਲਾ ਇਸ ਦੇਸ਼ ਵਿਚ ਉਨ੍ਹਾਂ ਲੋਕਾਂ ਵੱਲੋਂ ਧਰਮ ਖੇਤਰ ਨੂੰ ਨਵਾਂ ਮੋੜਾ ਦੇਣ ਵਾਲਾ ਹੈ, ਜੋ ਧਰਮ ਦੀ ਦੁਰਵਰਤੋਂ ਕਰ ਕੇ ਸੱਤਾ ਦੇ ਸਿਖਰ ਤੱਕ ਪਹੁੰਚਦੇ ਹਨ। ਤਿੰਨ ਕੁ ਸਾਲ ਪਹਿਲਾਂ ਇੱਕ ਬੁੱਧੀਜੀਵੀ ਨੇ ਇਹ ਗੱਲ ਉਭਾਰ ਕੇ ਪੇਸ਼ ਕੀਤੀ ਸੀ ਕਿ ਅੱਜ ਤੱਕ ਰਾਮ, ਸੀਤਾ, ਲਛਮਣ ਦੇ ਨਾਲ ਹਨੂੰਮਾਨ ਨੂੰ ਇੱਕ ਮੰਚ ਉਤੇ ਪੇਸ਼ ਕੀਤਾ ਜਾਂਦਾ ਰਿਹਾ ਸੀ, ਪਰ ਅਚਾਨਕ ਰਾਮ, ਸੀਤਾ ਤੇ ਲਛਮਣ ਦੇ ਨਾਲ ਹਨੂੰਮਾਨ ਦਿਖਾਈ ਦੇਣਾ ਘਟਾ ਦਿੱਤਾ ਗਿਆ ਹੈ। ਕੁਝ ਥਾਂਈਂ ਜਦੋਂ ਰਾਮ ਅਤੇ ਸੀਤਾ ਦੇ ਨਾਲ ਲਛਮਣ ਨੂੰ ਹੈਲੀਕਾਪਟਰ ਵਿਚ ਲਿਆਂਦਾ ਗਿਆ ਤੇ ਹਨੂੰਮਾਨ ਅੱਗੇ ਮੈਦਾਨ ਵਿਚ ਖੜਾ ਉਡੀਕਦਾ ਦਿਖਾਈ ਦਿੱਤਾ ਤਾਂ ਸਾਨੂੰ ਇਸ ਗੱਲ ਵਿਚ ਵਜ਼ਨ ਨਜ਼ਰ ਆ ਗਿਆ, ਪਰ ਕਾਰਨ ਸਮਝ ਨਹੀਂ ਸੀ ਆਇਆ। ਇਸ ਸਾਲ ਵਿਚ ਇਹ ਗੱਲ ਵੀ ਸਮਝ ਆ ਗਈ ਹੈ।

ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ, ਜੋ ਇੱਕ ਧਾਰਮਕ ਮੱਠ ਦਾ ਮੁਖੀਆ ਹੈ, ਇਹ ਕਹਿੰਦਾ ਹੈ ਕਿ ਹਨੂੰਮਾਨ ਦਲਿਤ ਜਾਤੀ ਵਿਚੋਂ ਸੀ ਅਤੇ ਰਾਮ ਜੀ ਦੀ ਸੇਵਾ ਕਰਿਆ ਕਰਦਾ ਸੀ। ਇਸ ਦੇ ਨਾਲ ਹੀ ਸਾਨੂੰ ਇੱਕ ਮੰਨੇ ਹੋਏ ਇਤਿਹਾਸਕਾਰ ਦੀ ਇਹ ਟਿੱਪਣੀ ਯਾਦ ਆਈ ਕਿ ਆਰ. ਐਸ. ਐਸ. ਵੱਲੋਂ ਸੱਤਾ ਲਈ ਜਿਸ ਤਰ੍ਹਾਂ ਦੇ ਹਿੰਦੁਤੱਵ ਦਾ ਝੰਡਾ ਚੁੱਕਿਆ ਜਾ ਰਿਹਾ ਹੈ, ਜੇ ਇਹ ਸਿਰੇ ਚੜ੍ਹ ਗਿਆ ਤਾਂ ਫਿਰ ਦਲਿਤਾਂ ਨੂੰ 'ਸਵਰਨ ਜਾਤੀ' ਹਿੰਦੂਆਂ ਦੇ ਸੇਵਕ ਮੰਨੇ ਜਾਣ ਵਾਲਾ ਸਮਾਂ ਪਰਤ ਸਕਦਾ ਹੈ। ਉਹ ਸਮਾਂ ਇਸ ਦੇਸ਼ ਲਈ ਪਿੱਛਲ-ਖੁਰੀ ਚੱਲਣ ਵਾਲਾ ਹੋਵੇਗਾ।

ਅਜੋਕੇ ਦੌਰ ਵਿਚ ਜਦੋਂ ਰਾਮ ਜੀ ਦੇ ਨਾਲ ਵੀ ਦਲਿਤ ਰੱਖਣ ਦੀ ਕਹਾਣੀ ਪੇਸ਼ ਕੀਤੀ ਜਾ ਰਹੀ ਹੈ, ਹਾਲਾਂਕਿ ਭਾਰਤ ਵਿਚ ਜਾਤਾਂ ਦੀ ਵਿਵਸਥਾ ਰਾਮ ਜੀ ਤੋਂ ਢਾਈ ਹਜ਼ਾਰ ਸਾਲ ਬਾਅਦ ਸ਼ੁਰੂ ਹੋਈ ਸੀ, ਤਾਂ ਉਸ ਇਤਿਹਾਸਕਾਰ ਦੀ ਇਹ ਗੱਲ ਵੀ ਬਹੁਤ ਸਪੱਸ਼ਟ ਹੁੰਦੀ ਦਿਖਾਈ ਦੇ ਰਹੀ ਹੈ। ਇਹ ਉਸ ਦੌਰ ਵੱਲ ਮੋੜੇ ਦਾ ਸੰਕੇਤ ਹੈ, ਜਦੋਂ ਸ਼ੂਦਰ ਗਿਣੇ ਜਾਣ ਵਾਲੇ ਲੋਕਾਂ ਦੇ ਕੰਨਾਂ ਵਿਚ ਪਿਘਲਿਆ ਸਿੱਕਾ ਪਾਇਆ ਜਾਂਦਾ ਸੀ, ਤਾਂ ਕਿ ਉਹ ਕਿਤੇ ਭੁਲੇਖੇ ਨਾਲ ਵੀ ਰਾਮ ਦਾ ਨਾਂ ਸੁਣ ਕੇ ਅਮਰ ਨਾ ਹੋ ਜਾਂਦੇ ਹੋਣ। ਕਿਸੇ ਰਾਜ ਨੂੰ ਕਿਸੇ ਹਾਕਮ ਦਾ ਸਿੱਕਾ ਚੱਲਦਾ ਕਹਿਣਾ, ਇਸੇ ਗੰਦੀ ਰੀਤ ਨਾਲ ਸ਼ੁਰੂ ਹੋਇਆ ਹੋਵੇਗਾ।

ਜਿੱਥੋਂ ਤੱਕ ਇਸ ਦੇਸ਼ ਦੇ ਆਮ ਲੋਕਾਂ ਦਾ ਸਬੰਧ ਹੈ, ਉਨ੍ਹਾਂ ਲਈ ਲੋਕਤੰਤਰ ਸਿਰਫ ਇਹੀ ਲੈ ਕੇ ਆਇਆ ਹੈ ਕਿ ਗੁੰਡਿਆਂ ਦੀਆਂ ਧਾੜਾਂ ਵਾਲੀ ਇੱਕ ਜਾਂ ਦੂਸਰੀ ਧਿਰ ਵਿਚੋਂ ਕਿਸੇ ਇੱਕ ਦੀ ਚੋਣ ਕਰਦੇ ਰਹਿਣ, ਆਪਣੇ ਨਸੀਬੇ ਨੂੰ ਘੜਨ ਦਾ ਨਾ ਉਨ੍ਹਾਂ ਨੂੰ ਸੁਖਾਵਾਂ ਮੌਕਾ ਦਿੱਤਾ ਜਾ ਰਿਹਾ ਹੈ ਤੇ ਨਾ ਇਹੋ ਜਿਹਾ ਵੱਲ ਸਿਖਾਇਆ ਜਾ ਰਿਹਾ ਹੈ। ਵਿਚਾਰਗੀ ਵਾਲੀ ਜੂਨ ਕੱਟਣ ਵਾਲੇ ਉਨ੍ਹਾਂ ਆਮ ਲੋਕਾਂ ਲਈ ਇਹ ਸਾਲ ਗਿਆ ਜਾਂ ਨਵਾਂ ਆਇਆ ਬਹੁਤੇ ਖਾਸ ਅਰਥ ਹੀ ਨਹੀਂ ਰੱਖਦਾ।

# ਅੱਖੀਂ ਡਿੱਠੇ ਸੰਤਾਲੀ ਅਤੇ ਚੁਰਾਸੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਦਿੱਲੀ ਹਾਈ ਕੋਰਟ ਦੇ ਫੈਸਲੇ ਨੇ ਮੈਨੂੰ 1984 ਦੀ ਦਿੱਲੀ ਹੀ ਨਹੀਂ, 1947 ਵਾਲਾ ਆਪਣਾ ਜੱਦੀ ਪਿੰਡ ਸੂਨੀ ਵੀ ਚੇਤੇ ਕਰਵਾ ਦਿੱਤਾ ਹੈ, ਜੋ ਜ਼ਿਲ੍ਹਾ ਹੁਸ਼ਿਆਰਪੁਰ ਦੇ ਥਾਣਾ ਮਾਹਿਲਪੁਰ ਵਿਚ ਪੈਂਦਾ ਹੈ। ਪਹਿਲਾਂ ਅੱਖੀਂ ਡਿੱਠਾ ਚੁਰਾਸੀ ਅਤੇ ਫੇਰ ਸੰਨ ਸੰਤਾਲੀ, ਜਿਸ ਦਾ ਜ਼ਿਕਰ ਮਾਣਯੋਗ ਜੱਜ ਸਾਹਿਬਾਨ ਨੇ ਦਿੱਲੀ ਦੰਗਿਆਂ ਦੀ ਦਹਿਸ਼ਤ ਦਾ ਸਹੀ ਨਕਸ਼ਾ ਉਤਾਰਨ ਲਈ ਪੇਸ਼ ਕੀਤਾ ਹੈ। ਜਦੋਂ ਦੇਸ਼ ਭਰ ਵਿਚ ਕਰੀਬ ਪੰਜ ਹਜ਼ਾਰ ਸਿੱਖ ਕਤਲ ਹੋਏ ਤਾਂ ਮੈਂ ਨਵੀਂ ਦਿੱਲੀ ਦੀ ਭਾਰਤੀ ਨਗਰ ਕਾਲੋਨੀ ਵਿਚ ਰਹਿੰਦਾ ਸਾਂ। ਉਦੋਂ ਦਿੱਲੀ ਦੇ ਐਨਸੀਆਰ ਖੰਡ ਵਿਚ 2,733 ਸਿੱਖ ਬੇਰਹਿਮੀ ਨਾਲ ਕਤਲ ਕੀਤੇ ਗਏ ਸਨ। ਮੇਰੇ ਮਿੱਤਰ ਤੇ ਕਾਇਮ ਮੁਕਾਮ ਪੁਲਿਸ ਕਮਿਸ਼ਨਰ ਗੁਰਦਿਆਲ ਸਿੰਘ ਮੰਡੇਰ ਦੀ ਵੀ ਕਿਸੇ ਨਾ ਸੁਣੀ। ਉਹ ਮੇਰੇ ਘਰ ਤੋਂ ਸੌ ਗਜ਼ ਦੀ ਵਿੱਥ 'ਤੇ ਸੜਕ ਪਾਰਲੀ ਲੋਧੀ ਐਸਟੇਟ ਵਿਚ ਰਹਿੰਦਾ ਸੀ।

ਉਨ੍ਹਾਂ ਦੰਗਿਆਂ ਵਿਚ ਮੇਰੇ, ਮੇਰੀ ਮਾਂ ਦੇ ਚਾਚੇ ਦੇ ਪੁੱਤ ਤੇ ਮੇਰੇ ਹਾਣੀ ਸ਼ਮਸ਼ੇਰ ਸਿੰਘ ਦੇ ਘਰ ਨੂੰ ਅੱਗ ਲਾ ਕੇ ਸਾੜਿਆ ਗਿਆ ਤਾਂ ਉਹ ਤੇ ਉਸ ਦੇ ਤਿੰਨ ਪੁੱਤਰਾਂ ਵਿਚੋਂ ਇੱਕ ਪੁੱਤਰ ਹੀ ਬਚਿਆ। ਉਸ ਦੀ ਖਬਰ ਮੈਨੂੰ ਟੈਲੀਫੋਨ ਉਤੇ ਦਿੱਤੀ ਜਾ ਰਹੀ ਸੀ ਤਾਂ ਦੂਜੇ ਟੈਲੀਫੋਨ ਉਤੇ ਪੰਜਾਬੀ ਸਾਹਿਤ ਸਭਾ, ਦਿੱਲੀ ਦੇ ਪ੍ਰਧਾਨ ਕੁਲਦੀਪ ਸਿੰਘ ਨੂੰ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਖਬਰ ਆ ਗਈ। ਉਨ੍ਹਾਂ ਦੀ ਖਬਰ ਸਾਰ ਲੈਣ ਲਈ ਮੰਡੇਰ ਦੀ ਮਦਦ ਮੰਗੀ ਤਾਂ ਉਸ ਨੇ ਇੱਕ ਹੀ ਵਾਕ ਬੋਲਿਆ, "ਜੇ ਤੇਰੇ ਘਰ ਵਲ ਨੂੰ ਦੰਗਈ ਆਉਣ ਤਾਂ ਆਪਣਾ ਗੜ੍ਹਵਾਲੀ ਰਸੋਇਆ ਮੇਰੇ ਘਰ ਭੇਜ ਦੇਵੀਂ, ਮੈਂ ਤੈਥੋਂ ਸਿਵਾ ਹੋਰ ਕਿਸੇ ਨੂੰ ਨਹੀਂ ਬਚਾ ਸਕਦਾ।"

ਘਰ ਦੇ ਟੈਲੀਫੋਨਾਂ ਵਿਚੋਂ ਇੱਕ ਬੰਦ ਹੁੰਦਾ ਸੀ ਤਾਂ ਦੂਜਾ ਬੋਲ ਪੈਂਦਾ ਸੀ। ਇੱਕ ਪਾਸੇ ਅਜੀਤ ਕੌਰ ਤੇ ਤਾਰਾ ਸਿੰਘ ਕਾਮਲ ਰੋ ਰਹੇ ਸਨ ਤੇ ਦੂਜੇ ਪਾਸੇ ਮੈਂ ਆਪਣੇ ਸੀਨੀਅਰ ਮਿੱਤਰ ਖੁਸ਼ਵੰਤ ਸਿੰਘ ਦਾ ਹਾਲ ਪੁੱਛ ਰਿਹਾ ਸਾਂ। ਅਸੀਂ ਸਾਰੇ ਹੀ ਬੇਬੱਸ ਸਾਂ। ਭਾਵੇਂ ਨਵੀਂ ਦਿੱਲੀ ਦੇ ਅਤਿਅੰਤ ਸੁਰੱਖਿਅਤ ਇਲਾਕੇ ਵਿਚ ਇੱਕ ਦੂਜੇ ਦੇ ਬਹੁਤ ਨੇੜੇ ਰਹਿੰਦੇ ਸਾਂ। ਦਿੱਲੀ ਦੀ ਬੁੱਕਲ ਵਾਲੀਆਂ ਬਸਤੀਆਂ ਵਿਚ ਕੀ ਹੋਇਆ? ਹਾਈ ਕੋਰਟ ਦੇ 207 ਪੰਨਿਆਂ ਵਾਲੇ ਫੈਸਲੇ ਵਿਚ ਦਰਜ ਹੈ। ਜਦੋਂ ਦੰਗਾਕਾਰੀਆਂ ਉਤੇ ਭਾਰਤੀ ਸੈਨਾ ਨੇ ਕਾਬੂ ਪਾਇਆ ਤਾਂ ਮੈਂ ਆਪਣੇ ਯਮਨਾ ਪਾਰ ਦੇ ਰਿਸ਼ਤੇਦਾਰਾਂ ਨੂੰ ਮਿਲ ਕੇ ਆਇਆ। ਮੈਂ ਆਪਣੇ ਉਸ ਸਫਰ ਦੀ ਗੱਲ ਲੈ ਕੇ ਸਾਰੇ ਮਰਦ-ਔਰਤਾਂ ਨੂੰ ਅੰਮ੍ਰਿਤਧਾਰੀ ਬਣਾ ਦਿੱਤਾ ਤੇ ਉਹ ਕੱਛ, ਕੜਾ, ਕੰਘੇ, ਕਿਰਪਾਨਾਂ ਸਮੇਤ ਅੰਮ੍ਰਿਤਧਾਰੀ ਹੋ ਗਏ ਅਤੇ ਸਿਰਾਂ 'ਤੇ ਪੀਲੇ ਪਟਕੇ ਤੇ ਪੀਲੀਆਂ ਚੁੰਨੀਆਂ ਸਜਾ ਲਈਆਂ। ਸਾਡੇ ਪਿੰਡ ਦੇ ਹਿੰਦੂ-ਸਿੱਖਾਂ ਨੇ ਸੁੱਖ ਦਾ ਸਾਹ ਲਿਆ ਹੀ ਸੀ ਕਿ 4-5 ਦਿਨਾਂ ਪਿੱਛੋਂ ਸੈਂਕੜਿਆਂ ਦੀ ਗਿਣਤੀ ਵਿਚ ਆਏ ਹਿੰਦੂ-ਸਿੱਖ ਦੰਗਾਕਾਰੀਆਂ



ਨਵੰਬਰ 1984 ਦੇ ਸਿੱਖ ਕਤਲੇਆਮ ਦਾ ਸ਼ਿਕਾਰ ਹੋਈਆਂ ਬੀਬੀਆਂ

ਆਪਣੀ ਕਹਾਣੀ 'ਮੁਰਗੀ ਦਾ ਪੰਜਾ' ਵਿਚ ਲਿਖੀ, ਜੋ ਦੇਸ਼ ਵਿਚ ਹੀ ਨਹੀਂ, ਪਰਦੇਸ ਵਿਚ ਵੀ ਮਕਬੂਲ ਹੋਈ।

ਚੁਰਾਸੀ ਦੇ ਦੰਗਿਆਂ ਸਮੇਂ ਮੈਂ ਪੰਜਾਹ ਸਾਲ ਦਾ ਸਾਂ ਤੇ 1947 ਵਿਚ ਸਾਢੇ ਤੇਰਾਂ ਸਾਲ ਦਾ। ਮੇਰੇ ਪਿੰਡ ਵਿਚ ਇੱਕ ਤਿਹਾਈ ਵਸੋਂ ਮੁਸਲਮਾਨ ਅਰਾਈਆਂ ਦੀ ਸੀ, ਜੋ ਹਰ ਸਮੇਂ ਬਾਕੀ ਵਸੋਂ ਦਾ ਹੱਥ ਵਟਾਉਂਦੇ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਜੇ ਉਹ ਅੰਮ੍ਰਿਤ ਛਕ ਕੇ ਸਿੰਘ ਬਣ ਜਾਣ ਤਾਂ ਜਨਮ ਭੂਮੀ ਤਿਆਗ ਕੇ ਪਾਕਿਸਤਾਨ ਜਾਣ ਤੋਂ ਬਚ ਸਕਦੇ ਹਨ। ਪਿੰਡ ਵਾਲਿਆਂ ਨੇ ਉਨ੍ਹਾਂ ਦੀ ਪ੍ਰਵਾਨਗੀ ਨੇ ਪੀਲੀ ਚੁੰਨੀ ਤੇ ਪੀਲੇ ਪਟਕੇ ਵਾਲਿਆਂ ਦੇ ਘਰ ਘਾਟ ਹੀ ਨਹੀਂ ਲੁੱਟੇ, ਇੱਜ਼ਤਾਂ ਲੁੱਟਣ ਤੇ ਕਤਲਾਂ ਦੀ ਵੀ ਕਸਰ ਨਹੀਂ ਛੱਡੀ। ਸਾਡੇ ਪਿੰਡ ਦੇ ਗਿਣੇ-ਮਿਣੇ ਹਿੰਦੂ-ਸਿੱਖ ਉਨ੍ਹਾਂ ਦੀ ਰਾਖੀ ਨਹੀਂ ਕਰ ਸਕੇ। ਸਾਰੇ ਆਪਣੇ ਆਪ ਨੂੰ ਬੇਇੱਜ਼ਤ ਹੋਇਆ ਮਹਿਸੂਸ ਕਰ ਰਹੇ ਸਨ। ਕਤਲ ਹੋਏ 23 ਮਰਦਾਂ ਦਾ ਪਿੰਡ ਦੀ ਮਸੀਤ ਦੇ ਪਿੱਛੇ ਅਸੀਂ ਹਿੰਦੂ ਸਿੱਖ ਮਰਿਆਦਾ ਅਨੁਸਾਰ ਸਸਕਾਰ ਕੀਤਾ। ਅਗਵਾ ਕੀਤੀਆਂ ਸੱਤ ਨੂੰਹਾਂ-ਧੀਆਂ ਨੂੰ ਦੰਗਾਕਾਰੀ ਅਰਾਈਆਂ ਦੇ ਗੱਡਿਆਂ ਨੂੰ ਉਨ੍ਹਾਂ ਦੇ ਬਲਦ ਜੋਤ ਕੇ ਉਨ੍ਹਾਂ ਉਤੇ ਬਿਠਾ ਕੇ ਲਿਜਾ ਚੁਕੇ ਸਨ।

ਮੇਰੇ ਪਿੰਡ ਵਾਲਿਆਂ ਨੂੰ ਆਪਣੀ ਇੱਜ਼ਤ ਬਹਾਲ ਕਰਨ ਦਾ ਮੌਕਾ ਉਸੇ ਸਾਲ ਮਿਲ ਗਿਆ। ਉਧਾਲੀਆਂ ਗਈਆਂ ਸੱਤ ਬਹੂ-ਬੇਟੀਆਂ ਵਿਚੋਂ ਗੇਹੇਦੇ ਭਰਾਈ ਦੀ ਨੂੰਹ ਤੇ ਧੀ ਸਬਬ ਨਾਲ ਕਿਸੇ ਇੱਕ ਘਰ ਵਿਚ ਇਕੱਠੀਆਂ ਹੋ ਗਈਆਂ। ਅਗਲੀ ਸਵੇਰ ਉਹ ਜੰਗਲ ਪਾਣੀ ਲਈ ਪਿੰਡ ਦੀ ਜੂਹ ਤੋਂ ਬਾਹਰ ਗਈਆਂ ਤਾਂ ਉਨ੍ਹਾਂ ਨੇ ਆਪਣੀ ਜਨਮ ਭੋਂ, ਭਾਵ ਸਾਡਾ ਪਿੰਡ ਵੇਖਣ ਦਾ ਮਨ ਬਣਾ ਲਿਆ। ਪੈਂਡਾ ਬਹੁਤ ਥੋੜ੍ਹਾ ਸੀ, ਮਸਾਂ ਦੋ ਕੋਹ। ਉਹ ਸਿੱਧੀਆਂ ਮੇਰੇ ਸੇਵਾ ਮੁਕਤ ਸੂਬੇਦਾਰ ਤਾਏ ਸ਼ਿਵ ਸਿੰਘ ਦੇ ਘਰ ਜਾ ਵੜੀਆਂ। ਤਾਏ ਦੀਆਂ ਚਾਰੇ ਧੀਆਂ ਨੂੰ ਉਹ ਬਚਪਨ ਤੋਂ ਜਾਣਦੀਆਂ ਸਨ। ਮਿਲ ਕੇ ਸਾਗ ਤੋੜਦੀਆਂ ਤੇ ਕਪਾਹ ਚੁਗਦੀਆਂ ਰਹੀਆਂ ਸਨ।

ਚਾਰ ਕੁ ਮਹੀਨੇ ਪਿੱਛੋਂ ਜਦੋਂ ਪੋਹ-ਮਾਘ ਦੀ ਸੰਗਰਾਂਦ ਵੇਲੇ ਪਿੰਡ ਦੇ ਬਹੁਤ ਸਾਰੇ ਹਿੰਦੂ-ਸਿੱਖ ਪਠਲਾਵੇ ਦੇ ਵੱਡੇ ਗੁਰਦੁਆਰੇ ਗਏ ਹੋਏ ਸਨ ਤਾਂ ਉਨ੍ਹਾਂ ਨੂੰ ਉਧਾਲਣ ਵਾਲੇ ਰਤਨ ਸਿੰਘ, ਪ੍ਰੀਤਮ ਸਿੰਘ ਤੇ ਬਲਵੰਤ ਸਿੰਘ ਉਨ੍ਹਾਂ ਨੂੰ ਸਾਡੇ ਪਿੰਡ ਤੋਂ ਚੁੱਕਣ ਆ ਗਏ। ਉਹ ਕ੍ਰਮਵਾਰ ਪਿੰਡ ਗੋਬਿੰਦਪੁਰ, ਜੀਂਦੋਵਾਲ ਤੇ ਲੱਲੀਆਂ ਤੋਂ ਸਨ। ਇਹ ਸਾਰੇ ਪਿੰਡ ਮੇਰੇ ਪਿੰਡ ਸੂਨੀ ਤੋਂ ਮਸਾਂ ਪੰਜ ਕੋਹ ਦੀ ਦੂਰੀ 'ਤੇ ਸਨ। ਉਹ ਆਪਣੇ ਨਾਲ ਹੈਂਡ ਗਰਨੇਡ ਤੇ ਦੂਜੇ ਹਥਿਆਰ ਹੀ ਨਹੀਂ ਸਨ ਲੈ ਕੇ ਆਏ, ਆਪਣੇ ਸ਼ਿਕਾਰ ਨੂੰ ਬਿਠਾ ਕੇ ਲਿਜਾਣ ਲਈ ਘੋੜੀ ਵੀ ਲਿਆਏ ਸਨ। ਮੇਰੇ ਪਿੰਡ ਵਾਲਿਆਂ ਨੂੰ ਆਪਣਾ ਗੁੱਸਾ ਕੱਢਣ ਦਾ ਮੌਕਾ ਮਿਲ ਗਿਆ। ਉਨ੍ਹਾਂ ਨੇ ਤਿੰਨਾਂ ਸਿੱਖਾਂ ਨੂੰ ਪਿੰਡ ਦੀ ਨੂੰਹ-ਧੀ ਦੀ ਰਾਖੀ ਹਿਤ ਉਸੇ ਤਰ੍ਹਾਂ ਪਲਾਂ ਛਿਣਾਂ ਵਿਚ ਕਤਲ ਕਰ ਦਿੱਤਾ ਜਿਵੇਂ ਅਗਸਤ ਵਿਚ ਉਨ੍ਹਾਂ ਨੇ ਕੀਤਾ ਸੀ।

ਮੈਂ ਸੰਨ ਸੰਤਾਲੀ ਦੇ ਵਰਤਾਰੇ ਉਤੇ 'ਅਮਰ ਕਥਾ' ਨਾਂ ਦੀ ਕਹਾਣੀ ਲਿਖ ਕੇ ਨਵੇਂ ਕਹਾਣੀ ਸੰਗ੍ਰਿਹ ਦਾ ਨਾਂ ਵੀ ਇਹੀਓ ਰੱਖਿਆ, ਜਿਸ ਨੂੰ ਭਾਰਤੀ ਸਾਹਿਤ ਅਕਾਡਮੀ ਨੇ ਉਚੇ ਪੁਰਸਕਾਰ ਲਈ ਚੁਣਿਆ। ਹੁਣ ਜਦੋਂ ਮੇਰੇ ਜੀਵਨ ਦੀਆਂ ਸਭ ਲੋੜਾਂ ਪੂਰੀਆਂ ਹੋ ਚੁਕੀਆਂ ਹਨ ਤਾਂ ਮੈਂ ਆਪਣੇ ਪਿੰਡ ਦਾ ਪਰਵੇਸ਼ ਦੁਆਰ ਬਣਵਾ ਕੇ ਉਸ ਦਾ ਨਾਂ ਵੀ ਹੋਰਨਾਂ ਪਿੰਡਾਂ ਵਾਂਗ ਕਿਸੇ ਗੁਰੂ, ਪੀਰ, ਪੈਗੰਬਰ ਦੇ ਨਾਂ ਉਤੇ ਨਹੀਂ, ਕੇਵਲ 'ਅਮਰ ਕਥਾ ਦਰਵਾਜ਼ਾ' ਲਿਖਿਆ ਹੈ।

ਸੰਨ ਸੰਤਾਲੀ ਅਤੇ ਚੁਰਾਸੀ ਦੇ ਵਰਤਾਰੇ ਦੀ ਜੇ ਕੋਈ ਗੱਲ ਸਾਂਝੀ ਹੈ ਤਾਂ ਇਹ ਕਿ ਆਦਮੀ ਦਾ ਇਹ ਪੁੱਤ ਚੰਗੇ ਕੰਮ ਕਰਦਾ ਵੀ ਸਿਖਰਾਂ ਛੂਹੰਦਾ ਹੈ ਪਰ ਜਦੋਂ ਇਸ ਦੀ ਮੱਤ 'ਤੇ ਪਰਦਾ ਪੈਂਦਾ ਹੈ ਤਾਂ ਵਹਿਸ਼ੀਪੁਣੇ ਵਿਚ ਜਾਨਵਰਾਂ ਨੂੰ ਵੀ ਮਾਤ ਪਾ ਦਿੰਦਾ ਹੈ। ਇਹ ਵੀ ਕਿ ਜੇ ਸਾਡੇ ਪਿੰਡ ਵਾਲਿਆਂ ਨੇ ਸੈਂਕੜੇ ਹਜ਼ਾਰਾਂ ਦੰਗਾਕਾਰੀਆਂ ਵਿਚੋਂ ਕੇਵਲ ਤਿੰਨ ਸਿੱਖ ਹੀ ਮਾਰੇ ਤਾਂ ਮਾਣਯੋਗ ਅਦਾਲਤ ਵੀ ਕਈ ਹਜ਼ਾਰ ਦੋਸ਼ੀਆਂ ਵਿਚੋਂ ਕੇਵਲ ਗਿਣੇ ਚੁਣੇ ਬੰਦਿਆਂ ਨੂੰ ਹੀ ਸਜ਼ਾ ਸੁਣਾ ਸਕੀ ਹੈ।

ਹਾਈ ਕੋਰਟ ਨੇ ਦੰਗਿਆਂ ਦੇ ਪ੍ਰਸੰਗ ਵਿਚ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਵੀ ਚੇਤੇ ਕੀਤਾ ਹੈ,

ਇੱਕ ਰੋਈ ਸੀ ਧੀ ਪੰਜਾਬ ਦੀ
ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ
ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਉਠ ਦਰਦਮੰਦਾਂ ਦੇ ਦਰਦੀਆ
ਤੂੰ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ
ਤੇ ਲਹੂ ਦੀ ਭਰੀ ਚਨਾਬ।

# ਪੰਜਾਬ ਟਾਈਮਜ਼

*ਸਨਿਚਰਵਾਰ, 29 ਦਸੰਬਰ 2018*


## ਸ਼ਹਾਦਤਾਂ ਨੂੰ ਸਿਜਦਾ

ਦਸੰਬਰ ਦਾ ਦੂਜਾ ਪੰਦਰਵਾੜਾ ਸਿੱਖਾਂ ਲਈ ਹੀ ਨਹੀਂ, ਕੁੱਲ ਪੰਜਾਬੀਆਂ ਲਈ ਸ਼ਹਾਦਤਾਂ, ਸੂਰਬੀਰਤਾ ਅਤੇ ਸੋਗ ਵਾਲਾ ਪੰਦਰਵਾੜਾ ਹੈ। ਇਨ੍ਹਾਂ ਦਿਨਾਂ ਦੌਰਾਨ ਹੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਅਤੇ ਹੋਰ ਸਿੰਘ ਰਣ-ਤੱਤੇ ਵਿਚ ਜੂਝਦੇ ਸ਼ਹੀਦ ਹੋਏ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇ ਵਜ਼ੀਰ ਖਾਨ ਨੇ ਕੰਧ ਵਿਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ। ਅਜਿਹੀਆਂ ਸ਼ਹਾਦਤਾਂ ਦੀ ਮਿਸਾਲ ਦੁਨੀਆਂ ਭਰ ਵਿਚ ਕਿਤੇ ਹੋਰ ਨਹੀਂ ਲੱਭਦੀ। ਸਾਰਾ ਸੰਸਾਰ ਜਾਣਦਾ ਹੈ ਕਿ ਚਮਕੌਰ ਦੀ ਜੰਗ ਅਸਾਵੀਂ ਜੰਗ ਸੀ, ਮੁਗਲ ਫੌਜਾਂ ਅਤੇ ਸਿੱਖਾਂ ਵਿਚਕਾਰ ਕੋਈ ਮੁਕਾਬਲਾ ਨਹੀਂ ਸੀ ਪਰ ਗੁਰੂ ਦੇ ਸਿੰਘ ਇਸ ਲੜਾਈ ਵਿਚ ਜਿਸ ਸ਼ਿੱਦਤ ਨਾਲ ਲੜੇ, ਉਸ ਨੇ ਇਸ ਲੜਾਈ ਨੂੰ ਸੰਸਾਰ ਦੀਆਂ ਅਹਿਮ ਲੜਾਈਆਂ ਵਿਚ ਸ਼ੁਮਾਰ ਕਰ ਦਿੱਤਾ। ਇਸੇ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੇ ਮੌਸਮ ਅਤੇ ਹਾਕਮਾਂ ਦਾ ਹਰ ਕਹਿਰ ਸਹਾਰਦਿਆਂ ਆਪਣੇ ਅਕੀਦੇ ਲਈ ਜਾਨਾਂ ਕੁਰਬਾਨ ਕਰ ਦਿੱਤੀਆਂ। ਇਨ੍ਹਾਂ ਲਾਮਿਸਾਲ ਸ਼ਹੀਦੀਆਂ ਨੂੰ ਸਜਦਾ ਕਰਨ ਲਈ ਹੀ ਲੋਕ ਹਰ ਸਾਲ ਜੁੜਦੇ ਆ ਰਹੇ ਹਨ। ਇਤਿਹਾਸ ਵਿਚ ਦਰਜ ਹੈ ਕਿ ਸ਼ਹਾਦਤਾਂ ਦੇ ਸੋਗ ਵਿਚ ਇਲਾਕੇ ਵਿਚ ਇਨ੍ਹਾਂ ਦਿਨਾਂ ਦੌਰਾਨ ਚੁੱਲ੍ਹਾ ਨਹੀਂ ਸੀ ਬਲਦਾ ਹੁੰਦਾ, ਲੋਕ ਭੁੰਜੇ ਸੌਂ ਕੇ ਸ਼ਹਾਦਤਾਂ ਨੂੰ ਨਮਨ ਕਰਦੇ ਸਨ ਅਤੇ ਵਿਰਲਾਪ ਕਰਦੇ ਸਨ ਪਰ ਫਿਰ ਸੌੜੀ ਸਿਆਸਤ ਦੇ ਰੰਗ-ਢੰਗ ਨੇ ਇਹ ਸਭ ਕੁਝ ਤਹਿਸ-ਨਹਿਸ ਕਰ ਦਿੱਤਾ। ਸਮਾਂ ਪਾ ਕੇ ਹੋਣ ਲੱਗੀਆਂ ਨਿਰੋਲ ਸਿਆਸੀ ਕਾਨਫਰੰਸਾਂ ਨੇ ਸ਼ਹੀਦੀ ਸਮਾਗਮਾਂ ਦਾ ਸਰੂਪ ਹੀ ਬਦਲ ਕੇ ਰੱਖ ਦਿੱਤਾ। ਇਨ੍ਹਾਂ ਸਿਆਸੀ ਕਾਨਫਰੰਸਾਂ ਦੌਰਾਨ ਸ਼ਹੀਦਾਂ ਨੂੰ ਸਲਾਮੀ ਦੇਣ ਦੀ ਥਾਂ ਆਪੋ-ਆਪਣੀ ਧਿਰ ਦਾ ਪ੍ਰਚਾਰ ਬਹੁਤ ਜ਼ੋਰ-ਸ਼ੋਰ ਨਾਲ ਹੋਣ ਲੱਗਾ ਅਤੇ ਆਏ ਸਾਲ ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ ਭਾਰੂ ਹੁੰਦੀ ਗਈ। ਸ਼ਰਧਾਲੂਆਂ ਨੂੰ ਆਪਣੀ ਧਿਰ ਦੀ ਕਾਨਫਰੰਸ ਵਿਚ ਖਿੱਚਣ, ਭਾਵ ਆਪਣੀ ਗਿਣਤੀ ਵਧੇਰੇ ਦਿਖਾਉਣ ਲਈ ਜਲੇਬੀਆਂ-ਪਕੌੜਿਆਂ ਦੇ ਲੰਗਰ ਲੱਗਣ ਲੱਗ ਪਏ। ਦੇਖਦਿਆਂ ਦੇਖਦਿਆਂ ਇਹ ਵਬਾ ਪਿੰਡਾਂ ਤੱਕ ਜਾ ਅੱਪੜੀ ਅਤੇ ਸੰਗਤ ਦੇ ਆਉਣ ਵਾਲੇ ਰਾਹਾਂ ਉਤੇ ਵੀ ਅਜਿਹੇ ਲੰਗਰਾਂ ਦੀ ਭਰਮਾਰ ਹੋ ਗਈ। ਇਉਂ ਸੋਗ ਅਤੇ ਸ਼ਰਧਾਂਜਲੀ ਵਾਲੇ ਸਮਾਗਮਾਂ ਦੀ ਥਾਂ ਸਿਆਸਤ ਨੇ ਲੈ ਲਈ।

ਸ਼ੁਕਰ ਹੋਇਆ ਕਿ ਪਿਛਲੇ ਕੁਝ ਸਾਲਾਂ ਤੋਂ ਵੱਖ-ਵੱਖ ਧਿਰਾਂ ਵਲੋਂ ਆਵਾਜ਼ ਬੁਲੰਦ ਕਰਨ 'ਤੇ ਇਸ ਪਾਸੇ ਆਖਰਕਾਰ ਮੋੜਾ ਪਿਆ ਹੈ। ਅਕਾਲ ਤਖਤ ਦੇ ਜਥੇਦਾਰ ਦੀਆਂ ਬੇਨਤੀਆਂ ਬਰ ਆਈਆਂ ਅਤੇ ਲੋਕਾਂ ਨੇ ਜਲੇਬੀਆਂ-ਪਕੌੜਿਆਂ ਦੇ ਲੰਗਰਾਂ ਤੋਂ ਧਿਆਨ ਹਟਾਇਆ। ਸਿਆਸੀ ਕਾਨਫਰੰਸਾਂ ਵੀ ਤਕਰੀਬਨ ਬੰਦ ਹੋ ਗਈਆਂ; ਹੁਣ ਸਿਰਫ ਇੱਕਾ-ਦੁੱਕਾ ਧਿਰਾਂ ਹੀ ਆਪਣੀ ਸਿਆਸੀ ਗਰਜ਼ਾਂ ਕਾਰਨ ਅਜਿਹੀਆਂ ਕਾਨਫਰੰਸਾਂ ਕਰਦੀਆਂ ਹਨ। ਸਿਫਤ ਵਾਲੀ ਗੱਲ ਹੁਣ ਇਹ ਹੋਈ ਹੈ ਕਿ ਸੰਗਤ ਇਨ੍ਹਾਂ ਕਾਨਫਰੰਸਾਂ ਨੂੰ ਬਹੁਤਾ ਗੌਲਦੀ ਨਹੀਂ ਹੈ, ਕਿਉਂਕਿ ਪਿਛਲੇ ਸਾਲਾਂ ਦੌਰਾਨ ਸੰਗਤ ਦੇ ਮਨਾਂ ਅੰਦਰ ਇਸ ਵਿਚਾਰ ਨੇ ਘਰ ਕੀਤਾ ਹੈ ਕਿ ਇਹ ਦਿਨ ਸੋਗ ਦੇ ਦਿਨ ਹਨ, ਇਨ੍ਹਾਂ ਦਿਨਾਂ ਨੂੰ ਇਸ ਰੂਪ ਵਿਚ ਹੀ ਲੈਣਾ ਚਾਹੀਦਾ ਹੈ ਅਤੇ ਸਿਰਫ ਤੇ ਸਿਰਫ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣੀ ਚਾਹੀਦੀ ਹੈ। ਜਾਹਰ ਹੈ ਕਿ ਇਨ੍ਹਾਂ ਸਾਲਾਂ ਦੌਰਾਨ ਇਸ ਜੋੜ-ਮੇਲ ਜੋ ਪਹਿਲਾਂ ਸਿਆਸੀ ਧਿਰਾਂ ਨੇ 'ਜੋੜ ਮੇਲਾ' ਹੀ ਬਣਾ ਛੱਡਿਆ ਸੀ, ਸੱਚੀਆਂ ਸ਼ਰਧਾਂਜਲੀਆਂ ਦੇ ਰੰਗ ਵਿਚ ਰੰਗਿਆ ਜਾਣ ਲੱਗਾ ਹੈ। ਉਂਜ, ਸਿਆਸੀ ਧਿਰਾਂ ਬਹੁਤ ਵਾਰ ਆਪਣੀ ਆਈ ਤੋਂ ਟਲਦੀਆਂ ਨਹੀਂ। ਐਤਕੀਂ ਸੱਤਾਧਿਰ ਨੇ ਪੰਚਾਇਤੀ ਚੋਣਾਂ (30 ਦਸੰਬਰ) ਦਾ ਐਲਾਨ ਇਨ੍ਹਾਂ ਦਿਨਾਂ ਦੌਰਾਨ ਹੀ ਕੀਤਾ ਹੈ। ਵੱਖ-ਵੱਖ ਧਿਰਾਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਇਸ ਬਾਰੇ ਕਹਿੰਦੀਆਂ ਹਾਰ ਗਈਆਂ ਕਿ ਸੋਗ ਦੇ ਇਨ੍ਹਾਂ ਦਿਨਾਂ ਦੌਰਾਨ ਪੰਚਾਇਤੀ ਚੋਣਾਂ ਨਾ ਕਰਵਾਈਆਂ ਜਾਣ। ਅਜਿਹਾ ਕਰਨਾ ਸੰਭਵ ਵੀ ਸੀ ਪਰ ਸਰਕਾਰ ਨੇ ਕਿਸੇ ਦੀ ਨਾ ਮੰਨੀ। ਸਿੱਟੇ ਵਜੋਂ ਇਸ ਦਾ ਅਸਰ ਜੋੜ-ਮੇਲ ਵਿਚ ਆਮ ਲੋਕਾਂ ਦੀ ਆਮਦ ਉਤੇ ਤਾਂ ਪਿਆ ਹੀ ਹੈ, ਚੋਣਾਂ ਜਿੱਤਣ ਲਈ ਜੋ ਹਰਬੇ ਵਰਤੇ ਜਾਂਦੇ ਰਹੇ ਹਨ, ਉਹ ਸਿਲਸਿਲਾ ਵੀ ਲਗਾਤਾਰ ਚੱਲਿਆ ਹੈ। ਚੋਣਾਂ ਦੌਰਾਨ ਵੋਟਰਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਨਸ਼ੇ ਆਮ ਹੀ ਵਰਤਾਏ/ਵੰਡੇ ਜਾਂਦੇ ਹਨ। ਇਸ ਮਾਮਲੇ 'ਤੇ ਐਤਕੀਂ ਵੀ ਕਿਸੇ ਨੇ ਘੱਟ ਨਹੀਂ ਗੁਜ਼ਾਰੀ ਹੈ; ਹਾਲਾਂਕਿ ਖਬਰਾਂ ਇਹ ਵੀ ਹਨ ਕਿ ਕਈ ਪਿੰਡਾਂ ਵਿਚ ਸਰਬਸੰਮਤੀ ਵੀ ਹੋਈ ਹੈ ਪਰ ਸਮੁੱਚੇ ਰੂਪ ਵਿਚ ਇਹ ਸਰਬਸੰਮਤੀ ਨਿਗੂਣੀ ਹੀ ਹੈ।

ਚੋਣਾਂ ਦੇ ਇਸ ਘੜਮੱਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਸ਼ਰਧਾਲੂ ਆਪੋ-ਆਪਣੇ ਕੰਮ-ਧੰਦੇ ਛੱਡ ਕੇ ਸ਼ਹੀਦਾਂ ਨੂੰ ਸਿਜਦਾ ਕਰਨ ਪੁੱਜੇ ਹਨ। ਇਹੀ ਅਸਲ ਵਿਚ ਪੰਜਾਬ ਦੀ ਰਵਾਇਤ ਰਹੀ ਹੈ; ਪੰਜਾਬ ਦਾ ਜਨ-ਮਾਨਸ ਮੌਸਮ ਨਹੀਂ ਦੇਖਦਾ, ਕੋਈ ਅੜਿੱਕਾ ਨਹੀਂ ਦੇਖਦਾ, ਆਪਣੀ ਚਾਲੇ ਤੁਰਿਆ ਜਾਂਦਾ ਹੈ। ਇਹ ਚਾਲ ਹੀ ਪੰਜਾਬ ਦੀ ਰਵਾਨੀ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਜੋੜ-ਮੇਲ ਆਉਂਦੇ ਸਾਲਾਂ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਦਾ ਸੱਚਾ ਅਤੇ ਸੁੱਚਾ ਸਰੂਪ ਹੋ ਨਿਬੜੇਗਾ। ਇਸ ਵਿਚੋਂ ਸੌੜੀ ਸਿਆਸਤ ਮੁਕੰਮਲ ਰੂਪ ਵਿਚ ਖਾਰਜ ਹੋ ਜਾਵੇਗੀ। ਇਸ ਵਡੇਰੇ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਡੀ ਭੂਮਿਕਾ ਨਿਭਾ ਸਕਦੀ ਹੈ। ਉਂਜ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜਦੋਂ ਸ਼੍ਰੋਮਣੀ ਕਮੇਟੀ ਨੂੰ ਸੌੜੀ ਸਿਆਸਤ ਤੋਂ ਮੁਕਤ ਕਰਵਾ ਲਿਆ ਜਾਵੇਗਾ, ਕਿਉਂਕਿ ਅਜੇ ਤਾਂ ਇਸ ਕਮੇਟੀ ਉਤੇ ਸਿਰਫ ਇਕ ਧਿਰ ਦਾ ਹੀ ਕਬਜ਼ਾ ਹੋਇਆ ਪਿਆ ਹੈ, ਇਸੇ ਕਰਕੇ ਇਸ ਦੀਆਂ ਬਹੁਤੀਆਂ ਕਾਰਵਾਈਆਂ ਅਤੇ ਫੈਸਲੇ ਉਸ ਧਿਰ ਦੀ ਸਿਆਸਤ ਦੇ ਅਸਰ ਹੇਠ ਹੀ ਕੀਤੇ ਜਾ ਰਹੇ ਹਨ। ਇਹ ਸਿਤਮਜ਼ਰੀਫੀ ਹੀ ਹੈ ਕਿ ਇਹ ਧਿਰ ਸ਼੍ਰੋਮਣੀ ਕਮੇਟੀ ਨੂੰ ਸਦਾ ਆਪਣੀ ਸਿਆਸਤ ਲਈ ਵਰਤਦੀ ਆ ਰਹੀ ਹੈ। ਪਿਛਲੇ ਸਾਲਾਂ ਦੌਰਾਨ ਸੰਗਤ ਨੇ ਜੋੜ-ਮੇਲ ਦਾ ਸਰੂਪ ਬਦਲਦਾ ਦੇਖਿਆ ਹੈ, ਇਸੇ ਤਰ੍ਹਾਂ ਦਾ ਹੰਭਲਾ ਮਾਰਨ 'ਤੇ ਸ਼੍ਰੋਮਣੀ ਕਮੇਟੀ ਅੰਦਰ ਹੋ ਰਹੀ ਸਿਆਸਤ ਨੂੰ ਵੀ ਮੋੜਾ ਪੈ ਸਕਦਾ ਹੈ। ਇਸ ਕਾਰਜ ਖਾਤਰ ਸਭ ਧਿਰਾਂ ਨੂੰ ਸੱਚੇ ਦਿਲੋਂ ਪਿੜ ਵਿਚ ਨਿੱਤਰਨਾ ਪਵੇਗਾ, ਜਿਸ ਤਰ੍ਹਾਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਮਨਾਉਣ ਲਈ ਸੰਗਤ ਸੱਚੇ ਦਿਲ ਨਾਲ ਅਗਾਂਹ ਆਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਚਾਇਤ ਦੀ ਚੋਣ 'ਤੇ ਰੋਣ?*

ਕੋਈ ਵੀ ਗੱਲ ਪੰਜਾਬ ਦੀ ਜਦੋਂ ਕਰੀਏ, ਗੁਰੂਆਂ ਪੀਰਾਂ ਦੀ ਧਰਤਿ ਸਤਿਕਾਰਦੇ ਹਾਂ।
ਵੱਸਦਾ ਰੱਬ ਹੈ ਪਿੰਡਾਂ ਦੇ ਵਿਚ ਕਹਿ ਕੇ, ਜੰਮਣ ਭੋਇੰ ਨੂੰ ਬਹੁਤ ਪਿਆਰਦੇ ਹਾਂ।
ਲੰਗਰ ਲਾਇ ਕੇ ਦਿਨ ਦਿਹਾਰ ਉਤੇ, ਭੇਦ-ਭਾਵ ਅਤੇ ਵਿਤਕਰੇ ਮਾਰਦੇ ਹਾਂ।
ਚੜ੍ਹ ਕੇ ਛਹੇ ਸਿਆਸੀ ਆਗੂਆਂ ਦੇ, ਵਰਕੇ ਉਦੋਂ ਮੁਹੱਬਤਾਂ ਵਾਲੇ ਪਾੜਦੇ ਹਾਂ।
ਭੁੱਖ ਚਮਕਦੀ ਦੇਖ ਕੇ ਚੌਧਰਾਂ ਦੀ, ਆਵੇ ਸਿਆਣੀਆਂ ਅੱਖਾਂ 'ਚ ਰੋਣ ਯਾਰੋ।
ਉਡੇ ਖੰਭ ਲਾ ਭਰਾਤਰੀ ਪਿਆਰ ਕਿੱਥੇ, ਕਰੀਏ ਜਦੋਂ ਪੰਚਾਇਤਾਂ ਦੀ ਚੋਣ ਯਾਰੋ!

# ਮਾਲਟਾ ਕਾਂਡ: ਤ੍ਰਾਸਦੀ ਜੋ ਹਰ ਰੋਜ਼ ਵਾਪਰਦੀ ਹੈ

**ਮਾਲਟਾ ਕਾਂਡ ਨੂੰ ਵਾਪਰਿਆਂ 22 ਵਰ੍ਹੇ ਹੋ ਗਏ ਹਨ। ਸੰਸਾਰ ਦੇ ਹਰ ਖਿੱਤੇ ਵਿਚ ਪਰਵਾਸ ਹੁੰਦਾ ਹੈ ਪਰ ਜਿਸ ਤਰ੍ਹਾਂ ਦਾ ਪਰਵਾਸ ਪੰਜਾਬ ਨਾਲ ਜੁੜਿਆ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅੱਜ ਸਾਰਾ ਪੰਜਾਬ ਪਰਵਾਸ ਲਈ ਕਾਹਲਾ ਹੋਇਆ ਜਾਪਦਾ ਹੈ। ਪੱਤਰਕਾਰ ਅਤੇ ਦਸਤਾਵੇਜ਼ੀ ਫਿਲਮਸਾਜ਼ ਦਲਜੀਤ ਅਮੀ ਨੇ ਆਪਣੇ ਇਸ ਲੇਖ ਵਿਚ ਮਾਲਟਾ ਕਾਂਡ ਨਾਲ ਸਬੰਧ ਕੁਝ ਤੱਥਾਂ ਦੀ ਪੁਣਛਾਣ ਕੀਤੀ ਹੈ। -ਸੰਪਾਦਕ**

ਮਾਲਟਾ ਕਾਂਡ ਪੰਜਾਬੀਆਂ ਦੇ ਵਿਦੇਸ਼ ਜਾਣ ਨਾਲ ਜੁੜੀਆਂ ਤ੍ਰਾਸਦੀਆਂ ਦੀ ਨੁਮਾਇੰਦਗੀ ਕਰਦਾ ਹੈ। ਜੇ ਇੰਟਰਨੈੱਟ ਉਤੇ ਸਰਸਰੀ ਜਿਹੀ ਖੋਜ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਮਾਲਟਾ ਦੇ ਨਾਮ ਨਾਲ ਹੁੰਦੀਆਂ ਤ੍ਰਾਸਦੀਆਂ ਦੀ ਕੜੀ ਅਟੁੱਟ ਹੈ। ਇਸ ਤਰ੍ਹਾਂ ਮਾਲਟਾ ਕਾਂਡ ਸਿਰਫ ਪੰਜਾਬੀਆਂ ਦੇ ਪਰਦੇਸੀਂ ਜਾਣ ਵਿਚੋਂ ਉਪਜੀ ਤ੍ਰਾਸਦੀ ਨਾ ਹੋ ਕੇ ਸਮੁੱਚੀ ਦੁਨੀਆਂ ਵਿਚ ਪਰਵਾਸ ਦੇ ਰੁਝਾਨ ਵਿਚੋਂ ਉਪਜਦੀਆਂ ਤ੍ਰਾਸਦੀਆਂ ਦੀ ਨੁਮਾਇੰਦਗੀ ਕਰਦੀ ਜਾਪਦੀ ਹੈ।

ਕ੍ਰਿਸਮਸ ਵਾਲੇ ਦਿਨ 1996 ਨੂੰ ਅਫਰੀਕਾ ਤੋਂ ਯੂਰਪ ਜਾਣ ਦਾ ਤਰੱਦਦ ਕਰਦੇ ਮੁੰਡਿਆਂ ਦੀ ਕਿਸ਼ਤੀ ਸਮੁੰਦਰ ਵਿਚ ਡੁੱਬ ਗਈ। ਇਸ ਕਾਂਡ ਵਿਚ ਮਰਨ ਵਾਲਿਆਂ ਵਿਚ 170 ਮੁੰਡੇ ਪੂਰਬੀ ਪੰਜਾਬ (ਭਾਰਤ), 40 ਮੁੰਡੇ ਪੱਛਮੀ ਪੰਜਾਬ


**ਦਲਜੀਤ ਅਮੀ**

ਫੋਨ: +91-97811-21873


(ਪਾਕਿਸਤਾਨ) ਅਤੇ 90 ਸ੍ਰੀਲੰਕਾ ਤੋਂ ਸਨ। ਕੁੱਲ ਮੌਤਾਂ ਦੀ ਗਿਣਤੀ ਤਕਰੀਬਨ 270 ਸੀ।

**ਮਾਲਟਾ ਕਿੱਥੇ ਹੈ:** ਮਾਲਟਾ ਰੂਮ ਸਾਗਰ ਦਾ ਟਾਪੂ ਹੈ ਜੋ ਇਟਲੀ ਤੋਂ 80 ਕਿਲੋਮੀਟਰ, ਟਿਊਨੇਸ਼ੀਆ ਤੋਂ 284 ਕਿਲੋਮੀਟਰ ਅਤੇ ਲਿਬੀਆ ਤੋਂ 333 ਕਿਲੋਮੀਟਰ ਦੂਰ ਹੈ। ਤਕਰੀਬਨ 316 ਵਰਗ ਕਿਲੋਮੀਟਰ ਦਾ ਇਹ ਮੁਲਕ ਦੁਨੀਆਂ ਦਾ ਦਸਵੇਂ ਨੰਬਰ ਦਾ ਸਭ ਤੋਂ ਛੋਟਾ ਮੁਲਕ ਹੈ ਪਰ ਸੰਘਣੀ ਆਬਾਦੀ ਪੱਖੋਂ ਦੁਨੀਆਂ ਦਾ ਪੰਜਵੇਂ ਨੰਬਰ ਦਾ ਮੁਲਕ ਹੈ। ਪੰਜ ਲੱਖ ਤੋਂ ਘੱਟ ਦੀ ਆਬਾਦੀ ਵਾਲੇ ਮਾਲਟਾ ਵਿਚ ਸਾਲਾਨਾ ਸੋਲਾਂ ਲੱਖ ਤੋਂ ਜ਼ਿਆਦਾ ਸੈਲਾਨੀ ਆਉਂਦੇ ਹਨ। ਯੂਰਪ ਅਤੇ ਅਫਰੀਕਾ ਦੇ ਵਿਚਕਾਰ ਹੋਣ ਕਾਰਨ ਇਹ ਸਮੁੰਦਰੀ ਜਹਾਜ਼ਾਂ ਦਾ ਅਹਿਮ ਟਿਕਾਣਾ ਹੈ ਜਿਸ ਦੀ ਅਹਿਮੀਅਤ ਰੂਮ ਸਾਗਰ ਅਤੇ ਲਾਲ ਸਾਗਰ ਨੂੰ ਜੋੜਨ ਵਾਲੀ ਸਵੇਜ਼ ਨਹਿਰ ਬਣਨ ਨਾਲ ਹੋਰ ਵਧ ਗਈ। ਇਸ ਦੀਆਂ ਬੰਦਰਗਾਹਾਂ ਉਤੇ ਬਰਾਮਦ/ਦਰਾਮਦ ਦਾ ਸਾਮਾਨ ਚੜ੍ਹਾਉਣ/ਉਤਾਰਨ ਤੋਂ ਇਲਾਵਾ ਸਮੁੰਦਰੀ ਜਹਾਜ਼ ਤੇਲ/ਪਾਣੀ/ਰਾਸ਼ਨ ਲਈ ਰੁਕਦੇ ਹਨ। ਇਹ ਯਾਤਰੀਆਂ ਤੇ ਵਪਾਰੀਆਂ ਦਾ ਪਸੰਦੀਦਾ ਟਿਕਾਣਾ ਬਣ ਜਾਂਦਾ ਹੈ।

**ਮਾਲਟਾ ਕਾਂਡ ਕਿਵੇਂ ਵਾਪਰਿਆ:** ਮਾਲਟਾ ਕਾਂਡ ਤੋਂ 22 ਸਾਲ ਪਿਛੋਂ ਉਸ ਕਾਂਡ ਦਾ ਸਿਲਸਿਲਾ ਕ੍ਰਮਵਾਰ ਲਿਖਣਾ ਸੁਖਾਲਾ ਹੈ ਕਿਉਂਕਿ ਇਸ ਦੌਰਾਨ ਵੱਖ-ਵੱਖ ਮੌਕਿਆਂ ਅਤੇ ਮੁਲਕਾਂ ਵਿਚੋਂ ਗਵਾਹੀਆਂ ਮਿਲਦੀਆਂ ਰਹੀਆਂ ਹਨ। ਦਸਤਾਵੇਜ਼ੀ ਫਿਲਮਸਾਜ਼ਾਂ ਨੇ ਫਿਲਮਾਂ ਬਣਾਈਆਂ ਹਨ। ਇਸ ਪਿਛੋਂ ਵਾਪਰੀਆਂ ਤ੍ਰਾਸਦੀਆਂ ਰਾਹੀਂ ਪੁਰਾਣੀਆਂ ਤ੍ਰਾਸਦੀਆਂ ਬਾਬਤ ਅੰਦਾਜ਼ੇ ਲਗਾਉਣੇ ਸੁਖਾਲੇ ਹੋਏ ਹਨ। ਅਫਰੀਕਾ ਤੋਂ ਯੂਰਪ ਜਾਣ ਲਈ ਨਾ ਸਿਰਫ ਅਫਰੀਕੀ ਮੂਲ ਦੇ ਲੋਕ ਰੂਮ ਸਾਗਰ ਪਾਰ ਕਰਨ ਦਾ ਤਰੱਦਦ ਕਰਦੇ ਸਨ ਸਗੋਂ ਏਸ਼ੀਆ ਤੋਂ ਵੀ ਲੋਕ ਇਸ ਲਾਂਘੇ ਦਾ ਇਸਤੇਮਾਲ ਕਰਦੇ ਹਨ। ਇਸ ਕਾਰਨ ਇਹ ਮਨੁੱਖੀ ਤਸਕਰੀ ਦਾ ਬਦਨਾਮ ਖਿੱਤਾ ਹੈ ਜਿਥੇ ਤਸਕਰਾਂ ਦੇ ਕੌਮਾਂਤਰੀ ਗ੍ਰੋਹ ਸਰਗਰਮ ਹਨ।

ਮਾਲਟਾ ਜਹਾਜ਼ ਦੁਰਘਟਨਾ ਜਾਂਚ ਮਿਸ਼ਨ ਦੇ ਬਾਨੀ ਬਲਵੰਤ ਸਿੰਘ ਖੇੜਾ ਨੇ ਇਸ ਕਾਂਡ ਦੇ ਤੱਥਾਂ ਅਤੇ ਸਿਲਸਿਲੇ ਦੀ ਥਹੁ ਪਾਉਣ ਲਈ ਮੌਕੇ ਦੇ ਗਵਾਹਾਂ ਨਾਲ ਮੁਲਾਕਾਤਾਂ ਕੀਤੀਆਂ ਹਨ ਅਤੇ ਉਨ੍ਹਾਂ ਥਾਵਾਂ ਦਾ ਦੌਰਾ ਕੀਤਾ ਹੈ।

**ਹਾਦਸੇ ਵਾਲੀ ਕਿਸ਼ਤੀ ਤੱਕ ਦਾ ਸਫਰ:** ਅਫਰੀਕਾ ਦੇ ਸਮੁੰਦਰੀ ਤਟ ਤੋਂ ਸਭ ਦੇ ਨੇੜੇ ਯੂਰਪ ਦੇ ਦੋ ਮੁਲਕ ਸਪੇਨ ਅਤੇ ਮਾਲਟਾ ਹਨ। ਇਸ ਸਮੁੰਦਰ ਨੂੰ ਪਾਰ ਕਰਨ ਲਈ ਕਿਸ਼ਤੀਆਂ ਅਤੇ ਜਹਾਜ਼ਾਂ ਦਾ ਇਸਤੇਮਾਲ ਹੁੰਦਾ ਹੈ। ਮਾਲਟਾ ਕਾਂਡ ਵਿਚ ਸਿਲਸਿਲਾ ਕਿਸ਼ਤੀਆਂ ਰਾਹੀਂ ਸ਼ੁਰੂ ਹੁੰਦਾ ਹੋਇਆ ਜਹਾਜ਼ ਰਾਹੀਂ ਕਿਸ਼ਤੀ ਤੱਕ ਪੁੱਜਿਆ। ਤਸਕਰਾਂ ਨੇ ਉਸ ਜਹਾਜ਼ ਵਿਚ ਵੱਖ-ਵੱਖ ਮੁਲਕਾਂ ਤੋਂ ਸਵਾਰੀਆਂ ਚੜ੍ਹਾਈਆਂ ਜੋ ਕਿਸ਼ਤੀਆਂ ਰਾਹੀਂ ਸਮੁੰਦਰ ਵਿਚ ਖੜ੍ਹੇ ਜਹਾਜ਼ ਤੱਕ ਪਹੁੰਚਾਈਆਂ ਗਈਆਂ। ਬਲਵੰਤ ਸਿੰਘ ਖੇੜਾ ਦੱਸਦੇ ਹਨ ਕਿ ਉਸ ਜਹਾਜ਼ ਵਿਚ 565 ਮੁੰਡੇ ਸਵਾਰ ਸਨ ਅਤੇ ਇਹ ਦੋ-ਤਿੰਨ ਮਹੀਨੇ ਸਮੁੰਦਰ ਵਿਚ ਰਿਹਾ। ਕ੍ਰਿਸਮਸ ਦੇ ਦਿਹਾੜੇ ਨੂੰ ਢੁੱਕਵਾਂ ਮੌਕਾ ਸਮਝ ਕੇ ਕਿਸ਼ਤੀਆਂ ਰਾਹੀਂ ਇਨ੍ਹਾਂ ਮੁੰਡਿਆਂ ਨੂੰ ਵੱਖ-ਵੱਖ ਥਾਵਾਂ ਉਤੇ ਉਤਾਰਿਆ ਜਾਣਾ ਸੀ। ਚਿਰਾਂ ਤੋਂ ਉਡੀਕ ਵਿਚ ਬੇਸਬਰੇ ਹੋਏ ਮੁੰਡਿਆਂ ਅੰਦਰ ਕਿਸ਼ਤੀ ਵਿਚ ਸਵਾਰ ਹੋਣ ਦੀ ਕਾਹਲ ਸੀ ਤਾਂ ਤਸਕਰ ਵੀ ਵੱਧ ਤੋਂ ਵੱਧ ਸਵਾਰੀਆਂ ਚੜ੍ਹਾਉਣੀਆਂ ਚਾਹੁੰਦੇ ਸਨ। ਉਹ ਕਿਸ਼ਤੀ ਸਵਾਰੀਆਂ ਦੇ ਵਜ਼ਨ ਨਾਲ ਬੈਠ ਗਈ।

**ਖਬਰ ਕਿਵੇਂ ਆਈ:** ਜਿਥੇ ਤਸਕਰ ਗ਼ੈਰ-ਕਾਨੂੰਨੀ ਸਵਾਰੀਆਂ ਨੂੰ ਸਮੁੰਦਰੀ ਜਹਾਜ਼ ਵਿਚੋਂ ਕਿਸ਼ਤੀ ਵਿਚ ਚੜ੍ਹਾਉਣਗੇ, ਉਹ ਥਾਂ ਕਿਸੇ ਹੋਰ ਦੀ ਨਜ਼ਰ ਵਿਚ ਹੋਣ ਦੀ ਗੁੰਜਾਇਸ਼ ਘੱਟ ਹੈ। ਤਸਕਰਾਂ ਨੇ ਜਹਾਜ਼ ਵਿਚ ਬਚੀਆਂ ਸਵਾਰੀਆਂ ਨੂੰ ਯੂਨਾਨ, ਗਰੀਸ 'ਚ ਉਤਾਰਿਆ ਤੇ ਕਿਸੇ ਗੁਦਾਮ 'ਚ ਬੰਦ ਕਰ ਦਿੱਤਾ। ਜਦੋਂ ਇਨ੍ਹਾਂ ਵਿਚੋਂ ਕੁਝ ਜਣੇ ਭੱਜਣ 'ਚ ਕਾਮਯਾਬ ਹੋਏ ਤਾਂ ਖਬਰ ਬਾਹਰ ਆਈ।

ਬਲਵੰਤ ਸਿੰਘ ਖੇੜਾ ਦੱਸਦੇ ਹਨ ਕਿ ਇਟਲੀ ਵਿਚ ਸੰਸਦੀ ਜਾਂਚ ਕਮੇਟੀ ਬਣਾਈ ਗਈ ਸੀ ਪਰ ਪੰਜ-ਛੇ ਮਹੀਨੇ ਬਾਅਦ ਸਬੂਤਾਂ ਦੀ ਅਣਹੋਂਦ ਕਾਰਨ ਇਹ ਜਾਂਚ ਬੰਦ ਕਰ ਦਿੱਤੀ ਗਈ। ਪੰਜਾਬ ਵਿਚ ਲਾਪਤਾ ਮੁੰਡਿਆਂ ਦੇ ਮਾਪਿਆਂ ਦੀ ਬੇਚੈਨੀ ਖਬਰਾਂ ਦਾ ਸਬੱਬ ਬਣੀ ਸੀ ਪਰ ਜਦੋਂ ਕੋਈ ਸਬੂਤ ਨਾ ਮਿਲਣ ਦੀ ਗੱਲ ਆਉਂਦੀ ਸੀ ਤਾਂ ਇਨ੍ਹਾਂ ਮਾਪਿਆਂ ਦੀ ਆਸ ਬੁਝ ਜਾਂਦੀ ਸੀ। ਸ. ਖੇੜਾ ਦੱਸਦੇ ਹਨ ਕਿ ਜਦੋਂ ਉਹ ਵਫਦ ਬਣਾ ਕੇ ਤਤਕਾਲੀ ਵਿਦੇਸ਼ ਮੰਤਰੀ ਇੰਦਰ ਕੁਮਾਰ ਗੁਜਰਾਲ ਨੂੰ ਮਿਲੇ ਤਾਂ ਉਨ੍ਹਾਂ ਕਿਹਾ ਸੀ ਕਿ ਰਿਕਾਰਡ ਮੁਤਾਬਕ ਅਜਿਹਾ ਕੋਈ ਕਾਂਡ ਨਹੀਂ ਹੋਇਆ।

ਉਸ ਕਾਂਡ ਦੇ ਗਵਾਹਾਂ ਦੇ ਪੰਜਾਬ ਵਿਚ ਪਰਤਣ ਨਾਲ ਇਸ ਦੀਆਂ ਤਫਸੀਲਾਂ ਸਾਹਮਣੇ ਆਈਆਂ ਪਰ ਨਾਲ ਹੀ ਉਨ੍ਹਾਂ ਦੇ ਵਿਦੇਸ਼ ਜਾਣ ਦੇ ਨਵੇਂ ਉਪਰਾਲਿਆਂ ਦੀਆਂ ਖਬਰਾਂ ਵੀ ਛਪੀਆਂ। ਬਲਵੰਤ ਸਿੰਘ ਖੇੜਾ ਦੱਸਦੇ ਹਨ ਕਿ ਕਿਸੇ ਦਸਤਾਵੇਜ਼ ਜਾਂ ਸਬੂਤ ਦੀ ਘਾਟ ਕਾਰਨ ਕਿਸੇ ਮੁਆਵਜ਼ੇ, ਰਾਹਤ ਜਾਂ ਕਾਨੂੰਨੀ ਕਾਰਵਾਈ ਦੀ ਗੁੰਜਾਇਸ਼ ਨਹੀਂ ਬਣਦੀ ਸੀ।

**ਮੌਤ ਦੇ ਸਬੂਤ ਅਤੇ ਵਿਰਾਸਤ ਦਾ ਸੁਆਲ:** ਮਾਲਟਾ ਕਾਂਡ ਵਿਚ ਸ਼ਿਕਾਰ ਹੋਣ ਵਾਲਿਆਂ ਦੀ ਮੌਤ ਦਾ ਕੋਈ ਸਬੂਤ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੇ ਪਰਿਵਾਰਾਂ ਨੂੰ ਮੌਤ ਦਾ ਸਰਟੀਫਿਕੇਟ ਜਾਰੀ ਹੋਇਆ ਸੀ। ਸਰਟੀਫਿਕੇਟ ਦੀ ਅਣਹੋਂਦ ਕਾਰਨ ਬੈਂਕ ਖਾਤਿਆਂ, ਬੀਮੇ ਦੇ ਦਾਅਵਿਆਂ ਅਤੇ ਜੱਦੀ ਜਾਇਦਾਦ ਦੀ ਦਾਅਵੇਦਾਰੀ ਸੁਲਝਾਉਣਾ ਮੁਸ਼ਕਿਲ ਸੀ। ਬਲਵੰਤ ਸਿੰਘ ਇਸ ਮਾਮਲੇ ਨੂੰ ਅਦਾਲਤ ਵਿਚ ਲੈ ਕੇ ਗਏ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੀੜਤਾਂ ਦੇ ਮਾਮਲਿਆਂ ਦੀ ਪੈਰਵਾਈ ਕਰਨ ਵਾਲੀ ਵਕੀਲ ਜਤਿੰਦਰਜੀਤ ਕੌਰ ਨੇ ਦੱਸਿਆ ਕਿ ਪੀੜਤਾਂ ਦੇ ਪਰਿਵਾਰਾਂ ਲਈ ਮੌਤ ਦਾ ਸਰਟੀਫਿਕੇਟ ਹਾਸਿਲ ਕਰਨਾ ਵੀ ਵੱਡਾ ਮੁੱਦਾ ਸੀ। ਅਦਾਲਤ ਨੇ ਇਸ ਨੂੰ ਦੀਵਾਨੀ ਮਾਮਲਾ ਕਰਾਰ ਦਿੱਤਾ ਸੀ ਜਿਸ ਤਹਿਤ ਲਾਪਤਾ ਜੀਅ ਨੂੰ ਸੱਤ ਸਾਲ ਬਾਅਦ ਹੀ ਮੌਤ ਦਾ ਸਰਟੀਫਿਕੇਟ ਜਾਰੀ ਹੋ ਸਕਦਾ ਹੈ। ਉਨ੍ਹਾਂ ਕਿਹਾ, "ਜਦੋਂ ਕੇਂਦਰ ਸਰਕਾਰ ਨੇ ਪੀੜਤਾਂ ਦੀ ਫਿਹਰਿਸਤ ਜਾਰੀ ਕਰ ਦਿੱਤੀ ਤਾਂ ਅਸੀਂ ਪੰਜਾਬ ਅਤੇ ਹਰਿਆਣਾ ਵਿਚ ਇਹ ਪੱਖ ਪੇਸ਼ ਕੀਤਾ ਅਤੇ ਮੌਤ ਦੇ ਸਰਟੀਫਿਕੇਟ ਜਾਰੀ ਕਰਨ ਦੀ ਮੰਗ ਕੀਤੀ। ਅਦਾਲਤ ਦੀਆਂ ਹਦਾਇਤਾਂ ਤੋਂ ਬਾਅਦ ਇਹ ਸਰਟੀਫਿਕੇਟ ਜਾਰੀ ਕੀਤੇ ਗਏ।"

**ਮੁਆਵਜ਼ਾ ਤੇ ਅਦਾਲਤੀ ਕਾਰਵਾਈ:** ਪੀੜਤਾਂ ਲਈ ਪੰਜਾਬ ਸਰਕਾਰ ਨੇ ਪ੍ਰਤੀ ਜੀਅ ਪੰਜਾਹ ਹਜ਼ਾਰ ਰੁਪਏ ਐਕਸ-ਗਰੇਸ਼ੀਆ ਗਰਾਂਟ ਦੇਣ ਦਾ ਐਲਾਨ ਕੀਤਾ। ਕੁਝ ਪਰਿਵਾਰਾਂ ਨੇ ਇਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਪਰ ਅਦਾਲਤ ਵਿਚ ਇਸ ਮਾਮਲੇ ਨੂੰ ਮੌਤਾਂ ਦੀ ਰਸਮੀ ਪ੍ਰਵਾਨਗੀ ਵਜੋਂ ਪੇਸ਼ ਕੀਤਾ ਗਿਆ। ਸੈਸ਼ਨ ਅਦਾਲਤਾਂ ਵਿਚ ਸਾਰੇ ਪੀੜਤ ਪਰਿਵਾਰਾਂ ਨੇ ਆਪਣੇ ਮੁਕੱਦਮੇ ਪੇਸ਼ ਕੀਤੇ ਅਤੇ ਟ੍ਰੈਵਲ ਏਜੰਟਾਂ ਨੂੰ ਮੁਲਜ਼ਮ ਬਣਾਇਆ। ਇਕ ਮਾਮਲੇ ਵਿਚ ਕਪੂਰਥਲਾ ਅਦਾਲਤ ਨੇ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਸਜ਼ਾ ਸੁਣਾਈ ਪਰ ਬਾਕੀ ਸਾਰੀਆਂ ਸੈਸ਼ਨ ਅਦਾਲਤਾਂ ਨੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਹੁਣ ਇਹ ਮਾਮਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਮੁੜ-ਵਿਚਾਰ ਲਈ ਪਏ ਹਨ।

ਜਤਿੰਦਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਮੁਆਵਜ਼ੇ ਲਈ ਇਟਲੀ ਦੀਆਂ ਅਦਾਲਤਾਂ ਵਿਚ ਮਾਮਲਾ ਲਿਜਾਣ ਦਾ ਉਪਰਾਲਾ ਕੀਤਾ ਸੀ ਜਿਸ 'ਚ ਸ੍ਰੀਲੰਕਾ ਦੇ ਪੀੜਤਾਂ ਦੀ ਨੁਮਾਇੰਦਗੀ ਕਰਨ ਵਾਲੀ ਵਕੀਲ ਨੇ ਪਹਿਲਕਦਮੀ ਕੀਤੀ ਸੀ ਪਰ ਭਾਰਤ ਸਰਕਾਰ ਦੀ ਢੁਕਵੀਂ ਮਦਦ ਨਾ ਮਿਲਣ ਕਾਰਨ ਇਹ ਮਾਮਲਾ ਕਿਸੇ ਸਿਰੇ ਨਹੀਂ ਲੱਗਿਆ।

**ਅਸਥੀਆਂ ਦੀ ਘਰ ਵਾਪਸੀ:** ਬਲਵੰਤ ਸਿੰਘ ਖੇੜਾ ਨੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਸਮੁੰਦਰ ਦੀਆਂ ਤਸਵੀਰਾਂ ਨਾਲ ਕਿਸ਼ਤੀ ਦੇ ਮਲਬੇ ਦੀ ਨਿਸ਼ਾਨਦੇਹੀ ਹੋਈ ਹੈ ਜਿਸ ਨਾਲ ਪੀੜਤਾਂ ਦੀਆਂ ਲਾਸ਼ਾਂ ਦੀ ਸ਼ਨਾਖਤ ਦੀ ਗੁੰਜਾਇਸ਼ ਬਣੀ ਹੈ। ਉਨ੍ਹਾਂ ਨੇ ਇਸ ਮਾਮਲੇ ਵਿਚ ਸਰਕਾਰੀ ਮਦਦ ਦੀ ਮੰਗ ਕੀਤੀ ਹੈ। ਉਹ ਅੱਗੇ ਕਹਿੰਦੇ ਹਨ, "ਇਹ ਪੈਸੇ ਵਾਲਾ ਮਾਮਲਾ ਹੈ ਅਤੇ ਸਰਕਾਰ ਇਸ ਤੋਂ ਹੱਥ ਪਿੱਛੇ ਖਿੱਚ ਰਹੀ ਹੈ। ਕਾਇਦੇ ਨਾਲ ਤਾਂ ਇਹ ਅਸਥੀਆਂ ਲਿਆਉਣ ਦਾ ਬੰਦੋਬਸਤ ਹੋਣਾ ਚਾਹੀਦਾ ਹੈ।"

**ਕਿਵੇਂ ਬਦਲੀ ਜ਼ਿੰਦਗੀ:** ਬਲਵੰਤ ਸਿੰਘ ਖੇੜਾ ਦਾ ਨਾਮ ਮਾਲਟਾ ਜਹਾਜ਼ ਦੁਰਘਟਨਾ ਜਾਂਚ ਮਿਸ਼ਨ ਦੇ ਨਾਲ ਤਕਰੀਬਨ ਇਕ-ਮਿੱਕ ਹੋ ਗਿਆ ਹੈ ਪਰ ਉਹ ਇਸ ਕਾਂਡ ਨਾਲ ਸ਼ੁਰੂ ਤੋਂ ਨਹੀਂ ਜੁੜੇ ਸਨ। ਉਹ ਦੱਸਦੇ ਹਨ, "ਬਾਕੀਆਂ ਵਾਂਗ ਮੈਂ ਵੀ ਇਹ ਖਬਰ ਅਖਬਾਰਾਂ ਵਿਚ ਪੜ੍ਹੀ ਸੀ। ਇਸ ਕਾਂਡ ਦੇ ਪੀੜਤ ਨੇ ਸਰਕਾਰੇ-ਦਰਬਾਰੇ ਪਹੁੰਚ ਕੀਤੀ ਪਰ ਕੁਝ ਹੱਥ-ਪੱਲੇ ਨਾ ਪਿਆ। ਮੈਂ ਜਨਤਾ ਦਲ ਦਾ ਆਗੂ ਸਾਂ ਅਤੇ ਸਾਡੇ ਇਕ ਸਾਥੀ ਨੇ ਉਨ੍ਹਾਂ ਨੂੰ ਮੇਰੇ ਨਾਲ ਰਾਬਤਾ ਕਰਨ ਦੀ ਸਲਾਹ ਦਿੱਤੀ। ਇਸ ਤੋਂ ਬਾਅਦ ਅਸੀਂ ਇਸ ਮਾਮਲੇ ਦੀ ਪੈਰਵਾਈ ਕੀਤੀ। ਹਰ ਥਾਂ ਵਫਦ ਬਣਾ ਕੇ ਮੋਹਤਬਰਾਂ ਨੂੰ ਮਿਲੇ ਅਤੇ ਧਰਨੇ-ਮੁਜ਼ਾਹਰੇ ਕੀਤੇ।" ਬਲਵੰਤ ਸਿੰਘ ਖੇੜਾ ਦੱਸਦੇ ਹਨ ਕਿ ਇਸ ਕਾਂਡ ਨੇ ਪੀੜਤਾਂ ਦੇ ਪਰਿਵਾਰਾਂ ਦੇ ਨਾਲ-ਨਾਲ ਉਨ੍ਹਾਂ ਦੀ ਜ਼ਿੰਦਗੀ ਦਾ ਮੁਹਾਣ ਵੀ ਬਦਲ ਦਿੱਤਾ।

**ਸੀ.ਬੀ.ਆਈ. ਜਾਂਚ ਅਤੇ ਅਦਾਲਤੀ ਕਾਰਵਾਈ:** ਬਲਵੰਤ ਸਿੰਘ ਖੇੜਾ ਮੁਤਾਬਕ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੇ ਵੀ ਕੀਤੀ ਅਤੇ 28 ਬੰਦਿਆਂ ਨੂੰ ਮੁਲਜ਼ਮ ਬਣਾਇਆ। ਸੀ.ਬੀ.ਆਈ. ਦੇ ਚਾਰਜਸ਼ੀਟ ਦਾਖਲ ਕਰਨ ਵੇਲੇ ਤੱਕ ਇਨ੍ਹਾਂ ਵਿਚੋਂ ਕਈ ਮੁਲਜ਼ਮਾਂ ਦੀ ਮੌਤ ਹੋ ਚੁੱਕੀ ਸੀ। ਇਹ ਮਾਮਲਾ ਹਾਲੇ ਤੱਕ ਰੋਹਿਣੀ ਅਦਾਲਤ ਵਿਚ ਪਿਆ ਹੈ ਪਰ ਇਸ ਨਾਲ ਜੁੜੀ ਪੀੜਤ ਧਿਰ ਨਿਰਾਸ਼ ਹੋ ਚੁੱਕੀ ਹੈ। ਬਲਵੰਤ ਸਿੰਘ ਦੱਸਦੇ ਹਨ, "ਪਹਿਲਾਂ ਸੀ.ਬੀ.ਆਈ. ਦੇ ਅਫਸਰ ਨਾਲ ਰਾਬਤਾ ਰਹਿੰਦਾ ਸੀ ਪਰ ਹੁਣ ਉਨ੍ਹਾਂ ਦੀ ਬਦਲੀ ਹੋ ਗਈ ਹੈ ਤਾਂ ਸਾਨੂੰ ਉਸ ਮਾਮਲੇ ਦੀ ਜਾਣਕਾਰੀ ਵੀ ਨਹੀਂ।"

**ਮਾਲਟਾ ਕਾਂਡ ਹੈ ਜਾਂ ਰੁਝਾਨ:** ਬੀ. ਬੀ. ਸੀ. ਦੀ 3 ਸਤੰਬਰ 2018 ਦੀ ਇਕ ਖਬਰ ਮੁਤਾਬਕ ਯੂਨਾਈਟਿਡ ਨੇਸ਼ਨਜ਼ ਹਾਈ ਕਮਿਸ਼ਨ ਆਫ ਰਿਫਿਊਜੀਜ਼ ਨੇ ਆਪਣੀ ਰਪਟ ਵਿਚ ਦਰਜ ਕੀਤਾ ਹੈ, "ਪਰਵਾਸ ਕਰਨ ਵਾਲਿਆਂ ਅਤੇ ਪਨਾਹਗੀਰਾਂ ਲਈ ਰੂਮ ਸਾਗਰ ਪਾਰ ਕਰਨਾ ਪਹਿਲਾਂ ਤੋਂ ਜ਼ਿਆਦਾ ਖਤਰਨਾਕ ਹੈ। ਇਸ ਪਾਸਿਓਂ ਯੂਰਪ ਵਿਚ ਆਉਣ ਵਾਲਿਆਂ ਦੀ ਗਿਣਤੀ ਘਟ ਗਈ ਹੈ ਪਰ ਇਸ ਸਮੁੰਦਰ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਗਈ ਹੈ।" ਇਸ ਰਪਟ ਵਿਚ ਦਰਜ ਹੈ ਕਿ 2018 ਵਿਚ ਪਹਿਲੇ ਸੱਤ ਮਹੀਨਿਆਂ ਦੌਰਾਨ 1600 ਲੋਕਾਂ ਦੀ ਮੌਤ ਹੋ ਚੁੱਕੀ ਸੀ। ਇਸ ਦੌਰਾਨ ਯੂਰਪ ਵਿਚ ਰੂਮ ਸਾਗਰ ਰਾਹੀਂ ਦਾਖਲ ਹੋਣ ਵਾਲੇ ਹਰ ਅਠਾਰਾਂ ਜੀਆਂ ਪਿੱਛੇ ਇਕ ਲਾਪਤਾ ਹੋ ਜਾਂ ਮਰ ਗਿਆ ਹੈ। ਇਹ ਅੰਕੜਾ ਇਨ੍ਹਾਂ ਮਹੀਨਿਆਂ ਦੌਰਾਨ 2017 ਵਿਚ 42 ਪਿੱਛੇ ਇਕ ਸੀ। ਜੇ ਇਨ੍ਹਾਂ ਤ੍ਰਾਸਦੀਆਂ ਦੇ ਚਿਹਰੇ ਦੇਖਣੇ ਹੋਣ ਤਾਂ ਇੰਟਰਨੈੱਟ ਉਤੇ ਜ਼ਿਆਦਾ ਤਰੱਦਦ ਨਹੀਂ ਕਰਨਾ ਪੈਂਦਾ। ਰੂਮ ਸਾਗਰ ਦੀਆਂ ਤ੍ਰਾਸਦੀਆਂ ਦਾ ਸ਼ਿਕਾਰ ਕੋਈ ਵੀ ਹੋਵੇ ਅਤੇ ਉਸ ਦੀ ਮਾਂ-ਬੋਲੀ ਕੋਈ ਵੀ ਹੋਵੇ ਪਰ ਉਸ ਦੇ ਬੋਲ ਸਭ ਨੂੰ ਸਮਝ ਆ ਸਕਦੇ ਹਨ। ਆਖਰ ਚੀਕਾਂ ਅਤੇ ਅੱਥਰੂਆਂ ਦੀ ਕੋਈ ਬੋਲੀ ਨਹੀਂ ਹੁੰਦੀ ਅਤੇ ਅਹਿਸਾਸ ਕਿਸੇ ਬੋਲੀ ਦੇ ਪਾਬੰਦ ਨਹੀਂ ਹੁੰਦੇ।

*(ਬੀ.ਬੀ.ਸੀ. ਪੰਜਾਬੀ ਤੋਂ ਧੰਨਵਾਦ ਸਹਿਤ)*

# ਸਿਆਸੀ ਸਾਜ਼ਿਸ਼ਾਂ ਅਤੇ ਅਦਾਲਤਾਂ ਦੀ ਬੇਵਸੀ

## ਝੂਠੇ ਪੁਲਿਸ ਮੁਕਾਬਲਿਆਂ 'ਚੋਂ ਬਰੀ ਹੋਣ ਦੀ ਕਹਾਣੀ

ਆਖਿਰਕਾਰ ਉਹੀ ਹੋਇਆ ਜਿਸ ਦੀ ਸੰਘ ਬ੍ਰਿਗੇਡ ਦੇ ਰਾਜ ਵਿਚ ਤਵੱਕੋ ਕੀਤੀ ਜਾ ਸਕਦੀ ਸੀ। 21 ਦਸੰਬਰ ਨੂੰ ਗੁਜਰਾਤ ਦੇ ਸੋਹਰਾਬੁਦੀਨ ਸ਼ੇਖ ਪੁਲਿਸ ਮੁਕਾਬਲਾ ਮਾਮਲੇ ਵਿਚ ਮੁੰਬਈ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ 22 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਸਾਜ਼ਿਸ਼ ਅਤੇ ਹੱਤਿਆ ਸਾਬਤ ਕਰਨ ਲਈ ਗਵਾਹਾਂ ਦੇ ਬਿਆਨ ਅਤੇ ਸਬੂਤ ਤਸੱਲੀਬਖਸ਼ ਨਹੀਂ ਹਨ। ਕਿਸੇ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਲਈ ਹਾਲਾਤ ਦੇ ਲੋੜੀਂਦੇ ਸਬੂਤ ਵੀ ਨਹੀਂ ਹਨ। ਸਪੈਸ਼ਲ ਸੀ.ਬੀ.ਆਈ. ਜੱਜ ਐਸ.ਜੇ.ਸ਼ਰਮਾ ਨੇ ਫੈਸਲਾ ਸੁਣਾਉਂਦੇ ਹੋਏ ਆਪਣੀ ਬੇਵਸੀ ਇਉਂ ਜ਼ਾਹਰ ਕੀਤੀ - "ਮੈਂ ਬੇਵੱਸ ਹਾਂ। ਸਰਕਾਰੀ ਮਸ਼ੀਨਰੀ ਅਤੇ ਇਸਤਗਾਸਾ ਨੇ ਬਹੁਤ ਯਤਨ ਕੀਤੇ। 210 ਗਵਾਹ ਪੇਸ਼ ਕੀਤੇ ਗਏ, ਲੇਕਿਨ ਤਸੱਲੀਬਖਸ਼ ਸਬੂਤ ਸਾਹਮਣੇ ਨਹੀਂ ਆ ਸਕੇ। ਗਵਾਹ ਵੀ ਆਪਣੇ ਬਿਆਨਾਂ ਤੋਂ ਮੁੱਕਰ

**ਬੂਟਾ ਸਿੰਘ**
ਫੋਨ: +91-94634-74342

ਗਏ। ਜੇ ਗਵਾਹ ਬੋਲਣਗੇ ਹੀ ਨਹੀਂ ਤਾਂ ਇਸ ਵਿਚ ਇਸਤਗਾਸਾ ਦਾ ਕੋਈ ਦੋਸ਼ ਨਹੀਂ ਹੈ।"

ਨਵੰਬਰ 2005 ਵਿਚ ਸੋਹਰਾਬੁਦੀਨ ਸ਼ੇਖ ਕਥਿਤ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ। ਕੇਵਲ ਸੋਹਰਾਬੁਦੀਨ ਹੀ ਨਹੀਂ, ਉਸ ਨਾਲ ਗ੍ਰਿਫਤਾਰ ਕੀਤੀ ਉਸ ਦੀ ਪਤਨੀ ਕੌਸਰ ਬੀ ਅਤੇ ਉਸ ਦਾ ਸਾਥੀ ਤੁਲਸੀਰਾਮ ਪਰਜਾਪਤੀ ਵੀ ਮਾਰ ਦਿੱਤੇ ਗਏ ਸਨ। ਸੋਹਰਾਬੁਦੀਨ ਅਤੇ ਤੁਲਸੀਰਾਮ ਅਹਿਮਦਾਬਾਦ ਦੇ ਵੱਡੇ ਕਾਰੋਬਾਰੀਆਂ ਤੋਂ ਫਿਰੌਤੀਆਂ ਲੈਣ ਵਾਲੇ ਮੁਜਰਿਮ ਸਨ ਜੋ ਪੁਲਿਸ ਅਧਿਕਾਰੀਆਂ ਨਾਲ ਮਿਲ ਕੇ ਧੰਦਾ ਚਲਾਉਂਦੇ ਸਨ। ਇਨ੍ਹਾਂ ਨੂੰ ਆਪਣੇ ਹਿਤ ਲਈ ਵਰਤ ਕੇ ਕਤਲ ਦੇ ਸਬੂਤ ਮਿਟਾਉਣ ਲਈ ਖਤਮ ਕਰ ਦਿੱਤਾ ਗਿਆ।

ਉਦੋਂ ਗੁਜਰਾਤ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਸੋਹਰਾਬੁਦੀਨ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤੋਇਬਾ ਨਾਲ ਸਬੰਧਤ ਸੀ ਅਤੇ ਉਹ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚ ਰਿਹਾ ਸੀ ਜੋ ਪੁਲਿਸ

> ***ਸੁਪਰੀਮ ਕੋਰਟ ਨੇ ਵੀ ਅਜੇ ਤੱਕ ਐਨੇ ਵੱਡੇ ਖੁਲਾਸਿਆਂ ਦਾ ਖੁਦ ਨੋਟਿਸ ਲੈ ਕੇ ਮਾਮਲੇ ਦੀ ਜਾਂਚ ਕਰਾਉਣ ਦੀ ਲੋੜ ਨਹੀਂ ਸਮਝੀ; ਜਦਕਿ ਸੋਹਰਾਬੁਦੀਨ ਮਾਮਲੇ ਦੀ ਵਿਸ਼ੇਸ਼ ਅਦਾਲਤ ਵਿਚ ਸੁਣਵਾਈ ਦੌਰਾਨ ਵੀ ਚਸ਼ਮਦੀਦ ਗਵਾਹਾਂ ਦੀ ਜ਼ੁਬਾਨੀ ਇਹ ਸਾਹਮਣੇ ਆ ਚੁੱਕਾ ਹੈ ਕਿ ਇਸ ਪੂਰੇ ਕਤਲ ਕਾਂਡ ਦਾ ਸਬੰਧ ਸੂਬੇ ਦੇ ਸਾਬਕਾ ਗ੍ਰਿਹ ਮੰਤਰੀ ਹਰੇਨ ਪਾਂਡਿਆਂ ਦੇ ਕਤਲ ਨਾਲ ਸੀ।***

ਨਾਲ ਮੁਕਾਬਲੇ ਵਿਚ ਮਾਰਿਆ ਗਿਆ। ਇਹ ਮੁਕਾਬਲੇ ਮੋਦੀ ਦੇ ਗੁਜਰਾਤ ਦਾ ਮੁੱਖ ਮੰਤਰੀ ਹੋਣ ਸਮੇਂ ਬਣਾਏ ਗਏ ਸਨ। ਸੰਨ 2002 ਤੋਂ ਲੈ ਕੇ 2006 ਦਰਮਿਆਨ ਡੀ.ਜੀ. ਵੰਜਾਰਾ ਦੀ ਅਗਵਾਈ ਵਾਲੇ ਗੁਜਰਾਤ ਪੁਲਿਸ ਦੇ ਅਧਿਕਾਰੀਆਂ ਦੇ ਇਕ ਗਰੁੱਪ ਨੇ ਪੰਜ ਫਰਜ਼ੀ ਮੁਕਾਬਲੇ ਬਣਾ ਕੇ ਪੰਦਰਾਂ 'ਖੌਫਨਾਕ ਦਹਿਸ਼ਤਗਰਦ' ਮਾਰੇ ਸਨ। ਇਨ੍ਹਾਂ ਵਿਚੋਂ ਹਰ ਮੁਕਾਬਲੇ ਦੀ ਐਫ.ਆਈ.ਆਰ. ਵਿਚ ਪੁਲਿਸ ਅਧਿਕਾਰੀ ਇਹ ਦਰਜ ਕਰਨ ਨਹੀਂ ਭੁੱਲੇ ਕਿ ਇਹ ਦਹਿਸ਼ਤਗਰਦ ਮੁੱਖ ਮੰਤਰੀ ਮੋਦੀ ਦੀ ਹੱਤਿਆ ਲਈ ਆਏ ਸਨ। ਸਾਫ ਜ਼ਾਹਿਰ ਸੀ ਕਿ ਇਨ੍ਹਾਂ ਫਰਜ਼ੀ ਮੁਕਾਬਲਿਆਂ ਨਾਲ ਮੋਦੀ ਵਜ਼ਾਰਤ ਦੇ ਖਾਸ ਹਿਤ ਜੁੜੇ ਹੋਏ ਸਨ।

ਖੋਜੀ ਪੱਤਰਕਾਰਾਂ ਵਲੋਂ ਕੀਤੇ ਖੁਲਾਸਿਆਂ ਅਤੇ ਸੋਹਰਾਬੁਦੀਨ ਦੇ ਪਰਿਵਾਰ ਵਲੋਂ ਦ੍ਰਿੜਤਾ ਨਾਲ ਲਏ ਸਟੈਂਡ ਕਾਰਨ ਇਸ ਫਰਜ਼ੀ ਮੁਕਾਬਲੇ ਦੀ ਜਾਂਚ ਸੀ.ਬੀ.ਆਈ.ਹਵਾਲੇ ਕਰ ਦਿੱਤੀ ਗਈ। ਉਦੋਂ ਕੇਂਦਰ ਵਿਚ ਯੂ.ਪੀ.ਏ. ਦੀ ਸਰਕਾਰ ਸੀ, ਲਿਹਾਜ਼ਾ 'ਪਿੰਜਰੇ ਦੇ ਤੋਤੇ' ਸੀ.ਬੀ.ਆਈ. ਦੀ ਵਫਾਦਾਰੀ ਕੇਂਦਰ ਵਿਚ ਸੱਤਾਧਾਰੀ ਧਿਰ ਨਾਲ ਹੋਣ ਕਾਰਨ ਜਾਂਚ ਇਕ ਹੱਦ ਤਕ ਅੱਗੇ ਤਾਂ ਵਧੀ, ਲੇਕਿਨ ਮੁਜਰਿਮਾਂ ਨੂੰ ਹਮੇਸ਼ਾ ਲਈ ਜੇਲ੍ਹ ਦੀਆਂ ਸੀਖਾਂ ਪਿੱਛੇ ਨਹੀਂ ਭਿਜਵਾ ਸਕੀ। ਜਦੋਂ ਸੱਤਾਧਾਰੀ ਬਦਲ ਗਏ, ਫਿਰ ਸੀ.ਬੀ.ਆਈ. ਦੀ ਵਫਾਦਾਰੀ ਦਾ ਬਦਲਣਾ ਸੁਭਾਵਿਕ ਸੀ। ਫਿਰ ਇਸ ਏਜੰਸੀ ਵਲੋਂ ਤਿਆਰ ਕੀਤੇ ਕੇਸਾਂ ਅਤੇ ਪੇਸ਼ ਕੀਤੇ ਗਵਾਹਾਂ ਦਾ ਪਹੀਆ ਪੁੱਠਾ ਘੁੰਮਣਾ ਸ਼ੁਰੂ ਹੋ ਗਿਆ। ਸੀ.ਬੀ.ਆਈ. ਨੇ ਆਪਣੀ ਜਾਂਚ ਵਿਚ ਦਾਅਵਾ ਕੀਤਾ ਸੀ ਕਿ ਇਹ ਮੁਕਾਬਲੇ ਸਿਆਸੀ ਅਤੇ ਵਿਤੀ ਲਾਭਾਂ ਲਈ ਰਚੀ ਗਈ ਸਾਜ਼ਿਸ਼ ਸੀ। ਇਸ ਸਾਜ਼ਿਸ਼ ਤਹਿਤ ਪੁਲਿਸ ਨੇ ਇਨ੍ਹਾਂ ਤਿੰਨਾਂ ਨੂੰ ਮਾਰ



*ਸੋਹਰਾਬੁਦੀਨ ਅਤੇ ਉਸ ਦੀ ਪਤਨੀ ਕੌਸਰ ਬੀ*

ਮੁਕਾਇਆ ਸੀ। ਹੁਣ ਸੀ.ਬੀ.ਆਈ. ਦੀ ਅਦਾਲਤ ਕਹਿ ਰਹੀ ਹੈ ਕਿ ਲੋੜੀਂਦੇ ਸਬੂਤ ਨਹੀਂ ਹਨ। ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਇਹ ਕੇਸ ਗੁਜਰਾਤ ਤੋਂ ਮੁੰਬਈ ਦੀ ਸਪੈਸ਼ਲ ਕੋਰਟ ਵਿਚ ਬਦਲ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਕੁਲ 38 ਜਣੇ ਮੁਲਜ਼ਮ ਸਨ। ਇਨ੍ਹਾਂ ਵਿਚੋਂ ਗੁਜਰਾਤ ਦੇ ਤਤਕਾਲੀ ਗ੍ਰਿਹ ਮੰਤਰੀ ਤੇ ਮੌਜੂਦਾ ਭਾਜਪਾ ਪ੍ਰਧਾਨ ਅਮਿਤ ਸ਼ਾਹ ਸਮੇਤ 16 ਮੁਲਜ਼ਮਾਂ ਨੂੰ ਭਾਜਪਾ ਦੇ ਸੱਤਾਧਾਰੀ ਹੋਣ ਤੋਂ ਪਹਿਲੇ ਛੇ ਮਹੀਨੇ ਦੇ ਵਿਚ ਹੀ ਬਰੀ ਕਰ ਦਿੱਤਾ ਗਿਆ।

ਸੀ.ਬੀ.ਆਈ. ਦੀ ਜਾਂਚ ਵਿਚ ਸਾਹਮਣੇ ਆਇਆ ਕਿ 22 ਨਵੰਬਰ 2005 ਨੂੰ ਸੋਹਰਾਬੁਦੀਨ, ਉਸ ਦੀ ਪਤਨੀ ਕੌਸਰ ਬੀ ਅਤੇ ਉਸ ਦੇ ਸਾਥੀ ਤੁਲਸੀਰਾਮ ਨੂੰ ਗੁਜਰਾਤ ਪੁਲਿਸ ਦੇ ਦਹਿਸ਼ਤਵਾਦ ਵਿਰੋਧੀ ਦਸਤੇ ਨੇ ਬੱਸ ਵਿਚੋਂ ਅਗਵਾ ਕੀਤਾ, ਜਦੋਂ ਉਹ ਹੈਦਰਾਬਾਦ ਤੋਂ ਸਾਂਗਲੀ (ਮਹਾਂਰਾਸ਼ਟਰ) ਜਾ ਰਹੇ ਸਨ। ਇਸ ਤੋਂ ਚਾਰ ਦਿਨ ਬਾਅਦ ਸੋਹਰਾਬੁਦੀਨ ਨੂੰ ਅਹਿਮਦਾਬਾਦ ਨੇੜੇ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਇਕ ਕਤਲ ਲੁਕੋਣ ਲਈ ਪੁਲਿਸ ਅਧਿਕਾਰੀਆਂ ਨੂੰ ਕਤਲ-ਦਰ-ਕਤਲ ਕਰਨੇ ਪਏ, ਜਿਸ ਦੀਆਂ ਕੜੀਆਂ ਦਸੰਬਰ 2014 ਵਿਚ ਨਾਗਪੁਰ ਵਿਚ ਸ਼ੱਕੀ ਹਾਲਾਤ ਵਿਚ ਹੋਈ ਜਸਟਿਸ ਬੀ.ਐਚ. ਲੋਇਆ ਦੀ ਮੌਤ ਨਾਲ ਜਾ ਜੁੜਦੀਆਂ ਹਨ। ਜਸਟਿਸ ਲੋਇਆ ਸੋਹਰਾਬੁਦੀਨ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ (ਜਸਟਿਸ ਲੋਇਆ ਤੋਂ ਬਾਅਦ ਉਸ ਦੇ ਦੋ ਕਰੀਬੀ ਸ਼ਖਸੀਅਤਾਂ ਰਿਟਾਇਰਡ ਜ਼ਿਲ੍ਹਾ ਜੱਜ ਪ੍ਰਕਾਸ਼ ਥੋਂਬੜੇ ਦੀ 2016 ਵਿਚ ਟਰੇਨ ਵਿਚ ਅਤੇ ਵਕੀਲ ਸ੍ਰੀਕਾਂਤ ਖੰਡਾਲਕਰ ਦੀ 2015 ਵਿਚ ਨਾਗਪੁਰ ਜ਼ਿਲ੍ਹਾ ਕਚਹਿਰੀ ਦੇ ਅਹਾਤੇ ਵਿਚ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ)। ਜਸਟਿਸ ਲੋਇਆ ਦੀ ਸ਼ੱਕੀ ਮੌਤ ਤੋਂ ਥੋੜ੍ਹੇ ਦਿਨ ਬਾਅਦ ਹੀ ਅਮਿਤ ਸ਼ਾਹ ਨੂੰ ਅਗਲੇ ਜੱਜ ਨੇ ਬਰੀ ਕਰ ਦਿੱਤਾ ਸੀ। ਸੋਹਰਾਬੁਦੀਨ ਦੀ ਗ੍ਰਿਫਤਾਰੀ ਦੇ ਸਬੂਤ ਮਿਟਾਉਣ ਲਈ ਕੌਸਰ ਬੀ ਅਤੇ ਤੁਲਸੀਰਾਮ ਨੂੰ ਵੀ ਕਤਲ ਕਰ ਦਿੱਤਾ ਗਿਆ। ਕੌਸਰ ਬੀ ਨੂੰ 29 ਨਵੰਬਰ ਨੂੰ ਬਨਾਸ਼ਕਾਂਠਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਲਿਜਾਇਆ ਗਿਆ। ਉਥੇ ਉਸ ਨਾਲ ਜਬਰ-ਜਨਾਹ ਕੀਤਾ ਗਿਆ ਅਤੇ ਫਿਰ ਉਸ ਦਾ ਕਤਲ ਕਰਕੇ ਲਾਸ਼ ਖੁਰਦ-ਬੁਰਦ ਕਰ ਦਿੱਤੀ। ਤੁਲਸੀਰਾਮ ਪਰਜਾਪਤੀ ਨੂੰ 27 ਦਸੰਬਰ 2006 ਨੂੰ ਗੁਜਰਾਤ ਅਤੇ ਰਾਜਸਥਾਨ ਪੁਲਿਸ ਨੇ ਅਦਾਲਤ ਵਿਚ ਪੇਸ਼ੀ 'ਤੇ ਲਿਜਾਏ ਜਾਣ ਸਮੇਂ ਦੋਨਾਂ ਸੂਬਿਆਂ ਦੀ ਸਰਹੱਦ ਨੇੜੇ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਇਸ ਨੂੰ ਪੁਲਿਸ ਮੁਕਾਬਲੇ ਦਾ ਨਾਂ ਦਿੱਤਾ।

ਸੀ.ਬੀ.ਆਈ. ਦੀ ਜਾਂਚ ਰਿਪੋਰਟ, ਖੋਜੀ ਪੱਤਰਕਾਰਾਂ ਵਲੋਂ ਕੀਤੇ ਖੁਲਾਸੇ ਇਸ ਦਾ ਠੋਸ ਸਬੂਤ ਹਨ ਕਿ ਇਨ੍ਹਾਂ ਕਤਲਾਂ ਦੀ ਸਾਜ਼ਿਸ਼ ਨੂੰ ਅੰਜਾਮ ਗੁਜਰਾਤ ਵਿਚ ਸੱਤਾਧਾਰੀ ਹੋਣ ਸਮੇਂ ਨਰੇਂਦਰ ਮੋਦੀ-ਅਮਿਤ ਸ਼ਾਹ ਦੇ ਇਸ਼ਾਰੇ 'ਤੇ ਖਾਸ ਪੁਲਿਸ ਅਧਿਕਾਰੀਆਂ ਦੇ ਗਰੁਪ ਵਲੋਂ ਦਿੱਤਾ ਗਿਆ ਸੀ। ਪੱਤਰਕਾਰ ਰਾਣਾ ਅਯੂਬ ਦੀ ਮਹੱਤਵਪੂਰਨ ਕਿਤਾਬ 'ਗੁਜਰਾਤ ਫਾਈਲਾਂ' ਗੁਜਰਾਤ ਵਿਚ ਮੋਦੀ ਦੇ ਕਾਰਜਕਾਲ ਦੌਰਾਨ ਮੁਸਲਮਾਨਾਂ ਦੀ ਨਸਲਕੁਸ਼ੀ, ਫਰਜ਼ੀ ਮੁਕਾਬਲਿਆਂ ਅਤੇ ਸਿਆਸੀ ਕਤਲਾਂ ਬਾਰੇ ਵੱਡੇ ਖੁਲਾਸੇ ਕਰਦੀ ਹੈ। ਉਸ ਨੇ ਸੂਬੇ ਦੇ ਤੱਤਕਾਲੀ ਆਹਲਾ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਦੇ ਸਟਿੰਗ ਓਪਰੇਸ਼ਨ ਕਰਕੇ ਉਨ੍ਹਾਂ ਦੇ ਮੂੰਹੋਂ ਬਹੁਤ ਮਹੱਤਵਪੂਰਨ ਜਾਣਕਾਰੀ ਕਢਵਾ ਕੇ ਜਨਤਕ ਕੀਤੀ। ਯਾਦ ਰਹੇ, ਇਹ ਪਹਿਲਾ ਖੁਲਾਸਾ ਨਹੀਂ। ਇਸ ਤੋਂ ਪਹਿਲਾਂ ਇਸੇ ਮਾਮਲੇ ਵਿਚ ਰਾਣਾ ਅਯੂਬ 'ਤਹਿਲਕਾ' ਰਸਾਲੇ ਲਈ ਇਸ ਮਾਮਲੇ ਦੀ ਰਿਪੋਰਟ ਕਰ ਚੁੱਕੀ ਸੀ ਜਿਸ ਵਿਚ ਉਸ ਨੇ ਅਮਿਤ ਸ਼ਾਹ ਵਲੋਂ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਥੋਕ ਰੂਪ ਵਿਚ ਕੀਤੀਆਂ ਫੋਨ ਕਾਲਾਂ ਦਾ ਰਿਕਾਰਡ ਅਤੇ ਹੋਰ ਤੱਥ ਸਾਹਮਣੇ ਲਿਆਂਦੇ ਸਨ ਜਿਨ੍ਹਾਂ ਅਧਿਕਾਰੀਆਂ ਨੂੰ ਬਾਅਦ ਵਿਚ ਇਹ ਫਰਜ਼ੀ ਮੁਕਾਬਲੇ ਬਣਾਉਣ ਦੇ ਇਲਜ਼ਾਮ ਤਹਿਤ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਹਫਤਿਆਂ ਜਾਂ ਮਹੀਨਿਆਂ ਵਿਚ ਕਾਲਾਂ ਦੀ ਗਿਣਤੀ ਬਹੁਤ ਜ਼ਿਆਦਾ ਨੋਟ ਕੀਤੀ ਗਈ, ਜਦੋਂ ਸੋਹਰਾਬੁਦੀਨ ਮੁਕਾਬਲੇ ਦੀ ਕੋਈ ਜਾਂਚ ਚੱਲ ਰਹੀ ਹੁੰਦੀ, ਜਾਂ ਉਚ ਅਦਾਲਤ ਵਿਚ ਪਾਈ ਗਈ ਪਟੀਸ਼ਨ ਉਪਰ ਸੁਣਵਾਈ ਹੋਣ ਜਾ ਰਹੀ ਹੁੰਦੀ। ਅਮਿਤ ਸ਼ਾਹ ਵਲੋਂ ਖਾਸ ਅਧਿਕਾਰੀਆਂ ਨਾਲ ਫੋਨ ਸੰਪਰਕ ਬਣਾਈ ਰੱਖਣਾ ਆਪਣੇ ਆਪ ਵਿਚ ਸਬੂਤ ਹੈ ਕਿ ਮੁਕਾਬਲਿਆਂ ਦੀ ਡੂੰਘੀ ਸਾਜ਼ਿਸ਼ ਸੱਤਾਧਾਰੀ ਧਿਰ ਦੇ ਪੱਧਰ 'ਤੇ ਰਚੀ ਗਈ ਸੀ। ਜਾਂਚ ਦੌਰਾਨ ਸਨਸਨੀਖੇਜ਼ ਭੇਤ ਖੁੱਲ੍ਹਣ 'ਤੇ ਅਮਿਤ ਸ਼ਾਹ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਹ ਵੱਖਰੀ ਗੱਲ ਹੈ ਕਿ ਉਹ ਆਪਣੇ ਰਾਜਸੀ ਰਸੂਖ ਦੇ ਜ਼ੋਰ ਜੇਲ੍ਹ ਵਿਚੋਂ ਬਾਹਰ ਆਉਣ ਅਤੇ ਕਲੀਨ ਚਿੱਟ ਲੈਣ ਵਿਚ ਕਾਮਯਾਬ ਹੋ ਗਿਆ। ਮਈ 2014 ਵਿਚ ਸੰਘ ਬ੍ਰਿਗੇਡ ਦੇ ਮੁਲਕ ਦੀ ਕੇਂਦਰੀ ਸੱਤਾ ਉਪਰ ਕਾਬਜ਼ ਹੋਣ ਤੋਂ ਬਾਅਦ ਫਰਜ਼ੀ ਮੁਕਾਬਲਿਆਂ ਲਈ ਦੋਸ਼ੀ ਕਰਾਰ ਦਿੱਤੇ ਸਾਰੇ ਅਧਿਕਾਰੀ ਮੁੱਖ ਮੁਜਰਿਮ ਡੀ.ਜੀ.ਵੰਜਾਰਾ ਅਤੇ ਪਾਂਡਿਅਨ ਸਮੇਤ ਸੀ.ਬੀ.ਆਈ. ਦੀ ਮਿਲੀਭੁਗਤ ਨਾਲ ਕਲੀਨ ਚਿੱਟਾਂ ਹਾਸਲ ਕਰਕੇ ਜੇਲ੍ਹ ਤੋਂ ਬਾਹਰ ਆ ਗਏ।

ਸੁਪਰੀਮ ਕੋਰਟ ਨੇ ਵੀ ਅਜੇ ਤੱਕ ਐਨੇ ਵੱਡੇ ਖੁਲਾਸਿਆਂ ਦਾ ਖੁਦ ਨੋਟਿਸ ਲੈ ਕੇ ਮਾਮਲੇ ਦੀ ਜਾਂਚ ਕਰਾਉਣ ਦੀ ਲੋੜ ਨਹੀਂ ਸਮਝੀ; ਜਦਕਿ ਸੋਹਰਾਬੁਦੀਨ ਮਾਮਲੇ ਦੀ ਵਿਸ਼ੇਸ਼ ਅਦਾਲਤ ਵਿਚ ਸੁਣਵਾਈ ਦੌਰਾਨ ਵੀ ਚਸ਼ਮਦੀਦ ਗਵਾਹਾਂ ਦੀ ਜ਼ੁਬਾਨੀ ਇਹ ਸਾਹਮਣੇ ਆ ਚੁੱਕਾ ਹੈ ਕਿ ਇਸ ਪੂਰੇ ਕਤਲ ਕਾਂਡ ਦਾ ਸਬੰਧ ਸੂਬੇ ਦੇ ਸਾਬਕਾ ਗ੍ਰਿਹ ਮੰਤਰੀ ਹਰੇਨ ਪਾਂਡਿਆਂ ਦੇ ਕਤਲ ਨਾਲ ਸੀ। ਇਕ ਚਸ਼ਮਦੀਦ ਗਵਾਹ ਨੇ 4 ਨਵੰਬਰ 2018 ਨੂੰ ਅਦਾਲਤ ਵਿਚ ਬਿਆਨ ਦਿੱਤਾ ਸੀ ਕਿ ਹਰੇਨ ਪਾਂਡਿਆ ਦਾ ਕਤਲ ਸੋਹਰਾਬੁਦੀਨ ਨੇ ਸੀਨੀਅਰ ਪੁਲਿਸ ਅਧਿਕਾਰੀ ਡੀ.ਜੀ.ਵੰਜਾਰਾ ਦੇ ਆਦੇਸ਼ 'ਤੇ ਕੀਤਾ ਸੀ ਜੋ ਅਮਿਤ ਸ਼ਾਹ ਦਾ ਖਾਸ ਸੀ। ਇਸੇ ਨਾਲ ਜੁੜਿਆ ਤੱਥ ਹੈ ਕਿ ਮੁਕਾਬਲੇ ਪਾਂਡਿਅਨ ਸਣੇ ਅਮਿਤ ਸ਼ਾਹ ਦੇ ਨਜ਼ਦੀਕੀ ਪੁਲਿਸ ਅਧਿਕਾਰੀਆਂ ਨੇ ਬਣਾਏ ਸਨ। ਇਸ ਤੋਂ ਇਲਾਵਾ, ਗੁਜਰਾਤ ਸਰਕਾਰ ਨੇ 17 ਮਾਰਚ 2007 ਨੂੰ ਅਦਾਲਤ ਵਿਚ ਹਲਫਨਾਮਾ ਦੇ ਕੇ ਮੰਨਿਆ ਸੀ ਕਿ ਕੌਸਰ ਬੀ ਦੀ ਹੱਤਿਆ ਕੀਤੀ ਗਈ ਹੈ। ਫੈਸਲੇ ਵਿਚ ਜੱਜ ਨੇ ਬੇਕਸੂਰ ਔਰਤ ਦੀ ਪੁਲਿਸ ਹਿਰਾਸਤ ਵਿਚ ਹੱਤਿਆ ਦੀ ਸਰਕਾਰ ਵੱਲੋਂ ਕੀਤੇ ਇਸ ਇਕਬਾਲ ਨੂੰ ਨਜ਼ਰਅੰਦਾਜ਼ ਕੀਤਾ।

ਵਿਸ਼ੇਸ਼ ਸੀ.ਬੀ.ਆਈ. ਅਦਾਲਤ ਦਾ ਜੱਜ 'ਤਸੱਲੀਬਖਸ਼ ਸਬੂਤ ਨਾ ਹੋਣ' ਅਤੇ 'ਗਵਾਹਾਂ ਵੱਲੋਂ ਆਪਣੇ ਬਿਆਨਾਂ ਤੋਂ ਮੁੱਕਰ ਜਾਣ' ਨੂੰ ਲੈ ਕੇ ਆਪਣੀ ਬੇਵੱਸੀ ਅਤੇ ਇਸਤਗਾਸਾ ਧਿਰ ਦਾ ਕੋਈ ਕਸੂਰ ਨਾ ਹੋਣ ਦਾ ਰੋਣਾ ਰੋਂਦਾ ਹੈ; ਲੇਕਿਨ ਉਹ ਇਸ ਸੱਚ ਨੂੰ ਸਵੀਕਾਰ ਨਹੀਂ ਕਰੇਗਾ ਕਿ ਨਾ ਸਿਰਫ 92 ਗਵਾਹਾਂ ਦੇ ਮੁੱਕਰਨ ਪਿੱਛੇ ਭਗਵੇਂ ਹੁਕਮਰਾਨਾਂ ਦੀ ਖੌਫਨਾਕ ਦਹਿਸ਼ਤ ਦਾ ਹੱਥ ਹੈ, ਬਲਕਿ ਅਦਾਲਤਾਂ ਅਤੇ ਜਾਂਚ ਏਜੰਸੀਆਂ ਵੀ ਸੱਤਾਧਾਰੀ ਧਿਰ ਦੇ ਦਬਾਓ ਹੇਠ ਫੈਸਲੇ ਲੈ ਰਹੀਆਂ ਹਨ। ਚਸ਼ਮਦੀਦ ਗਵਾਹ ਦਹਾਕਿਆਂ ਤਕ ਚਲਣ ਵਾਲੀ ਅਦਾਲਤੀ ਸੁਣਵਾਈ ਦੌਰਾਨ ਐਸੇ ਸੱਤਾਧਾਰੀਆਂ ਅਤੇ ਉਨ੍ਹਾਂ ਦੇ ਚਹੇਤੇ ਅਧਿਕਾਰੀਆਂ ਵਿਰੁਧ ਵਾਰ-ਵਾਰ ਗਵਾਹੀ ਦੇਣ ਦਾ ਜੋਖਮ ਕਿਵੇਂ ਲੈ ਸਕਦੇ ਹਨ ਜਿਨ੍ਹਾਂ ਉਪਰ ਪਹਿਲਾਂ ਹੀ ਖੌਫਨਾਕ ਖੂਨੀ ਸਾਜ਼ਿਸ਼ਾਂ ਨੂੰ ਅੰਜਾਮ ਦੇਣ ਦੇ ਸੰਗੀਨ ਇਲਜ਼ਾਮ ਹਨ। ਅਦਾਲਤ ਗਵਾਹਾਂ ਦੀ ਸੁਰੱਖਿਆ ਲਈ ਉਸੇ ਪੁਲਿਸ ਨੂੰ ਤਾਇਨਾਤ ਕਰੇਗੀ ਜਿਸ ਦੀ ਐਸੀਆਂ ਸਾਜ਼ਿਸ਼ਾਂ ਦੌਰਾਨ ਆਪਣੀ ਭੂਮਿਕਾ ਹਮੇਸ਼ਾ ਹੀ ਸਵਾਲਾਂ ਵਿਚ ਘਿਰੀ ਰਹਿੰਦੀ ਹੈ। ਇਨ੍ਹਾਂ ਹਾਲਾਤ ਵਿਚ ਗਵਾਹ ਆਪਣੀ ਜਾਨ ਅਤੇ ਆਪਣੇ ਪਰਿਵਾਰਾਂ ਨੂੰ ਕਿੰਨਾ ਕੁ ਸਮਾਂ ਜੋਖਮ ਵਿਚ ਪਾ ਸਕਦੇ ਹਨ।


ਮੋਦੀ-ਅਮਿਤਸ਼ਾਹ ਅਤੇ ਪੁਲਿਸ ਅਧਿਕਾਰੀਆਂ ਦੀ ਉਪਰੋਕਤ ਜੁੰਡਲੀ ਦੇ ਗੂੜ੍ਹੇ ਸਬੰਧ ਦਾ ਸਭ ਤੋਂ ਪੁਖਤਾ ਸਬੂਤ ਜੇਲ੍ਹ ਵਿਚ ਬੰਦ ਡੀ.ਜੀ.ਵੰਜਾਰਾ ਵਲੋਂ ਸਤੰਬਰ 2013 ਵਿਚ ਲਿਖੀ ਖੁੱਲ੍ਹੀ ਚਿੱਠੀ ਹੈ ਜਿਸ ਵਿਚ ਨਾ ਕੇਵਲ ਉਸਨੇ ਮੋਦੀ ਪ੍ਰਤੀ ਆਪਣੀ ਵਫਾਦਾਰੀ ਤੋਂ ਪਰਦਾ ਚੁੱਕ ਦਿੱਤਾ ਸਗੋਂ ਪੁਲਿਸ ਮੁਕਾਬਲਿਆਂ ਅਤੇ ਸਿਆਸੀ ਲਾਹੇ ਦੇ ਆਪਸੀ ਰਿਸ਼ਤੇ ਨੂੰ ਵੀ ਬੇਪਰਦ ਕਰ ਦਿੱਤਾ। ਅਦਾਲਤਾਂ ਦੇ ਜੱਜ ਇਸ ਤਰ੍ਹਾਂ ਦੇ ਸਬੂਤਾਂ ਨੂੰ ਨਜ਼ਰਅੰਦਾਜ਼ ਕਰਨ ਵਿਚ ਹੀ ਆਪਣੀ ਭਲਾਈ ਦੇਖਦੇ ਹਨ।

ਡੀ.ਜੀ. ਵੰਜਾਰਾ ਨੇ ਇਹ ਪਰਦਾਫਾਸ਼ ਇਮਾਨਦਾਰੀ ਅਤੇ ਪਛਤਾਵੇ ਵਿਚੋਂ ਨਹੀਂ, ਸਗੋਂ ਘੋਰ ਮਾਯੂਸੀ ਦੀ ਹਾਲਤ ਵਿਚ ਆਪਣੇ ਵਲ ਧਿਆਨ ਖਿੱਚਣ ਲਈ ਕੀਤਾ ਸੀ। ਇਹ ਸ਼ਖਸ ਸੀ ਜੋ ਮੋਦੀ ਅਤੇ ਅਮਿਤ ਸ਼ਾਹ ਦੇ ਬਹੁਤ ਨੇੜੇ ਸੀ ਅਤੇ ਹੁਣ ਉਨ੍ਹਾਂ ਉਪਰ ਸਾਜ਼ਿਸ਼ਾਂ ਦਾ ਇਲਜ਼ਾਮ ਲਾ ਰਿਹਾ ਸੀ। ਉਹ ਆਪਣੇ ਮਨੋਰਥ ਵਿਚ ਕਾਮਯਾਬ ਰਿਹਾ। 2014 ਵਿਚ ਮੋਦੀ-ਅਮਿਤ ਸ਼ਾਹ ਦੀ ਅਗਵਾਈ ਵਿਚ ਭਾਜਪਾ ਦੇ ਕੇਂਦਰ ਦੀ ਸੱਤਾ ਉਪਰ ਕਾਬਜ਼ ਹੋਣ ਦੇ ਚੰਦ ਮਹੀਨਿਆਂ ਦੇ ਅੰਦਰ ਹੀ, ਡੀ.ਜੀ. ਵੰਜਾਰਾ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਅਤੇ ਗੁਜਰਾਤ ਵਿਚ ਉਸ ਦਾ ਨਾਇਕਾਂ ਵਾਲਾ ਸਵਾਗਤ ਕੀਤਾ ਗਿਆ। ਰਾਜਕੁਮਾਰ ਪਾਂਡਿਅਨ ਅਤੇ ਅਭੈ ਚੁੜਾਸਮਾ ਵਰਗੇ ਹੋਰ ਅਫਸਰ ਜੋ ਸੋਹਰਾਬੁਦੀਨ ਮਾਮਲੇ ਵਿਚ ਦੋ ਮੁੱਖ ਦੋਸ਼ੀਆਂ ਵਜੋਂ ਗ੍ਰਿਫਤਾਰ ਕੀਤੇ ਗਏ ਸਨ, ਉਹ ਵੀ ਜ਼ਮਾਨਤ 'ਤੇ ਬਾਹਰ ਆ ਗਏ ਅਤੇ ਉਨ੍ਹਾਂ ਨੂੰ ਗੁਜਰਾਤ ਸਰਕਾਰ ਵਿਚ ਬਹਾਲ ਕਰ ਦਿੱਤਾ ਗਿਆ। ਇਸੇ ਸਾਲ ਪਹਿਲਾਂ ਸੀ.ਬੀ.ਆਈ. ਨੇ ਗੀਤਾ ਜੌਹਰੀ ਵਿਰੁਧ ਸਾਰੇ ਇਲਜ਼ਾਮ ਵਾਪਸ ਲੈ ਲਏ ਜਿਸ ਨੂੰ ਗੁਜਰਾਤ ਪੁਲਿਸ ਦੀ ਡੀ.ਜੀ. ਬਣਾ ਕੇ ਤਰੱਕੀ ਦਿੱਤੀ ਗਈ ਜਿਸ ਨੇ ਮੁੱਖ ਸੀ.ਆਈ.ਡੀ ਅਧਿਕਾਰੀ ਵਜੋਂ ਸੋਹਰਾਬੁਦੀਨ ਮੁਕਾਬਲੇ ਦੀ ਜਾਂਚ ਕੀਤੀ ਸੀ ਅਤੇ ਸੌਦੇਬਾਜ਼ੀ ਤਹਿਤ ਤੱਥਾਂ ਨੂੰ ਦਬਾਇਆ ਸੀ।

ਇਹ ਹਨ ਉਹ ਹਾਲਾਤ ਹਨ ਜਿਨ੍ਹਾਂ ਵਿਚ ਸੀ.ਬੀ.ਆਈ. ਵਲੋਂ ਬਣਾਏ ਕੇਸ ਇਸ ਏਜੰਸੀ ਦੀ ਮਿਲੀਭੁਗਤ ਨਾਲ ਅਦਾਲਤਾਂ ਵਿਚ ਲੜਖੜਾ ਜਾਂਦੇ ਹਨ, ਚੰਗੇ ਭਲੇ ਠੋਸ ਸਬੂਤ 'ਗੈਰਤਸੱਲੀਬਖਸ਼' ਬਣ ਜਾਂਦੇ ਹਨ, ਗਵਾਹ ਮੁੱਕਰ ਜਾਂਦੇ ਹਨ ਅਤੇ ਡਾਢੇ ਰਸੂਖਵਾਨ ਮੁਜਰਿਮ ਸਜ਼ਾਵਾਂ ਪਾ ਕੇ ਮੌਜ ਨਾਲ ਹੀ ਅਦਾਲਤਾਂ ਵਿਚ ਬਰੀ ਹੋ ਜਾਂਦੇ ਹਨ।

## ਡੀ.ਜੀ. ਵੰਜਾਰਾ ਦੀ ਚਿੱਠੀ ਦੇ ਅੰਸ਼

"ਵਕਤ ਗੁਜ਼ਰਨ ਨਾਲ, ਮੈਨੂੰ ਮਹਿਸੂਸ ਹੋਇਆ ਕਿ ਇਸ ਸਰਕਾਰ ਦੀ ਸਾਨੂੰ ਬਚਾਉਣ ਵਿਚ ਕੋਈ ਦਿਲਚਸਪੀ ਨਹੀਂ ਸੀ। ਇਹੀ ਨਹੀਂ, ਇਹ ਤਾਂ ਮੈਨੂੰ ਅਤੇ ਮੇਰੇ ਅਫਸਰਾਂ ਨੂੰ ਜੇਲ੍ਹ ਵਿਚ ਡੱਕੀ ਰੱਖਣ ਲਈ ਅੰਦਰਖਾਨੇ ਪੂਰੀ ਵਾਹ ਲਾ ਰਹੀ ਸੀ ਤਾਂ ਜੋ ਇਕ ਪਾਸੇ ਇਹ ਸੀ.ਬੀ.ਆਈ. ਤੋਂ ਆਪਣੀ ਖੱਲ ਬਚਾ ਸਕੇ ਅਤੇ ਦੂਜੇ ਪਾਸੇ ਸਿਆਸੀ ਲਾਹਾ ਲੈ ਸਕੇ। ਹਰ ਕੋਈ ਜਾਣਦਾ ਹੈ ਕਿ ਇਹ ਸਰਕਾਰ ਗੁਜਰਾਤ ਵਿਚ ਮੁਕਾਬਲਿਆਂ ਦੇ ਮਾਮਲਿਆਂ ਨੂੰ ਮਘਦੇ ਰੱਖ ਕੇ ਭਰਪੂਰ ਸਿਆਸੀ ਲਾਹਾ



ਲੈ ਰਹੀ ਹੈ, ਜਦਕਿ ਜੇਲ੍ਹਾਂ ਵਿਚ ਡੱਕੇ ਪੁਲਿਸ ਅਫਸਰਾਂ ਪ੍ਰਤੀ ਇਹ ਬਹੁਤ ਘੱਟ ਚਰਚਾ ਕਰਦੀ ਹੈ ਅਤੇ ਬੇਪ੍ਰਵਾਹ ਹੈ।

ਸੁਪਰੀਮ ਕੋਰਟ ਨੂੰ ਪੂਰਾ ਸਤਿਕਾਰ ਦਿੰਦਾ ਹੋਇਆ ਮੈਂ ਗੰਭੀਰਤਾ ਨਾਲ ਵਿਸ਼ਵਾਸ ਰੱਖਦਾ ਹਾਂ ਅਤੇ ਬਿਆਨ ਕਰਦਾ ਹਾਂ ਕਿ ਸ੍ਰੀ ਅਮਿਤਭਾਈ ਸ਼ਾਹ ਦੀਆਂ ਕਾਨੂੰਨੀ ਤੇ ਸਿਆਸੀ ਗੋਂਦਾਂ, ਸਾਜ਼ਿਸ਼ਾਂ ਅਤੇ ਚਾਲਾਂ ਤੋਂ ਬਿਨਾਂ ਸੋਹਰਾਬੁਦੀਨ ਦੇ ਮੁਕਾਬਲੇ ਦਾ ਮਾਮਲਾ, ਇਸੇ ਤਰ੍ਹਾਂ ਤੁਲਸੀਰਾਮ ਪ੍ਰਜਾਪਤੀ ਦਾ ਮਾਮਲਾ ਗੁਜਰਾਤ ਸੂਬੇ ਤੋਂ ਬਾਹਰ ਨਹੀਂ ਜਾ ਸਕਦਾ ਸੀ। ਮੈਂ ਸਪਸ਼ਟ ਕਹਾਂਗਾ ਕਿ ਸ੍ਰੀ ਅਮਿਤਭਾਈ ਸ਼ਾਹ ਦੇ ਘਟੀਆ ਦਾਅਪੇਚਾਂ ਦੁਆਰਾ ਇਹ ਸਰਕਾਰ ਬਦਕਿਸਮਤੀ ਨਾਲ ਸਿਰਫ ਆਪਣੇ ਹੀ ਹਿਤ ਨੂੰ ਬਚਾਉਣ ਲਈ ਕੰਮ ਕਰ ਰਹੀ ਹੈ ਤਾਂ ਜੋ ਇਹ ਖੁਦ ਚਾਰ-ਚੁਫੇਰੇ ਤਾਰੀਆਂ ਲਾ ਸਕੇ ਅਤੇ ਖੁਸ਼ਹਾਲ ਹੋ ਸਕੇ, ਜਦਕਿ ਅਫਸਰਾਂ ਨੂੰ ਇਹ ਡੁੱਬਣ ਅਤੇ ਡੁੱਬ ਕੇ ਅਣਆਈ ਮੌਤ ਮਰਨ ਦੀ ਇਜਾਜ਼ਤ ਦੇ ਕੇ ਜ਼ਲੀਲ ਕਰ ਰਹੀ ਹੈ। ਮੈਂ ਲੰਮੇ ਅਰਸੇ ਤੋਂ ਸਿਰਫ ਤੇ ਸਿਰਫ ਗੁਜਰਾਤ ਦੇ ਮੁੱਖ ਮੰਤਰੀ ਸ੍ਰੀ ਨਰਿੰਦਰਭਾਈ ਮੋਦੀ ਵਿਚ ਆਪਣੇ ਸ਼੍ਰੋਮਣੀ ਯਕੀਨ ਅਤੇ ਉਨ੍ਹਾਂ ਪ੍ਰਤੀ ਬਹੁਤ ਜ਼ਿਆਦਾ ਸਤਿਕਾਰ ਕਰਕੇ ਖਾਮੋਸ਼ ਰਿਹਾ ਹਾਂ ਜਿਨ੍ਹਾਂ ਨੂੰ ਮੈਂ ਰੱਬ ਵਾਂਗ ਪੂਜਦਾ ਸੀ। ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸ੍ਰੀ ਅਮਿਤਭਾਈ ਸ਼ਾਹ ਦੇ ਦੁਸ਼ਟ ਪ੍ਰਭਾਵ ਹੇਠ ਹੋਣ ਕਰਕੇ ਮੇਰਾ ਰੱਬ ਵੀ ਉਮੀਦਾਂ 'ਤੇ ਖਰਾ ਨਹੀਂ ਉਤਰਿਆ ਜਿਸ ਨੇ ਉਸ ਦੀਆਂ ਅੱਖਾਂ ਤੇ ਕੰਨ ਖੋਹ ਲਏ ਅਤੇ ਪਿਛਲੇ ਬਾਰਾਂ ਸਾਲ ਤੋਂ ਲੇਲਿਆਂ ਨੂੰ ਕੁੱਤੇ ਤੇ ਕੁੱਤਿਆਂ ਨੂੰ ਲੇਲੇ ਬਣਾ ਕੇ ਕਾਮਯਾਬੀ ਨਾਲ ਗੁੰਮਰਾਹ ਕਰ ਰਿਹਾ ਹੈ। ਸੂਬਾਈ ਪ੍ਰਸ਼ਾਸਨ ਉਪਰ ਉਸ ਦੀ ਨਾਪਾਕ ਜਕੜ ਐਨੀ ਜ਼ਬਰਦਸਤ ਹੈ ਕਿ ਉਹ ਗੁਜਰਾਤ ਸਰਕਾਰ ਨੂੰ ਤਕਰੀਬਨ ਆਪਣੇ ਮੋਹਰੇ ਵਾਂਗ ਚਲਾ ਰਿਹਾ ਹੈ ...।"

# ਪ੍ਰਸ਼ਾਦ 'ਤੇ ਪਿਆ ਪ੍ਰਛਾਵਾਂ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਪਿੰਡਾਂ ਥਾਂਵਾਂ ਵਿਚ ਕੋਈ ਛੋਟਾ ਬੱਚਾ ਦੁੱਧ ਚੁੰਘਦਾ ਜਾਂ ਖਾਂਦਾ-ਪੀਂਦਾ ਵੀ ਸੁੱਕੀ ਜਾਵੇ ਅਤੇ ਦੂਜੇ ਬੱਚਿਆਂ ਦੇ ਮੁਕਾਬਲੇ ਉਸ ਦੀ ਸਿਹਤ ਦਿਨੋ-ਦਿਨ ਡਿਗਦੀ ਜਾ ਰਹੀ ਦਿਸੇ ਤਾਂ ਅਕਸਰ ਮਾਈਆਂ ਕਹਿੰਦੀਆਂ ਨੇ ਕਿ ਇਹਨੂੰ ਤਾਂ ਭਾਈ 'ਪਤਛਾਵਾਂ' (ਪ੍ਰਛਾਵਾਂ) ਪਿਆ ਲਗਦਾ ਹੈ। ਅਜਿਹੇ ਬੱਚੇ ਦੀ ਵਿਗੜ ਰਹੀ ਸਿਹਤ ਪਿਛੇ ਅਸਲ ਕਾਰਨ ਤਾਂ ਉਸ ਦੇ ਅੰਦਰਲਾ ਕੋਈ ਵਿਗਾੜ ਹੁੰਦਾ ਹੈ ਪਰ ਪੇਂਡੂ ਇਲਾਕਿਆਂ ਵਿਚ ਆਮ ਤੌਰ 'ਤੇ ਅਜਿਹੇ ਬੱਚੇ ਨੂੰ ਝਾੜਾ ਜਾਂ ਹਥੌਲਾ ਕਰਾਉਣ ਵਾਸਤੇ ਕਿਸੇ 'ਸਿਆਣੇ' ਕੋਲ ਲਿਜਾਇਆ ਜਾਂਦਾ ਹੈ।

ਅਨਪੜ੍ਹ ਲੋਕਾਂ ਵਲੋਂ ਕੀਤੇ ਜਾਂਦੇ ਸਿਰੇ ਦੇ ਅੰਧਵਿਸ਼ਵਾਸ ਵਾਲੀ ਇਸ ਭੂਮਿਕਾ ਦਾ ਕੜਾਹ ਪ੍ਰਸ਼ਾਦ ਨਾਲ ਭਲਾ ਕੀ ਸਬੰਧ ਹੋ ਸਕਦਾ ਹੈ? ਇਹ ਭੇਤ ਖੋਲ੍ਹਣ ਤੋਂ ਪਹਿਲਾਂ ਸਿੱਖ ਧਰਮ ਵਿਚ ਗੁਰ ਪ੍ਰਸਾਦਿ ਵਜੋਂ ਪ੍ਰਵਾਨੇ ਗਏ ਕੜਾਹ ਪ੍ਰਸ਼ਾਦ ਬਾਰੇ ਕੁਝ ਮਿੱਠੀਆਂ ਮਿੱਠੀਆਂ ਗੱਲਾਂ ਕਰ ਲਈਏ।

ਇਤਿਹਾਸ ਦੇ ਖੋਜੀ ਮਰਹੂਮ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਸੁਣਾਉਂਦੇ ਹੁੰਦੇ ਸਨ ਕਿ ਸਿੱਖ ਧਰਮ ਵਿਚ ਕੜਾਹ ਪ੍ਰਸ਼ਾਦ ਦੀ ਆਮਦ ਉਦੋਂ ਹੋਈ ਮੰਨੀ ਜਾਂਦੀ ਹੈ, ਜਦੋਂ ਗੁਰੂ ਨਾਨਕ ਦੀ ਸਿੱਧਾਂ ਨਾਥਾਂ ਨਾਲ ਭੇਟ ਵਾਰਤਾ ਹੋਈ ਸੀ। ਲੰਮਾ ਸਮਾਂ ਚਲੀ ਸਿਧਾਂਤਕ ਗੋਸ਼ਟੀ ਪਿਛੋਂ ਬਹੁਤ ਬਿਰਧ ਅਵਸਥਾ ਵਾਲੇ ਨਾਥ ਬਾਬਿਆਂ ਨੇ ਨਵੀਂ ਅੜਾਉਣੀ ਵਜੋਂ ਗੁਰੂ ਸਾਹਿਬ ਅੱਗੇ ਇਹ ਫਰਮਾਇਸ਼ ਰੱਖੀ ਕਿ ਬੁਢਾਪੇ ਕਾਰਨ ਖੀਣ ਹੋਏ ਸਾਡੇ ਮੂੰਹ ਵਿਚ ਦੰਦ ਨਹੀਂ ਹਨ, ਸਾਡੀ ਭੁੱਖ ਦੇ ਇਲਾਜ ਵਾਸਤੇ ਸਾਨੂੰ ਕੋਈ ਅਜਿਹਾ ਭੋਜਨ ਛਕਾਉ ਜਿਸ ਨੂੰ ਚਿੱਥਣ ਚਬਾਉਣ ਦੀ ਲੋੜ ਹੀ ਨਾ ਪਵੇ। ਦਿਲਬਰ ਜੀ ਮੁਤਾਬਕ ਉਸ ਮੌਕੇ ਗੁਰੂ ਸਾਹਿਬ ਦਾ ਇਸ਼ਾਰਾ ਪਾ ਕੇ ਭਾਈ ਮਰਦਾਨੇ ਨੇ ਯਤਨ ਕਰਕੇ ਤਿਹਾਉਲੇ ਦਾ ਕੜਾਹ ਪ੍ਰਸ਼ਾਦ ਤਿਆਰ ਕੀਤਾ। ਸਿੱਧ ਬਾਬੇ ਨਰਮ ਨਰਮ ਕੜਾਹ ਪ੍ਰਸ਼ਾਦ ਦੇ ਗੋਲੇ ਵੱਟ ਵੱਟ ਅੰਦਰ ਸੁੱਟੀ ਗਏ ਹੋਣਗੇ।

ਕੜਾਹ ਪ੍ਰਸ਼ਾਦ ਬਾਰੇ ਇਕ ਹੋਰ ਵਿਦਵਾਨ ਡਾ. ਗੁਰਸ਼ਰਨਜੀਤ ਸਿੰਘ ਦੇ ਵਿਚਾਰ ਵੀ ਪੜ੍ਹਨਯੋਗ ਹਨ। ਆਪਣੀ ਕਿਤਾਬ 'ਗੁਰਮਤਿ ਨਿਰਣੈ ਕੋਸ਼' ਦੇ ਸਫਾ 61 ਉਤੇ ਉਹ ਲਿਖਦੇ ਹਨ, "ਕੜਾਹ ਪ੍ਰਸ਼ਾਦ ਅਜਿਹਾ ਪੌਸ਼ਟਿਕ ਅਤੇ ਪਵਿੱਤਰ ਪਦਾਰਥ ਹੈ, ਜੋ ਸਿੱਖਾਂ ਦੇ ਦੀਵਾਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਲੈਣ ਉਪਰੰਤ ਆਈ ਸੰਗਤ ਵਿਚ ਵਰਤਾਇਆ ਜਾਂਦਾ ਹੈ।"

ਇਸੇ ਪ੍ਰਥਾਇ ਡਾ. ਸਾਹਿਬ ਅਗਾਂਹ ਦੱਸਦੇ ਹਨ, "ਗੁਰੂ ਗ੍ਰੰਥ ਸਾਹਿਬ ਨੂੰ ਚੜ੍ਹਾਵੇ ਵਜੋਂ ਪੈਸਾ, ਸੋਨਾ-ਚਾਂਦੀ, ਰੁਮਾਲੇ, ਫੁੱਲ, ਫਲ, ਮਠਿਆਈ, ਸੁੱਕੇ ਮੇਵੇ, ਦੁੱਧ ਤੇ ਦੁੱਧ ਤੋਂ ਬਣੇ ਪਦਾਰਥ ਜਿਵੇਂ ਦੇਸੀ ਘੀ, ਖੀਰ ਆਦਿ ਚੜ੍ਹਾਏ ਜਾਂਦੇ ਵੇਖੇ ਹਨ ਪਰ ਇਨ੍ਹਾਂ ਸਭ ਤੋਂ ਉਪਰ ਕੜਾਹ ਪ੍ਰਸ਼ਾਦ ਮੰਨਿਆ ਗਿਆ ਹੈ। ਅਜਿਹਾ ਇਸ ਦੀ ਪਵਿੱਤਰਤਾ ਕਾਰਨ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵਿਧਾਨਕ ਤੌਰ 'ਤੇ ਗੁਰੂ-ਘਰ ਵਿਚ ਕੜਾਹ ਪ੍ਰਸ਼ਾਦ ਹੀ ਚੜ੍ਹਾਵੇ ਵਜੋਂ ਪ੍ਰਵਾਨਿਤ ਹੈ ਤੇ ਅਰਦਾਸ ਵਿਚ ਕੇਵਲ ਕੜਾਹ ਪ੍ਰਸ਼ਾਦ ਨੂੰ ਹੀ ਪ੍ਰਵਾਨਗੀ ਦੀ ਗੱਲ ਦਰਜ ਕੀਤੀ ਜਾਂਦੀ ਹੈ।...ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਪਿਛੋਂ ਕੜਾਹ 'ਪ੍ਰਸ਼ਾਦ' ਬਣ ਜਾਂਦਾ ਹੈ।"

ਅਸਲ ਮੁੱਦੇ ਵੱਲ ਆਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦ ਬਾਰੇ ਕੁਝ ਗੱਲਾਂ ਹੋਰ। ਪੰਜਾਬੀਆਂ ਵਿਚ ਆਮ ਪਰ ਸਿੱਖ ਸਮਾਜ ਵਿਚ ਖਾਸ ਤੌਰ 'ਤੇ ਕੜਾਹ, 'ਪ੍ਰਸ਼ਾਦ' ਵਜੋਂ ਇਸ ਕਦਰ ਮਕਬੂਲ ਹੋ ਚੁਕਾ ਹੈ ਕਿ ਘਰਾਂ ਵਿਚ ਬਣਾਏ ਜਾਂਦੇ ਕੜਾਹ ਨੂੰ 'ਪ੍ਰਸ਼ਾਦ ਬਣਾਇਆ' ਹੀ ਕਿਹਾ ਜਾਂਦਾ ਹੈ। ਸਿੱਖ ਸਭਿਆਚਾਰ ਵਿਚਲੇ 'ਦੇਗ' ਸ਼ਬਦ ਦਾ ਅਰਥ ਭਾਵੇਂ ਲੋਹ ਲੰਗਰ ਹੈ, ਪਰ ਕਈ ਵਾਰ ਕੜਾਹ ਨੂੰ ਵੀ 'ਦੇਗ' ਕਹਿ ਲਿਆ ਜਾਂਦਾ ਹੈ। ਘਰ ਵਿਚ ਆਏ ਸੱਗੇ-ਰੱਤੇ ਪ੍ਰਾਹੁਣਿਆਂ ਦੀ ਆਓ ਭਗਤ ਕਰਨ ਹਿਤ ਬਣਾਏ ਜਾਂਦੇ ਖਾਧ ਪਦਾਰਥ ਵਿਚ ਖੀਰ ਦੇ ਨਾਲ ਕੜਾਹ ਜ਼ਰੂਰ ਬਣਾਇਆ ਜਾਂਦਾ ਹੈ। ਵਿਆਹ ਪਿਛੋਂ ਨਵੀਂ ਨਵੇਲੀ ਨੂੰਹ ਨੂੰ ਜਦੋਂ ਸ਼ਗਨਾਂ ਨਾਲ ਚੌਂਕੇ ਚੜ੍ਹਾਇਆ ਜਾਂਦਾ ਹੈ ਤਾਂ ਉਹਦੇ ਹੱਥੀਂ ਕੜਾਹ ਬਣਵਾਇਆ ਜਾਂਦਾ ਹੈ। ਜਨ ਸਾਧਾਰਨ ਵਲੋਂ ਪ੍ਰਸ਼ਾਦ ਵਰਤਾਉਣ ਵਾਲੇ ਭਾਈਆਂ-ਗ੍ਰੰਥੀਆਂ ਉਤੇ ਜਿਹੜੇ ਕਦੇ ਵਿਅੰਗ-ਟੋਟਕੇ ਕੱਸੇ ਜਾਂਦੇ ਸਨ, 'ਭਾਈ ਜੀ ਨੇ ਮਾਰੀ ਅੱਖ, ਕੜਾਹੀ ਅੰਦਰ ਰੱਖ, ਠੰਢਾ ਕਰ ਕਰ ਖਾਵਾਂਗੇ...!' ਇਨ੍ਹਾਂ ਪਿਛੇ ਵੀ ਆਮ ਲੋਕਾਂ ਦੀ ਕੜਾਹ ਛਕਣ ਦੀ ਅਧੂਰੀ ਲਾਲਸਾ ਹੀ ਦਿਖਾਈ ਦਿੰਦੀ ਹੈ। ਆਪਣੇ ਬਚਪਨ ਵਿਚ ਗੁਰਦੁਆਰਿਆਂ ਵਿਖੇ ਕਈ ਕਈ ਵਾਰੀ ਪ੍ਰਸ਼ਾਦ ਲੈਣਾ ਕਿਹਨੂੰ ਭੁੱਲਿਆ ਹੋਣਾ?



ਹੁਣ ਭੂਮਿਕਾ 'ਚ ਕਹੀ ਪ੍ਰਛਾਵੇਂ ਵਾਲੀ ਗੱਲ ਵੱਲ ਮੋੜਾ ਪਾਈਏ। ਪੰਜਾਬ ਤੋਂ ਇਕ ਜਾਣੂ ਗ੍ਰੰਥੀ ਸਿੰਘ ਨੇ ਮੈਨੂੰ ਫੋਨ ਰਾਹੀਂ ਫੋਟੋ ਭੇਜੀ। ਆਮ ਘਰਾਂ ਵਿਚ ਵਰਤੀ ਜਾਂਦੀ ਦਰਮਿਆਨੀ ਜਿਹੀ ਕੜਾਹੀ ਵਿਚ ਪਾਈਆ ਕੁ ਘਿਉ ਦਾ ਕੜਾਹ ਪ੍ਰਸ਼ਾਦ ਬਣਿਆ ਪਿਆ ਸੀ। ਫੋਟੋ ਹੇਠਾਂ ਲਿਖਿਆ ਹੋਇਆ ਸੀ, 'ਅਨੰਦ ਕਾਰਜ ਲਈ ਦੇਗ ਤਿਆਰ!' ਇਸ ਸਤਰ ਨੇ ਮੈਨੂੰ ਚੱਕਰਾਂ 'ਚ ਪਾ ਦਿੱਤਾ ਕਿਉਂਕਿ ਮੈਂ ਖੁਦ ਸੋਲਾਂ-ਸਤਾਰਾਂ ਸਾਲ ਪਿੰਡ ਰਹਿੰਦਿਆਂ ਅਨੰਦ ਕਾਰਜ ਕਰਵਾਉਂਦਾ ਰਿਹਾ ਹਾਂ। ਉਦੋਂ ਇਸ ਮੌਕੇ ਘੱਟ ਤੋਂ ਘੱਟ ਇਕ ਕਿਲੋ, ਨਹੀਂ ਢਾਈ ਤਿੰਨ ਕਿਲੋ ਘਿਉ ਦਾ ਪ੍ਰਸ਼ਾਦ ਬਣਾਉਣਾ ਪੈਂਦਾ ਹੁੰਦਾ ਸੀ ਪਰ ਹੁਣ ਅਨੰਦ ਕਾਰਜਾਂ ਮੌਕੇ ਪਾਈਏ ਦਾ ਪ੍ਰਸ਼ਾਦ?

ਢਾਈ-ਤਿੰਨ ਕਿਲੋ ਤੋਂ ਸੁੰਗੜ ਕੇ ਪਾਈਏ ਤਕ ਆ ਪਹੁੰਚੇ ਕੜਾਹ ਪ੍ਰਸ਼ਾਦ ਬਾਰੇ ਵਿਸਥਾਰ ਸਹਿਤ ਜਾਣਕਾਰੀ ਲੈਣ ਲਈ ਮੈਂ ਫੋਟੋ ਭੇਜਣ ਵਾਲੇ ਅਤੇ ਵੱਖ-ਵੱਖ ਇਲਾਕਿਆਂ ਦੇ ਹੋਰ ਰਾਗੀਆਂ, ਗ੍ਰੰਥੀਆਂ ਅਤੇ ਗੁਰਦੁਆਰਾ ਪ੍ਰਬੰਧਕਾਂ ਨਾਲ ਫੋਨ ਰਾਹੀਂ ਸੰਪਰਕ ਬਣਾਇਆ। ਇਸ ਲਿਖਤ ਦੀਆਂ ਅਗਲੀਆਂ ਸਤਰਾਂ ਇਨ੍ਹਾਂ ਸਾਰਿਆਂ ਵਲੋਂ ਦੱਸੀਆਂ ਗੱਲਾਂ 'ਤੇ ਹੀ ਆਧਾਰਤ ਹਨ:

ਮੁੱਖ ਤੌਰ 'ਤੇ ਕੜਾਹ ਪ੍ਰਸ਼ਾਦ ਉਤੇ ਮੈਰਿਜ ਪੈਲੇਸਾਂ ਦਾ 'ਪ੍ਰਛਾਵਾਂ' ਪਿਆ ਹੈ...ਪੈਲੇਸਾਂ ਵਿਚ ਪਰੋਸੇ ਜਾਂਦੇ ਪਦਾਰਥਾਂ ਦੀ ਗਿਣਤੀ ਵਧਦੀ ਰਹੀ ਹੈ ਪਰ ਕੜਾਹ ਪ੍ਰਸ਼ਾਦ 'ਸੁੰਗੜਦਾ' ਜਾ ਰਿਹਾ ਹੈ...ਧੇਤੇ-ਪੁਤੇਤੇ ਮਾਈ-ਭਾਈ ਪੈਲੇਸ ਵਿਚ ਤਾਂ ਕੇਕ, ਬਰਫੀਆਂ ਤੇ ਛੇ ਛੇ ਗੁਲਾਬ ਜਾਮਣਾਂ, ਰਸਗੁੱਲੇ ਬੜੇ ਸਵਾਦ ਨਾਲ ਛਕ ਲੈਂਦੇ ਹਨ ਪਰ ਅਨੰਦ ਕਾਰਜ ਮੌਕੇ ਪ੍ਰਸ਼ਾਦ ਲੈਣ ਵੇਲੇ ਉਨ੍ਹਾਂ ਨੂੰ 'ਸ਼ੂਗਰ' ਦਾ ਚੇਤਾ ਆ ਜਾਂਦਾ ਹੈ। ਵਿਆਹੁੰਦੜ ਜੋੜੀ ਦੇ ਚਾਚੇ, ਤਾਏ, ਮਾਮੇ, ਫੁੱਫੜ ਸੁੱਖ ਨਾਲ ਭਾਵੇਂ 3-3, 4-4 ਹੋਣ ਪਰ ਫੇਰਿਆਂ 'ਤੇ ਇਕ-ਅੱਧਾ ਹੀ ਪਹੁੰਚਦਾ ਹੈ, ਬਾਕੀ ਦੇ ਟਲ ਜਾਂਦੇ ਹਨ। ਜਿਹੜਾ ਕੋਈ ਪਹੁੰਚਦਾ ਵੀ ਐ, ਉਹ ਅਨੰਦ ਕਾਰਜ ਦੀ ਮਹੱਤਤਾ ਕਾਰਨ ਨਹੀਂ ਸਗੋਂ ਰਿਸ਼ਤੇਦਾਰੀ ਦੀ ਸ਼ਰਮ ਦਾ ਮਾਰਿਆ ਹੀ ਪਹੁੰਚਦਾ ਹੈ।

ਲਾ-ਪਾ ਕੇ ਜਿਹੜੇ ਪੰਜ ਸੱਤ ਕੁ 'ਸਰੀਰ' ਫੇਰਿਆਂ 'ਤੇ ਗੁਰਦੁਆਰੇ ਪਹੁੰਚਦੇ ਹਨ, ਉਹ ਵੀ ਜੂਸ, ਮਠਿਆਈ, ਪਨੀਰ-ਪਕੌੜੇ, ਫਿਸ਼ ਤੇ ਆਮਲੇਟ ਨਾਲ ਲੇੜ੍ਹੇ ਹੋਏ ਹੁੰਦੇ ਹਨ ਅਤੇ ਉਨ੍ਹਾਂ ਨੇ ਪੈਲੇਸ ਵਿਚ ਜਾ ਕੇ ਮੁੜ ਸੋਮ ਰਸ, ਚਿਕਨ ਅਤੇ ਮੀਟ ਦੇ ਆਹੂ ਲਾਹੁਣੇ ਹੁੰਦੇ ਹਨ। ਰੱਜੀ ਹੋਈ ਬੱਕਰੀ ਵਾਂਗ ਕੁੱਖਾਂ ਕੱਢ ਕੇ ਸੂੰਕਾਂ ਮਾਰਦੇ ਇਹ 'ਸੱਜਣ' ਫਿਰ ਪ੍ਰਸ਼ਾਦ ਕਿਥੇ ਪਾਉਣ?...ਇਹ ਫਿਰ 'ਸਵਾਇਆ ਸਵਾਇਆ' ਕਰਦੇ ਵਰਤਾਵੇ ਮੋਹਰੇ ਬੁੱਕ ਤਾਂ ਕਰ ਦਿੰਦੇ ਨੇ ਪਰ ਛੂਆ-ਬਾਈ ਜਿਹੀ ਕਰਕੇ ਹੱਥ ਵਾਲਾ ਪ੍ਰਸ਼ਾਦ ਅੱਗੇ ਤੋਂ ਅੱਗੇ 'ਸਪਲਾਈ' ਕਰ ਛੱਡਦੇ ਹਨ। ਇਕ ਨਵੀਂ ਜਾਣਕਾਰੀ ਹੋਰ ਮਿਲੀ, ਕਹਿੰਦੇ ਵਿਆਹੁੰਦੜ ਲੜਕਾ ਤਾਂ ਗੁਰੂ ਮਹਾਰਾਜ ਦੀ ਹਜ਼ੂਰੀ ਬੈਠਾ ਹੀ ਪ੍ਰਸ਼ਾਦ ਲੈ ਕੇ ਉਸ ਵੇਲੇ ਛਕ ਲੈਂਦਾ ਹੈ, ਲਾੜੀਆਂ ਪ੍ਰਸ਼ਾਦ ਲੈ ਤਾਂ ਲੈਂਦੀਆਂ ਹਨ ਪਰ ਉਸ ਵੇਲੇ ਨਾਲ ਬੈਠੀਆਂ 'ਹੈਲਪਰਾਂ' ਨੂੰ ਫੜਾ ਦਿੰਦੀਆਂ ਹਨ। ਸ਼ਾਇਦ ਉਨ੍ਹਾਂ ਦਾ ਬੇਓੜਕਾ ਮੇਕ-ਅੱਪ ਪ੍ਰਸ਼ਾਦ ਛਕਣ 'ਚ ਅੜਿੱਕਾ ਬਣਦਾ ਹੋਵੇ!

ਕਹਿੰਦੇ, ਹੁਣ ਸ਼ਾਇਦ ਹੀ ਕਿਸੇ 'ਸੁਭਾਗੇ' ਅਨੰਦ ਕਾਰਜ ਵੇਲੇ ਕਿੱਲੋ ਜਾਂ ਇਸ ਤੋਂ ਜ਼ਰਾ ਵੱਧ ਘਿਉ ਦਾ ਪ੍ਰਸ਼ਾਦ ਬਣਦਾ ਹੋਵੇ, ਨਹੀਂ ਤਾਂ ਪਾਈਏ ਨਾਲ ਹੀ ਸਰੀ ਜਾਂਦਾ ਹੈ। ਇਹ ਵੀ ਪਤਾ ਲੱਗਾ ਕਿ ਅਨੰਦ ਕਾਰਜਾਂ ਮੌਕੇ ਹੀ ਨਹੀਂ, ਹੁਣ ਆਮ ਭੋਗ ਸਮਾਗਮਾਂ ਮੌਕੇ ਵੀ ਪੈਰ ਮਿੱਧ ਮਿੱਧ ਕੇ ਪ੍ਰਸ਼ਾਦ ਲੈਣ ਦੇ ਦ੍ਰਿਸ਼ ਨਜ਼ਰੀਂ ਨਹੀਂ ਪੈਂਦੇ।

ਦਸਵੇਂ ਗੁਰੂ ਜੀ ਦੇ ਚੌਰ ਬਰਦਾਰ ਭਾਈ ਕੀਰਤੀਏ ਵਾਲੀ ਸਾਖੀ ਵਿਚਲੇ ਧੰਨੇ ਸਿੱਖ ਵਲੋਂ ਭਾਵੇਂ ਪ੍ਰਸ਼ਾਦ ਦਾ ਥੱਲੇ ਡਿੱਗਾ ਕਿਣਕਾ ਛਕ ਕੇ ਪ੍ਰਸੰਨ ਹੋਣ ਦੀ ਆਪਣੀ ਮਹਾਨਤਾ ਹੈ ਪਰ 'ਦੇਗ ਤੇਗ ਫਤਿਹ, ਪੰਥ ਕੀ ਜੀਤ' ਦੇ ਜੋਸ਼ੀਲੇ ਨਾਹਰੇ ਮਾਰਨ ਵਾਲੀ ਕੌਮ ਵਿਚ ਕੜਾਹ ਪ੍ਰਸ਼ਾਦ ਦੀ ਹੋ ਰਹੀ ਬੇਕਦਰੀ ਬਾਰੇ ਜ਼ਰੂਰ ਸੋਚ ਵਿਚਾਰ ਕਰਨੀ ਚਾਹੀਦੀ ਹੈ ਕਿ ਪ੍ਰਸ਼ਾਦ ਉਤੇ ਮੈਰਿਜ ਪੈਲੇਸਾਂ ਦਾ ਕਲਹਿਣਾ ਪ੍ਰਛਾਵਾਂ ਹੀ ਪੈ ਰਿਹਾ ਹੈ ਜਾਂ ਇਸ ਦੇ ਕੋਈ ਹੋਰ ਕਾਰਨ ਵੀ ਹੋ ਸਕਦੇ ਹਨ?

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ! ਪ੍ਰਣਾਮ!!

ਇਸ ਹਫਤੇ ਚੋਜੀ ਪ੍ਰੀਤਮ ਦਸਮੇਸ਼ ਪਿਤਾ ਦੇ ਦੋ ਵੱਡੇ ਸਾਹਿਬਜ਼ਾਦੇ ਜੰਗ ਵਿਚ ਜੂਝ ਗਏ ਸਨ ਅਤੇ ਦੋ ਛੋਟੇ ਸਾਹਿਬਜ਼ਾਦੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ ਸਨ।

ਕੰਧ ਨੂੰ ਦੀਵਾਰ ਵੀ ਕਹਿੰਦੇ ਹਨ, ਜਿਸ ਨੂੰ ਪਾਲੀ ਭਾਸ਼ਾ ਵਿਚ ਪਾਲ ਕਹਿੰਦੇ ਹਨ। ਪਾਲ ਕਤਾਰ ਨੂੰ ਜਾਂ ਲਾਈਨ ਨੂੰ ਵੀ ਕਹਿ ਲਈਦਾ ਹੈ।

ਇਹ ਕੰਧ, ਇਹ ਪਾਲ ਕੀ ਹੈ? ਦਰਅਸਲ ਕੰਧ ਜਾਂ ਪਾਲ ਇੱਕ ਰੁਕਾਵਟ ਹੈ, ਜੋ ਕਿਸੇ ਨੂੰ ਰੋਕਣ ਜਾਂ ਢੱਕਣ ਲਈ ਬਣਾਈ ਜਾਂਦੀ ਹੈ। ਇਸ ਨੂੰ ਡੱਕਾ ਲਾਉਣਾ ਜਾਂ ਰੋਕ ਲਾਉਣੀ ਵੀ ਕਹਿੰਦੇ ਹਨ। ਚਾਰੇ ਪਾਸੇ ਕੰਧਾਂ ਹੋਣ ਤਾਂ ਇਸ ਚਾਰ ਦੀਵਾਰੀ ਨੂੰ ਕੈਦ ਸਮਝਿਆ ਜਾਂਦਾ ਹੈ।

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਕੰਧਾਂ ਕੰਕਰੀਟ ਦੀਆਂ ਵੀ ਹੁੰਦੀਆਂ ਹਨ ਅਤੇ ਮਨ ਦੇ ਵਹਿਮ ਤੇ ਫਹਿਮ ਦੀਆਂ ਵੀ ਹੁੰਦੀਆਂ ਹਨ। ਕੰਕਰੀਟ ਦੀਆਂ ਕੰਧਾਂ ਢੱਠ ਜਾਂਦੀਆਂ ਹਨ; ਵਹਿਮ ਅਤੇ ਫਹਿਮ ਦੀਆਂ ਕੰਧਾਂ ਢਾਹੁਣੀਆਂ ਮੁਸ਼ਕਿਲ ਹੁੰਦੀਆਂ ਹਨ। ਗੁਰੂ ਨਾਨਕ ਪਾਤਸ਼ਾਹ ਨੇ ਇਨ੍ਹਾਂ ਮਾਨਸਿਕ ਕੰਧਾਂ ਬਾਬਤ ਸਵਾਲ ਕੀਤਾ ਸੀ, "ਕਿਵ ਕੂੜੈ ਤੁਟੈ ਪਾਲਿ?" ਅਤੇ ਜਵਾਬ ਦਿੱਤਾ ਸੀ, "ਹੁਕਮਿ ਰਜਾਈ ਚਲਣਾ...॥"

ਇਤਨੇ ਗਹਿਨ ਸਵਾਲ ਦਾ ਇਤਨਾ ਸੁਖੈਨ ਜਵਾਬ!

ਇਹ ਗੱਲ ਮੇਰੇ ਮਿੱਤਰ ਪ੍ਰੋ. ਮਨਜਿੰਦਰ ਸਿੰਘ ਨੇ ਦੱਸੀ ਕਿ ਉਸ ਨੂੰ ਸਾਡੇ ਸਮਿਆਂ ਦੇ ਮਹਾਂ ਚਿੰਤਕ ਪ੍ਰੋ. ਹਰਜੀਤ ਸਿੰਘ ਗਿੱਲ ਨੇ ਦੱਸਿਆ ਸੀ ਕਿ ਗੁਰਬਾਣੀ ਦੀ ਭਾਸ਼ਾ 'ਡਿਸਪਿਟਿਵ' ਹੈ।

ਇਹ ਗੱਲ ਸੁਣ ਕੇ ਕਈ ਅਣਭੋਲ ਅਤੇ ਅਨੋਭੜ ਕਿਸਮ ਦੇ ਸਿੱਖਾਂ ਦੇ ਹਿਰਦੇ 'ਵਲੂੰਧਰੇ' ਜਾ ਸਕਦੇ ਹਨ ਕਿ ਕਿਸੇ ਨੇ ਗੁਰਬਾਣੀ ਨੂੰ 'ਡਿਸਪਿਟਿਵ' ਕਹਿ ਦਿੱਤਾ ਹੈ। ਪਰ ਸਿਆਣੇ ਬੰਦਿਆਂ ਦੇ ਕਥਨ ਦੇ ਗੁਰਜ ਭਾਵ ਹੁੰਦੇ ਹਨ; ਉਨ੍ਹਾਂ ਦਾ ਮਤਲਬ ਇੰਨਾ ਸਿੱਧਰਾ ਨਹੀਂ ਹੁੰਦਾ, ਜਿੰਨਾ ਅਸੀਂ ਅਕਸਰ ਸਮਝ ਬੈਠਦੇ ਹਾਂ।

ਪ੍ਰੋ. ਗਿੱਲ ਦਾ ਤਾਤਪਰਜ ਹੈ ਕਿ ਸਧਾਰਣ ਲੋਕਾਂ ਨੂੰ ਕਿਸੇ ਵਸਤ ਦੀ ਅਸਧਾਰਨਤਾ ਦਾ ਪਤਾ ਉਸ ਦੀ ਪੈਕਿੰਗ ਤੋਂ ਲੱਗਦਾ ਹੈ। ਉਹ ਸਮਝਦੇ ਹਨ, ਕੀਮਤੀ ਸ਼ੈ ਦੀ ਪੈਕਿੰਗ ਵੀ ਕੀਮਤੀ ਹੁੰਦੀ ਹੈ। ਜੇ ਉਨ੍ਹਾਂ ਸਾਹਮਣੇ ਕੋਈ ਸਧਾਰਣ ਵਸਤ ਕੀਤੀ ਪੈਕਿੰਗ ਵਿਚ ਲਿਪਤ ਹੋਵੇ ਤਾਂ ਉਹ ਉਸ ਸਧਾਰਣ ਵਸਤ ਨੂੰ ਵੀ ਅਸਧਾਰਣ ਮੰਨ ਲੈਣਗੇ; ਤੇ ਜੇ ਕਿਤੇ ਕੋਈ ਅਸਧਾਰਣ ਸ਼ੈਅ ਕਿਸੇ ਆਮ ਪੈਕਿੰਗ 'ਚ ਲਪੇਟੀ ਹੋਵੇ, ਉਹ ਉਸ ਬੇਸ਼ਕੀਮਤੀ ਸ਼ੈਅ ਨੂੰ ਵੀ ਸਧਾਰਣ ਅਨੁਮਾਨ ਲੈਂਦੇ ਹਨ।

ਸ਼ੈਅ ਤਾਂ ਕਿਤੇ ਰਹੀ, ਅਸੀਂ ਤਾਂ ਬੰਦਿਆਂ ਦੀ ਅਹਿਮੀਅਤ ਦਾ ਅੰਦਾਜ਼ਾ ਵੀ ਉਨ੍ਹਾਂ ਦੇ ਲਿਬਾਸ ਤੋਂ ਲਾਉਂਦੇ ਹਾਂ। ਲਿਬਾਸ ਦੇ ਅੰਦਾਜ਼ੇ ਤੋਂ ਅਸੀਂ ਆਮ ਬੰਦੇ ਨੂੰ ਅਕਸਰ ਖਾਸ ਤੇ ਖਾਸ ਨੂੰ ਆਮ ਸਮਝਣ ਦੇ ਭੁਲੇਖੇ ਦੇ ਸ਼ਿਕਾਰ ਹੋ ਜਾਂਦੇ ਹਾਂ। ਗਾਲਿਬ ਦਾ ਸ਼ੇਅਰ ਹੈ, ਬਨਾ ਕਰ ਫਕੀਰੋਂ ਕਾ ਹਮ ਭੇਸ ਗਾਲਿਬ, ਤਮਾਸ਼ਾ-ਇ-ਅਹਿਲੇ-ਕਰਮ ਦੇਖਤੇ ਹੈਂ।

ਅਮੀਰ ਲੋਕ ਅਮੀਰਾਂ ਵਿਚ ਵਿਚਰਦੇ ਜ਼ਰੂਰ ਹਨ, ਪਰ ਨਾਲ ਇੱਕ ਖਾਸ ਕਿਸਮ ਦੀ ਦੂਰੀ ਵੀ ਬਣਾਈ ਰੱਖਦੇ ਹਨ, ਪਰ ਉਨ੍ਹਾਂ ਦਾ ਵਿਅਕਤੀਗਤ ਹੀਜ ਪਿਆਜ ਆਮ ਲੋਕਾਂ ਸਾਹਮਣੇ ਨੰਗਾ ਹੁੰਦਾ ਹੈ। ਇਸ ਲਈ ਜੇ ਵੱਡੇ ਲੋਕਾਂ ਦਾ ਤਮਾਸ਼ਾ ਦੇਖਣਾ ਹੋਵੇ ਤਾਂ ਉਹ ਗਰੀਬੀ ਅਰਥਾਤ ਫਕੀਰੀ ਭੇਸ ਵਿਚ ਹੀ ਦੇਖਿਆ ਜਾ ਸਕਦਾ ਹੈ।

ਗੱਲ ਭਾਸ਼ਾ ਦੀ ਹੋ ਰਹੀ ਸੀ। ਭਾਸ਼ਾ ਕਿਸੇ ਖਿਆਲ, ਅਹਿਸਾਸ ਤੇ ਤਸੱਵਰ ਦਾ ਲਿਬਾਸ ਹੈ। ਅਸੀਂ ਸਧਾਰਣ ਭਾਸ਼ਾ 'ਚ ਕਹੀ ਗੱਲ ਨੂੰ ਗੌਲਦੇ ਤੱਕ ਨਹੀਂ, ਪਰ ਕਿਸੇ ਵਿਸ਼ੇਸ਼ ਭਾਸ਼ਾ ਵਿਚ ਕਿਹਾ ਕਥਨ ਸਾਨੂੰ ਅੰਤਿਮ ਸੱਚ ਜਾਪਣ ਲੱਗ ਪੈਂਦਾ ਹੈ।

ਭਾਰਤ ਵਿਚ ਬਾਰੀਕ ਖਿਆਲ ਦੀਆਂ ਗੱਲਾਂ ਕਰਨ ਲਈ ਪੰਡਿਤ ਲੋਕ ਸੰਸਕ੍ਰਿਤ ਭਾਸ਼ਾ ਦਾ ਹੀ ਇਸਤੇਮਾਲ ਕਰਦੇ ਸਨ। ਅਲੌਕਿਕ ਗੱਲਾਂ ਅਲੌਕਿਕ ਭਾਸ਼ਾ ਵਿਚ ਅਤੇ ਲੌਕਿਕ ਗੱਲਾਂ ਲੌਕਿਕ ਭਾਸ਼ਾ ਵਿਚ ਹੀ ਕਹਿਣ-ਕਰਨ ਦਾ ਰਿਵਾਜ ਸੀ।

ਭਗਤ ਅਤੇ ਗੁਰੂ ਸਾਹਿਬਾਨ ਨੇ ਸਾਡੀ ਸਰਲ ਤੇ ਸਧਾਰਣ ਭਾਸ਼ਾ 'ਚ ਬੇਹੱਦ ਪਤੇ ਦੀਆਂ, ਡੂੰਘੀਆਂ ਤੇ ਗਹਿਰ ਗੰਭੀਰ ਗੱਲਾਂ ਕੀਤੀਆਂ ਹਨ ਅਰਥਾਤ ਅਲੌਕਿਕ ਗੱਲਾਂ ਲੌਕਿਕ ਭਾਸ਼ਾ ਵਿਚ ਕਹਿ ਤੇ ਕਰ ਦਿੱਤੀਆਂ। ਅਸੀਂ ਇਸੇ ਕਰਕੇ ਗੁਰਬਾਣੀ ਨੂੰ ਖਿਆਲ ਦੀ ਪੱਧਰ 'ਤੇ ਉਹ ਅਹਿਮੀਅਤ ਨਹੀਂ ਦਿੰਦੇ। ਇਹੀ ਗੁਰਬਾਣੀ ਦੀ ਡਿਸਪਿਸ਼ਨ ਹੈ। ਦਰਅਸਲ ਗੁਰਬਾਣੀ ਸਾਦਾ ਭਾਸ਼ਾਈ ਲਿਬਾਸ ਵਿਚ ਕਥਿਆ ਪਰਮ ਸੱਤ ਹੈ, ਜਿਸ ਨੂੰ ਜਾਣਨ, ਸਮਝਣ ਜਾਂ ਬੁੱਝਣ ਲਈ ਵਿਸ਼ੇਸ਼ ਬੌਧਿਕ ਉਚੇਚ ਦੀ ਲੋੜ ਹੈ। 'ਕਿਵ ਕੂੜੈ ਤੁਟੈ ਪਾਲਿ' ਵਿਚ ਕੂੜੀ ਪਾਲ ਅਰਥਾਤ ਐਵੇਂ ਮੁਚੀ ਜਾਂ ਝੂਠੀ ਮੂਠੀ ਦੀ ਕੰਧ ਨੂੰ ਰਿਸ਼ੀ ਪਤੰਜਲੀ ਨੇ ਆਪਣੇ ਯੋਗ ਸੂਤਰਾਂ ਵਿਚ ਔਬਸਟੈਕਲ ਲਿਖਿਆ ਹੈ।

ਇਹੀ ਔਬਸਟੈਕਲ ਮਾਨਵੀ ਪ੍ਰਫੁਲਤਾ, ਪਰਿਪੂਰਨਤਾ, ਸੰਪੂਰਨਤਾ, ਸੰਪੰਨਤਾ ਅਤੇ ਪ੍ਰਸੰਨਤਾ ਵਿਚ ਰੁਕਾਵਟ ਬਣ ਕੇ ਜ਼ਿੰਦਗੀ ਨੂੰ ਦੁੱਖਾਂ ਦਾ ਘਰ ਅਰਥਾਤ ਨਰਕ ਬਣਾ ਧਰਦਾ ਹੈ। ਜਿਨ੍ਹਾਂ ਦੇ ਮਨ ਮਸਤਕ ਵਿਚ ਇਹ ਖੜੋਤ ਜਾਂ ਖਿਆਲੀ ਅੜਖੋੜ ਨਹੀਂ ਹੁੰਦਾ, ਉਹੀ ਲੋਕ ਅਸਲ ਵਿਚ ਅਤੇ ਸੱਚਮੁਚ ਅਜ਼ਾਦ ਲੋਕ ਹੁੰਦੇ ਹਨ; ਬਾਕੀ ਤਮਾਮ ਖਲਕਤ ਗੁਲਾਮੀ ਭੋਗਦੀ ਹੈ।

ਰਾਜਸੀ ਤੌਰ 'ਤੇ ਸਾਡੇ ਮੁਲਕ ਆਜ਼ਾਦੀ ਹਾਸਲ ਕਰ ਲੈਂਦੇ ਹਨ, ਪਰ ਸਾਡੇ ਲੋਕਾਂ ਦੇ ਨਸੀਬ ਵਿਚ ਆਜ਼ਾਦੀ ਨਹੀਂ ਹੁੰਦੀ; ਕਿਉਂਕਿ ਅਸੀਂ ਮੁੱਢੋਂ ਸੁੱਢੋਂ ਜ਼ਿਹਨੀ ਗੁਲਾਮੀ ਦੇ ਸ਼ਿਕਾਰ ਹੋ ਚੁਕੇ ਹੁੰਦੇ ਹਾਂ।

ਪਤੰਜਲੀ ਦਾ ਔਬਸਟੈਕਲ ਅਤੇ ਗੁਰੂ ਨਾਨਕ ਪਾਤਸ਼ਾਹ ਦੀ ਦਰਸਾਈ 'ਕੂੜ ਦੀ ਕੰਧ' ਹੀ ਸਾਡੀ ਮਾਨਸਿਕ ਗੁਲਾਮੀ ਦਾ ਕਾਰਨ ਹੁੰਦੀ ਹੈ। ਜਿਸ ਦਾ ਔਬਸਟੈਕਲ ਦੂਰ ਹੋ ਚੁਕਾ ਹੈ ਅਤੇ ਜਿਸ ਦੀ ਕੂੜੀ ਕੰਧ ਢੱਠ ਚੁਕੀ ਹੈ, ਉਹੀ ਧਾਰਮਕ ਹੈ, ਬਾਕੀ ਸਭ ਲੋਕ ਜੰਜਾਲ ਭੋਗ ਰਹੇ ਹਨ। ਜੋ ਲੋਕ ਇਸ ਜੰਜਾਲ ਤੋਂ ਮੁਕਤ ਹੋਣਾ ਚਾਹੁੰਦੇ ਹਨ ਅਤੇ ਕੂੜ ਦੀ ਕੰਧ ਵਾਲੇ ਔਬਸਟੈਕਲ ਨੂੰ ਖਾਰਜ ਕਰਨ ਦੇ ਜਤਨ ਵਿਚ ਹਨ, ਅਸਲ ਵਿਚ ਉਹੀ ਧਰਮ ਦੇ ਪਾਂਧੀ ਹਨ, ਉਹੀ ਸਿੱਖ ਹਨ, ਉਹੀ ਹਿੰਦੂ ਹਨ, ਉਹੀ ਮੁਸਲਮਾਨ ਹਨ; ਬਾਕੀ ਸਭ ਮਹਾਂ ਮਾਇਆ ਦਾ ਬੇਅਰਥ ਮਾਲ ਹਨ।

ਪ੍ਰਚਾਰਕ ਕਿਸਮ ਦੇ ਰਾਗੀ-ਢਾਡੀ ਸਾਨੂੰ ਦੱਸਦੇ ਹਨ ਕਿ ਸਾਹਿਬਜ਼ਾਦਿਆਂ ਨੇ ਸਾਡੀ ਖਾਤਰ ਕੁਰਬਾਨੀ ਦਿੱਤੀ; ਇਸ ਵਿਚ ਕੋਈ ਸ਼ੱਕ ਵੀ ਨਹੀਂ ਹੈ। ਪਰ ਸਾਨੂੰ ਕੋਈ ਇਹ ਨਹੀਂ ਦੱਸਦਾ ਕਿ ਜੇ ਸਾਹਿਬਜ਼ਾਦੇ ਸ਼ਹੀਦ ਨਾ ਹੋਏ ਹੁੰਦੇ ਤਾਂ ਸਾਨੂੰ ਕੀ ਹੋਣਾ ਸੀ; ਵੱਧ ਤੋਂ ਵੱਧ ਇਹੀ ਨਾ ਕਿ ਅਸੀਂ ਹੁਣ ਮੁਸਲਮਾਨ ਹੁੰਦੇ ਜਾਂ ਹੁੰਦੇ ਹੀ ਨਾ!

ਜੇ ਅਸੀਂ ਮੁਸਲਮਾਨ ਵੀ ਹੁੰਦੇ ਤਾਂ ਕਿਹੜਾ ਕੋਈ ਆਫਤ ਆ ਜਾਣੀ ਸੀ; ਅਸੀਂ ਉਹੋ ਜਿਹੇ ਹੀ ਮੁਸਲਮਾਨ ਹੋਣਾ ਸੀ, ਜਿਹੋ ਜਿਹੇ ਅਸੀਂ ਸਿੱਖ ਹਾਂ। ਜੇ ਅਸੀਂ ਨਾ ਵੀ ਹੁੰਦੇ ਤਾਂ ਕੀ ਕਿਤੇ ਅਸਮਾਨ ਢਹਿ ਜਾਣਾ ਸੀ ਜਾਂ ਧਰਤੀ ਗਰਕ ਜਾਣੀ ਸੀ।

ਦਰਅਸਲ ਜੇ ਸਾਹਿਬਜ਼ਾਦੇ ਸ਼ਹੀਦ ਨਾ ਹੋਏ ਹੁੰਦੇ ਤੇ ਅਸੀਂ ਸਿੱਖ ਨਾ ਹੁੰਦੇ ਤਾਂ ਅਸੀਂ ਆਪਣੀ ਸੰਪੂਰਨਤਾ ਤੇ ਸੰਪੰਨਤਾ ਦੇ ਸੁਖੈਨ ਅਤੇ ਸਰਲ ਮੌਕੇ ਤੋਂ ਖੁੰਝ ਜਾਣਾ ਸੀ। ਗੁਰਬਾਣੀ ਦਾ ਫੁਰਮਾਨ ਹੈ, 'ਫਿਰਿ ਇਆ ਅਉਸਰੁ ਚਰੈ ਨ ਹਾਥਾ॥'

ਮਨੁੱਖ ਹੋਣਾ ਉਸ ਔਬਸਟੈਕਲ ਨੂੰ ਹਟਾਉਣ ਦਾ ਮੌਕਾ ਹੈ ਅਤੇ ਸਿੱਖ ਹੋਣਾ ਉਸ 'ਕੂੜੀ ਕੰਧ' ਨੂੰ ਹਟਾਉਣ ਦਾ ਸੁਖੈਨ ਸਾਧਨ ਹੈ।

ਸਰਹਿੰਦ ਦੀ ਕੰਧ ਸਾਨੂੰ ਦੱਸਦੀ ਹੈ ਕਿ ਕੰਧਾਂ ਕੈਦ ਹੁੰਦੀਆਂ ਹਨ, ਵਲਗਣ ਹੁੰਦੀਆਂ ਹਨ, ਇਹ ਜ਼ਾਲਮਾਨਾ ਅਤੇ ਕਹਿਰਵਾਨ ਹੁੰਦੀਆਂ ਹਨ। ਇਸ ਦੇ ਉਲਟ ਵਿਧਾਤਾ ਨੇ ਸਿੱਖ ਨੂੰ ਪੁਲ ਹੋਣ ਦੀ ਸਿੱਖਿਆ ਦਿੱਤੀ ਹੈ, 'ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥'

ਪੁਲ ਆਰ-ਪਾਰ ਜਾਣ-ਆਉਣ ਦਾ ਸਾਧਨ ਹੁੰਦੇ ਹਨ; ਕੰਧਾਂ ਆਰ-ਪਾਰ ਜਾਣ-ਆਉਣ ਵਿਚ ਰੁਕਾਵਟ ਬਣਦੀਆਂ ਹਨ। ਪੁਲ ਦੋ ਦੇਸਾਂ, ਪਰਦੇਸਾਂ ਨੂੰ ਮੇਲ ਦਿੰਦੇ ਹਨ; ਪੁਲ ਦੂਰੀਆਂ ਸਮੇਟ ਦਿੰਦੇ ਹਨ, ਕਲ-ਕਲੇਸ਼ ਮੇਟ ਦਿੰਦੇ ਹਨ ਅਤੇ ਸਭਿਅਤਾਵਾਂ ਮੇਲ ਦਿੰਦੇ ਹਨ।

ਦੋ ਸਾਹਿਬਜ਼ਾਦੇ ਸਰਹਿੰਦ ਵਿਖੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ ਅਤੇ ਦੋ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੀਆਂ ਕੰਧਾਂ 'ਚ ਲੜ ਕੇ ਸ਼ਹੀਦੀ ਜਾਮ ਪੀ ਗਏ। ਚਮਕੌਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਸ਼ਹਾਦਤ ਦੇ ਦੋ ਮਹਾਨ ਸਤੰਭ ਹਨ, ਜਿਨ੍ਹਾਂ ਵਿਚ ਕੰਧਾਂ ਦੇ ਵਿਪਰੀਤ ਜਾਂ ਉਪਰ ਪੁਲ ਹੋਣ ਦਾ ਸੰਕੇਤ ਹੈ, ਜੋ ਸਾਨੂੰ ਪ੍ਰੇਰਨਾ ਕਰਦਾ ਹੈ ਕਿ ਸ਼ਹਾਦਤ ਦੇ ਇਨ੍ਹਾਂ ਸਤੰਭਾਂ ਉਤੇ ਵਿਸ਼ਵ ਭਾਈਚਾਰੇ ਦੀ ਸਾਂਝੀਵਾਲਤਾ ਦਾ ਸਭਿਆਚਾਰ ਉਸਾਰਿਆ ਜਾਵੇ।

ਆਓ, ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਜਾਤਾਂ, ਰੰਗਾਂ, ਨਸਲਾਂ, ਮਜਹਬਾਂ ਤੇ ਸਭਿਅਤਾਵਾਂ ਵਿਚਾਲੇ ਪੁਲ ਬਣਨ ਦੀ ਸਿੱਖਿਆ ਲਈਏ ਅਤੇ ਵਿਸ਼ਵ ਨਾਲ ਸਾਂਝੀਵਾਲਤਾ ਵੱਲ ਹਮਕਦਮ ਤੇ ਹਮਰਕਾਬ ਹੋਈਏ, ਅਤੇ ਆਪਣੀ ਸੰਪੂਰਨਤਾ ਵੱਲ ਵਧਦਿਆਂ ਆਪਣੇ ਮਾਨਸਿਕ ਅੰਧਕਾਰ, ਅਹੰਕਾਰ ਤੇ ਗੁਰੂ ਨਾਨਕ ਪਾਤਸ਼ਾਹ ਦੀ ਦਰਸਾਈ ਕੂੜੀ ਕੰਧ ਜਾਂ ਪਤੰਜਲੀ ਦੇ ਔਬਸਟੈਕਟਲ ਤੋਂ ਮੁਕਤ ਹੋਣ ਦੇ ਅਭਿਆਸ ਵਿਚ ਜੁਟ ਜਾਈਏ।

ਸਾਹਿਬਜ਼ਾਦਿਆਂ ਦੀ ਅਦੁੱਤੀ ਕਰਨੀ ਅਤੇ ਸ਼ਹਾਦਤ ਨੂੰ ਸਦ ਸਦ ਪ੍ਰਣਾਮ!

# ਸ਼੍ਰੋਮਣੀ ਕਮੇਟੀ ਵਲੋਂ ਭੇਜਿਆ ਸਨਮਾਨ ਪੱਤਰ ਪੁਲਿਸ ਮੁਖੀ ਨੂੰ ਸੌਂਪਿਆ

**ਨਿਊ ਯਾਰਕ (ਬਿਊਰੋ):** ਡਿਊਟੀ ਦੌਰਾਨ ਸਿੱਖ ਅਫਸਰਾਂ ਨੂੰ ਦਸਤਾਰ ਸਜਾਉਣ ਅਤੇ ਦਾੜ੍ਹੀ ਖੁੱਲ੍ਹੀ ਰੱਖਣ ਦੀ ਆਗਿਆ ਦੇਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਭੇਜਿਆ ਸਨਮਾਨ ਪੱਤਰ ਨਿਊ ਯਾਰਕ ਸਿਟੀ ਦੇ ਪੁਲਿਸ ਕਮਿਸ਼ਨਰ ਜੇਮਜ਼ ਪੀ. ਓਨੀਲ ਨੂੰ ਸੌਂਪਿਆ ਗਿਆ।

ਜ਼ਿਕਰਯੋਗ ਹੈ ਕਿ ਨਿਊ ਯਾਰਕ ਵਿਚ ਅਨੇਕਾਂ ਪੰਜਾਬੀ ਪੁਲਿਸ ਵਿਭਾਗ ਵਿਚ ਕੰਮ ਕਰਦੇ ਹਨ। ਪਹਿਲਾਂ ਸਿੱਖਾਂ ਨੂੰ ਡਿਊਟੀ ਦੌਰਾਨ ਦਾੜ੍ਹੀ ਕੱਟ ਕੇ ਅਤੇ ਟੋਪੀ ਪਾ ਕੇ ਕੰਮ ਕਰਨਾ ਪੈਂਦਾ ਸੀ। ਪੁਲਿਸ ਵਿਚ ਕੰਮ ਕਰਦੇ ਸਾਰਜੈਂਟ ਗੁਰਵਿੰਦਰ ਸਿੰਘ ਅਤੇ ਪੁਲਿਸ ਅਫਸਰ ਦਲੇਰ ਸਿੰਘ ਨੇ ਇਸ ਵਿਰੁਧ ਸੰਘਰਸ਼ ਸ਼ੁਰੂ ਕੀਤਾ, ਜਿਸ ਨੂੰ ਬੂਰ ਪਿਆ। ਹੁਣ ਸਿੱਖ ਅਫਸਰ ਸਿਰ 'ਤੇ ਦਸਤਾਰ ਸਜਾ ਕੇ ਤੇ ਦਾੜ੍ਹੀ ਖੁੱਲ੍ਹੀ ਰੱਖ ਕੇ ਅਤੇ ਬੀਬੀਆਂ ਵੀ ਸਿਰ 'ਤੇ ਦਸਤਾਰ ਸਜਾ ਕੇ ਡਿਊਟੀ ਕਰ ਸਕਦੀਆਂ ਹਨ, ਜਿਸ ਨੂੰ ਕਾਨੂੰਨੀ ਤੌਰ 'ਤੇ ਮਾਨਤਾ ਮਿਲ ਚੁਕੀ ਹੈ।

ਪਿਛਲੇ ਸਾਲ ਪੁਲਿਸ ਕਮਿਸ਼ਨਰ ਵਲੋਂ ਕੀਤੇ ਐਲਾਨ ਨਾਲ ਸਿੱਖ ਹਲਕਿਆਂ ਵਿਚ ਖੁਸ਼ੀ ਦੀ ਲਹਿਰ ਹੈ। ਸ਼੍ਰੋਮਣੀ ਕਮੇਟੀ ਵਲੋਂ ਡਾ. ਪਰਮਜੀਤ ਸਿੰਘ ਸਰੋਆ ਰਾਹੀਂ ਪੁਲਿਸ ਕਮਿਸ਼ਨਰ ਲਈ ਭੇਜੇ ਗਏ ਸਨਮਾਨ ਪੱਤਰ ਵਿਚ ਪੁਲਿਸ ਮੁਖੀ ਦਾ ਧੰਨਵਾਦ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਸਿੱਖ ਅਫਸਰਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਆਉਣ ਦਾ ਸੱਦਾ ਦਿੱਤਾ ਗਿਆ ਹੈ।

ਇਸੇ ਦੌਰਾਨ ਦੇਸੀ ਸੁਸਾਇਟੀ ਜੇਲ੍ਹ ਵਿਭਾਗ ਵਲੋਂ ਰੂਸੋ ਹੋਟਲ ਵਿਚ ਤੀਜਾ ਸਾਲਾਨਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਪੁਲਿਸ ਤੇ ਜੇਲ੍ਹ ਦੇ ਵੱਡੇ ਅਫਸਰਾਂ ਅਤੇ ਅਸੈਂਬਲੀ ਮੈਂਬਰਾਂ ਨੇ ਹਿੱਸਾ ਲਿਆ। ਸਿੱਖ ਕਮਿਊਨਿਟੀ ਦੇ ਲੀਡਰ ਸ. ਹਰਬੰਸ ਸਿੰਘ ਢਿੱਲੋਂ, ਭਾਈ ਰਣਜੀਤ ਸਿੰਘ ਸੰਗੋਜਲਾ, ਗੁਰਿੰਦਰਪਾਲ ਸਿੰਘ ਜੋਸਨ ਅਤੇ ਮਹਿੰਦਰ ਸਿੰਘ ਤਨੇਜਾ ਵਲੋਂ ਇਹ ਸਨਮਾਨ ਪੱਤਰ ਪੁਲਿਸ ਕਮਿਸ਼ਨਰ ਜੇਮਜ਼ ਪੀ. ਓਨੀਲ ਨੂੰ ਸੌਂਪਿਆ ਗਿਆ। ਪ੍ਰੋਗਰਾਮ ਦੌਰਾਨ ਸਟੇਜ ਦੀ ਸੇਵਾ ਪ੍ਰਧਾਨ ਕੈਪਟਨ ਰਾਜਾ ਰਾਠੌਰ ਨੇ ਨਿਭਾਈ।



*ਸਿੱਖ ਭਾਈਚਾਰੇ ਦੇ ਮੋਹਤਬਰ ਜੇਮਜ਼ ਪੀ. ਓਨੀਲ ਨੂੰ ਸਨਮਾਨ ਪੱਤਰ ਭੇਟ ਕਰਦੇ ਹੋਏ*

## ਫੋਰਟਿਸ ਹੈਲਥਕੇਅਰ ਨੂੰ ਸਿੰਘ ਭਰਾਵਾਂ ਤੋਂ ਵਸੂਲੀ ਦੇ ਹੁਕਮ

**ਨਵੀਂ ਦਿੱਲੀ:** ਮਾਰਕੀਟ ਰੈਗੂਲੇਟਰ 'ਸੇਬੀ' ਨੇ ਫੋਰਟਿਸ ਹੈਲਥਕੇਅਰ ਤੇ ਫੋਰਟਿਸ ਹੌਸਪੀਟਲਜ਼ ਨੂੰ ਨਿਰਦੇਸ਼ ਦਿੱਤੇ ਹਨ ਕਿ ਸ਼ਿਵਇੰਦਰ ਮੋਹਨ ਸਿੰਘ, ਮਾਲਵਿੰਦਰ ਮੋਹਨ ਸਿੰਘ ਤੇ 7 ਹੋਰਾਂ ਤੋਂ ਵਿਆਜ ਸਣੇ 403 ਕਰੋੜ ਰੁਪਏ ਉਗਰਾਹੁਣ ਲਈ ਢੁੱਕਵੇਂ ਕਦਮ ਚੁੱਕੇ ਜਾਣ। ਸੇਬੀ ਨੇ 3 ਮਹੀਨਿਆਂ ਵਿਚ ਇਹ ਵਸੂਲੀ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਪਹਿਲਾਂ ਵੀ ਅਕਤੂਬਰ ਵਿਚ ਰਕਮ ਦੀ ਵਸੂਲੀ ਲਈ ਫੋਰਟਿਸ ਹੈਲਥਕੇਅਰ ਨੂੰ ਕਿਹਾ ਗਿਆ ਸੀ।







# ਐਮਾਜ਼ੋਨ ਵੱਲੋਂ ਟਾਇਲਟ ਮੈਟ 'ਤੇ ਦਰਬਾਰ ਸਾਹਿਬ ਦੀ ਤਸਵੀਰ ਛਾਪਣ 'ਤੇ ਵਿਵਾਦ

**ਜਲੰਧਰ:** ਆਨਲਾਈਨ ਉਤਪਾਦ ਵੇਚਣ ਵਾਲੀ ਕੰਪਨੀ 'ਐਮਾਜ਼ੋਨ' ਨੇ ਆਪਣੀ ਵੈੱਬਸਾਈਟ ਉਤੇ ਫਿਲੀਫੋਮ ਯੂਨੀਵਰਸਲ ਟਾਇਲਟ ਸੀਟ ਅਤੇ ਬਾਥਰੂਮ ਮੈਟ ਦੇ ਦਿੱਤੇ ਗਏ ਇਸ਼ਤਿਹਾਰ 'ਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਤਸਵੀਰ ਛਾਪ ਕੇ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ




ਹੈ। ਹਾਲਾਂਕਿ ਅਜੇ ਇਹ ਸਾਫ ਨਹੀਂ ਹੋ ਸਕਿਆ ਹੈ ਕਿ ਕੰਪਨੀ ਵੱਲੋਂ ਅਜਿਹਾ ਕਿਉਂ ਕੀਤਾ ਗਿਆ ਪਰ ਇਹ ਮਾਮਲਾ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਕਾਰਨ ਸਿੱਖ ਸਮਾਜ ਅੰਦਰ ਕੰਪਨੀ ਖਿਲਾਫ ਜ਼ਬਰਦਸਤ ਗੁੱਸਾ ਤੇ ਰੋਸ ਪਾਇਆ ਜਾ ਰਿਹਾ ਹੈ।

ਇਹ ਮਾਮਲਾ ਪੂਰਨ ਤੌਰ ਉਤੇ ਸਮੁੱਚੇ ਸਿੱਖ ਜਗਤ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ ਤੇ ਅਜਿਹਾ ਕਰਕੇ ਕੰਪਨੀ ਵਲੋਂ ਨਾ ਕੇਵਲ ਇਸ ਮੁਕੱਦਸ ਅਸਥਾਨ ਦੀ ਤੌਹੀਨ ਕੀਤੀ ਗਈ ਹੈ, ਬਲਕਿ ਸਮੁੱਚੇ ਸਿੱਖ ਸਮਾਜ ਦੇ ਹਿਰਦਿਆਂ ਨੂੰ ਵੀ ਜ਼ਖ਼ਮੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਐਮਾਜ਼ੋਨ ਕੰਪਨੀ ਵੱਲੋਂ ਵੈੱਬਸਾਈਟ 'ਤੇ ਪਾਏ ਇਸ਼ਤਿਹਾਰ 'ਚ ਇਕ ਟਾਇਲਟ ਸੀਟ ਅਤੇ ਬਾਥਰੂਮ ਮੈਟ ਉੱਪਰ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਨੂੰ ਦਿਖਾਇਆ ਗਿਆ ਹੈ ਜਿਸ ਦਾ ਸਿੱਖ ਸਮਾਜ ਅੰਦਰ ਤਿੱਖਾ ਪ੍ਰਤੀਕਰਮ ਹੋਇਆ ਹੈ ਤੇ ਦੇਸ਼-ਵਿਦੇਸ਼ 'ਚ ਬੈਠੇ ਸਿੱਖਾਂ ਵੱਲੋਂ ਆਪਣੀਆਂ ਭਾਵਨਾਵਾਂ ਨੂੰ ਦੁਖੀ ਮਨ ਨਾਲ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਕੇ ਕੰਪਨੀ ਖ਼ਿਲਾਫ ਭੜਾਸ ਕੱਢੀ ਜਾ ਰਹੀ ਹੈ। ਉਧਰ, ਦੱਸਿਆ ਜਾ ਰਿਹਾ ਹੈ ਕਿ ਸਿੱਖ ਸਮਾਜ ਦੇ ਰੋਸ ਨੂੰ ਦੇਖਦੇ ਹੋਏ ਕੰਪਨੀ ਵੱਲੋਂ ਆਪਣੇ ਪੇਜ ਤੋਂ ਇਸ ਇਸ਼ਤਿਹਾਰ ਨੂੰ ਹਟਾ ਲਿਆ ਗਿਆ ਹੈ ਪਰ ਅਜੇ ਤੱਕ ਕੰਪਨੀ ਵੱਲੋਂ ਅਧਿਕਾਰਤ ਤੌਰ 'ਤੇ ਕੋਈ ਪ੍ਰਤੀਕਰਮ ਨਹੀਂ ਦਿੱਤਾ ਗਿਆ।

### ਐਮਾਜ਼ੋਨ ਨੇ ਸ਼੍ਰੋਮਣੀ ਕਮੇਟੀ ਤੋਂ ਮੁਆਫੀ ਮੰਗੀ

**ਅੰਮ੍ਰਿਤਸਰ:** ਆਨਲਾਈਨ ਸ਼ਾਪਿੰਗ ਕੰਪਨੀ ਐਮਾਜ਼ੋਨ ਨੇ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜ ਕੇ ਆਪਣੀ ਗਲਤੀ ਦੀ ਮੁਆਫੀ ਮੰਗੀ ਹੈ ਅਤੇ ਦੱਸਿਆ ਕਿ ਵਿਵਾਦਤ ਉਤਪਾਦ ਬਾਜ਼ਾਰ ਵਿਚੋਂ ਹਟਾ ਦਿੱਤੇ ਗਏ ਹਨ। ਮੁਆਫੀ ਸਬੰਧੀ ਪੱਤਰ ਕੰਪਨੀ ਦੇ ਲੋਕ ਸੰਪਰਕ ਡਾਇਰੈਕਟਰ ਅਵਿਨਾਸ਼ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੂੰ ਭੇਜਿਆ ਗਿਆ ਹੈ। ਕੰਪਨੀ ਵੱਲੋਂ ਗਲਤੀ ਲਈ ਸਿੱਖ ਜਗਤ ਕੋਲੋਂ ਖਿਮਾ ਯਾਚਨਾ ਕੀਤੀ ਗਈ ਹੈ। ਡਾ. ਰੂਪ ਸਿੰਘ ਨੇ ਦੱਸਿਆ ਕਿ ਕੰਪਨੀ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜਣ ਕਾਰਨ ਅਫਸੋਸ ਪ੍ਰਗਟ ਕੀਤਾ ਹੈ।

# ਟਾਈਮਜ਼ ਦੀ ਸੂਚੀ 'ਚ ਭਾਰਤੀ ਮੂਲ ਦੇ ਤਿੰਨ ਵਿਦਿਆਰਥੀ

**ਹਿਊਸਟਨ:** ਟਾਈਮਜ਼ ਮੈਗਜ਼ੀਨ ਵੱਲੋਂ ਵੱਖ-ਵੱਖ ਖੇਤਰਾਂ ਵਿਚ ਮਾਅਰਕਾ ਮਾਰਨ ਵਾਲੇ 25 ਸਭ ਤੋਂ ਪ੍ਰਭਾਵਸ਼ਾਲੀ ਗੱਭਰੂਆਂ ਦੀ ਤਿਆਰ ਸੂਚੀ ਵਿਚ ਭਾਰਤੀ ਮੂਲ ਦੇ ਤਿੰਨ ਵਿਦਿਆਰਥੀਆਂ



ਨੂੰ ਨਾਮਜ਼ਦ ਕੀਤਾ ਗਿਆ ਹੈ। ਜਿਹੜੇ ਤਿੰਨ ਭਾਰਤੀ-ਅਮਰੀਕੀ ਵਿਦਿਆਰਥੀ ਇਸ ਸੂਚੀ ਵਿਚ ਨਾਂ ਦਰਜ ਕਰਵਾਉਣ ਵਿਚ ਸਫਲ ਰਹੇ ਹਨ, ਉਨ੍ਹਾਂ ਵਿਚ ਕਾਵਿਆ ਕੋਪਾਰੱਪੂ, ਰਿਸ਼ਭ ਜੈਨ ਤੇ ਬਰਤਾਨਵੀ-ਭਾਰਤੀ ਅਮਿਕਾ ਜੌਰਜ ਸ਼ਾਮਲ ਹਨ।

ਇਹ ਤਿੰਨੋ ਇਕ ਸਮੂਹ ਦਾ ਹਿੱਸਾ ਹਨ, ਜੋ ਆਪਣੇ ਕੰਮ ਤੇ ਜਨੂਨ ਸਦਕਾ ਸ਼ਾਨਦਾਰ ਪ੍ਰਾਪਤੀਆਂ ਕਰ ਕੇ ਕੁੱਲ ਆਲਮ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣੇ ਹਨ।

ਅੱਠਵੀਂ ਜਮਾਤ 'ਚ ਪੜ੍ਹਦੇ ਰਿਸ਼ਭ ਨੇ ਇਕ ਅਜਿਹੀ ਐਲਗੋਰਿਦਮ ਵਿਕਸਤ ਕੀਤੀ ਹੈ, ਜਿਸ ਨਾਲ ਸ਼ਾਇਦ ਪਾਚਕ ਗ੍ਰੰਥੀਆਂ ਦੇ ਕੈਂਸਰ ਦਾ ਇਲਾਜ ਸੰਭਵ ਹੋ ਸਕਦਾ ਹੈ।

ਕਾਵਿਆ, ਜਿਹੜੀ ਹਾਰਵਰਡ ਯੂਨੀਵਰਸਿਟੀ ਵਿਚ ਅਜੇ ਫਰੈਸ਼ਰ ਵਜੋਂ ਦਾਖਲ ਹੋਈ ਹੈ, ਨੇ ਗੰਭੀਰ ਅਧਿਐਨ ਲਈ ਅਜਿਹਾ ਕੰਪਿਊਟਰ ਸਿਸਟਮ ਤਿਆਰ ਕੀਤਾ ਹੈ, ਜੋ ਦਿਮਾਗੀ ਕੈਂਸਰ ਨਾਲ ਲੜ ਰਹੇ ਮਰੀਜ਼ਾਂ ਦੇ ਟਿਸ਼ੂਜ਼ ਨੂੰ ਸਕੈਨ ਸਲਾਈਡ ਕਰ ਸਕਣ ਦੇ ਸਮਰੱਥ ਹੈ।

# ਸੋਹਰਾਬੂਦੀਨ ਫਰਜ਼ੀ ਮੁਕਾਬਲੇ ਦੇ ਸਾਰੇ 22 ਮੁਲਜ਼ਮ ਬਰੀ

**ਮੁੰਬਈ:** ਗੈਂਗਸਟਰ ਸੋਹਰਾਬੂਦੀਨ ਸ਼ੇਖ, ਉਸ ਦੀ ਪਤਨੀ ਕੌਸਰ ਬੀ ਤੇ ਸਹਾਇਕ ਤੁਲਸੀ ਪ੍ਰਜਾਪਤੀ ਨੂੰ ਕਥਿਤ ਫਰਜ਼ੀ ਮੁਕਾਬਲੇ ਵਿਚ ਮਾਰਨ ਦੇ ਕੇਸ 'ਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਸਾਰੇ 22 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਮੁਲਜ਼ਮਾਂ ਨੂੰ ਬਰੀ ਕਰਨ ਲਈ ਅਦਾਲਤ ਨੇ ਲੋੜੀਂਦੇ ਸਬੂਤਾਂ ਦੀ ਘਾਟ ਦਾ ਹਵਾਲਾ ਦਿੱਤਾ ਹੈ ਤੇ ਨਾਲ ਹੀ 'ਤਿੰਨ ਜਾਨਾਂ' ਚਲੇ ਜਾਣ ਉਤੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ।

ਇਸੇ ਦੌਰਾਨ ਸੋਹਰਾਬੂਦੀਨ ਦੇ ਭਰਾ ਰਬਾਬੂਦੀਨ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਖਿਲਾਫ ਉਪਰਲੀ ਅਦਾਲਤ ਵਿਚ ਜਾਣਗੇ। ਜੱਜ ਨੇ ਕਿਹਾ ਕਿ ਹੁਣ ਤੱਕ ਪੇਸ਼ ਕੀਤੇ ਗਏ ਸਬੂਤ ਤੇ ਦਰਜ ਕੀਤੇ ਗਏ ਬਿਆਨ ਤਿੰਨਾਂ ਮੌਤਾਂ ਤੇ 22 ਮੁਲਜ਼ਮਾਂ ਵਿਚਾਲੇ ਕੋਈ ਸੰਪਰਕ ਸਾਬਤ ਨਹੀਂ ਕਰਦੇ। ਇਸ ਲਈ ਸਾਜ਼ਿਸ਼ ਘੜਨ ਦਾ ਕੋਈ ਕੇਸ ਬਣਦਾ ਹੀ ਨਹੀਂ। ਦੱਸਣਯੋਗ ਹੈ ਕਿ ਮੁਲਜ਼ਮਾਂ ਵਿਚ ਜ਼ਿਆਦਾਤਰ ਗੁਜਰਾਤ ਤੇ ਰਾਜਸਥਾਨ ਦੇ ਪੁਲਿਸ ਅਧਿਕਾਰੀ ਹਨ ਤੇ ਸੁਣਵਾਈ ਦੌਰਾਨ ਜ਼ਮਾਨਤ 'ਤੇ ਚੱਲ ਰਹੇ ਸਨ। ਤੇਰਾਂ ਸਾਲ ਚੱਲੇ ਇਸ ਕੇਸ ਵਿਚ ਕਈ ਮੋੜ ਆਏ ਹਨ ਤੇ



ਸੁਣਵਾਈ ਦੌਰਾਨ ਇਸਤਗਾਸਾ ਪੱਖ ਵੱਲੋਂ ਪੇਸ਼ ਕੀਤੇ 92 ਗਵਾਹ ਮੁੱਕਰ ਚੁੱਕੇ ਹਨ। ਇਸ ਕੇਸ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਵੀ 2010 ਵਿਚ ਕੁਝ ਸਮੇਂ ਲਈ ਗ੍ਰਿਫਤਾਰ ਕੀਤਾ ਗਿਆ ਸੀ, ਪਰ 2014 ਵਿਚ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ।

ਵਿਸ਼ੇਸ਼ ਸੀ.ਬੀ.ਆਈ. ਜੱਜ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ੇਖ ਤੇ ਹੋਰਾਂ ਦਾ ਕਤਲ ਕੀਤਾ ਗਿਆ ਸੀ, ਪਰ ਕੇਸ ਵਿਚ ਨਾਮਜ਼ਦ ਮੁਲਜ਼ਮਾਂ ਦੀ ਕੋਈ ਭੂਮਿਕਾ ਸਾਬਤ ਨਹੀਂ ਹੋ ਸਕੀ ਹੈ। ਦੱਸਣਯੋਗ ਹੈ ਕਿ ਸ਼ੇਖ, ਕੌਸਰ ਬੀ ਤੇ ਪ੍ਰਜਾਪਤੀ ਨੂੰ 22 ਤੇ 23 ਨਵੰਬਰ 2005 ਦੀ ਦਰਮਿਆਨੀ ਰਾਤ ਨੂੰ ਹੈਦਰਾਬਾਦ ਤੋਂ ਮਹਾਰਾਸ਼ਟਰ ਦੇ ਸਾਂਗਲੀ ਆਉਂਦਿਆਂ ਪੁਲਿਸ ਟੀਮ ਨੇ ਹਿਰਾਸਤ ਵਿਚ ਲੈ ਲਿਆ ਸੀ। ਸ਼ੇਖ ਤੇ ਕੌਸਰ ਨੂੰ ਇਕ ਵਾਹਨ ਅਤੇ ਪ੍ਰਜਾਪਤੀ ਨੂੰ ਇਕ ਹੋਰ ਵਾਹਨ ਵਿਚ ਲਿਜਾਇਆ ਗਿਆ ਸੀ। ਸੀ.ਬੀ.ਆਈ ਨੇ ਆਪਣੀ ਜਾਂਚ ਵਿਚ ਦੱਸਿਆ ਸੀ ਕਿ ਸ਼ੇਖ ਨੂੰ 26 ਨਵੰਬਰ 2005 ਨੂੰ ਗੁਜਰਾਤ ਤੇ ਰਾਜਸਥਾਨ ਦੀ ਪੁਲਿਸ ਟੀਮ ਨੇ ਕਥਿਤ ਤੌਰ 'ਤੇ ਕਤਲ ਕਰ ਦਿੱਤਾ ਸੀ। ਜਦਕਿ ਕੌਸਰ ਬੀ ਦੀ ਤਿੰਨ ਦਿਨਾਂ ਬਾਅਦ ਹੱਤਿਆ ਕਰ ਦਿੱਤੀ ਗਈ। ਕੇਂਦਰੀ ਜੇਲ੍ਹ ਉਦੈਪੁਰ ਵਿਚ ਬੰਦ ਪ੍ਰਜਾਪਤੀ ਨੂੰ ਗੁਜਰਾਤ-ਰਾਜਸਥਾਨ ਸਰਹੱਦ 'ਤੇ ਹੋਏ ਇਕ ਮੁਕਾਬਲੇ ਵਿਚ 27 ਦਸੰਬਰ, 2006 ਨੂੰ ਮਾਰ ਦਿੱਤਾ ਗਿਆ ਸੀ।

### ਅਮਰੀਕੀ ਵਿਦਿਆਰਥੀਆਂ ਦੀ ਰਾਖੀ ਲਈ ਸਕੂਲਾਂ 'ਚ ਹਥਿਆਰ ਰੱਖਣ ਦਾ ਸੁਝਾਅ

**ਵਾਸ਼ਿੰਗਟਨ:** ਅਮਰੀਕਾ ਦੇ ਸਕੂਲਾਂ 'ਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਵਾਪਰਨ ਤੋਂ ਬਾਅਦ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਗਠਿਤ ਸੁਰੱਖਿਆ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਸਕੂਲ ਕਰਮਚਾਰੀਆਂ ਨੂੰ ਹਥਿਆਰ ਰੱਖਣ ਦੇਣ, ਸਾਬਕਾ ਫੌਜੀਆਂ ਤੇ ਪੁਲਿਸ ਮੁਲਾਜ਼ਮਾਂ ਨੂੰ ਗਾਰਡ ਵਜੋਂ ਰੱਖਣ ਅਤੇ ਓਬਾਮਾ ਕਾਰਜਕਾਲ ਦੇ ਦਿਸ਼ਾ ਨਿਰਦੇਸ਼ ਬਦਲਣ 'ਤੇ ਵਿਚਾਰ ਕੀਤਾ ਜਾਵੇ।

ਫਲੋਰਿਡਾ ਦੇ ਪਾਰਕਲੈਂਡ 'ਚ ਫਰਵਰੀ ਮਹੀਨੇ ਗੋਲੀਬਾਰੀ ਦੀ ਘਟਨਾ ਤੋਂ ਸਿੱਖਿਆ ਮੰਤਰੀ ਬੈਟਸੀ ਡੇਵੋਸ ਦੀ ਅਗਵਾਈ ਹੇਠ ਸੰਘੀ ਸਕੂਲ ਸੁਰੱਖਿਆ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਪਾਰਕਲੈਂਡ ਦੇ ਸਕੂਲ 'ਚ ਇਸ ਸਾਬਕਾ ਵਿਦਿਆਰਥੀ ਨੇ ਗੋਲੀਆਂ ਚਲਾ ਕੇ 14 ਲੋਕਾਂ ਨੂੰ ਮਾਰ ਦਿੱਤਾ ਸੀ।

ਕਮਿਸ਼ਨ ਨੇ 180 ਸਫਿਆਂ ਦੀ ਰਿਪੋਰਟ 'ਚ ਸੁਝਾਅ ਦਿੱਤਾ ਹੈ ਕਿ ਕੁਝ ਹਾਲਤਾਂ 'ਚ ਹਿੰਸਾ ਉਤੇ ਤੁਰਤ ਪ੍ਰਭਾਵੀ ਜਵਾਬੀ ਕਾਰਵਾਈ ਲਈ ਕਰਮਚਾਰੀਆਂ ਤੇ ਅਧਿਆਪਕਾਂ ਨੂੰ ਵੀ ਹਥਿਆਰ ਰੱਖਣ ਦਿੱਤੇ ਜਾਣ।

ਖਾਸ ਕਰਕੇ ਪੇਂਡੂ ਇਲਾਕਿਆਂ ਦੇ ਸਕੂਲਾਂ 'ਚ ਜਿਥੇ ਪੁਲਿਸ ਦੀ ਕਾਰਵਾਈ 'ਚ ਦੇਰੀ ਦੀ ਸੰਭਾਵਨਾ ਵੱਧ ਹੈ, ਉਥੇ ਇਹ ਕਦਮ ਲਾਭਦਾਇਕ ਹੋ ਸਕਦਾ ਹੈ।

# ਐਨ. ਆਰ. ਆਈ. ਲਾੜਿਆਂ ਦੀਆਂ ਸਤਾਈਆਂ ਪੰਜਾਬਣਾਂ ਨੇ ਫਰੋਲੇ ਦੁਖੜੇ

**ਜਲੰਧਰ:** ਪਿਛਲੇ ਦੋ-ਢਾਈ ਦਹਾਕਿਆਂ ਵਿਚ ਪਰਵਾਸੀ ਪੰਜਾਬੀ ਲਾੜਿਆਂ ਵੱਲੋਂ ਧਿਰਕਾਰੀਆਂ 32 ਹਜ਼ਾਰ ਦੇ ਕਰੀਬ ਔਰਤਾਂ ਦੀ ਦਾਸਤਾਨ ਬੇਹੱਦ ਦਰਦਨਾਕ ਹੈ। ਇਨਸਾਫ ਤੇ ਘਰ ਵਸਾਉਣ ਲਈ ਦਰ-ਦਰ ਭਟਕਦੀਆਂ ਫਿਰਦੀਆਂ ਇਹ ਧੀ-ਧਿਆਣੀਆਂ ਤੇ ਉਨ੍ਹਾਂ ਦੇ ਬੱਚੇ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਵਿਆਹ ਕਰਵਾ ਕੇ ਵਿਦੇਸ਼ ਭੱਜੇ ਅਜਿਹੀਆਂ ਮੰਦਭਾਗੀਆਂ ਔਰਤਾਂ ਦੇ ਪਤੀ ਮੁੜ ਕੇ ਨਹੀਂ ਬਹੁੜੇ। ਸਹੁਰੇ ਪਰਿਵਾਰਾਂ ਨੇ ਧੱਕੇ ਮਾਰ ਕੇ ਘਰੋਂ ਕੱਢ ਦਿੱਤੀਆਂ।

ਸਹੁਰੇ ਪਰਿਵਾਰਾਂ ਨੇ ਧੋਖੇ ਨਾਲ ਉਨ੍ਹਾਂ ਦੇ ਪਤੀਆਂ ਦੀਆਂ ਜਾਇਦਾਦਾਂ ਨਣਦ ਜਾਂ ਦਿਉਰ ਦੇ ਨਾਂ ਚੜ੍ਹਾ ਦਿੱਤੀਆਂ। ਪੁਲਿਸ ਕਚਹਿਰੀ ਕਿਤੇ ਵੀ ਉਨ੍ਹਾਂ ਦੀ ਬਾਤ ਨਹੀਂ ਪੁੱਛੀ ਜਾ ਰਹੀ। ਅਨੇਕਾਂ ਪਤਨੀਆਂ ਤੇ ਆਸ਼ਰਤ ਬੱਚਿਆਂ ਨੇ ਅਦਾਲਤ ਦਾ ਬੂਹਾ ਖੜਕਾ ਕੇ ਖਰਚੇ ਤਾਂ ਬੰਨ੍ਹਵਾ ਲਏ, ਪਰ ਪੱਲੇ ਕਿਸੇ ਦੇ ਅੱਜ ਤੱਕ ਫੁੱਟੀ ਕੌਡੀ ਵੀ ਨਹੀਂ ਪਈ। ਸਰਕਾਰਾਂ ਨੇ ਅਨੇਕ ਵਾਰ ਬਿਆਨ ਤਾਂ ਦਿੱਤੇ ਹਨ ਕਿ ਅਜਿਹੇ ਪਰਵਾਸੀ ਪੰਜਾਬੀ ਲਾੜਿਆਂ ਨੂੰ ਵਾਪਸ ਲਿਆਂਦਾ ਜਾਵੇਗਾ ਪਰ ਹਵਾਲਗੀ ਲਈ ਅੱਜ ਤੱਕ ਇਕ ਵੀ ਕੇਸ ਸਾਹਮਣੇ ਨਹੀਂ ਆਇਆ।

ਪੰਜਾਬ ਦੀਆਂ ਅਜਿਹੀਆਂ ਔਰਤਾਂ ਨੇ ਹੋਣੀ ਅੱਗੇ ਸਿਰ ਸੁੱਟ ਕੇ ਜਿਊਣ ਦੀ ਥਾਂ ਸਿਰ ਉਠਾ ਕੇ ਚੱਲਣ ਦਾ ਬੀੜਾ ਚੁੱਕਿਆ ਹੈ ਤੇ ਉਨ੍ਹਾਂ 'ਅਬ ਨਹੀਂ' ਵੈੱਲਫੇਅਰ ਸੁਸਾਇਟੀ ਕਾਇਮ ਕਰ ਲਈ ਹੈ। ਇਸ ਸੰਸਥਾ ਦੀ ਮੀਟਿੰਗ ਤੋਂ ਬਾਅਦ ਤਿੰਨ ਦਰਜਨ ਦੇ ਕਰੀਬ ਪੀੜਤ ਔਰਤਾਂ ਨੇ ਆਪਣੇ ਦੁੱਖ ਸਾਂਝੇ ਕਰਦਿਆਂ ਦੱਸਿਆ ਕਿ ਪਤੀ ਹੀ ਨਹੀਂ, ਸਹੁਰੇ, ਪੁਲਿਸ, ਅਦਾਲਤਾਂ ਤੇ ਸਰਕਾਰਾਂ ਸਾਰੇ ਹੀ ਜਿਵੇਂ ਉਨ੍ਹਾਂ ਦੇ ਵੈਰੀ ਬਣ ਗਏ ਹਨ। ਸੰਸਥਾ



ਦੀ ਪ੍ਰਧਾਨ ਲੁਧਿਆਣਾ ਦੇ ਪਿੰਡ ਟੂਸਾ ਦੀ ਵਾਸੀ ਸਤਵਿੰਦਰ ਕੌਰ ਸੱਤੀ ਨੇ ਦੱਸਿਆ ਕਿ ਯੂਕਰੇਨ 'ਚ ਰਹਿੰਦੇ ਅਰਵਿੰਦਰ ਪਾਲ ਸਿੰਘ ਨਾਲ ਉਹ 2009 'ਚ ਵਿਆਹੀ ਗਈ ਸੀ।

ਸਾਲ ਬਾਅਦ ਹੀ ਪਤੀ ਧੋਖਾ ਦੇ ਕੇ ਸਦਾ ਲਈ ਪਛਤਾਵੇ ਵਾਲੀ ਜ਼ਿੰਦਗੀ ਜਿਊਣ ਲਈ ਛੱਡ ਗਿਆ। ਅਦਾਲਤੀ ਮੁਕੱਦਮੇ ਰਾਹੀਂ 10 ਹਜ਼ਾਰ ਰੁਪਏ ਖਰਚਾ ਇਕ ਮਕਾਨ ਮਿਲਿਆ ਪਰ ਸਹੁਰੇ ਘਰ ਵਾਲਿਆਂ ਪਤੀ ਨੂੰ ਬੇਦਖਲ ਕਰਕੇ ਮਕਾਨ 'ਚੋਂ ਵੀ ਕੱਢ ਦਿੱਤਾ ਤੇ ਖਰਚਾ ਵੀ ਕਦੇ ਨਹੀਂ ਮਿਲਿਆ। ਪੰਜ ਸਾਲ ਤੋਂ ਗੂੰਗੀਆਂ ਅਦਾਲਤਾਂ ਦੇ ਚੱਕਰ ਕੱਟ ਕੇ ਥੱਕ ਗਈ ਹਾਂ ਪਰ ਨਾ ਘਰ ਤੇ ਨਾ ਖਰਚਾ ਮਿਲਿਆ ਹੈ।

ਰਾਜਪੁਰਾ ਸ਼ਹਿਰ ਦੀ ਹਰਪ੍ਰੀਤ ਕੌਰ ਨਾਲ ਵੀ ਇਹੀ ਬੀਤੀ। ਉਹ ਜਰਮਨ ਰਹਿੰਦੇ ਰਣਜੀਤ ਸਿੰਘ ਨਾਲ ਵਿਆਹੀ ਸੀ। ਇਕ ਸਾਲ ਬਾਅਦ ਉਹ ਛੱਡ ਗਿਆ। ਅਦਾਲਤ ਵੱਲੋਂ ਲਾਇਆ ਖਰਚਾ ਉਸ ਨੂੰ ਕਦੇ ਨਹੀਂ ਮਿਲਿਆ ਤੇ ਪਲਾਟ ਤੇ ਜ਼ਮੀਨ ਛੋਟੇ ਭਰਾ ਤੇ ਭੈਣਾਂ ਦੇ ਨਾਂ ਕਰ ਦਿੱਤੀ ਹੈ। ਹੰਬੂ ਕੇਰਦੀ ਜਗਰਾਵਾਂ ਦੀ ਸੀਮਾ ਨੇ ਦੱਸਿਆ ਕਿ ਕੁਵੈਤ ਰਹਿੰਦਾ ਲਖਬੀਰ ਸਿੰਘ ਉਸ ਨੂੰ ਛੱਡ ਗਿਆ ਤੇ ਪੰਜ ਸਾਲ ਦੀ ਪੁੱਤਰੀ ਹੈ। ਉਹ ਕਹਿ ਰਹੀ ਸੀ ਕਿ ਕਾਨੂੰਨ ਜਾਂ ਸਰਕਾਰ ਨੇ ਸਾਡਾ ਕਦੇ ਪੱਖ ਨਹੀਂ ਪੂਰਿਆ। ਮੈਂ ਤਾਂ ਹੁਣ ਲੜਾਈ ਇਸ ਲਈ ਲੜ ਰਹੀ ਹਾਂ ਕਿ ਕਿਤੇ ਮੇਰੀ ਬੱਚੀ ਦਾ ਭਵਿੱਖ ਵੀ ਮੇਰੇ ਵਾਲਾ ਨਾ ਬਣ ਜਾਵੇ।

ਗੁਰਦਾਸਪੁਰ ਦੀ ਸਰਬਜੀਤ ਕੌਰ ਦੀ 9 ਸਾਲ ਦੀ ਧੀ ਹੈ। ਉਸ ਦਾ ਪਤੀ ਦਲੇਰ ਸਿੰਘ ਕੈਨੇਡਾ ਰਹਿੰਦਾ ਹੈ। ਉਸ ਨੇ ਦੱਸਿਆ ਕਿ ਦਲੇਰ ਨੇ ਮੁਸਲਿਮ ਧਰਮ ਬਦਲੀ ਕਰਕੇ ਉਥੇ ਹੋਰ ਵਿਆਹ ਕਰਵਾ ਲਿਆ। ਲੁਧਿਆਣਾ ਦੀ ਹਰਪਿੰਦਰ ਕੌਰ ਦਾ 2006 'ਚ ਹਾਲੈਂਡ ਰਹਿੰਦੇ ਐਨ.ਆਰ.ਆਈ. ਨਾਲ ਵਿਆਹ ਹੋਇਆ ਸੀ। ਉਸ ਦੀ 9 ਸਾਲ ਦੀ ਬੇਟੀ ਹੈ ਪਰ ਪਤੀ ਤੇ ਸਹੁਰਾ ਪਰਿਵਾਰ ਦੋਵਾਂ ਨੇ ਧਿਰਕਾਰ ਛੱਡਿਆ ਹੈ। ਹੋਰ ਅਨੇਕਾਂ ਔਰਤਾਂ ਦੀਆਂ ਵੀ ਇਹੋ ਜਿਹੀਆਂ ਕਹਾਣੀਆਂ ਸਨ।

'ਅਬ ਨਹੀਂ' ਦੀ ਪ੍ਰਧਾਨ ਸਤਵਿੰਦਰ ਕੌਰ ਸੱਤੀ ਨੇ ਦੱਸਿਆ ਕਿ ਉਨ੍ਹਾਂ ਨੇ ਲੋਕ ਸਭਾ ਦੇ ਸਪੀਕਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਧਿਰਕਾਰੀਆਂ ਧੀਆਂ ਦੇ ਕੇਸ 6 ਮਹੀਨੇ 'ਚ ਨਿਪਟਾਏ ਜਾਣ ਲਈ ਫਾਸਟ ਟਰੈਕ ਅਦਾਲਤਾਂ ਬਣਨ ਤੇ ਧੋਖਾ ਦੇਣ ਵਾਲੇ ਪਤੀਆਂ ਨੂੰ ਵਾਪਸ ਲਿਆਉਣ ਲਈ ਸਖਤ ਕਾਨੂੰਨ ਬਣੇ। ਪਤੀਆਂ ਤੇ ਸਹੁਰਿਆਂ ਵੱਲੋਂ ਧਿਰਕਾਰੇ ਜਾਣ ਕਾਰਨ ਬੇਸਹਾਰਾ ਹੋਈਆਂ ਇਨ੍ਹਾਂ ਔਰਤਾਂ ਦੇ ਮੁੜ ਵਸੇਬੇ ਲਈ ਕਾਨੂੰਨ ਪਾਸ ਹੋਵੇ ਜਿਸ ਤਹਿਤ ਹਰ ਔਰਤ ਨੂੰ ਗੁਜ਼ਾਰਾ ਭੱਤਾ, ਸਰਕਾਰੀ ਘਰ (ਰੈਣ ਬਸੇਰਾ) ਅਤੇ ਬੱਚਿਆਂ ਦੀ ਪੜ੍ਹਾਈ ਦਾ ਮੁਫਤ ਪ੍ਰਬੰਧ ਹੋਵੇ। ਉਨ੍ਹਾਂ ਕਿਹਾ ਕਿ ਧਾਰਾ 497 ਖ਼ਤਮ ਕਰ ਕੇ ਪੱਛਮੀ ਦੇਸ਼ਾਂ ਦੀ ਨਕਲ ਕੀਤੀ ਗਈ ਹੈ ਪਰ ਪੱਛਮੀ ਦੇਸ਼ਾਂ ਵਾਂਗ ਸਰਕਾਰ ਨਿਆਸਰਾ ਔਰਤਾਂ ਤੇ ਬੱਚਿਆਂ ਦੇ ਵਸੇਬੇ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਲਵੇ।

# ਪੱਤਰਕਾਰਾਂ ਨੂੰ ਕਤਲ ਕਰਨ ਦੀਆਂ ਘਟਨਾਵਾਂ ਵਧੀਆਂ

**ਵਾਸ਼ਿੰਗਟਨ:** ਇਕ ਮੀਡੀਆ ਨਿਗਰਾਨ ਸਮੂਹ ਨੇ ਦੱਸਿਆ ਕਿ 2018 'ਚ ਆਪਣੇ ਕੰਮ ਕਾਰਨ ਪੱਤਰਕਾਰਾਂ ਦੇ ਮਾਰੇ ਜਾਣ ਦਾ ਖ਼ਤਰਾ ਵਧਿਆ ਹੈ ਜਦਕਿ ਜੰਗ ਤੇ ਸੰਘਰਸ਼ਾਂ ਵਾਲੇ ਇਲਾਕਿਆਂ 'ਚ ਕੰਮ ਕਰਨ ਦਾ ਜੋਖਮ ਘਟਿਆ ਹੈ। ਪੱਤਰਕਾਰਾਂ ਦੀ ਸੁਰੱਖਿਆ ਲਈ ਕਮੇਟੀ (ਸੀ.ਪੀ.ਜੇ.) ਨੇ ਦੱਸਿਆ ਕਿ ਇਸ ਸਾਲ ਦੁਨੀਆਂ ਭਰ 'ਚ 53 ਵਿਚੋਂ 34 ਪੱਤਰਕਾਰਾਂ ਦਾ ਡਿਊਟੀ ਦੌਰਾਨ ਕਤਲ ਕਰ ਦਿੱਤਾ ਗਿਆ।

ਨਿਊ ਯਾਰਕ ਸਥਿਤ ਨਿਗਰਾਨ ਸਮੂਹ ਨੇ ਇਕ ਰਿਪੋਰਟ ਵਿਚ ਕਿਹਾ, 'ਸਾਲ 2018 'ਚ ਪਿਛਲੇ ਸਾਲ ਮੁਕਾਬਲੇ ਜਿਨ੍ਹਾਂ ਪੱਤਰਕਾਰਾਂ ਨੂੰ ਰਿਪੋਰਟਿੰਗ ਦੌਰਾਨ ਕਤਲ ਕਰ ਦਿੱਤਾ ਗਿਆ, ਉਨ੍ਹਾਂ ਦੀ ਗਿਣਤੀ ਤਕਰੀਬਨ ਦੁੱਗਣੀ ਰਹੀ।'

ਪੈਰਿਸ ਸਥਿਤ ਰਿਪੋਰਟਸ ਵਿਦਆਉਟ ਬਾਰਡਰਜ਼ ਦੀ ਇਸ ਹਫਤੇ ਆਈ ਅਜਿਹੀ ਹੀ ਇਕ ਹੋਰ ਰਿਪੋਰਟ 'ਚ ਮ੍ਰਿਤਕਾਂ ਦੀ ਗਿਣਤੀ 80 ਦੱਸੀ ਗਈ ਹੈ। ਇਨ੍ਹਾਂ ਵਿਚ ਬਲਾਗਰ, ਸਿਟੀਜ਼ਨ ਜਰਨਿਸਟ ਅਤੇ ਮੀਡੀਆ ਕਰਮੀ ਸ਼ਾਮਲ ਹਨ। ਦੋਵਾਂ ਰਿਪੋਰਟਾਂ 'ਚ ਪੱਤਰਕਾਰਾਂ ਤੋਂ ਬਦਲਾ ਲੈਣ ਦੀਆਂ ਘਟਨਾਵਾਂ 'ਚ ਵਾਧਾ ਦਿਖਾਇਆ ਗਿਆ ਹੈ। ਸੀ.ਪੀ.ਜੇ. ਨੇ ਇਸਤੰਬੂਲ 'ਚ ਸਾਊਦੀ ਅਰਬ ਦੂਤਾਵਾਸ 'ਚ ਵਾਸ਼ਿੰਗਟਨ ਪੋਸਟ ਦੇ ਕਾਲਮਨਵੀਸ ਜਮਾਲ ਖਸ਼ੋਗੀ ਦੇ ਕਤਲ ਦਾ ਵੀ ਜ਼ਿਕਰ ਕੀਤਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਅਫਗਾਨਿਸਤਾਨ ਸਭ ਤੋਂ ਖ਼ਤਰਨਾਕ ਦੇਸ਼ ਰਿਹਾ ਹੈ ਅਤੇ ਉਥੇ ਪੱਤਰਕਾਰਾਂ 'ਤੇ ਸਭ ਤੋਂ ਵੱਧ ਹਮਲੇ ਹੋਏ ਹਨ।

# ਲਾਹੌਰ ਵਾਲੀ ਭੂਆ

## ਅਫਜ਼ਲ ਤੌਸੀਫ ਦੀਆਂ ਅਭੁੱਲ ਯਾਦਾਂ

*30 ਦਸੰਬਰ ਨੂੰ ਉਘੀ ਕਹਾਣੀਕਾਰ ਅਫਜ਼ਲ ਤੌਸੀਫ ਨੂੰ ਇਸ ਸੰਸਾਰ ਤੋਂ ਗਿਆਂ ਚਾਰ ਸਾਲ ਹੋ ਜਾਣੇ ਹਨ। ਉਹਦਾ ਜੱਦੀ ਪਿੰਡ ਸਿੰਬਲੀ (ਨੇੜੇ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਹੈ। ਸੰਤਾਲੀ ਦੇ ਫਸਾਦਾਂ ਵੇਲੇ ਉਹਦੇ ਟੱਬਰ ਦੇ 12 ਜੀਅ ਕਤਲ ਕਰ ਦਿੱਤੇ ਗਏ ਸਨ, ਕੁਝ ਕੁੜੀਆਂ ਨੇ ਖੂਹ ਵਿਚ ਛਾਲ ਮਾਰ ਕੇ ਇੱਜਤ ਬਚਾਈ ਅਤੇ ਦੋ ਨੂੰ ਧਾੜਵੀ ਅਗਵਾ ਕਰਕੇ ਲੈ ਗਏ। ਉਦੋਂ ਗਿਆਰਾਂ ਵਰ੍ਹਿਆਂ ਦੀ ਅਫਜ਼ਲ ਤੌਸੀਫ ਆਪਣੇ ਨਾਨਕੇ ਪਿੰਡ ਹੋਣ ਕਰਕੇ ਬਚ ਗਈ ਪਰ ਇਸ ਸਾਕੇ ਦਾ ਅਸਰ ਉਸ ਉਤੇ ਸਾਰੀ ਉਮਰ ਰਿਹਾ। ਕਹਾਣੀਕਾਰ ਅਜਮੇਰ ਸਿੱਧੂ ਨੇ ਇਸ ਲੇਖ ਵਿਚ ਅਫਜ਼ਲ ਤੌਸੀਫ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ*

ਮੇਰੇ ਪਿਤਾ ਜੀ ਮਾਪਿਆਂ ਦੇ ਇਕਲੌਤੇ ਪੁੱਤਰ ਪਰ ਚਾਰ ਭੈਣਾਂ ਦੇ ਭਰਾ ਸਨ। ਮੇਰੀਆਂ ਇਨ੍ਹਾਂ ਚਾਰ ਭੂਆ ਨਾਲ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਹਨ। ਪੰਜਵੀਂ ਭੂਆ ਮੈਂ ਆਪ ਬਣਾਈ ਸੀ। ਇਹ ਭੂਆ ਪਾਕਿਸਤਾਨ ਦੀ ਪ੍ਰਸਿੱਧ ਲੇਖਿਕਾ ਪ੍ਰੋ. ਅਫਜ਼ਲ ਤੌਸੀਫ ਹੈ। ਜਦੋਂ ਦੇਸ਼ ਦੀ ਵੰਡ ਹੋਈ, ਮੇਰੇ ਪਿਤਾ ਜੀ ਅਤੇ ਭੂਆ ਨਿੱਕੇ-ਨਿੱਕੇ ਬੱਚੇ ਸਨ, ਜਿਨ੍ਹਾਂ ਨੂੰ ਦਾਦਾ ਤੇ ਦਾਦੀ ਜੀ ਬਚਾਅ ਕੇ ਬਾਰ (ਪਾਕਿਸਤਾਨ) ਦੇ ਇਲਾਕੇ ਤੋਂ ਚੜ੍ਹਦੇ ਪੰਜਾਬ ਲੈ ਆਏ ਸਨ। ਉਦੋਂ ਅਫਜ਼ਲ ਤੌਸੀਫ 11 ਸਾਲ ਦੀ ਸੀ। ਜਿੱਦਣ ਪਿੰਡ ਸਿੰਬਲੀ ਉਹਦੇ ਘਰ ਫਸਾਦੀਆਂ ਨੇ ਹਮਲਾ ਕੀਤਾ, ਉਸ ਦਿਨ ਉਹ ਆਪਣੀ ਮਾਂ ਜ਼ੁਬੈਦਾ ਬੇਗਮ ਨਾਲ ਨਾਨਕੇ ਘਰ ਕੂੰਮ ਖੁਰਦ ਗਈ ਹੋਈ ਸੀ। ਉਸ ਨੇ ਨਾ ਤਾਂ ਲੱਤਾਂ ਤੋਂ ਅਪੰਗ ਆਪਣੇ ਤਾਏ ਨਿਆਮਤ ਖਾਂ ਨੂੰ ਵੱਢ ਹੁੰਦੇ ਦੇਖਿਆ, ਨਾ ਉਸ ਦੇ ਇਕਲੌਤੇ ਪੁੱਤਰ ਦੇ ਚੀਥੜੇ ਹੁੰਦੇ ਦੇਖੇ। ਉਸ ਦੀਆਂ ਦੋ ਧੀਆਂ ਨੇ ਆਪਣੀ ਆਬਰੂ ਬਚਾਉਂਦੀਆਂ ਬਾਕੀ ਕੁੜੀਆਂ ਵਾਂਗ ਖੂਹਾਂ ਵਿਚ ਛਾਲਾਂ ਮਾਰ ਦਿੱਤੀਆਂ ਸਨ। ਤਾਏ ਦੀਆਂ ਦੋ ਧੀਆਂ ਅਗਵਾ ਕਰ ਲਈਆਂ ਗਈਆਂ ਸਨ। ਧੀਆਂ ਨੂੰ ਬਚਾਉਂਦੀਆਂ ਦੋਵੇਂ ਤਾਈਆਂ ਅਤੇ ਦਾਦੀ ਵੀ ਮਾਰੀਆਂ ਗਈਆਂ ਸਨ। ਛੋਟਾ ਤਾਇਆ ਫਜ਼ਲ ਖਾਂ ਬਾਹਰ ਗਿਆ ਹੋਣ ਕਾਰਨ ਬਚ ਗਿਆ

ਅਜਮੇਰ ਸਿੱਧੂ

ਪਰ ਉਸ ਦੇ ਪਰਿਵਾਰ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ ਗਿਆ। ਇਨ੍ਹਾਂ 12 ਜੀਆਂ ਨੂੰ ਕਿਵੇਂ ਕਤਲ ਕੀਤਾ ਹੋਵੇਗਾ, ਇਹ ਉਸ ਨੇ ਉਦੋਂ ਕਲਪਨਾ ਕੀਤੀ, ਜਦੋਂ ਉਹ ਕੂੰਮਾਂ ਤੋਂ ਕੋਇਟੇ ਗਈ। ਰਾਹ ਵਿਚ ਲਾਸ਼ਾਂ ਸੜ ਰਹੀਆਂ ਸਨ। ਧਰਤੀ ਖੂਨ ਨਾਲ ਲੱਥ-ਪੱਥ ਹੋਈ ਪਈ ਸੀ, ਜਾਂ ਫਿਰ ਉਸ ਨੇ ਪਾਕਿਸਤਾਨ ਜਾ ਕੇ ਦੇਖਿਆ ਹੋਏਗਾ, ਜਿਥੇ ਹਿੰਦੂ-ਸਿੱਖਾਂ ਨੂੰ ਬਲੀ ਦੇ ਬੱਕਰੇ ਬਣਾਇਆ ਗਿਆ ਸੀ। ਜਿਥੇ ਪਾਥੀਆਂ ਵਾਂਗ ਲਾਸ਼ਾਂ ਪਈਆਂ ਸਨ। ਨਾ ਉਧਰ ਨਿੱਕੇ-ਨਿੱਕੇ ਬੱਚਿਆਂ ਨੂੰ ਬਖਸ਼ਿਆ ਗਿਆ ਸੀ ਤੇ ਨਾ ਹੀ ਉਹਦੇ ਆਪਣੇ ਪਿੰਡ ਸਿੰਬਲੀ ਵਿਚ।

ਉਹਦੇ ਮਨ ਵਿਚ ਮੌਤ ਦਾ ਖੌਫ ਸੀ। ਇਹ ਖੌਫ ਇਸ ਕਦਰ ਸੀ ਕਿ ਉਹ ਜਨਵਰੀ 1997 ਵਿਚ ਦਿੱਲੀ ਤੋਂ ਕਲਕੱਤੇ (ਹੁਣ ਕੋਲਕਾਤਾ) ਹੁੰਦੀ ਹੋਈ ਅੰਮ੍ਰਿਤਸਰ ਪੁੱਜੀ। ਉਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ 1947 ਵਿਚ ਆਜ਼ਾਦੀ ਦੇ ਨਾਂ 'ਤੇ ਮਾਰੇ ਗਏ ਪੰਜਾਬੀਆਂ ਦੀ ਯਾਦ ਵਿਚ ਕਾਨਫਰੰਸ ਕੀਤੀ ਸੀ। ਉਸ ਦਾ ਕਾਨਫਰੰਸ 'ਤੇ ਆਉਣਾ ਤਾਂ ਇਕ ਬਹਾਨਾ ਸੀ, ਉਹ ਤਾਂ ਜਲ੍ਹਿਆਂਵਾਲੇ ਬਾਗ ਦੀ ਜ਼ਿਆਰਤ ਕਰਨ ਆਈ ਸੀ, ਜਾਂ ਫਿਰ ਆਪਣੀ ਜਨਮ ਭੂਮੀ ਸਿੰਬਲੀ ਨੂੰ ਇਕ ਵਾਰ ਵੇਖਣ ਦੀ ਖਾਹਿਸ਼ ਪੂਰੀ ਕਰਨ। ਵਾਈਸ ਚਾਂਸਲਰ ਡਾ. ਐਚ. ਐਸ. ਸੋਚ ਨੇ ਉਸ ਦੇ ਸਿੰਬਲੀ ਜਾਣ ਅਤੇ ਵਾਪਸ ਆਉਣ ਦਾ ਪ੍ਰਬੰਧ ਕਰ ਦਿੱਤਾ ਸੀ। ਉਨ੍ਹਾਂ ਦੀ ਪਤਨੀ ਮਹਿੰਦਰ ਕੌਰ ਸੋਚ ਨੇ ਨਾਲ ਜਾਣਾ ਸੀ। ਰਾਤ ਨੂੰ ਕਿਸੇ ਉਦਾਸ ਸ਼ਾਮ ਦੇ ਸੂਰਜ ਵਾਂਗ ਦਿਲ ਡੁੱਬਣ ਲੱਗਾ। ਉਸ ਦੀ ਜਦੋਂ ਮਾੜੀ ਜਿਹੀ ਅੱਖ ਲੱਗੀ ਤਾਂ ਖਵਾਬ ਵਿਚ ਬਚਪਨ ਆ ਗਿਆ। ਆਪਣਾ ਪਿੰਡ, ਆਪਣਾ ਘਰ, ਚੁਬਾਰੇ 'ਤੇ ਪੈਲਾਂ ਪਾਉਂਦੇ ਮੋਰ ਦੇਖੇ, ਕਪਾਹ ਸੁੱਕਦੀ ਦੇਖੀ ਤੇ ਤਾਈ ਨੂੰ ਰੋਟੀ ਪਕਾਉਂਦੇ ਦੇਖਿਆ। ਤੜਕੇ ਅੱਧੀ ਸੁੱਤੀ ਜਾਗਦੀ ਹਾਲਤ ਵਿਚ ਉਸ ਨੂੰ ਆਵਾਜ਼ ਸੁਣੀ, "ਮੁੜ ਕੇ ਪਿੱਛੇ ਨਾ ਵੇਖੀਂ, ਪੱਥਰ ਦੀ ਹੋ ਜਾਵੇਂਗੀ।"

ਉਹ ਡਰ ਗਈ ਸੀ। ਇਹ ਡਰ...ਕਾਂਬਾ ਕਾਹਦਾ ਸੀ? ਪਿੰਡ ਦੇਖਣ ਦੀ ਪੂਰੀ ਜ਼ਿੰਦਗੀ ਦੀ ਖਾਹਿਸ਼ ਪੂਰੀ ਹੋਣ ਲੱਗੀ ਤਾਂ ਉਹ ਸਵੇਰੇ ਸਿੰਬਲੀ ਨਹੀਂ ਸੀ ਗਈ। ਦਾਦੀ, ਤਾਇਆ, ਤਾਈਆਂ, ਭੈਣ-ਭਰਾਵਾਂ ਦੇ ਕਤਲਾਂ ਦੇ ਹੀ ਦ੍ਰਿਸ਼ ਉਭਰੇ ਹੋਣਗੇ। ਅਫਜ਼ਲ ਤੌਸੀਫ ਦਾ ਪਰਿਵਾਰ ਘੋੜੇਵਾਹ ਰਾਜਪੂਤ ਜਾਤੀ ਵਿਚੋਂ ਸੀ। ਉਹਦਾ ਦਾਦਾ ਗੁਲਾਮ ਗੌਂਸ, ਰਾਣਾ ਕਰਮ ਸਿੰਘ ਦੀ ਸੱਤਵੀਂ ਪੀੜ੍ਹੀ ਵਿਚੋਂ ਸੀ। ਉਹ ਰਾਜਾ ਮਾਨ ਸਿੰਘ ਦੀ ਫੌਜ ਵਿਚ ਮੁਲਾਜ਼ਮ ਸੀ। ਉਹ ਮੁਸਲਮਾਨ ਕਦੋਂ ਤੇ ਕਿਵੇਂ ਹੋਏ, ਇਸ ਬਾਰੇ ਉਸ ਨੂੰ ਪਤਾ ਨਹੀਂ ਸੀ ਪਰ 1947 ਵਿਚ ਉਹ ਮੁਸਲਮਾਨ ਹੋਣ ਕਰ ਕੇ ਵੱਢੇ ਮਾਰੇ ਗਏ ਤੇ ਆਪਣੇ ਹੀ ਦੇਸ਼ ਵਿਚੋਂ ਕੱਢ ਦਿੱਤੇ ਗਏ ਸਨ।

---

ਪਿੰਡ ਬਾਰੇ ਬਣਿਆ ਡਰ ਮੈਂ ਉਨ੍ਹਾਂ ਦੇ ਮਨ ਵਿਚੋਂ ਕੱਢਿਆ। ਮੈਂ ਸ਼ੁਰੂਆਤ ਵਿਚ 'ਰਵੇਲ' (ਸੰਪਾਦਕ ਇਲਿਆਸ ਘੁੰਮਣ) ਮੈਗਜ਼ੀਨ ਰਾਹੀਂ ਚਿੱਠੀ-ਪੱਤਰ ਕੀਤੇ। ਫਿਰ ਸਿੱਧੇ ਕਰਨ ਲੱਗ ਪਏ ਸਾਂ। ਉਦੋਂ ਹੀ ਮੈਂ ਉਨ੍ਹਾਂ ਨੂੰ ਭੂਆ ਜੀ ਕਹਿਣਾ ਸ਼ੁਰੂ ਕੀਤਾ ਸੀ। ਉਨ੍ਹਾਂ ਨੂੰ ਇਸ ਭੂਆ-ਭਤੀਜੇ ਦੇ ਰਿਸ਼ਤੇ 'ਤੇ ਯਕੀਨ ਹੋ ਗਿਆ ਸੀ। ਭੂਆ ਜੀ ਸੁਣ ਕੇ ਉਨ੍ਹਾਂ ਨੂੰ ਸਕੂਨ ਵੀ ਮਿਲਦਾ। ਜਦੋਂ ਪੰਜਾਬੀ ਸੱਥ ਲਾਂਬੜਾ ਨੇ 2000 ਵਿਚ ਉਨ੍ਹਾਂ ਨੂੰ ਬਾਬਾ ਫਰੀਦ ਪੁਰਸਕਾਰ ਦੇਣ ਦਾ ਐਲਾਨ ਕੀਤਾ ਤਾਂ ਮੈਂ ਉਨ੍ਹਾਂ ਨੂੰ ਪਿੰਡ ਆਉਣ ਲਈ ਮਨਾਇਆ ਸੀ। ਉਨ੍ਹਾਂ ਦੇ ਮਨ ਦੇ ਸਾਰੇ ਡਰ ਕੱਢ ਕੇ ਪੂਰੀ ਜ਼ਿੰਮੇਵਾਰੀ ਆਪ ਲਈ ਸੀ।





ਅਫਜ਼ਲ ਤੌਸੀਫ ਦੇ ਦੋ ਅੰਦਾਜ਼

ਪੁਰਸਕਾਰ ਲੈਣ ਪਿਛੋਂ ਪੱਤਰਕਾਰ ਉਨ੍ਹਾਂ ਨੂੰ ਪੁੱਛ ਰਹੇ ਸਨ, "ਜੇ ਸਰਹੱਦਾਂ ਖੋਲ੍ਹ ਦਿੱਤੀਆਂ ਜਾਣ ਤਾਂ ਕੀ ਤਬਦੀਲੀ ਆਏਗੀ?" ਉਸ ਕਿਹਾ ਸੀ, "ਕਲਾਸ ਕਰੈਕਟਰ ਬਦਲੇਗਾ। ਧਾਰਮਿਕ ਅਸਹਿਣਸ਼ੀਲਤਾ ਘਟੇਗੀ। ਲੋਕੀਂ ਆਪਸ ਵਿਚ ਮਿਲਣਗੇ। ਭਾਈਚਾਰਾ ਵਧੇਗਾ। ਦੂਰੀਆਂ ਘਟਣਗੀਆਂ। ਆਪਸ ਵਿਚ ਵਿਆਹ ਹੋਣਗੇ। ਇਹ ਅਜਮੇਰ ਸਿੱਧੂ ਵਿਆਹੁਣ ਵਾਲਾ। ਮੈਂ ਇਸ ਮੁੰਡੇ ਨੂੰ ਆਪਣੀ ਭਤੀਜੀ ਦਾ ਰਿਸ਼ਤਾ ਆਫਰ ਕਰਦੀ ਹਾਂ। ਉਹ ਇਹਦੇ ਵਾਂਗ ਪੋਸਟ ਗਰੈਜੂਏਟ ਹੈ ਅਤੇ ਸੋਹਣੀ-ਸੁਨੱਖੀ ਬਹੁਤ ਹੈ।"

ਅਸੀਂ ਅਗਲੇ ਦਿਨਾਂ ਵਿਚ ਭੂਆ ਅਤੇ ਰਾਣਾ ਨਵੀਦ ਇਕਬਾਲ ਨੂੰ ਸਿੰਬਲੀ ਲੈ ਆਏ। ਜਿਉਂ ਹੀ ਨਹਿਰ ਪਾਰ ਕੀਤੀ, ਮੈਂ ਉਨ੍ਹਾਂ ਦੇ ਖੇਤਾਂ ਵੱਲ ਇਸ਼ਾਰਾ ਕੀਤਾ। ਉਸ ਹਉਕਾ ਲਿਆ। ਗੱਡੀ ਖੜ੍ਹੀ ਕਰਕੇ ਸਰ੍ਹੋਂ ਦੇ ਦੋ ਫੁੱਲ ਤੋੜ ਕੇ ਮੂੰਹ ਵਿਚ ਪਾਏ। ਉਨ੍ਹਾਂ ਦੇ ਘਰ ਦੇ ਮੂਹਰੇ ਉਹ ਖੂਹ ਸੀ, ਜਿਥੇ ਤਾਏ ਨਿਆਮਤ ਖਾਂ ਅਤੇ ਗੁਆਂਢੀ ਤਾਏ ਲੀਕਤ ਖਾਂ ਦੀਆਂ ਕੁੜੀਆਂ ਡੁੱਬ ਮਰੀਆਂ ਸਨ। ਉਸ ਦੇ ਪੈਰ ਉਥੇ ਹੀ ਰੁਕ ਗਏ। ਉਹ ਕਿੰਨਾ ਚਿਰ ਆਪਣੀਆਂ ਭੈਣਾਂ ਨੂੰ ਯਾਦ ਕਰਦੀ ਰਹੀ। ਨਲਕੇ 'ਤੇ ਮੋਟਰਾਂ ਆਉਣ ਕਾਰਨ ਇਹ ਖੂਹ ਪੂਰ ਦਿੱਤਾ ਗਿਆ ਸੀ। ਉਸ ਸੰਭਲਦਿਆਂ ਕਿਹਾ ਸੀ, "ਧਰਮ ਦੇ ਨਾਂ 'ਤੇ ਆਪਣੀਆਂ ਹੀ ਕਤਲ ਕਰ ਦਿੱਤੀਆਂ ਗਈਆਂ ਧੀਆਂ ਦੇ ਨਾਂ ਦੀ ਤਖਤੀ ਤਾਂ ਇਸ ਖੂਹ 'ਤੇ ਲਾ ਦਿਓ।" ਮੈਂ ਕਿਹਾ, "ਭੂਆ ਜੀ, ਜੇ ਇਥੇ ਤਖਤੀ ਲਾ ਦਿੱਤੀ ਤਾਂ ਲੋਕਾਂ ਨੇ ਭੂਤਾਂ-ਪ੍ਰੇਤਾਂ ਦੀਆਂ ਕਹਾਣੀਆਂ ਜੋੜ ਲੈਣੀਆਂ ਹਨ।"

ਖੰਡਰ ਹੋਇਆ ਉਹ ਚੁਬਾਰਾ ਉਸ ਵਕਤ ਖੜ੍ਹਾ ਸੀ ਜਿਥੇ ਤਾਈਆਂ ਜਵਾਨ ਕੁੜੀਆਂ ਤੇ ਬੱਚਿਆਂ ਨੂੰ ਲੁਕਾ ਕੇ ਬੈਠੀਆਂ ਸਨ। ਸ਼ਾਮ ਦੇ ਵਕਤ ਹਮਲਾ ਹੋਇਆ ਸੀ। ਉਥੇ ਹੀ ਖੂਨ ਦੀਆਂ ਨਦੀਆਂ ਵਗ ਗਈਆਂ ਸਨ। ਜਦੋਂ ਅਸੀਂ ਚੁਬਾਰੇ 'ਤੇ ਗਏ, ਉਨ੍ਹਾਂ ਸਭ ਨੂੰ ਥੱਲੇ ਉਤਾਰ ਦਿੱਤਾ। ਮੈਂ ਸੋਚਿਆ, ਜਿਵੇਂ 'ਮੇਰਾ ਪਾਕਿਸਤਾਨ ਸਫਰਨਾਮਾ' ਵਿਚ ਬਲਰਾਜ ਸਾਹਨੀ ਕੋਠੇ 'ਤੇ ਚੜ੍ਹ ਕੇ ਮਿੱਟੀ ਵਿਚ ਲਿਟ ਜਾਂਦਾ ਹੈ ਤੇ ਧਾਹਾਂ ਮਾਰਦਾ ਹੈ, ਭੂਆ ਵੀ ਇਵੇਂ ਹੀ ਕਰੇਗੀ ਪਰ ਉਸ ਅਜਿਹਾ ਨਹੀਂ ਕੀਤਾ। ਉਹ ਕੰਧਾਂ ਨੂੰ ਹੱਥ ਲਾ-ਲਾ ਦੇਖਦੀ ਰਹੀ। ਉਸ ਇਕ ਇੱਟ ਅਤੇ ਮਿੱਟੀ ਲਿਫਾਫੇ ਵਿਚ ਪਾ ਕੇ ਗੱਡੀ ਵਿਚ ਰਖਵਾ ਲਈ।



ਲਹਿੰਦੇ ਪੰਜਾਬ ਦੀ ਲਿਖਾਰੀ ਅਫਜ਼ਲ ਤੌਸੀਫ ਨਾਲ ਲੇਖਕ ਅਜਮੇਰ ਸਿੱਧੂ।

ਜ਼ੈਲਦਾਰ ਮਹਿੰਦੀ ਖਾਂ ਦੇ ਖੰਡਰ ਬਣੇ ਘਰਾਂ ਲਾਗੇ ਮਸੀਤ ਸੀ। ਕਦੇ ਉਸ ਨੂੰ ਮਸਜਿਦਗੜ੍ਹ ਕਹਿੰਦੇ ਹੁੰਦੇ ਸੀ। ਉਸ ਨੂੰ ਗੁਰਦੁਆਰੇ ਦੇ ਰੂਪ ਵਿਚ ਸਾਂਭ ਲਿਆ ਗਿਆ ਸੀ। ਅੰਦਰ ਬੀੜ ਪਈ ਸੀ। ਉਸ ਆਪਣੀ ਫੇਰੀ ਵਾਲੇ ਲੇਖ ਵਿਚ ਲਿਖਿਆ ਸੀ, "ਉਸੇ ਗਲੀ ਵਿਚ ਮਸੀਤ ਵੀ ਹੈਗੀ ਜੋ ਉਤੋਂ-ਉਤੋਂ ਉਸੇ ਤਰ੍ਹਾਂ ਹੀ ਦਿਸਦੀ ਏ ਪਰ ਅੰਦਰੋਂ-ਅੰਦਰੋਂ 'ਸਿੱਖਣੀ' ਹੋ ਗਈ ਏ। ਗੁਰਦੁਆਰਾ ਬਣ ਗਈ ਏ ਪਰ ਇਹ ਮੇਰੇ ਲਈ ਕੋਈ ਜਜ਼ਬਾਤੀ ਮਸਲਾ ਨਹੀਂ। ਇੱਟਾਂ ਈ ਤਾਂ ਨੇ। ਬੰਦਾ ਹੱਥਾਂ ਨਾਲ ਘੜਦਾ, ਜੋੜਦਾ, ਆਪੇ ਨਾਂ ਰੱਖਦਾ, ਆਪੇ ਬਦਲ ਵੀ ਦਿੰਦਾ। ਜੇ ਇੱਟਾਂ ਬੋਲ ਸਕਦੀਆਂ ਤਾਂ ਮੈਂ ਉਨ੍ਹਾਂ ਨਾਲ ਬੜੀਆਂ ਗੱਲਾਂ ਕਰਦੀ। ਉਂਜ ਬੰਦੇ ਈ ਬਥੇਰਾ ਕੁਝ ਬੋਲ ਰਹੇ ਸਨ। ਮੈਨੂੰ ਲੱਗਿਆ, ਜ਼ੈਲਦਾਰਾਂ ਦਾ ਮਕਾਨ ਕੋਈ ਉਜੜੀ ਜ਼ਨਾਨੀ ਏ ਅਤੇ ਪੁਰਾਣੇ ਮਾਲਕ ਦਾ ਮਾਤਮ ਕਰੀ ਜਾ ਰਹੀ ਏ ਪਰ ਮਸੀਤ ਜਿਵੇਂ ਮੁੜ ਕੇ ਵਸ ਗਈ ਔਰਤ ਹੋਵੇ।"

---

ਦੂਜੀ ਵਾਰ ਉਹ 2004 ਵਿਚ ਸਿੰਬਲੀ ਆਏ। ਉਦੋਂ ਮੇਰਾ ਵਿਆਹ ਹੋ ਚੁਕਾ ਸੀ ਤੇ ਸਾਡੇ ਘਰ ਇਕ ਸਾਲ ਦੀ ਬੇਟੀ ਨਵਰੂਪ ਸੀ। ਭੂਆ ਜੀ, ਮੇਰੀ ਪਤਨੀ ਸਾਰਾ ਅਤੇ ਬੇਟੀ ਨਵਰੂਪ ਨੂੰ ਲੈ ਕੇ ਪਿੰਡ ਦੀਆਂ ਗਲੀਆਂ ਵਿਚ ਘੁੰਮ ਰਹੇ ਸਨ। ਉਨ੍ਹਾਂ ਨਾਲ ਪੱਤਰਕਾਰ ਅਤੇ ਕੁਝ ਕਾਮਰੇਡ ਮਿੱਤਰ, ਲੇਖਕ ਅਤੇ ਪਿੰਡ ਵਾਸੀ ਵੀ ਸਨ। ਮੈਂ ਪ੍ਰਬੰਧਾਂ ਵਿਚ ਉਲਝਿਆ ਹੋਇਆ ਸਾਂ। ਮੇਰੀ ਪਤਨੀ ਅਤੇ ਬੇਟੀ ਵੱਲ ਇਸ਼ਾਰਾ ਕਰਕੇ ਕਿਸੇ ਪਿੰਡ ਵਾਸੀ ਨੇ ਭੂਆ ਜੀ ਨੂੰ ਪੁੱਛਿਆ, "ਇਹ ਵੀ ਪਾਕਿਸਤਾਨ ਤੋਂ ਆਏ ਆ? ਇਹ ਤੁਹਾਡੀ ਨੂੰਹ ਤੇ ਪੋਤੀ ਏ?" ਉਹ ਨਵਰੂਪ ਨੂੰ ਇਕ ਮੋਢੇ ਤੋਂ ਲਾਹ ਦੂਜੇ ਮੋਢੇ ਚੁੱਕਦੇ ਬੋਲੇ, "ਇਹ ਮੇਰੀ ਛੋਟੀ ਨੂੰਹ ਏ। ਇਹ ਮੇਰੀ ਖੂਬਸੂਰਤ ਪੋਤੀ ਏ।" ਉਹ ਬੇਟੀ ਦੇ ਵਾਲਾਂ ਵਿਚ ਹੱਥ ਫੇਰਦੇ। ਪਿੰਡ ਦੀਆਂ ਕੁਝ ਔਰਤਾਂ ਮੇਰੀ ਪਤਨੀ ਦੀ ਵੀ ਮਹਿਮਾਨ-ਨਿਵਾਜ਼ੀ ਕਰਨ ਲੱਗ ਪਈਆਂ। ਹਾਸਾ ਉਦੋਂ ਪੈ ਗਿਆ, ਜਦੋਂ ਕਿਸੇ ਪੱਤਰਕਾਰ ਨੇ ਮੇਰੀ ਪਤਨੀ ਤੋਂ ਪਾਕਿਸਤਾਨ ਦੇ ਸਿਆਸੀ ਹਾਲਾਤ ਬਾਰੇ ਜਾਣਨਾ ਚਾਹਿਆ।

ਪਿੰਡ ਦੇ ਸਰਕਾਰੀ ਹਾਈ ਸਕੂਲ ਵਿਚ ਉਨ੍ਹਾਂ ਦੇ ਸਵਾਗਤ ਵਿਚ ਪ੍ਰੋਗਰਾਮ ਰੱਖਿਆ ਗਿਆ ਸੀ। ਪਿੰਡ ਦਾ ਇਕ ਬਜ਼ੁਰਗ ਇੰਗਲੈਂਡ ਤੋਂ ਆਇਆ ਹੋਇਆ ਸੀ। ਪਿੰਡ ਵਾਲਿਆਂ ਦੇ ਕਹਿਣ 'ਤੇ ਉਸ ਨੂੰ ਪ੍ਰਧਾਨਗੀ ਮੰਡਲ ਵਿਚ ਬਿਠਾਉਣ ਦਾ ਫੈਸਲਾ ਹੋਇਆ ਤਾਂ ਪਿੰਡ ਦੇ ਹੀ ਕੁਝ ਬੰਦਿਆਂ ਨੇ ਇਹ ਕਹਿ ਕੇ ਵਿਰੋਧ ਕੀਤਾ ਕਿ ਇਹ ਬੰਦਾ ਤਾਂ ਫਸਾਦੀਆਂ ਵਿਚ ਸ਼ਾਮਲ ਸੀ। ਅਸੀਂ ਕਸੂਤੇ ਫਸ ਗਏ, ਹੁਣ ਕੀ ਕੀਤਾ ਜਾਵੇ? ਪ੍ਰੋਗਰਾਮ ਸ਼ੁਰੂ ਨਹੀਂ ਸੀ ਹੋ ਰਿਹਾ। ਜਦੋਂ ਭੂਆ ਜੀ ਨੂੰ ਪਤਾ ਲੱਗਾ, ਮੈਨੂੰ ਕਹਿਣ ਲੱਗੇ, "ਕਾਕਾ, ਕੋਈ ਗੱਲ ਨੀਂ ਬਿਠਾ ਦੇ। ਕੀ ਪਤਾ ਆਪਣੇ ਪਾਪ ਧੋਣੇ ਚਾਹੁੰਦਾ ਹੋਵੇ। ਅਜਿਹੇ ਪਾਪੀ ਜਿਉਂਦੇ ਰਹਿਣੇ ਚਾਹੀਦੇ ਆ ਤਾਂ ਕਿ ਆਪਣੇ ਕੁਕਰਮ ਦੇਖ ਲੈਣ, ਸੁਣ ਲੈਣ। ਇਹਦੀ ਫੋਟੋ ਜ਼ਰੂਰ ਖਿਚ ਦੇਵੀਂ।"

ਸ਼ਾਮ ਨੂੰ ਮੇਰੇ ਘਰ ਆਏ ਤਾਂ ਕੈਮਰੇ ਵਿਚ ਉਸ ਦੀ ਫੋਟੋ ਦੇਖੀ ਜਾਣ। ਉਹ ਫੋਟੋ 'ਸੇਵ' ਕਰਕੇ ਲੈ ਗਏ।

ਅਫਜ਼ਲ ਤੌਸੀਫ ਸਿਹਤ ਪ੍ਰਤੀ ਬਹੁਤ ਜਾਗਰੂਕ ਸਨ। ਉਹ ਸਵੇਰ ਦੇ ਨਾਸ਼ਤੇ ਵਿਚ ਇਕ ਸੇਬ, ਇਕ ਕੇਲਾ ਤੇ ਦੁੱਧ ਦਾ ਗਿਲਾਸ ਲੈਂਦੇ। ਦੁਪਹਿਰ ਨੂੰ ਦਹੀਂ ਤੇ ਸਬਜ਼ੀ ਨਾਲ ਇਕ ਜਾਂ ਡੇਢ ਰੋਟੀ ਖਾਂਦੇ। ਰਾਤ ਨੂੰ ਫੇਰ ਦੁੱਧ ਦਾ ਗਿਲਾਸ ਪੀ ਕੇ ਸੌਂ ਜਾਂਦੇ। ਇਕ ਦਿਨ ਸਵੇਰੇ ਮੇਰੀ ਪਤਨੀ ਸਾਰਾ ਨੇ ਪਰੌਂਠੇ ਬਣਾਏ। ਮੈਂ ਦਹੀਂ ਅਤੇ ਮੱਖਣ ਨਾਲ ਦੋ ਪਰੌਂਠੇ ਖਾਧੇ। ਬਾਅਦ ਵਿਚ ਦੁੱਧ ਦਾ ਗਿਲਾਸ ਪੀ ਲਿਆ। ਮੈਨੂੰ ਕਹਿਣ ਲੱਗੇ, "ਓਏ ਹੁਣ ਤੂੰ ਖੇਤ ਵਿਚ ਕੰਮ ਕਰਨ ਵਾਲਾ ਕਿਸਾਨ ਨੀਂ, ਪੜ੍ਹਨ-ਲਿਖਣ ਵਾਲਾ ਬੁੱਧੀਜੀਵੀ ਏਂ। ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਵੀ ਤੈਨੂੰ ਐਨੀ ਖੁਰਾਕ ਦੀ ਲੋੜ ਨੀਂ।"

ਅਗਲੇ ਦਿਨ ਅਮਰੀਕਾ ਤੋਂ ਆਏ ਇਕ ਪਰਿਵਾਰ (ਤਾਰਾ ਸਿੰਘ ਸਾਗਰ) ਦੀ ਲੜਕੀ ਦਾ ਵਿਆਹ ਸੀ। ਉਥੇ ਸ਼ਾਇਰ ਡਾ. ਜਗਤਾਰ ਵੀ ਵਿਆਹ 'ਤੇ ਆਏ ਸਨ। ਡਾ. ਸਾਹਿਬ ਉਰਦੂ ਅਦਬ ਦੀਆਂ ਗੱਲਾਂ ਕਰ ਰਹੇ ਸਨ ਪਰ ਭੂਆ ਜੀ ਦੀ ਸੁਰਤ ਵਿਆਹ ਦੀਆਂ ਰਸਮਾਂ ਵਿਚ ਸੀ; ਜਿਵੇਂ ਕੁਆਰੀਆਂ ਕੁੜੀਆਂ ਵਿਆਹ ਨੂੰ ਬਹੁਤ ਰੀਝ ਨਾਲ ਦੇਖਦੀਆਂ ਹਨ ਅਤੇ ਉਸ ਵਿਚ ਹਿੱਸਾ ਵੀ ਲੈਂਦੀਆਂ ਹਨ। ਉਹ ਦੁਲਹਨ ਤੇ ਲਾੜੇ ਬਾਰੇ ਬੜਾ ਬੇਬਾਕ ਹੋ ਕੇ ਟਿੱਪਣੀ ਕਰ ਰਹੇ ਸਨ।

---

ਪੰਜਾਬੀ ਸਾਹਿਤ ਸਭਾ, ਬੰਗਾ ਦਾ ਸਮਾਗਮ ਸੀ। ਔਰਤ ਕਵੀ ਦਰਬਾਰ ਦੀ ਪ੍ਰਧਾਨਗੀ ਅਤੇ ਭਾਸ਼ਣ ਭੂਆ ਦਾ ਸੀ। ਨਵਾਂ ਸ਼ਹਿਰ ਅਤੇ ਬੰਗਾ ਦੇ ਰਾਹ ਵਿਚ ਸ਼ਹੀਦ ਭਗਤ ਸਿੰਘ ਦਾ ਜੱਦੀ ਪਿੰਡ ਖਟਕੜ ਕਲਾਂ ਆਉਂਦਾ ਹੈ, ਜਿਥੇ ਸ਼ਹੀਦਾਂ ਬਾਰੇ ਦੇਖਣਯੋਗ ਮਿਊਜ਼ੀਅਮ ਬਣਿਆ ਹੋਇਆ ਹੈ। ਮੈਨੂੰ ਉਨ੍ਹਾਂ ਨੂੰ ਸਮਾਗਮ ਵਿਚ ਪਹੁੰਚਾਉਣ ਦੀ ਕਾਹਲ ਸੀ ਪਰ ਉਹ ਤਾਂ ਆਪਣੇ ਮਹਿਬੂਬ ਹੀਰੋ ਨੂੰ ਸਲਾਮ ਕੀਤੇ ਬਗੈਰ ਤੁਰ ਹੀ ਨਹੀਂ ਰਹੇ ਸਨ। ਉਨ੍ਹਾਂ ਮਿਊਜ਼ੀਅਮ ਅੱਗੇ ਗੱਡੀ ਰੁਕਵਾ ਲਈ। ਫਿਰ ਪਿੰਡ ਵਿਚ ਪੁਰਾਣੇ ਘਰ ਵੀ ਗਏ।

ਅਫਜ਼ਲ ਤੌਸੀਫ ਦੋਹਾਂ ਪੰਜਾਬਾਂ ਵਿਚ ਪੜ੍ਹੀ ਜਾਣ ਵਾਲੀ ਸਤਿਕਾਰੀ ਲੇਖਿਕਾ ਹੈ। ਉਹ ਪੰਜਾਬੀ ਅਤੇ ਉਰਦੂ ਭਾਸ਼ਾਵਾਂ ਵਿਚ ਮੁਹਾਰਤ ਰੱਖਣ ਵਾਲੀ ਪਰ ਆਵਾਮ ਲਈ ਪ੍ਰਤੀਬੱਧ ਲੇਖਿਕਾ ਸੀ। 2007 ਦੀ ਸਿੰਬਲੀ ਫੇਰੀ ਪਿਛੋਂ ਅਸੀਂ ਮਿਲੇ ਨਹੀਂ। ਉਹ ਬਿਮਾਰ ਪੈ ਗਏ ਸਨ। ਅਮਰੀਕਾ ਵਾਲੇ ਮਿੱਤਰਾਂ ਨੇ ਮੇਰੀ ਡਿਊਟੀ ਲਾਈ ਸੀ ਕਿ ਮੈਂ ਅਮਰੀਕੀ ਕਾਨਫਰੰਸ 'ਤੇ ਲੈ ਕੇ ਆਵਾਂ। ਬਿਮਾਰੀ ਕਾਰਨ ਉਹ ਜਾ ਨਾ ਸਕੇ। ਮੈਂ ਗਦਰ ਪਾਰਟੀ ਦੇ ਮੁਸਲਮਾਨ ਸੂਰਬੀਰਾਂ ਬਾਰੇ ਲਿਖਣ ਲਈ ਉਨ੍ਹਾਂ ਨੂੰ ਕਿਹਾ ਸੀ ਪਰ ਸਿਹਤ ਦੀ ਖਰਾਬੀ ਨੇ ਇਹ ਕੰਮ ਹੋਣ ਨਹੀਂ ਦਿੱਤਾ। ਮੇਰੀਆਂ ਤਿੰਨ ਭੂਆ ਪਹਿਲਾਂ ਹੀ ਅਲਵਿਦਾ ਕਹਿ ਗਈਆਂ ਸਨ। ਇਹ ਲਾਹੌਰ ਵਾਲੀ ਭੂਆ ਵੀ 30 ਦਸੰਬਰ 2014 ਨੂੰ ਤੁਰ ਗਈ।

## ਬੇਹੀ ਰੋਟੀ

ਅੱਜ ਉਹ ਕਿਸੇ ਜ਼ਰੂਰੀ ਕੰਮ ਕਰਕੇ ਸਵੇਰੇ ਰੋਟੀ ਖਾਧੇ ਬਿਨਾ ਹੀ ਘਰੋਂ ਚਲਾ ਗਿਆ। ਸਾਰਾ ਦਿਨ ਉਹਨੇ ਚਾਹ ਨਾਲ ਚਾਰ ਬਿਸਕੁਟ ਖਾ ਕੇ ਗੁਜ਼ਾਰ ਲਿਆ। ਉਂਜ ਤਾਂ ਕਿਸੇ ਢਾਬੇ ਤੋਂ ਰੋਟੀ ਖਾ ਆਉਂਦਾ, ਪਰ ਉਹਨੂੰ ਤਾਂ ਅੱਜ ਸਿਰ ਖੁਰਕਣ ਦੀ ਵਿਹਲ ਵੀ ਨਹੀਂ ਸੀ ਮਿਲੀ। ਮਾਂ ਨੂੰ ਜਿਵੇਂ ਪਹਿਲਾਂ ਹੀ ਪਤਾ ਸੀ, ਉਹਨੇ ਵੇਲੇ ਸਿਰ ਦਾਲ ਸਬਜ਼ੀ ਬਣਾ ਉਹਦੇ ਆਉਣ ਦਾ ਸਮਾਂ ਵੇਖ ਤਵਾ ਚੁੱਲ੍ਹੇ 'ਤੇ ਧਰ ਦਿੱਤਾ।

ਭੁੱਖ ਬਹੁਤੀ ਲੱਗੀ ਹੋਣ ਕਰਕੇ ਉਹਦੇ ਮੰਗਣ 'ਤੇ ਜਦੋਂ ਮਾਂ ਨੇ ਰੋਟੀ ਫੜਾਈ ਤਾਂ ਰੋਟੀ ਨੂੰ ਕੁਝ ਸਖਤ ਜਿਹੀ ਵੇਖ ਕੇ ਉਹ ਝੱਟ ਬੋਲਿਆ, "ਆਹ ਕੀ ਮਾਂ, ਬੇਹੀ ਜਿਹੀ ਰੋਟੀ ਫੜਾ'ਤੀ, ਮੈਥੋਂ ਨਹੀਂ ਖਾਧੀ ਜਾਂਦੀ।"

ਮਾਂ ਨੇ ਕਿਹਾ, "ਨਹੀਂ ਪੁੱਤ, ਇਹ ਪਹਿਲੀ ਰੋਟੀ ਐ। ਤਵਾ ਹਾਲੇ ਤਪਿਆ ਨਹੀਂ ਸੀ ਤਾਂ ਥੋੜ੍ਹੀ ਸਖਤ ਹੋ'ਗੀ। ਤੇਰੀ ਸਵੇਰ ਵਾਲੀ ਰੋਟੀ ਤਾਂ ਮੈਂ ਹੁਣੇ ਖਾਧੀ ਐ। ਮੈਂ ਕਿਹਾ ਕਾਹਨੂੰ ਰੋਟੀਆਂ ਸਿੱਟਣੀਆਂ। ਹੁਣ ਤੇਰੇ ਲਈ ਹੀ ਰੋਟੀ ਪਕਾਈ ਸੀ।" ਉਹ ਭਰੇ ਮਨ ਨਾਲ ਕਦੇ ਮਾਂ ਵੱਲ ਵੇਖ ਰਿਹਾ ਸੀ ਤੇ ਕਦੇ ਰੋਟੀ ਵੱਲ।

-ਗੁਰਪ੍ਰੀਤ ਮਾਨ ਮੌੜ
ਫੋਨ: 91-98761-98000

# ਸਾਂਝੀ ਸਭਿਆਚਾਰਕ ਵਿਰਾਸਤ ਦਾ ਪ੍ਰਤੀਕ ਕਾਜ਼ੀ ਨਜ਼ਰੁਲ ਇਸਲਾਮ

ਕਲਾ ਪਰਿਕਰਮਾ

ਡਾ. ਚਮਨ ਲਾਲ

ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ 1947 ਤਕ ਇਕ ਹੀ ਮੁਲਕ ਸਨ ਤੇ ਸਿਆਸੀ ਕਾਰਨਾਂ ਕਰਕੇ ਭਾਵੇਂ ਇਹ ਤਿੰਨ ਵੱਖਰੇ ਮੁਲਕਾਂ ਵਿਚ ਵੰਡੇ ਗਏ ਪਰ ਇਨ੍ਹਾਂ ਦੀ ਸਭਿਆਚਾਰਕ ਵਿਰਾਸਤ ਹਾਲੇ ਵੀ ਸਾਂਝੀ ਹੈ। ਮਿਰਜ਼ਾ ਗਾਲਿਬ, ਫੈਜ਼ ਅਹਿਮਦ ਫੈਜ਼, ਕਾਜ਼ੀ ਨਜ਼ਰੁਲ ਇਸਲਾਮ, ਰਵਿੰਦਰ ਨਾਥ ਟੈਗੋਰ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਆਦਿ ਅਨੇਕਾਂ ਇਤਿਹਾਸਕ ਨਾਂ ਹਨ, ਜਿਨ੍ਹਾਂ ਨੂੰ ਤਿੰਨਾਂ ਮੁਲਕਾਂ 'ਚ ਬੜਾ ਪਿਆਰ ਤੇ ਸਤਿਕਾਰ ਹਾਸਲ ਹੈ। ਰਵਿੰਦਰ ਸੰਗੀਤ ਅਤੇ ਟੈਗੋਰ ਸਾਹਿਤ ਪੂਰਬੀ ਬੰਗਾਲ ਜਾਂ ਬੰਗਲਾ ਦੇਸ਼ ਵਿਚ ਵੀ ਓਨਾ ਹੀ ਮਕਬੂਲ ਹੈ, ਜਿੰਨਾ ਕਾਜ਼ੀ ਨਜ਼ਰੁਲ ਇਸਲਾਮ ਦਾ ਸਾਹਿਤ ਪੱਛਮੀ ਬੰਗਾਲ ਜਾਂ ਪੂਰੇ ਭਾਰਤ ਵਿਚ। ਸ਼ਾਇਦ ਭਾਰਤ ਵਿਚ 'ਵਿਦਰੋਹੀ' ਜਾਂ 'ਇਨਕਲਾਬੀ' ਸ਼ਾਇਰ ਕਾਜ਼ੀ ਨਜ਼ਰੁਲ ਇਸਲਾਮ ਹੋਰ ਵੀ ਵੱਧ ਮਕਬੂਲ ਹੈ, ਕਿਉਂਕਿ ਇਥੇ ਜਮਹੂਰੀ ਜਾਂ ਵਿਦਰੋਹੀ ਲਹਿਰਾਂ ਵੱਧ ਵਿਆਪਕ ਰਹੀਆਂ ਹਨ।

ਕਾਜ਼ੀ ਨਜ਼ਰੁਲ ਇਸਲਾਮ ਦਾ ਜਨਮ 24 ਮਈ 1899 ਨੂੰ ਬਰਦਵਾਨ ਜ਼ਿਲ੍ਹੇ ਦੇ ਚੁਰੂਲਿਆ ਪਿੰਡ ਵਿਚ ਇਕ ਸਾਧਾਰਨ ਗਰੀਬ ਮੁਸਲਮਾਨ ਪਰਿਵਾਰ ਵਿਚ ਹੋਇਆ ਜੋ ਬਿਹਾਰ ਦੇ ਹਾਜੀਪੁਰ ਜ਼ਿਲ੍ਹੇ ਤੋਂ ਹਿਜਰਤ ਕਰਕੇ ਬੰਗਾਲ ਆ ਵਸਿਆ ਸੀ। ਨਜ਼ਰੁਲ ਦੇ ਪਿਤਾ ਇਕ ਮਜ਼ਾਰ ਤੇ ਮਸਜਿਦ ਦੀ ਸੰਭਾਲ ਕਰਦੇ ਸਨ ਤੇ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਪੁਰਖੇ ਨੂੰ 'ਕਾਜ਼ੀ' ਦਾ ਖਿਤਾਬ ਮਿਲਿਆ ਹੋਇਆ ਸੀ, ਜੋ ਪਰਿਵਾਰ ਦੀ ਵਿਰਾਸਤ ਬਣ ਗਿਆ ਸੀ। ਨਜ਼ਰੁਲ ਹਾਲੀਂ ਅੱਠਾਂ ਵਰ੍ਹਿਆਂ ਦਾ ਹੀ ਸੀ ਕਿ ਉਸ ਦੇ ਪਿਤਾ ਅਚਾਨਕ ਚਲ ਵਸੇ। ਗਰੀਬੀ 'ਚ ਡੁੱਬੇ ਪਰਿਵਾਰ ਉਤੇ ਜਿਵੇਂ ਦੁੱਖਾਂ ਦਾ ਪਹਾੜ ਟੁੱਟ ਪਿਆ। ਇਸੇ ਲਈ ਨਜ਼ਰੁਲ ਨੂੰ ਬਚਪਨ ਵਿਚ 'ਦੁੱਖੂ' ਜਾਂ 'ਦੁੱਖੂ ਮੀਆਂ' ਵੀ ਕਿਹਾ ਜਾਂਦਾ ਸੀ। ਦਸ ਸਾਲ ਦੀ ਕੱਚੀ ਉਮਰ ਵਿਚ ਨਜ਼ਰੁਲ ਨੂੰ ਪਰਿਵਾਰ ਲਈ ਰੁਜ਼ਗਾਰ ਦੀ ਚੱਕੀ ਵਿਚ ਪਿਸਣਾ ਪਿਆ। ਉਨ੍ਹਾਂ ਨੇ ਮਕਤਬ ਦਾ ਇਮਤਿਹਾਨ ਪਾਸ ਕਰਕੇ ਅਰਬੀ-ਫਾਰਸੀ ਪੜ੍ਹੀ। ਗਿਆਰਾਂ ਵਰ੍ਹਿਆਂ ਦੀ ਉਮਰੇ ਉਹ ਮਸਜਿਦ ਦੇ ਇਮਾਮ ਬਣੇ। ਏਨੀ ਛੋਟੀ ਉਮਰ ਵਿਚ ਉਹ ਅਧਿਆਤਮਕਤਾ ਵਿਚ ਡੁੱਬ ਕੇ ਘੰਟਿਆਂ ਬੱਧੀ ਮਜ਼ਾਰ ਉਤੇ ਇਕਾਂਤ 'ਚ ਬੈਠੇ ਰਹਿੰਦੇ ਤੇ ਕੁਰਾਨ ਦਾ ਪਾਠ ਕਰਦੇ। ਉਸ ਤੋਂ ਪ੍ਰਭਾਵਿਤ ਹੋ ਕੇ ਲੋਕੀਂ ਉਸ ਨੂੰ 'ਨਜ਼ਰ ਅਲੀ' ਵੀ ਕਹਿੰਦੇ।

ਕੱਚੀ ਉਮਰੇ ਹੀ ਮੁਸੀਬਤਾਂ ਨਾਲ ਟਕਰਾਉਣ ਵਾਲੇ ਨਜ਼ਰੁਲ ਦੀ ਸ਼ਖਸੀਅਤ 'ਚ ਪਕਿਆਈ ਆਈ। ਉਨ੍ਹਾਂ ਨੇ ਰਾਮਾਇਣ, ਮਹਾਭਾਰਤ ਆਦਿ ਲੋਕ-ਕਥਾਵਾਂ ਪੜ੍ਹੀਆਂ ਅਤੇ ਬਾਊਲਾਂ, ਫਕੀਰਾਂ ਅਤੇ ਸੂਫੀਆਂ ਨਾਲ ਘੁਮੱਕੜੀ ਕੀਤੀ। ਇਹੋ ਕਾਰਨ ਹੈ ਕਿ ਨਜ਼ਰੁਲ ਨੇ ਬਾਅਦ 'ਚ ਜੋ ਸ਼ਾਇਰੀ ਕੀਤੀ, ਉਹ ਫਿਰਕਾਪ੍ਰਸਤੀ ਦੇ ਸਖਤ ਖਿਲਾਫ ਸੀ। ਆਪਣੇ ਇਸ ਸੰਘਰਸ਼ ਸਦਕਾ ਤੇ ਜੀਵਨ ਦੇ ਡੂੰਘੇ ਅਨੁਭਵ ਗ੍ਰਹਿਣ ਕਰਨ ਪਿਛੋਂ ਕਾਜ਼ੀ ਨਜ਼ਰੁਲ ਇਸਲਾਮ ਆਪਣੀ ਸ਼ਾਇਰੀ ਨਾਲ ਬੰਗਾਲੀ ਸਾਹਿਤ ਅਤੇ ਸੰਗੀਤ ਦੇ ਆਕਾਸ਼ ਉਤੇ ਧੂਮਕੇਤੂ ਤਾਰੇ ਵਾਂਗ ਪ੍ਰਗਟ ਹੋਏ ਜਿਸ 'ਚ ਸੂਰਜ ਦਾ ਤਾਪ ਅਤੇ ਚੰਦਰਮਾ ਦੀ ਸ਼ੀਤਲਤਾ ਸ਼ਾਮਲ ਸੀ।

ਕਵਿਤਾ ਦੇ ਨਾਲ ਨਾਲ ਨਜ਼ਰੁਲ ਇਸਲਾਮ ਦਾ ਨਾਟਕ ਲੇਖਨ ਅਤੇ ਨਾਟਕਾਂ ਵਿਚ ਗੀਤ ਲਿਖਣ ਦਾ ਰੁਝਾਨ ਵੀ ਵਿਗਸਿਆ। 1927 ਵਿਚ ਉਨ੍ਹਾਂ ਨੇ ਪਹਿਲੀ ਵਾਰ ਇਕ ਨਾਟਕ 'ਚਾਂਦ ਸੌਦਾਗਰ' ਵਿਚ ਅਦਾਕਾਰੀ ਵੀ ਕੀਤੀ। ਉਨ੍ਹਾਂ ਅਨੇਕ ਨਾਟਕਾਂ ਲਈ ਗੀਤ ਵੀ ਰਚੇ ਜਿਨ੍ਹਾਂ ਵਿਚ 'ਮਹੂਆ ਦੇ ਕੰਠ', 'ਕਾਰਾਗਾਰ', 'ਸਤੀ', 'ਸਾਵਿਤਰੀ', 'ਰਕਤ ਕਮਲ' ਆਦਿ ਸ਼ਾਮਲ ਸਨ। ਉਨ੍ਹਾਂ ਨੇ ਪੂਰੇ ਗੀਤ ਨਾਟਕ ਵੀ ਲਿਖੇ ਜਿਨ੍ਹਾਂ ਵਿਚ 'ਆਲਿਓ', 'ਮਧੂਬਾਲਾ' ਆਦਿ ਗੀਤ ਨਾਟਕ ਬਹੁਤ ਹੀ ਪ੍ਰਸਿਧ ਹੋਏ ਅਤੇ ਇਨ੍ਹਾਂ ਦੇ ਸੈਂਕੜੇ ਸ਼ੋਅ ਕੀਤੇ ਗਏ।

ਕਾਜ਼ੀ ਨਜ਼ਰੁਲ ਇਸਲਾਮ ਦੇ ਗੀਤਾਂ-



ਕਵਿਤਾਵਾਂ ਵਿਚ ਅਜਿਹੇ ਆਵੇਗ, ਲਲਕਾਰ ਅਤੇ ਝਨਕਾਰ ਹੈ ਕਿ ਉਨ੍ਹਾਂ ਨੂੰ 'ਵਿਦਰੋਹੀ ਕਵੀ' ਦਾ ਦਰਜਾ ਮਿਲ ਗਿਆ। ਕੁਝ ਮੂਲਵਾਦੀ ਮੁਸਲਿਮ ਪੱਤਰਕਾਵਾਂ ਨੇ ਕਵੀ ਨਜ਼ਰੁਲ ਦੇ ਤਿੱਖੇ ਵਿਅੰਗ ਅਤੇ ਸਖਤ ਚੋਟਾਂ ਤੋਂ ਤਿਲਮਿਲਾ ਕੇ ਉਨ੍ਹਾਂ ਨੂੰ 'ਧਰਮ-ਧਰੋਹੀ' ਕਰਾਰ ਦਿੱਤਾ। ਉਨ੍ਹਾਂ ਨੂੰ 'ਇਸਲਾਮ ਦਾ ਵੈਰੀ' ਵੀ ਕਿਹਾ ਗਿਆ ਪਰ ਨਜ਼ਰੁਲ ਨੂੰ ਇਸ ਦੀ ਪਰਵਾਹ ਨਹੀਂ ਸੀ। ਜ਼ਿੰਦਗੀ ਵਿਚ ਗ਼ਰੀਬੀ ਅਤੇ ਮੁਸ਼ਕਿਲਾਂ ਨੇ ਉਨ੍ਹਾਂ ਦੀ ਸ਼ਖਸੀਅਤ ਨਿਖਾਰੀ ਸੀ। ਉਨ੍ਹਾਂ ਨੇ ਕਿਹਾ ਵੀ ਕਿ 'ਦਾਰਿਦਦਰਿਆ ਮੋਰੇ ਕੋਰੇਛੇ ਮਹਾਨ', ਅਰਥਾਤ 'ਗਰੀਬੀ ਨੇ ਹੀ ਮੈਨੂੰ ਮਹਾਨ ਬਣਾਇਆ ਹੈ।'

ਆਪਣੀ ਇਸ ਗ਼ਰੀਬੀ ਨਾਲ ਸੰਘਰਸ਼ ਦੌਰਾਨ ਨਜ਼ਰੁਲ ਨੂੰ ਕਈ ਹਮਦਰਦ ਵੀ ਮਿਲੇ। ਕੁਮੁਦ ਰੰਜਨ ਮਲਿਕ ਨੇ ਉਨ੍ਹਾਂ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ। ਫਿਰ 1914 ਵਿਚ ਇਕ ਪੁਲਿਸ ਇੰਸਪੈਕਟਰ ਨੇ ਉਨ੍ਹਾਂ ਨੂੰ ਹਾਈ ਸਕੂਲ ਵਿਚ ਦਾਖਲ ਕਰਵਾਇਆ। ਪੜ੍ਹਾਈ ਦੌਰਾਨ ਉਨ੍ਹਾਂ ਨੇ ਸ਼ਾਸਤਰੀ ਸੰਗੀਤ ਵੀ ਸਿਖਿਆ। ਪਹਿਲੀ ਜੰਗ ਦੌਰਾਨ ਉਹ ਫੌਜ ਵਿਚ ਭਰਤੀ ਹੋ ਕੇ 'ਬੰਗਾਲ ਰੈਜੀਮੈਂਟ' ਵਿਚ ਰਹੇ। ਇਸੇ ਦੌਰਾਨ ਉਨ੍ਹਾਂ ਦੀ ਪਹਿਲੀ ਕਵਿਤਾ 'ਅਵਾਰਾ ਦੀ ਆਤਮਕਥਾ' ਛਪੀ। 1920 ਵਿਚ ਬੰਗਾਲੀ ਰੈਜੀਮੈਂਟ ਤੋਂ ਮੁਕਤ ਹੋ ਕੇ ਉਹ ਆਜ਼ਾਦੀ ਸੰਗਰਾਮ ਵਿਚ ਕੁੱਦ ਪਏ। ਅਣਵੰਡੇ ਬੰਗਾਲ ਦੇ ਪਹਿਲੇ ਪ੍ਰਧਾਨ ਮੰਤਰੀ ਫਜ਼ਲ-ਉਲ ਹੱਕ ਨਾਲ ਮਿਲ ਕੇ ਉਨ੍ਹਾਂ ਨੇ ਮੈਗਜ਼ੀਨ ਕੱਢਿਆ। ਫਿਰ ਇਕੱਲਿਆਂ 'ਨਵਯੁਗ' ਪੱਤ੍ਰਿਕਾ ਕੱਢੀ।

ਹੁਣ ਉਹ ਕਮਿਊਨਿਸਟਾਂ ਦੇ ਨੇੜੇ ਆ ਗਏ ਅਤੇ ਉਨ੍ਹਾਂ ਦੀ ਕਵਿਤਾ 'ਉਡਾਓ ਉਡਾਓ ਲਾਲ ਨਿਸ਼ਾਨ' ਕਮਿਊਨਿਸਟ ਕਾਰਕੁਨਾਂ ਵਿਚ ਬੇਹੱਦ ਮਜ਼ਬੂਤ ਹੋ ਗਈ ਸੀ। ਬਰਤਾਨਵੀ ਹਕੂਮਤ ਦੀਆਂ ਅੱਖਾਂ ਵਿਚ ਨਜ਼ਰੁਲ ਰੜਕਣ ਲੱਗੇ ਅਤੇ ਉਨ੍ਹਾਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਜੇਲ੍ਹ ਅੰਦਰ ਵੀ ਨਜ਼ਰੁਲ ਦੀ ਵਿਦਰੋਹੀ ਆਤਮਾ ਨੂੰ ਕੁਚਲਿਆ ਨਹੀਂ ਜਾ ਸਕਿਆ ਅਤੇ ਉਨ੍ਹਾਂ ਕੈਦੀਆਂ ਦੇ ਹੱਕਾਂ ਲਈ ਚਾਲੀ ਦਿਨ ਲੰਮੀ ਭੁੱਖ ਹੜਤਾਲ ਕੀਤੀ। ਰਵਿੰਦਰ ਨਾਥ ਟੈਗੋਰ ਨੇ ਵੀ ਉਨ੍ਹਾਂ ਦੀ ਭੁੱਖ ਹੜਤਾਲ ਬਾਰੇ ਫਿਕਰਮੰਦੀ ਜਤਾਈ।


ਜੇਲ੍ਹ ਤੋਂ ਬਾਹਰ ਆ ਕੇ ਨਜ਼ਰੁਲ ਦੀ ਸ਼ਖਸੀਅਤ ਵਿਚੋਂ ਹੋਰ ਚਿੰਗਾੜੀਆਂ ਨਿਕਲਣ ਲੱਗੀਆਂ। ਉਨ੍ਹਾਂ ਨੇ 'ਯੁਗਵਾਣੀ' ਤੇ 'ਬਿਜਲੀ' ਆਦਿ ਪੱਤ੍ਰਿਕਾਵਾਂ ਦਾ ਸੰਪਾਦਨ ਕੀਤਾ। 'ਬਿਜਲੀ' ਵਿਚ ਉਨ੍ਹਾਂ ਦੀ ਅਮਰ ਕਵਿਤਾ 'ਵਿਦਰੋਹੀ' ਛਪੀ ਜੋ ਉਨ੍ਹਾਂ ਦੇ ਨਾਂ ਨਾਲ ਪੱਕੀ ਤਰ੍ਹਾਂ ਜੁੜ ਗਈ। 'ਭਾਂਗਰ ਗਾਨ', 'ਬਿਸ਼ੇਰ ਬਾਂਸੀ', 'ਪ੍ਰਲਯ ਸਿਖਾ', 'ਸਾਮਯਵਾਦੀ' ਅਤੇ 'ਸਰਵਹਾਰਾ' ਆਦਿ ਉਨ੍ਹਾਂ ਦੇ ਕਾਵਿ ਸੰਕਲਨ ਛਪੇ।

ਆਜ਼ਾਦੀ ਤੋਂ ਬਾਅਦ ਨਜ਼ਰੁਲ ਦੀ ਸਿਹਤ ਠੀਕ ਨਹੀਂ ਰਹੀ ਅਤੇ ਉਨ੍ਹਾਂ ਦੀ ਸਿਰਜਣਾਤਮਕ ਕਰਮ ਰੁਕ ਜਿਹਾ ਗਿਆ। ਉਨ੍ਹਾਂ ਨੇ ਆਪਣੇ ਆਪ ਨੂੰ 'ਵਰਤਮਾਨ ਦਾ ਕਵੀ' ਕਿਹਾ ਸੀ:

ਵਰਤਮਾਨ ਦਾ ਕਵੀ ਹਾਂ ਭਰਾਵਾ,
ਭਵਿਖ ਦਾ ਨਹੀਂ ਮੈਂ ਨਬੀ।
ਕਵੀ-ਅਕਵੀ ਕਹੋ ਜੋ ਵੀ,
ਸਭ ਸਹਿ ਲੈਂਦਾ ਮੂੰਹ ਸੀਤੇ।

ਨਜ਼ਰੁਲ ਦੀ ਸ਼ਖਸੀਅਤ ਕਬੀਰ ਅਤੇ ਨਿਰਾਲਾ ਵਾਂਗ ਫੱਕਰਾਂ ਵਾਂਗ ਸੀ। ਦਸ ਰੁਪਏ ਦੀ ਕਮਾਈ ਵਿਚੋਂ ਨੌਂ ਰੁਪਏ ਉਹ ਹੋਰਾਂ ਨੂੰ ਦੇ ਕੇ ਆਪ ਇਕ ਰੁਪਏ ਵਿਚ ਆਪਣਾ ਗੁਜ਼ਾਰਾ ਕਰ ਲੈਂਦੇ ਸਨ ਪਰ ਉਛਲਦੀਆਂ ਤਰੰਗਾਂ ਵਾਲੇ ਵਿਸ਼ਾਲ ਸਾਗਰ ਵਰਗੇ ਇਸ ਦੀ ਕਵਿਤਾ ਵਿਚ ਆਤਮ-ਵਿਰਲਾਪ ਜਾਂ ਆਪਣੇ ਉਤੇ ਤਰਸ ਦੀ ਭਾਵਨਾ ਦੂਰ ਦੂਰ ਤਕ ਨਜ਼ਰ ਨਹੀਂ ਆਉਂਦੀ। ਉਸ ਦੀ ਕਵਿਤਾ, ਗੀਤਾਂ ਅਤੇ ਨਾਟਕਾਂ ਵਿਚ ਸਮਾਜ, ਲੋਕਾਈ ਅਤੇ ਦੇਸ਼ ਦੀ ਦੁਰਦਸ਼ਾ ਦੇ ਹੀ ਚਿਤਰ ਉਕਰੇ ਗਏ ਹਨ, ਆਪਣੀ ਗ਼ਰੀਬੀ ਜਾਂ ਮੁਸ਼ਕਿਲਾਂ ਦੇ ਨਹੀਂ।

ਇਕ ਤਰ੍ਹਾਂ ਨਾਲ ਇਸ ਨੂੰ ਕੌਮੀ ਯਾਦਗਾਰ ਬਣਾਇਆ ਗਿਆ ਹੈ। ਇਸ ਦੁਮੰਜ਼ਿਲੇ ਭਵਨ ਦੇ ਹੇਠਾਂ ਅਕਾਦਮੀ ਦਾ ਦਫਤਰ ਹੈ ਅਤੇ ਉਪਰਲੇ ਤਲ ਉਤੇ 'ਕਵੀ ਕਮਰਾ' ਹੈ, ਜਿਸ ਵਿਚ ਕਵੀ ਦੀਆਂ ਕਿਰਤਾਂ ਦੇ ਖਰੜੇ ਅਤੇ ਉਨ੍ਹਾਂ ਵਲੋਂ ਵਰਤੀਆਂ ਵਸਤਾਂ ਕਪੜੇ, ਗਰਾਮੋਫੋਨ, ਮੰਜੀ, ਆਸਨ, ਦਸ ਖਰੜੇ, ਪਦਮਭੂਸ਼ਨ (1960) ਦਾ ਮੈਡਲ, ਇਕ ਜਰਮਨ ਕਲਾਕਾਰ ਵਲੋਂ ਬਣਾਇਆ ਕਵੀ ਦਾ ਚਿਤਰ ਅਤੇ ਕਵੀ-ਪਤਨੀ ਪ੍ਰਮਿਲਾ ਵਲੋਂ ਵਰਤੀ ਗਈ ਚੌਕੀ ਰੱਖੀ ਹੋਈ ਹੈ। ਨਜ਼ਰੁਲ ਅਕਾਦਮੀ ਵਿਚ ਲਾਇਬਰੇਰੀ ਅਤੇ ਸੰਗ੍ਰਹਿਆਲਾ ਵੀ ਹੈ। ਨੇੜੇ ਹੀ ਕਵੀ-ਪਤਨੀ ਪ੍ਰਮਿਲਾ ਦੀ ਸਮਾਧੀ ਹੈ।



ਆਸਨਸੋਲ (ਪੱਛਮੀ ਬੰਗਾਲ) ਵਿਚ ਕਾਜ਼ੀ ਨਜ਼ਰੁਲ ਇਸਲਾਮ ਦਾ ਬੁੱਤ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਜਨਵਰੀ 2019 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-358



ਨਦੀ ਬਣਾ 'ਤੀ ਸੜਕ ਦੀ, 'ਦੋਸ਼ੀ' ਹੈ ਬਰਸਾਤ।
ਧੱਕਾ ਲਾ ਕੇ ਪੁਲਸੀਆਂ ਨੂੰ, ਕੱਢਣਾ ਪਿਆ ਵਿਕਾਸ।

### ਕੈਪਸ਼ਨ ਮੁਕਾਬਲਾ-359



ਰੰਗ ਬਿਰੰਗੇ ਪਰਾਂਦੇ ਡੋਰੀਆਂ
ਮਨ ਨੂੰ ਬੜਾ ਲੁਭਾਉਂਦੇ ਨੇ।
ਮਨ ਤਾਂ ਕਰਦਾ ਲੈ ਲੀਏ ਸਾਰੇ
ਪਰ ਖੀਸੇ ਅੜਿਕਾ ਲਾਉਂਦੇ ਨੇ।
**-ਜਗਮੀਤ ਸਿੰਘ ਪੰਧੇਰ**

---

ਕਾਹਦਾ ਜਿਉਣਾ ਸਾਡਾ ਸੱਜਣਾਂ
ਪਰਾਂਦੀ ਦੀ ਰੀਝ ਵੀ ਨਾ ਹੋਈ ਪੂਰੀ।
ਰੰਗ ਬਰੰਗੀਆਂ ਦੇਖ ਕੇ ਟੰਗੀਆਂ
ਖਾਲੀ ਹੱਥ ਜਾਈਏ ਅਸੀਂ ਘੂਰੀ।
ਬਿਨ ਧੇਲੇ ਤੋਂ ਮੇਲੇ ਜਾਣਾ
ਸਾਡੀ ਸਦਾ ਹੀ ਰਹੀ ਮਜਬੂਰੀ।
**-ਦਵਿੰਦਰ ਕੌਰ**

---

ਸਖੀਆਂ ਉਤਰ ਪਹਾੜੋਂ ਆਈਆਂ
ਦੇਖਣ ਕੁੱਲੂ ਦਾ ਮੇਲਾ।
ਤੱਕੀਆਂ ਲਾਲ, ਪੀਲੀਆਂ ਗਾਨੀਆਂ
ਹੋਇਆ ਚਿਤ ਮੈਲਾ।
ਰੰਗ ਬਰੰਗੀਆਂ ਵੰਗਾਂ ਚੂੜੀਆਂ
ਅੜੀਏ ਨੀ ਚਲੋ ਲਈਏ।
ਭਾਗਾਂ ਨਾਲ ਮਸਾਂ ਦਿਨ ਆਇਆ
ਰੀਝ ਪੂਰੀ ਕਰ ਲਈਏ।
**-ਸੇਵਾ ਸਿੰਘ ਨੂਰਪੁਰੀ**

---

ਸੱਧਰਾਂ ਦੇ ਕੋਈ ਭਾਅ ਰਹੇ ਨਾ
ਸਾਡੇ ਚਾਅ ਹੁਣ ਚਾਅ ਰਹੇ ਨਾ।
ਤਰਸਦਿਆਂ ਉਮਰਾਂ ਲੰਘ ਚੱਲੀਆਂ
ਉਮਰਾਂ ਦੇ ਸੌਖੇ ਰਾਹ ਰਹੇ ਨਾ।
ਨਾ ਬਚਪਨ, ਨਾ ਜੋਬਨ ਮਾਣਿਆ
ਤਨ ਮਨ ਤੋੜ ਵੀ ਰੀਝਾਂ ਖਾਲੀ।
ਹੱਟੀਆਂ ਸਜੀਆਂ ਦੇਖ ਖੁਸ਼ ਹੋ ਜਾਂਦੇ
ਪਹੁੰਚ ਦੇ ਵਿਚ ਸਾਡੇ ਚਾਅ ਰਹੇ ਨਾ।
**-ਪੋਰਿੰਦਰ ਸਿੰਗਲਾ ਢਪਾਲੀ, ਬਠਿੰਡਾ**

---

ਦਰਾਣੀ-ਜਠਾਣੀ ਜਦ ਪਹੁੰਚੀਆਂ ਬਜਾਰ।
ਚੇਤੇ ਆਇਆ ਜੁਆਨੀ ਦਾ ਹਾਰ-ਸ਼ਿੰਗਾਰ।
ਲਾਲ ਪਰਾਂਦੀ ਨਾਲ ਸੱਗੀ ਅਤੇ ਫੁੱਲ।
ਹੁਸਨ ਉਨ੍ਹੀਂ ਦਿਨੀਂ ਪੈਂਦਾ ਸੀ ਡੁੱਲ ਡੁੱਲ।
ਢਲ ਗਈ ਦੁਪਹਿਰ ਜੋਬਨ ਵਾਲੀ
ਬਸ ਹੁਣ ਯਾਦਾਂ ਹੀ ਨੇ ਪੱਲੇ।
ਮੁੜ ਚਲੀਏ 'ਨਸੀਬੋ' ਘਰੀਂ
ਹੁਣ ਨਾ ਸੋਂਹਦੇ ਛਾਪਾਂ ਛੱਲੇ।
**-ਗੁਰਦੇਵ ਸਿੰਘ ਢਪਾਲੀ, ਬਠਿੰਡਾ**

---

ਰੰਗਦਾਰ ਕਸ਼ਸ਼ ਹੁੰਦੀ ਚਹੇਤਿਆਂ ਨੂੰ
'ਮਨ ਦਰਪਣ ਹੈ ਜੱਗ ਸਾਰਾ'
ਚਿਹਰੇ ਦੇ ਹਾਵ ਭਾਵ ਪੜ੍ਹ ਕੇ
ਸਭ ਮਾਜਰਾ ਸਾਹਵੇਂ ਆ ਜਾਂਦਾ।
ਇਹ ਵੀ ਹੈ ਸੱਚ, ਨਾ ਆਦਮੀ, ਨਾ ਤੀਵੀਂ
ਕੁਨਬਾ ਵੱਖਰਾ ਨਜ਼ਰ ਆਉਂਦਾ।
ਸਮਾਜ ਬਰਾਬਰੀ ਦਾ ਦਰਜਾ ਨਾ ਦੇਵੇ
ਨਵ ਜੰਮਿਆਂ ਦੇ ਸਿੱਠਣੀਆਂ ਦੇ ਕੇ
ਤਰ੍ਹਾਂ ਤਰ੍ਹਾਂ ਦੀਆਂ ਬੋਲੀਆਂ ਪਾ ਕੇ
ਨਿਰਬਾਹ ਕਰਨ ਜ਼ਿੰਦਗੀ ਦਾ।
**-ਦਰਸ਼ਨਪਾਲ ਦੋਸਾਂਝ**

---

ਮੇਲੇ ਛਿੰਜਾਂ ਹੁੰਦੇ ਸਨ
ਗੱਭਰੂਆਂ-ਮੁਟਿਆਰਾਂ ਦਾ ਚਾਅ।
ਹੁਣ ਨਹੀਂ ਉਹ ਗੱਲਾਂ
ਪੈ ਗਏ ਪੁੱਠੇ ਰਾਹ।
ਭੁੱਲ ਗਏ ਪਰਾਂਦੇ ਨਾਲੇ ਸੱਗੀ ਫੁੱਲ।
ਪੁਰਾਣੇ ਸਮੇਂ ਦਾ ਕਿਸੇ ਕੀ ਪਾਉਣਾ ਮੁੱਲ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

## ਅੱਜ ਦੀ ਗੱਲ

ਆ ਗਈਆਂ ਪੰਚਾਇਤੀ ਵੋਟਾਂ, ਵਿਹਲੜ ਕੰਮੀਂ ਲੱਗਣਗੇ।
ਹਰ ਕਿਸੇ ਦੀ ਪੁੱਛ-ਦੱਸ ਹੋਊ, ਸਭ ਚਾਰੇ ਪਾਸੇ ਭੱਜਣਗੇ।
ਖਾਣ ਪੀਣ ਦੀ ਮੌਜ ਲੱਗ ਜਾਊ, ਮੁਫਤਖੋਰ ਵੀ ਰੱਜਣਗੇ।
ਧੜਿਆਂ ਦੇ ਵਿਚ ਵੰਡ ਹੋ ਜਾਊ, ਝਗੜੇ ਝੇੜੇ ਵਧਣਗੇ।
ਹੜ੍ਹ ਆਊਗਾ ਨਸ਼ਿਆਂ ਵਾਲਾ, ਬੂਟੇ ਨਵੇਂ ਵੀ ਲੱਗਣਗੇ।
ਜੇਕਰ ਲੋਕਾਂ ਹੋਸ਼ ਨਾ ਕੀਤੀ, ਸਿਆਸੀ-ਠੱਗ ਤਾਂ ਠੱਗਣਗੇ।
**-ਜਗਮੀਤ ਸਿੰਘ ਪੰਧੇਰ, ਫੋਨ: 91-98783-37222**

# ਡਮ ਡਮ ਖੜਕਦੇ ਖਾਲੀ ਖਜਾਨੇ 'ਚ ਲੋਕਾਂ ਦਾ ਕੀ ਦੋਸ਼?

ਸਿਆਸਤ, ਦੇਖਣ-ਸੁਣਨ ਨੂੰ ਮਹਿਜ ਇੱਕ ਸ਼ਬਦ ਹੈ, ਪਰ ਇਸ ਅੱਗੇ ਆਮ ਲੋਕ ਸਿਰਫ ਇੱਕ ਵੋਟ ਹਨ। ਇਸ ਸ਼ਬਦ ਦੇ ਬੇਸ਼ੱਕ ਪੇਟ ਨਹੀਂ ਲੱਗਾ ਹੋਇਆ ਪਰ ਇਹ ਸਭ ਕੁਝ ਹਜ਼ਮ ਕਰਨ ਦੀ ਸਮਰੱਥਾ ਰੱਖਦੈ। ਇਹ ਸ਼ਬਦ ਜੇ ਧੁੱਪ ਕਹਿੰਦਾ ਹੈ ਤਾਂ ਹੋ ਸਕਦਾ ਹੈ ਕਿ ਉਸ ਧੁੱਪ ਦਾ ਮਤਲਬ ਛਾਂ ਹੋਵੇ, ਭਾਵ ਸਿਆਸਤ 'ਚ ਜੋ ਕੁਝ ਦਿਸਦਾ ਹੈ, ਅਕਸਰ ਉਹ ਹੁੰਦਾ ਨਹੀਂ ਤੇ ਜੋ ਹੁੰਦਾ ਹੈ, ਉਹ ਦਿਸਦਾ ਨਹੀਂ।



**ਮਨਦੀਪ ਖੁਰਮੀ ਹਿੰਮਤਪੁਰਾ**

ਰੋਜ਼ਾਨਾ ਮੀਡੀਆ ਸਾਧਨਾਂ ਰਾਹੀਂ ਅਸੀਂ ਵੱਖ ਵੱਖ ਰਾਜਨੀਤਕ ਧੜਿਆਂ ਦੇ ਆਗੂਆਂ ਦੀ ਤੂੰ-ਤੂੰ ਮੈਂ-ਮੈਂ ਸੁਣਦੇ ਦੇਖਦੇ ਰਹਿੰਦੇ ਹਾਂ। ਖਬਰਾਂ ਪੜ੍ਹਦੇ-ਸੁਣਦੇ ਆਮ ਨਾਗਰਿਕ ਦਾ ਦਿਲ ਡਰ ਨਾਲ ਦਿੱਲੀਓਂ ਹੋ ਹੋ ਮੁੜਦਾ ਹੈ, "ਕਿਧਰੇ ਸਾਡੇ ਨੇਤਾ ਜੀ ਆਪਸ 'ਚ ਲੜ ਕੇ 'ਸ਼ਹੀਦ' ਨਾ ਹੋ ਜਾਣ, ਫਿਰ ਦੇਸ਼ ਨੂੰ ਕੌਣ ਚਲਾਵੇਗਾ?" ਪਰ ਅਜਿਹਾ ਹੁੰਦਾ ਨਹੀਂ, ਸਗੋਂ ਅਜਿਹੀ ਕੁੱਕੜ-ਖੋਹ ਤਾਂ ਸਿਆਸਤ ਦੀ ਨਿਰੰਤਰਤਾ ਬਣਾਈ ਰੱਖਣ, ਲੋਕਾਂ ਦਾ ਹੋਰ ਮੁੱਦਿਆਂ ਵੱਲੋਂ ਧਿਆਨ ਭਟਕਾਉਣ ਲਈ ਹੁੰਦੀ ਹੈ। ਅਜਿਹੀ ਬਿਆਨਬਾਜ਼ੀ ਦਾ ਆਮ ਲੋਕਾਂ ਦਾ ਜੀਵਨ ਪੱਧਰ ਸੁਧਾਰਨ ਨਾਲ ਦੂਰ ਦਾ ਰਿਸ਼ਤਾ ਵੀ ਨਹੀਂ ਹੁੰਦਾ।

ਵਿਧਾਨ ਸਭਾ ਜਾਂ ਲੋਕ ਸਭਾ ਸਾਡੇ ਨੇਤਾਵਾਂ ਲਈ ਕੁੱਕੜਾਂ ਦੇ ਉਸ ਖੁੱਡੇ ਵਾਂਗ ਹਨ, ਜਿਸ ਵਿਚੋਂ ਬਾਹਰ ਹਨ ਤਾਂ ਹਮੇਸ਼ਾ ਲੜਦੇ ਦਿਸਣਗੇ ਪਰ ਅੰਦਰ ਹਨ ਤਾਂ ਆਪਣੇ ਫਾਇਦੇ ਲਈ ਇੱਕਮੁੱਠ ਹੋ ਜਾਂਦੇ ਹਨ। ਇਸ ਦੀ ਤਾਜ਼ਾ ਮਿਸਾਲ ਬੀਤੇ ਦਿਨੀਂ ਦੇਖਣ ਨੂੰ ਮਿਲੀ ਜਦੋਂ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੇ ਤਨਖਾਹ ਵਾਧੇ ਦੇ ਮਾਮਲੇ 'ਚ ਹੁਕਮਰਾਨ ਧਿਰ ਤੇ ਵਿਰੋਧੀ ਧਿਰ ਘਿਓ-ਖਿਚੜੀ ਹੋਏ ਨਜ਼ਰ ਆਏ। ਇੱਕ ਦੋ ਵਿਧਾਇਕਾਂ ਨੂੰ ਛੱਡ ਕੇ ਕਿਸੇ ਨੇ ਇਹ ਨਹੀਂ ਕਿਹਾ ਕਿ ਸਾਨੂੰ ਵੱਧ ਤਨਖਾਹ ਨਹੀਂ ਚਾਹੀਦੀ। ਸਗੋਂ ਹਾਸੋਹੀਣਾ ਬਿਆਨ ਇਹ ਵੀ ਸੁਣਨ ਨੂੰ ਮਿਲਿਆ ਕਿ ਵਿਧਾਇਕਾਂ ਨੂੰ ਲੋਕਾਂ ਦੇ ਖੁਸ਼ੀ-ਗਮੀ ਦੇ ਸਮਾਗਮਾਂ 'ਚ ਵੀ ਜਾਣਾ ਪੈਂਦਾ ਹੈ, ਸੋ ਤਨਖਾਹ ਵਾਧਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਇਸ ਨਾਲ ਰਲਵਾਂ-ਮਿਲਵਾਂ ਬਿਆਨ ਵਿਰੋਧੀ ਧਿਰ ਦਾ ਇਕ ਨੌਜਵਾਨ ਵਿਧਾਇਕ ਵੀ ਦੇ ਚੁਕਾ ਹੈ।

ਸੋਚਣ-ਵਿਚਾਰਨ ਵਾਲੀ ਗੱਲ ਹੈ ਕਿ ਇੱਕ ਪਾਸੇ ਤਾਂ ਚੋਣਾਂ ਵੇਲੇ ਲੋਕਾਂ ਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਤਾਂ ਸਿਆਸਤ ਵਿਚ ਲੋਕਾਂ ਦੀ ਸੇਵਾ ਕਰਨ ਲਈ ਆਏ ਹਨ, ਫਿਰ ਅਜਿਹੀ ਕਿਹੜੀ ਸੇਵਾ ਹੈ, ਜੋ ਲੋਕਾਂ ਦੇ ਸਿਰੋਂ ਪਲ ਕੇ ਹੀ ਹੁੰਦੀ ਹੈ? ਇੱਕ ਆਮ ਬੇਰੁਜ਼ਗਾਰ ਇਨਸਾਨ ਆਪਣੀ ਸਵੇਰ ਦੀ ਚਾਹ ਤੋਂ ਲੈ ਕੇ ਰਾਤ ਦੀ ਬੁਰਕੀ ਤੱਕ ਅਤੇ ਪੂਰੇ ਦਿਨ 'ਚ ਕੀਤੀ ਹਰ ਗਤੀਵਿਧੀ ਲਈ ਟੈਕਸ ਅਦਾ ਕਰਦਾ ਹੈ।

ਆਪਣੇ ਭਲੇ ਦਿਨਾਂ ਦੀ ਉਮੀਦ ਅਤੇ ਯੋਗ ਸਰਕਾਰੀ ਨੀਤੀਆਂ ਦੀ ਘਾੜ੍ਹਤ ਦੀ ਚਾਹਨਾ ਵਿਚ ਆਪਣਾ ਨੁਮਾਇੰਦਾ ਚੁਣਦਾ ਹੈ। ਉਸ ਨੁਮਾਇੰਦੇ ਕੋਲੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸਿਹਤ, ਵਿੱਦਿਆ ਤੇ ਰੁਜ਼ਗਾਰ ਦੇ ਬੁਨਿਆਦੀ ਹੱਕ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਆਵਾਜ਼ ਬੁਲੰਦ ਕਰੇਗਾ ਪਰ ਹੁੰਦਾ ਇਸ ਤੋਂ ਉਲਟ ਹੈ। ਵਿਧਾਨ ਸਭਾ ਜਾਂ ਲੋਕ ਸਭਾ ਤੋਂ ਬਾਹਰ ਲੋਕ ਹਿਤਾਂ ਦੇ ਰਾਖੇ ਹੋਣ ਦੇ ਬਿਆਨ ਛਾਲਾਂ ਮਾਰ ਮਾਰ ਦਿੱਤੇ ਜਾਂਦੇ ਹਨ, ਪਰ ਨੀਤੀਆਂ ਘੜ੍ਹਨ ਵਾਲੀ ਥਾਂ ਜਾ ਕੇ ਆਪਣੀਆਂ ਤਨਖਾਹਾਂ ਵਧਾਉਣ ਲਈ ਕਲਿੰਗੜੀ ਪਾ ਲਈ ਜਾਂਦੀ ਹੈ।

ਅਧਿਆਪਕ ਨੂੰ ਦੇਸ਼ ਦਾ ਨਿਰਮਾਤਾ ਕਿਹਾ ਜਾਂਦਾ ਹੈ। ਆਪਣੀ ਯੋਗਤਾ ਨਾਲੋਂ ਲੱਖ ਗੁਣਾ ਵੱਡਾ ਅਹੁਦਾ ਮੱਲੀ ਬੈਠਾ ਮੰਤਰੀ ਤੇ ਉਸ ਦੀ ਮੰਡਲੀ ਅਧਿਆਪਕਾਂ ਦੀ ਤਨਖਾਹ 'ਤੇ 70% ਕਟੌਤੀ ਇਹ ਕਹਿ ਕੇ ਮਾਰ ਦਿੰਦੀ ਹੈ ਕਿ ਸਰਕਾਰੀ ਖਜਾਨਾ ਖਾਲੀ ਹੈ। ਫਿਰ ਅਚਾਨਕ ਹੀ ਖਜਾਨੇ ਵਿਚ ਅਜਿਹੀ ਕਿਹੜੀ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਆ ਬੈਠੀ ਕਿ ਵਿਧਾਇਕਾਂ ਦੀ ਮੌਜੂਦਾ ਤਨਖਾਹ ਨੂੰ ਢਾਈ ਗੁਣਾ ਤੋਂ ਵਧੇਰੇ ਵਧਾ ਦੇਣ ਲਈ ਕਮੇਟੀ ਦਾ ਗਠਨ ਕਰਨਾ ਪਿਆ? ਉਨ੍ਹਾਂ ਅਧਿਆਪਕਾਂ ਨੂੰ ਤਾਂ ਜਲੀਲ ਕੀਤਾ ਜਾ ਰਿਹਾ ਹੈ, ਜੋ ਵਰ੍ਹਿਆਂਬੱਧੀ ਘਾਲਣਾ ਕਰਕੇ ਆਪਣੀ ਵਿੱਦਿਅਕ ਯੋਗਤਾ ਕਰਕੇ ਨੌਕਰੀ ਹਾਸਲ ਕਰਨ ਦੇ ਲਾਇਕ ਹੋਏ ਹਨ।

ਕਿਸੇ ਦੇਸ਼ ਜਾਂ ਸੂਬੇ ਦੀ ਇਸ ਤੋਂ ਵੱਡੀ ਬਦਕਿਸਮਤੀ ਕੀ ਹੋਵੇਗੀ ਕਿ ਜਿਸ ਇਨਸਾਨ ਨੇ ਕਦੇ ਕਾਲਜ ਹੀ ਨਾ ਦੇਖਿਆ ਹੋਵੇ ਤੇ ਉਸ ਨੂੰ ਉਚ ਸਿੱਖਿਆ ਮੰਤਰੀ ਦੀ ਕੁਰਸੀ, ਬਾਰ੍ਹਵੀਂ ਪਾਸ ਵਿਅਕਤੀ ਸੂਬੇ ਦਾ ਸਿੱਖਿਆ ਮੰਤਰੀ? ਉਪਰੋਂ ਉਨ੍ਹਾਂ ਹੀ ਲੋਕਾਂ ਸਿਰ ਅਹਿਸਾਨ ਕੀਤਾ ਜਾ ਰਿਹਾ ਹੈ ਕਿ ਅਸੀਂ ਤੁਹਾਡੇ ਵਿਆਹਾਂ, ਮਰਨਿਆਂ 'ਤੇ ਹਾਜ਼ਰੀ ਭਰਨ ਆਉਂਦੇ ਹਾਂ ਤਾਂ ਕਰਕੇ ਸਾਡੀ ਤਨਖਾਹ ਦਾ 'ਉਜਾੜਾ' ਹੁੰਦਾ ਹੈ। ਪਰ ਮੰਤਰੀ ਵਿਧਾਇਕ ਇਹ ਨਹੀਂ ਸਮਝਦੇ ਕਿ ਤੁਸੀਂ ਵਿਆਹ 'ਚ 200 ਜਾਂ 500 ਰੁਪਏ ਸ਼ਗਨ ਪਾ ਕੇ ਜਾਂ ਗਮੀ ਮੌਕੇ 50-100 ਰੁਪਏ ਦਾ ਮੱਥਾ ਟੇਕ ਕੇ ਸੁਰਖਰੂ ਹੋ ਜਾਂਦੇ ਹੋ ਪਰ ਤੁਹਾਡੇ ਨਾਲ ਆਈ 50-50 ਬੰਦਿਆਂ ਦੀ ਧਾੜ ਮਠਿਆਈ ਦਾ ਜੋ ਚਾਰਾ ਕਰਦੀ ਹੈ, ਕਦੇ ਉਸ ਦਾ ਹਿਸਾਬ ਵੀ ਲਾਇਆ ਹੈ?

ਆਮ ਇਨਸਾਨ ਆਪਣੇ ਜੁਆਕ ਦੇ ਜਨਮ ਸਰਟੀਫਿਕੇਟ ਤੋਂ ਲੈ ਕੇ ਮੌਤ ਦਾ ਸਰਟੀਫਿਕੇਟ ਹਾਸਲ ਕਰਨ ਲਈ ਵੀ ਫੀਸ ਅਦਾ ਕਰਦਾ ਹੈ। ਹਰ ਟੈਕਸ ਨੂੰ ਵਿੱਤ ਅਨੁਸਾਰ ਅਦਾ ਕਰਕੇ ਖਜਾਨੇ ਨੂੰ ਭਰਨ 'ਚ ਸਾਥ ਦਿੰਦਾ ਹੈ। ਫਿਰ ਖਾਲੀ ਦੱਸੇ ਜਾਂਦੇ ਖਜਾਨੇ ਨੂੰ ਖਾਲੀ ਕਰ ਕੌਣ ਜਾਂਦਾ ਹੈ? ਪਿਛਲੀਆਂ ਦੋ ਵਾਰੀਆਂ ਦੀ ਸੱਤਾ ਕੁਰਸੀ ਅਕਾਲੀ ਦਲ ਕੋਲ ਸੀ। ਦਸ ਸਾਲ ਹੀ ਅਕਾਲੀ ਇਹ ਕਹਿੰਦੇ ਰਹੇ ਕਿ ਪਿਛਲੀ ਕਾਂਗਰਸ ਸਰਕਾਰ ਖਜਾਨਾ ਖਾਲੀ ਕਰਕੇ ਤੁਰਦੀ ਬਣੀ। ਹੁਣ ਇਹੀ ਬੰਸਰੀ ਕਾਂਗਰਸ ਸਰਕਾਰ ਵਜਾ ਰਹੀ ਹੈ ਕਿ ਪਿਛਲੇ ਦਸ ਸਾਲਾਂ 'ਚ ਅਕਾਲੀਆਂ ਨੇ ਖਜਾਨੇ ਵਿਚ ਮੋਰੀਆਂ ਕਰ ਦਿੱਤੀਆਂ ਹਨ। ਲੋਕਾਂ ਨੇ ਸਰਕਾਰ ਚੁਣ ਕੇ ਨੀਤੀਆਂ ਘੜ੍ਹਨ ਲਈ ਤੁਹਾਨੂੰ ਸੱਤਾ ਬਖਸ਼ੀ ਹੈ, ਫਿਰ ਇਹ ਤਾਂ ਸੱਤਾਧਾਰੀ ਧਿਰ ਦਾ ਫਰਜ਼ ਬਣ ਜਾਂਦਾ ਹੈ ਕਿ ਉਹ 'ਯੋਗ' ਨੀਤੀਆਂ ਘੜ੍ਹ ਕੇ ਖਜਾਨੇ ਨੂੰ ਭਰਨ ਦੇ ਰਾਹ ਤੁਰੇ ਤਾਂ ਕਿ ਲੋਕਾਂ ਦੀ ਜੂਨ ਸੁਖਾਲੀ ਕੀਤੀ ਜਾ ਸਕੇ, ਨਾ ਕਿ ਲੋਕਾਂ ਸਿਰੋਂ ਵਿਧਾਇਕਾਂ-ਮੰਤਰੀਆਂ ਦੀਆਂ ਪੁਸ਼ਤਾਂ ਦੇ ਖਜਾਨੇ ਨੱਕੋ ਨੱਕ ਭਰਨ ਦਾ ਬੰਦੋਬਸਤ ਕਰ ਦਿੱਤਾ ਜਾਵੇ।

ਮਾਣਯੋਗ ਮਨਪ੍ਰੀਤ ਸਿੰਘ ਬਾਦਲ ਨੂੰ ਇੱਕ 'ਨਿਪੁੰਨ' ਖਜਾਨਾ ਮੰਤਰੀ ਵਜੋਂ ਤਸਲੀਮ ਕੀਤਾ ਜਾ ਰਿਹਾ ਸੀ, ਪਰ ਹੁਣ ਉਹ ਜਾਂ ਤਾਂ ਉਰਦੂ ਹੀ ਬੋਲਦੇ ਨਜ਼ਰ ਆਉਂਦੇ ਹਨ ਜਾਂ ਚੁੱਪ ਹੀ ਦਿਸਦੇ ਹਨ। ਉਨ੍ਹਾਂ ਕੋਲੋਂ ਸਵਾਲ ਇਹ ਪੁੱਛਣਾ ਬਣਦੈ ਕਿ ਕੀ ਵਿਧਾਇਕਾਂ ਦੀਆਂ ਤਨਖਾਹਾਂ ਦੇ ਢਾਈ ਗੁਣਾ ਤੋਂ ਵਧੇਰੇ ਵਾਧੇ ਨਾਲ ਖਜਾਨਾ ਭਰ ਜਾਵੇਗਾ? ਵਧੀ ਤਨਖਾਹ ਤੋਂ ਬਾਅਦ ਕੀ ਵਿਧਾਇਕ ਲੋਕਾਂ ਦੇ ਵਿਆਹਾਂ ਸ਼ਾਦੀਆਂ, ਭੋਗਾਂ 'ਤੇ ਖੁੱਲ੍ਹ ਦਿਲੀ ਨਾਲ ਹਾਜ਼ਰੀ ਭਰ ਕੇ ਸਿਹਤ ਵਿੱਦਿਆ ਤੇ ਰੁਜਗਾਰ ਦੇ ਮਸਲੇ ਹੱਲ ਕਰ ਦੇਣਗੇ?

ਉਡ ਰਹੇ ਮਜ਼ਾਕ ਵੱਲ ਧਿਆਨ ਦੇਣ ਦੀ ਲੋੜ: ਹੈਰਾਨੀ ਦੀ ਗੱਲ ਇਹ ਹੈ ਕਿ ਸਾਰੇ ਵਿਧਾਇਕ ਹੋਰਨਾਂ ਭੱਤਿਆਂ ਦੇ ਨਾਲ ਨਾਲ 15000 ਰੁਪਏ ਟੈਲੀਫੋਨ ਭੱਤਾ ਖੁਸ਼ੀ ਖੁਸ਼ੀ ਹਾਸਲ ਕਰਦੇ ਆ ਰਹੇ ਹਨ। ਅੱਜ ਜਦੋਂ ਲੈਂਡਲਾਈਨ ਟੈਲੀਫੋਨ ਅਲੋਪ ਹੋ ਗਏ ਹਨ ਤਾਂ 117 ਵਿਧਾਇਕਾਂ ਵਿਚੋਂ ਕਿੰਨੇ ਕੁ ਵਿਧਾਇਕ ਹਨ, ਜਿਨ੍ਹਾਂ ਦੇ ਘਰ ਜਾਂ ਦਫਤਰ ਟੈਲੀਫੋਨ ਅਜੇ ਵੀ ਲੱਗਾ ਹੋਇਆ ਹੈ? ਤਕਨੀਕੀ ਯੁਗ 'ਚ ਵਿਚਰਦਿਆਂ ਕਿਉਂ ਨਹੀਂ ਕਿਸੇ ਮੋਬਾਈਲ ਫੋਨ ਰਾਹੀਂ 500-700 ਰੁਪਏ ਪ੍ਰਤੀ ਮਹੀਨਾ ਅਦਾ ਕਰਕੇ ਅਮੁੱਕ ਸੇਵਾਵਾਂ ਹਾਸਲ ਕੀਤੀਆਂ ਜਾਂਦੀਆਂ? ਬਿਨਾ ਗੱਲੋਂ ਹਰ ਮਹੀਨੇ 17 ਲੱਖ 55 ਹਜ਼ਾਰ ਰੁਪਏ ਲੋਕਾਂ ਦਾ ਟੈਕਸ ਦਾ ਪੈਸਾ ਟੈਲੀਫੋਨ ਭੱਤੇ ਦੇ ਨਾਂ 'ਤੇ ਉਡਾਇਆ ਜਾ ਰਿਹਾ ਹੈ। ਸਾਰੇ ਵਿਧਾਇਕ ਆਪਣੇ 60 ਮਹੀਨਿਆਂ ਦੇ ਕਾਰਜਕਾਲ 'ਚ 10 ਕਰੋੜ 53 ਲੱਖ ਰੁਪਏ ਸਿਰਫ ਟੈਲੀਫੋਨ ਭੱਤੇ ਰਾਹੀਂ ਹੀ ਲੋਕਾਂ ਦੀਆਂ ਜੇਬਾਂ 'ਚੋਂ ਕਢਵਾ ਕੇ ਆਪਣੀਆਂ ਜੇਬਾਂ 'ਚ ਪਾ ਲੈਂਦੇ ਹਨ।

ਇਸ ਤਨਖਾਹ ਵਾਧੇ ਦੀ ਤਜਵੀਜ਼ ਨੂੰ ਬੇਸ਼ੱਕ ਹਰੀ ਝੰਡੀ ਨਹੀਂ ਮਿਲੀ ਪਰ ਲੋਕਾਂ ਵਿਚ ਇਹ ਖਿਆਲ ਹੋਰ ਪੱਕਾ ਹੋ ਗਿਆ ਹੈ ਕਿ ਸਿਆਸੀ ਲੋਕ ਆਮ ਲੋਕਾਂ ਦੇ ਕਦੇ ਵੀ ਸਕੇ ਨਹੀਂ ਹੋ ਸਕਦੇ। ਕਾਂਗਰਸ ਸਰਕਾਰ ਦਾ ਹਰ ਜਗ੍ਹਾ ਮਜ਼ਾਕ ਉਡਦਾ ਨਜ਼ਰ ਆ ਰਿਹਾ ਹੈ।

**ਨਵਾਂ ਸਾਲ ਨਵਾਂ ਖਿਆਲ**

ਨਵਾਂ ਸ਼ਹਿਰ ਦੇ ਨੌਜਵਾਨ ਪਰਵਿੰਦਰ ਸਿੰਘ ਕਿੱਤਣਾ ਨੇ ਵਿਅੰਗ ਰੂਪ 'ਚ 500 ਰੁਪਏ ਦਾ ਮਨੀਆਰਡਰ 'ਵਿਧਾਇਕਾਂ ਦੀ ਆਰਥਕ ਸਹਾਇਤਾ' ਵਜੋਂ ਭੇਜਿਆ ਹੈ। ਉਸ ਨੇ ਮੁੱਖ ਮੰਤਰੀ ਪੰਜਾਬ ਨੂੰ ਲਿਖੀ ਚਿੱਠੀ 'ਚ ਜ਼ਿਕਰ ਕੀਤਾ ਹੈ ਕਿ ਵਿਧਾਇਕਾਂ ਨੂੰ ਆਰਥਕ ਸੰਕਟ ਵਿਚੋਂ ਕੱਢਣ ਲਈ ਇਕੱਠੀ ਕੀਤੀ ਇਸ ਰਕਮ ਵਿਚ ਉਸ ਨੇ ਪੜ੍ਹਾਈ ਦੌਰਾਨ ਛੁੱਟੀ ਵਾਲੇ ਦਿਨ ਦਿਹਾੜੀ ਕਰਨ ਲਈ ਮਜ਼ਬੂਰ ਬੀ. ਟੈਕ. ਦੇ ਵਿਦਿਆਰਥੀ, ਚਾਹ ਦੀ ਰੇਹੜੀ ਲਾਉਂਦੇ ਅਸ਼ੋਕ, ਗੰਨੇ ਦਾ ਰਸ ਵੇਚਦੀ ਗੈਰ ਪੰਜਾਬਣ ਬੀਬੀ, ਇੱਕ ਰਿਕਸ਼ਾ ਚਾਲਕ ਅਤੇ ਪੈਂਚਰਾਂ ਦੀ ਦੁਕਾਨ ਵਾਲੇ ਇੱਕ ਕਿਰਤੀ ਦਾ ਵੀ ਯੋਗਦਾਨ ਪੁਆਇਆ ਹੈ। ਉਨ੍ਹਾਂ ਟਕੋਰ ਕੀਤੀ ਹੈ ਕਿ ਲੋਕਾਂ ਦਾ ਕੀ ਐ? ਵਿਧਾਇਕ ਖੁਸ਼ ਰਹਿਣੇ ਚਾਹੀਦੇ ਹਨ, ਉਨ੍ਹਾਂ ਦੀ ਆਰਥਕ ਮਦਦ ਲਈ ਅਸੀਂ ਖੁਦਕੁਸ਼ੀਆਂ ਦਾ ਸੰਤਾਪ ਭੋਗ ਰਹੇ ਲੋਕਾਂ ਦੇ ਪਰਿਵਾਰਾਂ ਕੋਲੋਂ ਵੀ ਪੈਸੇ ਇਕੱਠੇ ਕਰਕੇ ਵਿਧਾਇਕਾਂ ਲਈ ਜਲਦੀ ਭੇਜਾਂਗੇ।

ਮੁੱਕਦੀ ਗੱਲ ਇਹ ਕਿ ਲੋਕਾਂ ਨੂੰ ਹੁਣੇ ਤੋਂ ਅਗਲੀ ਸਰਕਾਰ ਦੇ ਬਿਆਨ ਸੁਣਨੇ ਸ਼ੁਰੂ ਹੋ ਗਏ ਹਨ, ਜਿਸ ਵਿਚ (ਉਸ ਵੇਲੇ ਦੇ) ਵਿਧਾਇਕ ਅਜੋਕੀ ਕਾਂਗਰਸ ਸਰਕਾਰ ਨੂੰ ਖਜਾਨਾ ਖਾਲੀ ਕਰਨ ਦੇ ਦੋਸ਼ੀ ਗਰਦਾਨ ਰਹੇ ਹੋਣਗੇ। ਲੋਕ ਤਾਂ ਵਿਚਾਰੇ ਸਿਰਫ ਵੋਟਾਂ ਹਨ, ਲੋਕਾਂ ਦਾ ਕੀ ਐ? ਇਹ ਤਾਂ ਰੋਂਦੇ, ਕੁਰਲਾਉਂਦੇ, ਫਾਹੇ ਲੈਂਦੇ, ਬੀਮਾਰੀਆਂ ਨਾਲ ਜੂਝਦੇ ਜੂਨ ਭੋਗ ਲੈਂਦੇ ਹਨ। ਸਿਰਫ ਇਨ੍ਹਾਂ ਲੋਕਾਂ ਦੇ ਚੁਣੇ ਨੁਮਾਇੰਦੇ ਹਰ ਹਾਲ ਖੁਸ਼ ਰਹਿਣੇ ਚਾਹੀਦੇ ਹਨ, ਲੋਕਾਂ ਦਾ ਕੀ ਐ?

# ਧਰਤੀ ਹੇਠਲੇ ਮਾੜੇ ਪਾਣੀ ਨੇ ਬਿਮਾਰੀਆਂ ਦੇ ਵੱਸ ਪਾਏ ਪੰਜਾਬ ਦੇ ਪੇਂਡੂ ਲੋਕ

**ਬਠਿੰਡਾ:** ਪੰਜਾਬ ਵਿਚ ਪਿੰਡਾਂ ਦੇ ਲੋਕਾਂ ਦੇ ਜੋੜਾਂ ਵਿਚ ਧਰਤੀ ਹੇਠਲਾ ਪਾਣੀ ਬੈਠਣ ਲੱਗਾ ਹੈ। ਗਰਭਵਤੀ ਔਰਤਾਂ ਤੇ ਬੱਚੇ ਸਭ ਤੋਂ ਵੱਧ ਨਿਸ਼ਾਨਾ ਬਣਨ ਲੱਗੇ ਹਨ। ਧਰਤੀ ਹੇਠਲੇ ਪਾਣੀ ਵਿਚ ਫਲੋਰਾਈਡ ਦੀ ਵਧੇਰੇ ਮਾਤਰਾ ਹੱਡੀਆਂ ਨੂੰ ਖੋਰਾ ਲਾ ਰਹੀ ਹੈ। ਪੰਜਾਬ ਵਿਚ ਅਜਿਹੇ 411 ਪਿੰਡ ਸ਼ਨਾਖਤ ਕੀਤੇ ਗਏ ਹਨ, ਜਿਨ੍ਹਾਂ ਵਿਚ ਫਲੋਰਾਈਡ ਦੀ ਜ਼ਿਆਦਾ ਮਾਤਰਾ ਪਾਈ ਗਈ ਹੈ।

ਫਲੋਰੋਸਿਸ ਦੇ ਕੰਟਰੋਲ ਤੇ ਰੋਕਥਾਮ ਦੇ ਕੇਂਦਰੀ ਪ੍ਰੋਗਰਾਮ ਤਹਿਤ ਜੋ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਅਤੇ ਫਿਰੋਜ਼ਪੁਰ ਵਿਚ ਸਰਵੇਖਣ ਕੀਤਾ ਗਿਆ ਹੈ, ਉਸ ਦੇ ਤੱਥ ਚਿੰਤਾ ਪੈਦਾ ਕਰਦੇ ਹਨ। ਇਵੇਂ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਅਧਿਐਨ ਨੇ ਇਸ਼ਾਰਾ ਕੀਤਾ ਹੈ ਕਿ ਪੇਂਡੂ ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਵਿਚ ਫਲੋਰਾਈਡ ਦੀ ਵੱਧ ਮਾਤਰਾ ਗਰਭਵਤੀ ਔਰਤਾਂ ਵਿਚ ਖੂਨ ਦੀ ਕਮੀ ਦਾ ਕਾਰਨ ਬਣ ਰਹੀ ਹੈ।

ਕੇਂਦਰੀ ਪ੍ਰੋਗਰਾਮ ਤਹਿਤ ਸਿਹਤ ਵਿਭਾਗ ਪੰਜਾਬ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ, ਜਿਸ ਤਹਿਤ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਤੇ ਸੰਗਰੂਰ ਦੀ ਚੋਣ ਕੀਤੀ ਗਈ ਹੈ। ਇਨ੍ਹਾਂ ਦੋਵਾਂ ਜ਼ਿਲ੍ਹਿਆਂ ਦੇ 897 ਸਕੂਲਾਂ ਦਾ ਸਰਵੇਖਣ ਕੀਤਾ ਗਿਆ ਹੈ ਤੇ 4216 ਦਾ ਕਮਿਊਨਿਟੀ ਸਰਵੇਖਣ ਕੀਤਾ ਗਿਆ ਹੈ। ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿਚ ਸਕੂਲੀ ਬੱਚਿਆਂ ਤੇ ਵੱਡੀ ਉਮਰ ਦੇ ਲੋਕਾਂ ਦੇ ਪਿਸ਼ਾਬ ਦੇ 6063 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 4243 ਨਮੂਨਿਆਂ ਵਿਚ ਫਲੋਰਾਈਡ ਦੀ ਵਧੇਰੇ ਮਾਤਰਾ ਪਾਈ ਗਈ ਹੈ, ਜੋ ਕਰੀਬ 70 ਫੀਸਦੀ ਬਣਦੀ ਹੈ। ਦੋਵਾਂ ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪਾਣੀ ਦੇ 3554 ਨਮੂਨੇ ਲਏ ਗਏ, ਜਿਨ੍ਹਾਂ 'ਚੋਂ 653 ਨਮੂਨਿਆਂ ਵਿਚ ਫਲੋਰਾਈਡ ਜ਼ਿਆਦਾ ਪਾਇਆ ਗਿਆ।

ਵੇਰਵਿਆਂ ਅਨੁਸਾਰ ਜ਼ਿਲ੍ਹਾ ਸੰਗਰੂਰ ਦੇ 768 ਸਕੂਲਾਂ ਤੇ ਲੋਕਾਂ ਦੇ ਪਿਸ਼ਾਬ ਦੇ 3445 ਨਮੂਨੇ ਲਏ ਗਏ, ਜਿਨ੍ਹਾਂ ਵਿਚੋਂ 2609 ਵਿਚ ਜ਼ਿਆਦਾ ਫਲੋਰਾਈਡ ਪਾਇਆ ਗਿਆ ਤੇ ਇਸੇ ਤਰ੍ਹਾਂ ਫਿਰੋਜ਼ਪੁਰ ਦੇ 129 ਸਕੂਲਾਂ ਅਤੇ ਲੋਕਾਂ ਦੇ ਪਿਸ਼ਾਬ ਦੇ 2618 ਨਮੂਨਿਆਂ 'ਚੋਂ 1634 ਨਮੂਨੇ ਫਲੋਰਾਈਡ ਤੋਂ ਵਧੇਰੇ ਪ੍ਰਭਾਵਿਤ ਪਾਏ ਗਏ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਸਕੱਤਰ ਨੇ 18 ਅਕਤੂਬਰ ਨੂੰ ਜਾਗਰੂਕਤਾ ਮੁਹਿੰਮ ਤੇ ਸਿਖਲਾਈ ਸ਼ੁਰੂ ਕਰਨ ਦੇ ਹੁਕਮ ਜਾਰੀ ਕੀਤੇ ਹਨ।



ਕੇਂਦਰੀ ਪ੍ਰੋਗਰਾਮ ਤਹਿਤ ਜ਼ਿਲ੍ਹਾ ਸੰਗਰੂਰ ਤੇ ਫਿਰੋਜ਼ਪੁਰ ਵਿਚ ਕੇਂਦਰੀ ਸੈੱਲ ਕਾਇਮ ਕੀਤੇ ਹਨ, ਜਿਨ੍ਹਾਂ ਵਿਚ ਸਲਾਹਕਾਰ ਤੇ ਲੈਬ ਤਕਨੀਸ਼ੀਅਨਾਂ ਦੀ ਤਾਇਨਾਤੀ ਕੀਤੀ ਗਈ ਹੈ।

ਆਦੇਸ਼ ਡੈਂਟਲ ਕਾਲਜ ਜ਼ਿਲ੍ਹਾ ਬਠਿੰਡਾ ਦੇ ਪ੍ਰਿੰਸੀਪਲ ਡਾ. ਅਮਨੀਸ਼ ਸ਼ੀਂਹ ਦਾ ਕਹਿਣਾ ਸੀ ਕਿ ਵਧੇਰੇ ਫਲੋਰਾਈਡ ਦਾ ਅਸਰ 12 ਸਾਲ ਤੱਕ ਦੀ ਉਮਰ ਦੇ ਬੱਚਿਆਂ 'ਤੇ ਦਿਖ ਰਿਹਾ ਹੈ, ਜੋ ਧਰਤੀ ਹੇਠਲਾ ਪਾਣੀ ਪੀਂਦੇ ਹਨ। ਉਨ੍ਹਾਂ ਦੱਸਿਆ ਕਿ ਦੰਦਾਂ ਉਤੇ ਭੱਦੇ ਨਿਸ਼ਾਨ ਤੇ ਪੀਲਾਪਣ ਵਧ ਰਿਹਾ ਹੈ। ਦੂਜੇ ਪਾਸੇ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੇ ਹੁਣ ਫਲੋਰਾਈਡ ਤੋਂ ਪ੍ਰਭਾਵਿਤ ਪਿੰਡਾਂ 'ਤੇ ਧਿਆਨ ਕੇਂਦਰਿਤ ਕਰ ਦਿੱਤਾ ਹੈ ਤੇ ਫਲੋਰਾਈਡ ਤੋਂ ਛੁਟਕਾਰੇ ਲਈ ਬਦਲਵੇਂ ਪ੍ਰਬੰਧ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਨੇ ਆਰਜ਼ੀ ਹੱਲ ਲਈ ਪਿੰਡਾਂ ਅਤੇ ਸ਼ਹਿਰਾਂ ਵਿਚ ਆਰ.ਓ ਪਲਾਂਟ ਵੀ ਲਾਏ ਹਨ।

ਜਲ ਸਪਲਾਈ ਵਿਭਾਗ ਨੇ ਹੁਣ 411 ਪ੍ਰਭਾਵਿਤ ਪਿੰਡਾਂ 'ਚੋਂ 204 ਪਿੰਡਾਂ ਨੂੰ ਜਲ ਸਪਲਾਈ ਸਕੀਮਾਂ ਤਹਿਤ ਕਵਰ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦੇ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। 66 ਪਿੰਡਾਂ ਵਿਚ ਡੂੰਘੇ ਟਿਊਬਵੈੱਲ ਕਰ ਕੇ ਪਾਣੀ ਦੀ ਸਪਲਾਈ ਦੇਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਤੋਂ ਬਿਨਾਂ 152 ਪਿੰਡਾਂ ਵਿਚ ਆਰ.ਓ ਪਲਾਂਟ ਲਾ ਕੇ ਆਰਜ਼ੀ ਇੰਤਜ਼ਾਮ ਕੀਤਾ ਜਾ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਜਿਨ੍ਹਾਂ 411 ਪਿੰਡਾਂ ਵਿਚ ਫਲੋਰਾਈਡ ਵਧੇਰੇ ਹਨ, ਉਨ੍ਹਾਂ ਪਿੰਡਾਂ ਦੇ ਕਿਸੇ ਵੀ ਵਿਅਕਤੀ ਦੇ ਦੰਦ ਚਿੱਟੇ ਨਹੀਂ ਦਿਖਦੇ ਤੇ ਲੋਕ ਜੋੜਾਂ ਦੇ ਦਰਦ ਤੋਂ ਵੀ ਪੀੜਤ ਹਨ।

## ਰਾਜੀਵ ਗਾਂਧੀ ਤੋਂ ਭਾਰਤ ਰਤਨ ਵਾਪਸ ਲੈਣ ਦੀ ਮੰਗ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਵਿਚ ਸਿੱਖ ਕਤਲੇਆਮ ਬਾਰੇ ਇਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਸਿੱਖ ਕਤਲੇਆਮ ਦੇ ਰਹਿੰਦੇ ਮੁਕੱਦਮਿਆਂ ਦੀ ਛੇਤੀ ਸੁਣਵਾਈ ਲਈ ਫਾਸਟ ਟਰੈਕ ਅਦਾਲਤਾਂ ਸਥਾਪਤ ਕਰਨ ਅਤੇ ਪੀੜਤਾਂ ਨੂੰ ਨਿਆਂ ਦੇਣ ਲਈ ਯਤਨ ਜਾਰੀ ਰੱਖਣ ਦੀ ਮੰਗ ਕੀਤੀ ਗਈ। ਤਿਲਕ ਨਗਰ ਤੋਂ ਵਿਧਾਇਕ ਜਰਨੈਲ ਸਿੰਘ ਨੇ ਮਤਾ ਪੇਸ਼ ਕੀਤਾ ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਇਸ ਦੌਰਾਨ ਵਿਧਾਇਕ ਜਰਨੈਲ ਸਿੰਘ ਨੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਤੋਂ ਭਾਰਤ ਰਤਨ ਦਾ ਸਨਮਾਨ ਵਾਪਸ ਲੈਣ ਦੀ ਮੰਗ ਵੀ ਕਰ ਦਿੱਤੀ। ਇਸ ਦੌਰਾਨ ਆਮ ਆਦਮੀ ਪਾਰਟੀ ਤੇ ਭਾਜਪਾ ਦੇ ਵਿਧਾਇਕਾਂ ਨੇ ਕਾਂਗਰਸ ਨੂੰ ਇਸ ਕਤਲੇਆਮ ਲਈ ਦੋਸ਼ੀ ਕਰਾਰ ਦਿੱਤਾ। 'ਆਪ' ਤੇ ਭਾਜਪਾ ਦੇ ਵਿਧਾਇਕਾਂ ਨੇ ਇਸ ਮਤੇ 'ਤੇ ਖੁੱਲ੍ਹ ਕੇ ਆਪਣੇ ਵਿਚਾਰ ਪੇਸ਼ ਕੀਤੇ।

# ਰਾਜ ਕਪੂਰ ਅਤੇ ਦਿਲੀਪ ਕੁਮਾਰ ਦੇ ਜੱਦੀ ਘਰ ਖਰੀਦਣ ਦੀ ਯੋਜਨਾ

**ਪਿਸ਼ਾਵਰ:** ਪਾਕਿਸਤਾਨ ਵਿਚ ਖੈਬਰ ਪਖਤੂਨਖਵਾ ਸਰਕਾਰ ਨੇ ਬੌਲੀਵੁੱਡ ਅਦਾਕਾਰਾਂ ਰਾਜ ਕਪੂਰ ਅਤੇ ਦਿਲੀਪ ਕੁਮਾਰ ਦੇ ਜੱਦੀ ਘਰਾਂ ਸਮੇਤ ਵੰਡ ਤੋਂ ਪਹਿਲਾਂ ਦੀਆਂ 25 ਇਤਿਹਾਸਕ ਇਮਾਰਤਾਂ ਨੂੰ ਖਰੀਦਣ ਦੀ ਯੋਜਨਾ ਬਣਾਈ ਹੈ। ਸੂਤਰਾਂ ਨੇ ਕਿਹਾ ਕਿ ਇਨ੍ਹਾਂ ਇਮਾਰਤਾਂ ਨੂੰ ਕੌਮੀ ਵਿਰਾਸਤ ਐਲਾਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਨ੍ਹਾਂ ਇਮਾਰਤਾਂ ਨੂੰ ਖਰੀਦਣ ਲਈ 61 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਪੁਰਾਤਤਵ ਵਿਭਾਗ ਨੂੰ ਮੌਜੂਦਾ ਮਾਲੀ ਵਰ੍ਹੇ ਦੌਰਾਨ ਇਨ੍ਹਾਂ ਇਮਾਰਤਾਂ ਦੇ ਰੱਖ ਰਖਾਅ ਸਬੰਧੀ ਰਿਪੋਰਟ ਤਿਆਰ ਕਰਨ ਲਈ 70 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਸੂਤਰਾਂ ਨੇ ਕਿਹਾ ਕਿ ਰਿਪੋਰਟ ਦੀ ਪ੍ਰਵਾਨਗੀ ਮਗਰੋਂ ਇਨ੍ਹਾਂ ਇਮਾਰਤਾਂ ਨੂੰ ਖਰੀਦਣ ਦਾ ਅਮਲ ਸ਼ੁਰੂ ਹੋ ਜਾਵੇਗਾ।



ਕਪੂਰ ਹਵੇਲੀ ਵਜੋਂ ਜਾਣੇ ਜਾਂਦੇ ਰਾਜ ਕਪੂਰ ਦਾ ਜੱਦੀ ਘਰ ਕਿੱਸਾ ਖਵਾਨੀ ਬਾਜ਼ਾਰ 'ਚ ਪੈਂਦਾ ਹੈ। ਰਾਜ ਕਪੂਰ ਦੇ ਦਾਦੇ ਦੀਵਾਨ ਬਸ਼ੇਸ਼ਵਰਨਾਥ ਕਪੂਰ ਨੇ ਇਸ ਦੀ ਉਸਾਰੀ 1918 ਤੋਂ 1922 ਵਿਚਕਾਰ ਕਰਵਾਈ ਸੀ। ਰਾਜ ਕਪੂਰ ਅਤੇ ਉਸ ਦੇ ਚਾਚੇ ਤ੍ਰਿਲੋਕ ਕਪੂਰ ਦਾ ਜਨਮ ਇਸੇ ਘਰ 'ਚ ਹੋਇਆ ਸੀ।

ਉੱਘੇ ਅਦਾਕਾਰ ਦਿਲੀਪ ਕੁਮਾਰ ਦਾ 100 ਸਾਲ ਪੁਰਾਣਾ ਜੱਦੀ ਘਰ ਵੀ ਪਿਸ਼ਾਵਰ ਦੇ ਕਿੱਸਾ ਖਵਾਨੀ ਬਾਜ਼ਾਰ 'ਚ ਬਣਿਆ ਹੋਇਆ ਹੈ। ਮਕਾਨ ਦੀ ਹਾਲਤ ਖਰਾਬ ਹੈ ਅਤੇ ਨਵਾਜ਼ ਸ਼ਰੀਫ ਸਰਕਾਰ ਨੇ 2014 ਵਿਚ ਇਸ ਨੂੰ ਕੌਮੀ ਵਿਰਾਸਤ ਦਾ ਦਰਜਾ ਦਿੱਤਾ ਸੀ।

# ਬਰਗਾੜੀ ਮੋਰਚੇ ਦਾ ਅੰਜਾਮ ਅਤੇ ਪੰਜਾਬ ਦੀ ਸਿਆਸਤ

***ਪੰਜਾਬ ਦੀ ਸਿਆਸਤ ਅੱਜ ਇਕ ਮੋੜ 'ਤੇ ਆਣ ਕੇ ਰੁਕੀ ਹੋਈ ਹੈ। ਸਾਰੀਆਂ ਧਿਰਾਂ ਆਪੋ-ਆਪਣੇ ਵਿਤ ਮੁਤਾਬਕ ਇਸ ਖੜੋਤ ਨੂੰ ਤੋੜਨ ਦੇ ਯਤਨ ਕਰ ਰਹੀਆਂ ਹਨ। ਬਰਗਾੜੀ ਇਨਸਾਫ ਮੋਰਚੇ ਨੇ ਇਸ ਸਿਆਸਤ ਵਿਚ ਥੋੜ੍ਹੀ ਹਿਲਜੁਲ ਕੀਤੀ ਪਰ ਜਿਸ ਢੰਗ ਨਾਲ ਇਹ ਮੋਰਚਾ ਸਮਾਪਤ ਕੀਤਾ ਗਿਆ, ਉਸ ਨਾਲ ਕਈ ਵਿਵਾਦ ਜੁੜ ਗਏ ਹਨ। ਇਸ ਮੋਰਚੇ ਨਾਲ ਪੰਜਾਬ ਦੇ ਸਿਆਸੀ ਪਿੜ ਅੰਦਰ ਜੋ ਉਥਲ-ਪੁਥਲ ਹੋਈ, ਉਸ ਬਾਰੇ ਚਰਚਾ ਪੱਤਰਕਾਰ ਜਗਤਾਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਲਾਏ ਬਰਗਾੜੀ ਇਨਸਾਫ ਮੋਰਚੇ ਦੀ ਸਮਾਪਤੀ ਉਤੇ ਇਸ ਦੇ ਕੁਝ ਸਮਰਥਕਾਂ ਵਲੋਂ ਰੋਸ ਪ੍ਰਗਟਾਇਆ ਗਿਆ ਪਰ ਇਸ ਦੀ ਕੁਝ ਹੱਦ ਤੱਕ ਹਾਸਲ ਕੀਤੀ ਕਾਮਯਾਬੀ ਨੇ ਪੰਜਾਬ ਦੇ ਸੰਘਰਸ਼ਾਂ ਦੇ ਇਤਿਹਾਸ ਵਿਚ ਲੰਬੇ ਸ਼ਾਂਤਮਈ ਅੰਦੋਲਨ ਵਜੋਂ ਨਵਾਂ ਕੀਰਤੀਮਾਨ ਸਿਰਜ ਦਿੱਤਾ ਹੈ। ਪਹਿਲੀ ਜੂਨ ਨੂੰ ਲਾਇਆ ਇਹ ਮੋਰਚਾ ਬਿਨਾਂ ਸ਼ੱਕ ਕੁਝ ਮਹੀਨੇ ਪਹਿਲਾਂ ਹੀ ਬੇਲੋੜੀਆਂ ਆਸਾਂ ਜਗਾਉਣ ਤੋਂ ਬਿਨਾਂ ਹੀ ਸਮਾਪਤ ਕੀਤਾ ਜਾ ਸਕਦਾ ਸੀ ਪਰ ਫਿਰ ਇਸ ਦੇ ਸਿਰ ਉਤੇ ਇਹ ਸਿਹਰਾ ਨਹੀਂ ਸੀ ਬੱਝਣਾ

**ਜਗਤਾਰ ਸਿੰਘ**
ਫੋਨ: +91-97797-11201

ਕਿ ਇਸ ਨੇ ਪੰਜ ਵਾਰੀ ਮੁੱਖ ਮੰਤਰੀ ਰਹੇ 'ਫਖਰ-ਏ-ਕੌਮ' ਤੇ 'ਪੰਥ ਰਤਨ' ਪ੍ਰਕਾਸ਼ ਸਿੰਘ ਬਾਦਲ ਨੂੰ ਪਰਿਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਜਾ ਕੇ 'ਅਣਜਾਣੇ ਵਿਚ ਹੋਈਆਂ ਭੁੱਲਾਂ' ਬਖਸ਼ਾਉਣ ਲਈ ਮਜਬੂਰ ਕੀਤਾ।

ਬਰਗਾੜੀ ਅਤੇ ਹੋਰ ਥਾਂਵਾਂ ਉਤੇ ਕੀਤੀ ਗਈ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਨੂੰ ਲੈ ਕੇ ਬਰਗਾੜੀ ਇਨਸਾਫ ਮੋਰਚਾ ਲਾਉਣ ਦਾ ਫੈਸਲਾ ਸਾਬਕਾ ਸੰਸਦ ਮੈਂਬਰ ਅਤੇ ਅਕਾਲ ਤਖਤ ਦੇ ਮੁਤਵਾਜ਼ੀ ਜਥੇਦਾਰ (ਕਾਰਜਕਾਰੀ) ਧਿਆਨ ਸਿੰਘ ਮੰਡ ਦਾ ਨਿਜੀ ਫੈਸਲਾ ਸੀ। ਬਹਿਬਲ ਕਲਾਂ ਵਿਚ ਬੇਅਦਬੀ ਦੀਆਂ ਘਟਨਾਵਾਂ ਵਿਰੁਧ ਸ਼ਾਂਤਮਈ ਰੋਸ ਪ੍ਰਗਟ ਕਰ ਰਹੇ ਦੋ ਸਿੱਖ ਨੌਜਵਾਨਾਂ ਨੂੰ ਗੋਲੀ ਮਾਰਨ ਲਈ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ ਵਿਰੁਧ ਕਾਨੂੰਨੀ ਕਾਰਵਾਈ ਅਤੇ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਵੀ ਇਸ ਮੋਰਚੇ ਦਾ ਨਿਸ਼ਾਨਾ ਸਨ। ਮੋਰਚੇ ਦੀ ਵਜ੍ਹਾ ਕਰ ਕੇ ਹੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਬੇਅਦਬੀ ਤੇ ਗੋਲੀ ਕਾਂਡਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੁਰੰਤ ਵਿਧਾਨ ਸਭਾ ਵਿਚ ਰੱਖ ਕੇ ਇਸ ਦੀਆਂ ਸਿਫਾਰਸ਼ਾਂ ਉਤੇ ਬਿਨਾਂ ਕੋਈ ਦੇਰੀ ਕੀਤਿਆਂ ਅਮਲ ਕਰਨਾ ਪਿਆ। ਇਸ ਰਿਪੋਰਟ ਵਿਚ ਪਹਿਲੀ ਵਾਰੀ ਬੇਅਦਬੀ ਅਤੇ ਗੋਲੀ ਕਾਂਡਾਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਸ ਦੇ ਪੁੱਤਰ ਤੇ ਸਾਬਕਾ ਗ੍ਰਿਹ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸੂਬੇ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਦੇ ਨਾਮ ਵੀ ਜੋੜੇ ਗਏ। ਕੈਪਟਨ ਅਮਰਿੰਦਰ ਸਿੰਘ ਦੀ ਬਾਦਲ ਪਰਿਵਾਰ ਨਾਲ ਗੂੜ੍ਹੀ ਸਾਂਝ ਹੋਣ ਦੇ ਆਮ ਪ੍ਰਭਾਵ ਤੋਂ ਐਨ ਉਲਟ ਅਮਰਿੰਦਰ ਸਿੰਘ ਨੇ ਇਸ ਰਿਪੋਰਟ ਦਾ ਤੀਰ ਚਲਾ ਕੇ ਬਾਦਲਾਂ ਦਾ ਸਭ ਤੋਂ ਵੱਧ ਸਿਆਸੀ ਨੁਕਸਾਨ ਕੀਤਾ। ਕੈਪਟਨ ਨੇ ਪੰਜਾਬ ਵਿਧਾਨ ਸਭਾ ਵਿਚ ਇਸ ਰਿਪੋਰਟ ਉਤੇ ਬਹਿਸ ਕਰਾਉਣ ਦਾ ਫੈਸਲਾ ਕਰ ਕੇ ਬਾਦਲਾਂ ਦਾ ਹੋਰ ਵੀ ਵੱਧ ਨੁਕਸਾਨ ਕੀਤਾ। ਇਸ ਰਿਪੋਰਟ ਦੇ ਜਨਤਕ ਹੋਣ ਪਿਛੋਂ ਹੀ ਪਿੰਡਾਂ 'ਚ ਲੋਕਾਂ ਨੇ ਬਾਦਲਾਂ ਵਿਰੁਧ ਰੋਸ ਮੁਜ਼ਾਹਰੇ ਕਰਨੇ ਸ਼ੁਰੂ ਕੀਤੇ ਸਨ।

ਬੇਅਦਬੀ ਦੀਆਂ ਬਹੁਤੀਆਂ ਘਟਨਾਵਾਂ ਦੇ ਗ੍ਰਿਫਤਾਰ ਕੀਤੇ ਜਾ ਚੁੱਕੇ ਸਾਰੇ ਮੁਲਜ਼ਮ ਡੇਰਾ ਸੱਚਾ ਸੌਦਾ ਦੇ ਪੈਰੋਕਾਰ ਦੱਸੇ ਜਾ ਰਹੇ ਹਨ। ਇਸ ਡੇਰੇ ਦਾ ਮਾਲਵਾ ਖੇਤਰ ਵਿਚ ਕਾਫੀ ਪ੍ਰਭਾਵ ਮੰਨਿਆ ਜਾ ਰਿਹਾ ਹੈ ਅਤੇ ਇਹ ਵੀ ਸਮਝਿਆ ਜਾਂਦਾ ਹੈ ਕਿ ਡੇਰਾ ਪੈਰੋਕਾਰਾਂ ਦੀਆਂ ਵੋਟਾਂ ਇਸ ਖੇਤਰ ਦੇ ਕਈ ਹਲਕਿਆਂ ਦੇ ਨਤੀਜਿਆਂ ਨੂੰ ਪ੍ਰਭਾਵਤ ਕਰਦੀਆਂ ਹਨ। ਬਾਦਲਾਂ ਦੇ ਅਜੋਕੇ ਸੰਕਟ ਦੀਆਂ ਜੜ੍ਹਾਂ ਇਸ ਵੋਟਾਂ ਦੀ ਸਿਆਸਤ ਵਿਚ ਹੀ ਪਈਆਂ ਹਨ। ਕਿਹਾ ਜਾਂਦਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ 2009 ਦੀ ਲੋਕ ਸਭਾ ਚੋਣ ਤੋਂ ਪਹਿਲਾਂ ਵੋਟਾਂ ਖਾਤਰ ਡੇਰਾ ਪੈਰੋਕਾਰਾਂ ਨਾਲ ਗੁਪਤ ਸਬੰਧ ਸਾਧਣੇ ਸ਼ੁਰੂ ਕਰ ਦਿੱਤੇ ਸਨ; ਹਾਲਾਂਕਿ ਅਕਾਲ ਤਖਤ ਵੱਲੋਂ 2007 ਵਿਚ ਡੇਰਾ ਮੁਖੀ ਅਤੇ ਇਸ ਦੇ ਪੈਰੋਕਾਰਾਂ ਨਾਲ ਕੋਈ ਵੀ ਸਬੰਧ ਨਾ ਰੱਖਣ ਦਾ ਹੁਕਮਨਾਮਾ ਜਾਰੀ ਕੀਤਾ ਜਾ ਚੁਕਿਆ ਸੀ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਬਠਿੰਡਾ ਲੋਕ ਸਭਾ ਹਲਕੇ ਤੋਂ ਪਹਿਲੀ ਵਾਰੀ ਚੋਣ ਲੜੀ ਸੀ। ਇਸ ਸੀਟ ਤੋਂ ਹੀ ਉਹ 2014 ਵਿਚ ਚੋਣ ਜਿੱਤ ਕੇ ਮੋਦੀ ਸਰਕਾਰ ਵਿਚ ਕੈਬਨਿਟ ਮੰਤਰੀ ਬਣੀ।

ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਬਾਦਲ ਸਰਕਾਰ ਵਿਰੁਧ ਬਹੁਤ ਰੋਸ ਮੁਜ਼ਾਹਰੇ ਹੋਏ ਸਨ ਅਤੇ ਇਹ ਘਟਨਾਵਾਂ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਈ ਨਮੋਸ਼ੀ ਭਰੀ ਹਾਰ ਦਾ ਮੁੱਖ ਕਾਰਨ ਸਨ। ਬਰਗਾੜੀ ਮੋਰਚਾ ਪਹਿਲੀ ਜੂਨ ਨੂੰ ਉਸ ਸਮੇਂ ਲੱਗਿਆ ਜਦੋਂ ਸੁਖਬੀਰ ਸਿੰਘ ਬਾਦਲ ਪਾਰਟੀ ਨੂੰ ਮੁੜ ਉਭਾਰਨ ਦੇ ਯਤਨ ਕਰ ਰਿਹਾ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਸਰਗਰਮ ਸਿਆਸਤ ਤੋਂ ਤਕਰੀਬਨ ਸੰਨਿਆਸ ਲੈ ਚੁੱਕੇ ਸਨ। ਇਸ ਮੋਰਚੇ ਕਾਰਨ ਬੁਖਲਾਏ ਹੋਏ ਪ੍ਰਕਾਸ਼ ਸਿੰਘ ਬਾਦਲ ਨੇ ਮੁੜ ਪਾਰਟੀ ਦੀ ਕਮਾਂਡ ਸੰਭਾਲੀ ਪਰ ਇਸ ਦਾ ਕੋਈ ਫਾਇਦਾ ਹੁੰਦਾ ਦਿਖਾਈ ਨਹੀਂ ਦੇ ਰਿਹਾ।

> ***'ਅਣਜਾਣੇ ਵਿਚ ਹੋਈਆਂ ਭੁੱਲਾਂ' ਬਖਸ਼ਾਉਣ ਲਈ ਸ੍ਰੀ ਦਰਬਾਰ ਸਾਹਿਬ ਜਾ ਕੇ ਮੁਆਫੀ ਮੰਗਣ ਦੇ ਪੈਂਤੜੇ ਨੇ ਬਾਦਲਾਂ ਦਾ ਸੰਕਟ ਹੋਰ ਡੂੰਘਾ ਕਰ ਦਿੱਤਾ ਹੈ।***

ਬਰਗਾੜੀ ਮੋਰਚੇ ਨੂੰ ਜਦੋਂ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਦੀ ਹਮਾਇਤ ਮਿਲ ਰਹੀ ਸੀ ਤਾਂ ਉਸੇ ਸਮੇਂ ਹੀ ਬਾਦਲਾਂ ਨੇ ਮੋਰਚਾ ਲਾਉਣ ਵਾਲੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਅਤੇ ਉਸ ਦੇ ਸਾਥੀਆਂ ਨੂੰ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਅਤੇ ਕਾਂਗਰਸ ਪਾਰਟੀ ਦੇ ਏਜੰਟ ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਅਤੇ ਬੇਅਦਬੀ ਦੀਆਂ ਘਟਨਾਵਾਂ ਵਿਰੁਧ ਸ਼ੁਰੂ ਕੀਤੇ ਇਸ ਮੋਰਚੇ ਨੂੰ ਉਨ੍ਹਾਂ ਨੇ ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਨੂੰ ਖਤਰਾ ਦੱਸ ਕੇ ਵੀ ਬਦਨਾਮ ਕੀਤਾ। ਇਸ ਭੰਡੀ ਪ੍ਰਚਾਰ ਨੇ ਬਾਦਲਾਂ ਦਾ ਹੋਰ ਨੁਕਸਾਨ ਕੀਤਾ।

'ਅਣਜਾਣੇ ਵਿਚ ਹੋਈਆਂ ਭੁੱਲਾਂ' ਬਖਸ਼ਾਉਣ ਲਈ ਸ੍ਰੀ ਦਰਬਾਰ ਸਾਹਿਬ ਜਾ ਕੇ ਮੁਆਫੀ ਮੰਗਣ ਦੇ ਪੈਂਤੜੇ ਨੇ ਬਾਦਲਾਂ ਦਾ ਸੰਕਟ ਹੋਰ ਡੂੰਘਾ ਕਰ ਦਿੱਤਾ ਹੈ।

ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫੀ ਦੇਣ ਵਾਸਤੇ ਮਜਬੂਰ ਕਰਨ ਲਈ ਮੁੱਖ ਮੰਤਰੀ ਹੁੰਦਿਆਂ 2015 ਵਿਚ ਪ੍ਰਕਾਸ਼ ਸਿੰਘ ਬਾਦਲ ਦਾ ਤਖਤਾਂ ਦੇ ਜਥੇਦਾਰਾਂ ਨੂੰ ਆਪਣੀ ਰਿਹਾਇਸ਼ ਉਤੇ ਤਲਬ ਕਰਨਾ ਸਿੱਖ ਰਹਿਤ ਮਰਿਯਾਦਾ ਅਨੁਸਾਰ ਬਜਰ ਗੁਨਾਹ ਹੈ। ਵਿਵਾਦ ਵਾਲੇ ਡੇਰੇ ਦੇ ਪੈਰੋਕਾਰਾਂ ਦੀਆਂ ਵੋਟਾਂ ਲੈਣ ਖਾਤਰ ਅਕਾਲੀ ਦਲ ਦੀ ਰਣਨੀਤੀ ਵਿਚੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨਿਕਲੀਆਂ ਹਨ। ਪ੍ਰਕਾਸ਼ ਸਿੰਘ ਬਾਦਲ ਨੇ ਅਜੇ ਤੱਕ ਆਪਣਾ ਇਹ ਗੁਨਾਹ ਨਹੀਂ ਕਬੂਲਿਆ ਕਿ ਉਸ ਨੇ ਡੇਰਾ ਮੁਖੀ ਨੂੰ ਮੁਆਫੀ ਦੇਣ ਲਈ ਕਹਿਣ ਖਾਤਰ ਪੰਥਕ ਮਰਿਯਾਦਾ ਦਾ ਉਲੰਘਣ ਕਰ ਕੇ ਜਥੇਦਾਰ ਸਾਹਿਬਾਨ ਨੂੰ ਆਪਣੀ ਸਰਕਾਰੀ ਰਿਹਾਇਸ਼ ਉਤੇ ਤਲਬ ਕੀਤਾ ਸੀ।

ਬਰਗਾੜੀ ਮੋਰਚੇ ਨੇ ਸ਼੍ਰੋਮਣੀ ਅਕਾਲੀ ਦਲ ਅੰਦਰ ਬਾਦਲਾਂ ਵਿਰੁਧ ਬਗਾਵਤ ਦੀ ਚੰਗਿਆੜੀ ਲਾਈ। ਸਿੱਖ ਧਾਰਮਿਕ-ਸਿਆਸੀ ਖੇਤਰ, ਜਿਸ ਵਿਚੋਂ ਅਕਾਲੀ ਦਲ ਦਿਨੋ-ਦਿਨ ਹਾਸ਼ੀਏ ਵੱਲ ਧੱਕਿਆ ਜਾ ਰਿਹਾ ਹੈ, ਵਿਚ ਪੈਦਾ ਹੋ ਰਿਹਾ ਖਲਾਅ ਭਰਨ ਲਈ ਵੱਖ-ਵੱਖ ਧਿਰਾਂ ਉਤੇ ਯਤਨ ਹੋ ਰਹੇ ਹਨ। ਮੋਰਚੇ ਵਿਚ ਸ਼ਾਮਲ ਰਹੀਆਂ ਸਿੱਖ ਜਥੇਬੰਦੀਆਂ ਆਪਸੀ ਸਹਿਯੋਗ ਨਾਲ ਅੱਗੇ ਵਧਣ ਲਈ ਸਹਿਮਤ ਹੋਈਆਂ ਹਨ ਪਰ ਇਹ ਕਾਫੀ ਨਹੀਂ ਹੈ। ਧਿਆਨ ਸਿੰਘ ਮੰਡ ਦਾ ਅਜੇ ਇਕ ਇਮਤਿਹਾਨ ਹੋਰ ਹੋਣਾ ਹੈ। ਉਸ ਨੂੰ ਅਜਿਹਾ ਮੰਚ ਬਣਾਉਣਾ ਪਵੇਗਾ ਜਿਹੜਾ ਨਾ ਸਿਰਫ ਸਿੱਖ ਮੁੱਦਿਆਂ ਲਈ ਆਵਾਜ਼ ਉਠਾਵੇ ਸਗੋਂ ਸਮਾਜ ਦੇ ਸਾਰੇ ਭਾਈਚਾਰਿਆਂ ਨੂੰ ਮਨਜ਼ੂਰ ਹੋਵੇ। ਇਸ ਮੰਚ ਦਾ ਆਗੂ ਅਸਰਦਾਰ ਅਗਵਾਈ ਦੇਣ ਅਤੇ ਢੁਕਵੇਂ ਸਮੇਂ 'ਤੇ ਦਰੁਸਤ ਫੈਸਲੇ ਕਰਨ ਦੇ ਸਮਰੱਥ ਹੋਵੇ।

ਪੰਜਾਬ ਦੇ ਸਿਆਸੀ ਖੇਤਰ ਵਿਚ ਇਸ ਸਮੇਂ ਬਹੁਤ ਕੁਝ ਰਿੜਕਿਆ ਜਾ ਰਿਹਾ ਹੈ। ਜ਼ਰੂਰੀ ਨਹੀਂ, ਇਸ ਦੇ ਕੋਈ ਤੁਰਤ-ਫੁਰਤ ਨਤੀਜੇ ਨਿਕਲਣ ਪਰ ਹੁਣ ਤੱਕ ਜੋ ਕੁਝ ਸਪਸ਼ਟ ਹੋ ਸਕਿਆ ਹੈ, ਉਹ ਇਹ ਹੈ ਕਿ ਬਾਦਲਾਂ ਵਲੋਂ ਚੁੱਕਿਆ ਜਾ ਰਿਹਾ ਹਰ ਕਦਮ ਉਨ੍ਹਾਂ ਨੂੰ ਲੋਕਾਂ ਨਾਲੋਂ ਹੋਰ ਨਿਖੇੜ ਰਿਹਾ ਹੈ। ਬਰਗਾੜੀ ਇਨਸਾਫ ਮੋਰਚੇ ਦੇ ਮੁੱਖ ਸੂਤਰਧਾਰ ਧਿਆਨ ਸਿੰਘ ਮੰਡ ਨੇ ਕਿਹਾ ਹੈ ਕਿ ਉਹ 20 ਦਸੰਬਰ ਨੂੰ ਬਰਗਾੜੀ ਇਨਸਾਫ ਮੋਰਚੇ ਦੇ ਦੂਜੇ ਪੜਾਅ ਦਾ ਐਲਾਨ ਕਰਨਗੇ। ਉਸ ਨੇ ਸਪਸ਼ਟ ਕੀਤਾ ਹੈ ਕਿ ਮੋਰਚਾ ਜਾਰੀ ਰਹੇਗਾ, ਸਿਰਫ ਇਸ ਦਾ ਰੂਪ ਤੇ ਪੈਂਤੜਾ ਬਦਲਿਆ ਜਾ ਰਿਹਾ ਹੈ। ਉਂਜ, ਉਸ ਦੀ ਸਮੱਸਿਆ ਇਹ ਹੈ ਕਿ ਉਸ ਨੇ ਮੋਰਚੇ ਦੇ ਕਈ ਨਿਸ਼ਾਨੇ ਬਹੁਤ ਉਚੇ ਰੱਖ ਲਏ ਹਨ, ਜਿਵੇਂ 1995 ਵਿਚ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਤਿਹਾੜ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨਾ। ਬੁੜੈਲ ਜੇਲ੍ਹ ਤੋੜ ਕੇ ਭੱਜਣ ਕਾਰਨ ਕੋਈ ਵੀ ਉਸ ਨੂੰ ਪੰਜਾਬ ਵਿਚ ਲਿਆਉਣ ਲਈ ਤਿਆਰ ਨਹੀਂ ਹੈ। ਇਸੇ ਦੋਸ਼ ਵਿਚ ਮੌਤ ਤੱਕ ਦੀ ਉਮਰ ਕੈਦ ਕੱਟ ਰਹੇ ਹੋਰ ਦੋਸ਼ੀਆਂ ਦੀ ਰਿਹਾਈ ਵੀ ਸੰਭਵ ਨਹੀਂ ਜਾਪਦੀ, ਕਿਉਂਕਿ ਅਜਿਹੇ ਦੋਸ਼ੀਆਂ ਨੂੰ ਆਮ ਪ੍ਰਕਿਰਿਆ ਰਾਹੀਂ ਰਿਹਾਅ ਨਹੀਂ ਕੀਤਾ ਜਾ ਸਕਦਾ, ਅਜਿਹੀਆਂ ਰਿਹਾਈਆਂ ਸਰਕਾਰਾਂ ਨਾਲ ਕਿਸੇ ਸਮਝੌਤੇ ਤਹਿਤ ਹੀ ਸੰਭਵ ਹੁੰਦੀਆਂ ਹਨ, ਜਿਵੇਂ 1985 ਵਿਚ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਹੋਈਆਂ ਸਨ।

ਪੰਜਾਬ ਸਰਕਾਰ ਨੇ ਮੋਰਚੇ ਦੀ ਇਹ ਮੰਗ ਮੰਨ ਲਈ ਹੈ ਕਿ ਕੈਦੀਆਂ ਨੂੰ ਇਕ ਸਾਲ ਵਿਚ ਮਿਲਣ ਵਾਲੀ ਪੈਰੋਲ ਦੀ ਮਿਆਦ 84 ਦਿਨਾਂ ਤੋਂ ਵਧਾ ਕੇ 120 ਦਿਨ ਕਰ ਦਿੱਤੀ ਜਾਵੇ। ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਵਿਚ ਨਾਮਜ਼ਦ ਚਾਰ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਉਸ ਵੇਲੇ ਹੋਵੇਗੀ ਜਦੋਂ ਹਾਈਕੋਰਟ ਵਲੋਂ ਲਾਈ ਰੋਕ ਹਟਾ ਲਈ ਜਾਵੇਗੀ। ਬਰਗਾੜੀ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਬਾਦਲਾਂ ਉਤੇ ਲਗਾਤਾਰ ਬਣਿਆ ਹੋਇਆ ਦਬਾਅ ਹੈ ਅਤੇ ਇਹ ਘਟਦਾ ਨਜ਼ਰ ਨਹੀਂ ਆ ਰਿਹਾ। ਮੋਰਚੇ ਦੀਆਂ ਉਹ ਸਾਰੀਆਂ ਮੰਗਾਂ ਪੰਜਾਬ ਸਰਕਾਰ ਨੇ ਮੰਨ ਲਈਆਂ ਹਨ ਜਿਨ੍ਹਾਂ ਬਾਰੇ ਗੱਲਬਾਤ ਚੱਲਦੀ ਰਹੀ ਹੈ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਧਿਆਨ ਸਿੰਘ ਮੰਡ ਮੋਰਚੇ ਦੇ ਦੂਜੇ ਪੜਾਅ ਦੌਰਾਨ ਇਸ ਨੂੰ ਮਨਚਾਹੀ ਮੰਜ਼ਿਲ ਉਤੇ ਲਿਜਾਣ ਲਈ ਲੋੜੀਂਦਾ ਉਤਸ਼ਾਹ ਕਿਵੇਂ ਬਰਕਰਾਰ ਰੱਖਣਗੇ।

---

# ਸੀਰੀਆ ਦਾ ਸੰਕਟ ਅਤੇ ਜਮਹੂਰੀਅਤ

ਸਮੁੱਚੀ ਮਾਨਵਤਾ ਲਈ ਇਸ ਸਦੀ ਦਾ ਸਭ ਤੋਂ ਵੱਡਾ ਸੰਕਟ ਸੀਰੀਆ ਸੰਕਟ ਹੈ। ਇਸ ਸੰਕਟ ਨੇ ਕਿਸੇ ਨਾ ਕਿਸੇ ਰੂਪ ਵਿਚ ਪੂਰੀ ਦੁਨੀਆ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ। ਇਕ ਰਿਪੋਰਟ ਮੁਤਾਬਕ, 5 ਲੱਖ ਲੋਕ ਮੌਤ ਦੀ ਭੇਟ ਚੜ੍ਹ ਚੁੱਕੇ ਹਨ, 10 ਲੱਖ ਤੋਂ ਜ਼ਿਆਦਾ ਜ਼ਖਮੀ ਹੋ ਗਏ ਹਨ। ਮੁਲਕ ਦੀ ਅੱਧ ਤੋਂ ਵੱਧ ਵਸੋਂ ਬੇਘਰ ਹੋ ਗਈ ਹੈ। ਇਨ੍ਹਾਂ ਵਿਚੋਂ 52 ਲੱਖ ਲੋਕਾਂ ਨੇ ਹੋਰਾਂ ਮੁਲਕਾਂ ਵਿਚ ਪਨਾਹ ਲਈ ਹੈ। ਲੱਖਾਂ ਹੀ ਲੋਕ ਅਜੇ ਪਨਾਹ ਮਿਲਣ ਦੀ ਉਡੀਕ ਵਿਚ ਹਨ। ਔਰਤਾਂ ਅਤੇ ਬੱਚਿਆਂ ਦੀ ਹਾਲਤ ਬਦਤਰ ਹੈ। ਹਜ਼ਾਰਾਂ ਔਰਤਾਂ ਨੂੰ ਸੈਕਸ ਸਲੇਵ (ਸਰੀਰਕ

**ਤੇਗਿੰਦਰ**
ਫੋਨ: +91-94782-81331

ਗੁਲਾਮ) ਵਜੋਂ ਵਰਤਿਆ ਜਾ ਰਿਹਾ ਹੈ। ਔਰਤਾਂ ਨਾਲ ਫੌਜ, ਜਹਾਦੀਆਂ, ਰਫਿਊਜੀ ਕੈਂਪਾਂ ਵਿਚ ਏਡ ਵਰਕਰਾਂ ਤੇ ਆਪਣਿਆਂ ਦੁਆਰਾਂ ਹੀ ਬਲਾਤਕਾਰ ਇੰਨੀ ਵੱਡੀ ਗਿਣਤੀ ਵਿਚ ਕੀਤੇ ਜਾ ਰਹੇ ਹਨ ਕਿ ਜੇ ਸੀਰੀਆ ਸੰਕਟ ਨੂੰ ਰੇਪ ਸੰਕਟ ਦਾ ਨਾਮ ਦੇ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅੱਸੀ ਲੱਖ ਤੋਂ ਵੱਧ ਬੱਚੇ ਸਿੱਧੇ ਰੂਪ ਵਿਚ ਹੀ ਇਸ ਯੁੱਧ ਦੀ ਮਾਰ ਹੇਠ ਆਏ ਹਨ। ਪੱਚੀ ਲੱਖ ਬੱਚੇ ਘਰ ਛੱਡਣ ਲਈ ਮਜਬੂਰ ਹੋ ਗਏ ਅਤੇ 50 ਲੱਖ ਸਹਾਇਤਾ ਦੀ ਉਡੀਕ ਕਰ ਰਹੇ ਹਨ। ਇਹੀ ਨਹੀਂ, ਪੰਜਾਹ ਹਜ਼ਾਰ ਤੋਂ ਵੀ ਵੱਧ ਬੱਚੇ ਮੌਤ ਦੀ ਗੋਦ ਵਿਚ ਜਾ ਚੁੱਕੇ ਹਨ।

ਇਸ ਸੰਕਟ ਦੀ ਸ਼ੁਰੂਆਤ ਮਾਰਚ 2011 ਵਿਚ ਸ਼ੁਰੂ ਹੋਈ, ਜਦੋਂ ਅਰਬ ਸਪਰਿੰਗ ਤੋਂ ਪ੍ਰਭਾਵਿਤ ਹੋ ਕੇ ਮੁਵਾਇਆ ਨਾਮੀ ਬਾਲਕ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਸਕੂਲ ਦੀ ਦੀਵਾਰ 'ਤੇ ਕੁਝ ਲਿਖ ਦਿੱਤਾ ਜਿਸ ਨੂੰ ਅਸਦ ਸਰਕਾਰ ਸਹਿਣ ਨਾ ਕਰ ਸਕੀ। ਉਸ ਨੇ ਇਨ੍ਹਾਂ ਨੂੰ ਨਾ ਸਿਰਫ ਗ੍ਰਿਫਤਾਰ ਕੀਤਾ ਸਗੋਂ ਡੇਢ ਮਹੀਨਾ ਤਸੀਹੇ ਵੀ ਦਿੱਤੇ ਜਿਸ ਖਿਲਾਫ ਲੋਕਾਂ ਨੇ ਆਪ-ਮੁਹਾਰੇ ਪਹਿਲਾਂ ਕੋਆਰਡੀਨੇਸ਼ਨ ਕਮੇਟੀਆਂ ਬਣਾ ਕੇ ਸਥਾਨਕ ਪੱਧਰ 'ਤੇ ਅਤੇ ਫਿਰ ਮੁਲਕ ਪੱਧਰ 'ਤੇ ਰੋਸ ਵਿਖਾਵੇ ਸ਼ੁਰੂ ਕਰ ਦਿੱਤੇ। ਇਨ੍ਹਾਂ ਵਿਖਾਵਿਆਂ ਵਿਚ ਉਹ ਜਮਹੂਰੀਅਤ ਪੱਖੀ ਸੁਧਾਰਾਂ ਦੀ ਮੰਗ ਕਰ ਰਹੇ ਸਨ। ਸਰਕਾਰ ਨੇ ਸਗੋਂ ਰੋਸ ਵਿਖਾਵਿਆਂ ਉਪਰ ਹਮਲੇ ਕੀਤੇ। ਪ੍ਰਤੀਕਿਰਿਆ ਵਿਚ ਵਿਖਾਵਾਕਾਰੀਆਂ ਨੇ ਅਸਦ ਸਰਕਾਰ ਦੇ ਅਸਤੀਫੇ ਦੀ ਮੰਗ ਸ਼ੁਰੂ ਕਰ ਦਿੱਤੀ। ਜਵਾਬ ਵਿਚ ਸਰਕਾਰ ਨੇ ਹੋਰ ਤਾਨਾਸ਼ਾਹੀ ਰੁਖ ਅਪਨਾਉਂਦੇ ਹੋਏ ਫੌਜ ਨੂੰ ਹੋਰ ਅਧਿਕਾਰ ਦੇ ਦਿੱਤੇ। ਫੌਜ ਦੇ ਇਸ ਤਰ੍ਹਾਂ ਆਪਣੇ ਹੀ ਲੋਕਾਂ ਉਪਰ ਅਤਿਆਚਾਰ ਕਰਨ ਦੇ ਰੋਸ ਵਜੋਂ ਫੌਜ ਵਿਚ ਫੁੱਟ ਪੈ ਗਈ। ਕੁਝ ਫੌਜੀ ਅਫਸਰਾਂ ਨੇ ਸਥਾਨਕ ਲੋਕਾਂ ਨਾਲ ਮਿਲ ਕੇ 'ਫ੍ਰੀ ਸੀਰੀਅਨ ਆਰਮੀ' ਬਣਾ ਲਈ। ਇਉਂ ਸ਼ਾਂਤਮਈ ਅੰਦੋਲਨ, ਹਥਿਆਰਬੰਦ ਰਸਤੇ ਪੈ ਗਿਆ।

ਸੀਰੀਆ ਪੱਛਮੀ ਏਸ਼ੀਆ ਵਿਚ ਪੈਂਦਾ ਸੰਸਾਰ ਦੀ ਪੁਰਾਤਨੀ ਸਭਿਅਤਾ ਵਾਲਾ ਮੁਲਕ ਹੈ ਜਿਥੇ ਵੱਖ-ਵੱਖ ਧਰਮਾਂ, ਨਸਲਾਂ ਅਤੇ ਵੱਖੋ-ਵੱਖਰੀਆਂ ਭਾਸ਼ਾਵਾਂ ਵਾਲੇ ਲੋਕ ਰਹਿੰਦੇ ਹਨ। 1946 ਵਿਚ ਫਰਾਂਸ ਤੋਂ ਆਜ਼ਾਦ ਹੋਣ ਤੋਂ ਬਾਅਦ 1970 ਤੱਕ ਕੋਈ ਵੀ ਸੱਤਾ ਲੰਮਾ ਸਮਾਂ ਟਿਕ ਨਹੀਂ ਸਕੀ। 1970 ਵਿਚ ਹਾਫਿਜ਼ ਅਲ ਅਸਦ ਨੇ ਸੱਤਾ ਉਪਰ ਕਬਜ਼ਾ ਕਰ ਲਿਆ। ਸੀਰੀਆ ਵਿਚ ਭਾਵੇਂ ਸੁੰਨੀ ਫਿਰਕੇ ਦੀ ਬਹੁਤਾਤ ਹੈ ਪਰ ਅਸਦ ਸ਼ੀਆ ਫਿਰਕੇ ਦੇ ਅਲਵਾਇਟ ਭਾਈਚਾਰੇ ਨਾਲ ਸਬੰਧ ਰੱਖਦਾ ਸੀ। ਉਸ ਨੇ ਹੌਲੀ-ਹੌਲੀ ਸੱਤਾ ਦੇ ਗਲਿਆਰਿਆਂ ਵਿਚ ਸੁੰਨੀ ਫਿਰਕੇ ਨਾਲ ਸਬੰਧਤ ਅਫਸਰਾਂ ਨੂੰ ਲਾਂਭੇ ਕੀਤਾ, ਇਉਂ ਅਲਵਾਇਟ ਦੇ ਮੈਂਬਰਾਂ ਦੀ ਮਜ਼ਬੂਤ ਕੀਤੀ। ਹਰ ਤਰ੍ਹਾਂ ਦੇ ਵਿਦਰੋਹ ਨੂੰ ਸਖਤੀ ਨਾਲ ਕੁਚਲ ਦਿੱਤਾ ਗਿਆ। ਸਾਲ 2000 ਤੋਂ ਉਸ ਦਾ ਪੁੱਤਰ ਬਸ਼ਰ ਅਲ ਅਸਦ ਗੱਦੀ 'ਤੇ ਬੈਠਾ ਹੈ। ਉਸ ਨੂੰ ਵਿਸ਼ਵਾਸ ਸੀ ਕਿ ਅਰਬ ਸਪਰਿੰਗ ਦਾ ਸੀਰੀਆ ਉਪਰ ਕੋਈ ਅਸਰ ਨਹੀਂ ਪਵੇਗਾ ਪਰ ਲੋਕਾਂ ਨੇ ਸ਼ਾਂਤਮਈ ਅੰਦੋਲਨ ਸ਼ੁਰੂ ਕਰ ਦਿੱਤਾ।

ਇਸ ਦਾ ਇਕ ਹੋਰ ਕਾਰਨ ਅਸਦ ਦਾ ਨਵ-ਉਦਾਰਵਾਦੀਆਂ ਨੀਤੀਆਂ ਲਾਗੂ ਕਰਨਾ ਵੀ ਸੀ ਜਿਸ ਦਾ ਫਾਇਦਾ ਮੁੱਠੀ ਭਰ ਲੋਕਾਂ ਨੂੰ ਹੀ ਹੋਇਆ। ਨੌਜਵਾਨਾਂ ਨੂੰ ਰੁਜ਼ਗਾਰ ਕਾਗਜ਼ਾਂ ਵਿਚ ਹੀ ਮਿਲਿਆ। ਇਸ ਤੋਂ ਵੀ ਵੱਧ ਅਹਿਮ ਕਾਰਨ ਜਲਵਾਯੂ ਤਬਦੀਲੀ ਸੀ ਜਿਸ ਕਾਰਨ 2007 ਤੋਂ 2010 ਤੱਕ ਸੀਰੀਆ ਵਿਚ ਫੈਲੇ ਸੋਕੇ ਕਰਕੇ ਵੱਡੀ ਤਦਾਦ ਵਿਚ ਖੇਤ ਬਰਬਾਦ ਹੋ ਗਏ ਤੇ ਅੱਸੀ ਫੀਸਦ ਦੇ ਕਰੀਬ ਮਾਲ-ਡੰਗਰ ਮਰ ਗਿਆ। ਇਹੀ ਸੰਕਟ ਅੱਗੇ ਚੱਲ ਕੇ ਸੀਰੀਆ ਦੀ ਖਾਨਾ ਜੰਗੀ ਦਾ ਮੁੱਖ ਕਾਰਨ ਬਣਿਆ। ਅਸਦ ਨੇ ਇਸ ਨੂੰ ਦਬਾਉਣ ਲਈ ਹਰ ਹਰਬਾ ਵਰਤਿਆ। ਕੰਮਿਊਨਿਸਟਾਂ ਦੀ ਅੰਨ੍ਹੀ ਭਗਤੀ ਦੀ ਪਾਣ ਚੜ੍ਹਾਉਣ ਦੀ ਕੋਸ਼ਿਸ਼ ਕੀਤੀ। ਜੋ ਕੋਈ ਇਸ ਦਾ ਵਿਰੋਧ ਕਰਦਾ ਤਾਂ ਦੇਸ਼ ਧ੍ਰੋਹੀ ਕਹਿ ਕੇ ਕੈਦ ਕਰ ਲਿਆ ਜਾਂਦਾ। ਫਿਰ ਵੀ ਸਮਾਜਕ ਵਿਸਫੋਟ ਇੰਨਾ ਜ਼ਿਆਦਾ ਸੀ ਕਿ ਅਸਦ ਦੇ ਕੰਟਰੋਲ ਤੋਂ ਬਾਹਰ ਸੀ।

ਕੌਮਾਂਤਰੀ ਪੱਧਰ 'ਤੇ ਸੀਰੀਆ ਦੀ ਆਪਣੀ ਖਾਸ ਭੂਗੋਲਿਕ ਹਾਲਤ ਕਾਰਨ ਅਤੇ ਗੈਸ ਤੇ ਤੇਲ ਦੇ ਭੰਡਾਰ ਹੋਣ ਕਰਕੇ ਇਹ ਸਦਾ ਕੌਮਾਂਤਰੀ ਤਾਕਤਾਂ ਦੀ ਖਿੱਚ ਦਾ ਕੇਂਦਰ ਰਿਹਾ ਹੈ। ਰੂਸ, ਇਰਾਨ ਤੇ ਹਿਜ਼ਬੁਲਾ ਆਪੋ-ਆਪਣੇ ਹਿੱਤਾਂ ਕਾਰਨ ਅਸਦ ਦੀ ਮਦਦ ਕਰ ਰਹੇ ਹਨ। ਅਮਰੀਕਾ, ਸਾਊਦੀ ਅਰਬ ਤੇ ਹੋਰ ਖਾੜੀ ਮੁਲਕ ਅਸਦ ਖਿਲਾਫ ਉਠੀ ਲਹਿਰ ਨੂੰ ਆਪਣੇ ਹੱਕ ਵਿਚ ਵਰਤਣ ਲਈ ਐਸ.ਐਫ.ਐਸ. ਵਰਕਰਾਂ ਨੂੰ ਅਤੇ ਕੱਟੜ ਇਸਲਾਮੀ ਗਰੁਪ ਅਲ ਨੁਸਰਾ ਫਰੰਟ, ਆਈ.ਐਸ.ਆਈ.ਐਸ. ਤੇ ਕੁਰਦ ਲੜਾਕਿਆਂ ਨੂੰ ਨਾ ਸਿਰਫ ਹਥਿਆਰਾਂ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ ਸਗੋਂ ਪੈਸਾ, ਹਥਿਆਰ ਤੇ ਗੋਲੀ ਸਿੱਕਾ ਵੀ ਮੁਹੱਈਆ ਕਰਾਉਣਾ ਸ਼ੁਰੂ ਕਰਾਇਆ। ਛੇਤੀ ਹੀ ਇਨ੍ਹਾਂ ਵਿਚੋਂ ਧਰਮ ਆਧਾਰਿਤ ਗਰੁਪਾਂ, ਖਾਸ ਤੌਰ 'ਤੇ ਆਈ.ਐਸ.ਆਈ.ਐਸ. ਦਾ ਦਬਦਬਾ ਵਧ ਗਿਆ। ਲੋਕ ਭਾਵੇਂ ਅਸਦ ਦੇ ਅਤਿਆਚਾਰਾਂ ਤੋਂ ਤੰਗ ਸਨ ਪਰ ਧਾਰਮਿਕ ਪੱਧਰ 'ਤੇ ਆਪਸ ਵਿਚ ਵਿਤਕਰੇ ਨੂੰ ਔਖੇ ਪਰੋਖੇ ਹੀ ਕਰਦੇ ਸਨ।

ਉਂਜ, ਜਦੋਂ ਹੀ ਯੁੱਧ ਸ਼ੁਰੂ ਹੋਇਆ ਤਾਂ ਦੋਵੇਂ ਪਾਸਿਆਂ ਨੇ ਆਪੋ-ਆਪਣੇ ਲੜਾਕਿਆਂ ਨੂੰ ਧਰਮ ਦੀ ਪਾਣ ਚੜ੍ਹਾਉਣੀ ਸ਼ੁਰੂ ਕਰ ਦਿੱਤੀ। ਇਉਂ ਜਮਹੂਰੀਅਤ ਲਈ ਸ਼ੁਰੂ ਹੋਇਆ ਸੰਘਰਸ਼ ਫਿਰਕੂ ਯੁੱਧ ਵਿਚ ਬਦਲ ਗਿਆ। ਸਿੱਟੇ ਵਜੋਂ ਇਨਸਾਨੀਅਤ ਦੇ ਸਾਰੇ ਮਾਪ-ਦੰਡਾਂ ਨੂੰ ਤਾਕ ਤੇ ਰੱਖ ਕੇ ਹੈਵਾਨੀਅਤ ਦੀ ਨੰਗੀ ਖੇਡ ਖੇਡੀ ਗਈ। ਹਮਲਿਆਂ ਵਿਚ ਹਸਪਤਾਲਾਂ, ਸਕੂਲਾਂ, ਸ਼ਹਿਰਾਂ ਆਦਿ ਨੂੰ ਨਿਸ਼ਾਨਾ ਬਣਾਇਆ ਗਿਆ; ਇਥੋਂ ਤੱਕ ਕਿ ਰਸਾਇਣਿਕ ਹਥਿਆਰਾਂ ਰਾਹੀਂ ਵੀ ਹਮਲੇ ਕੀਤੇ ਗਏ। ਇਸ ਯੁੱਧ ਵਿਚ ਤਕਰੀਬਨ ਸਾਰੇ ਹੀ ਹਥਿਆਰਬੰਦ ਗਰੁਪਾਂ ਨੇ ਬਲਾਤਕਾਰ ਨੂੰ ਹਥਿਆਰ ਵਜੋਂ ਵਰਤਿਆ। ਇਸ ਲੜਾਈ ਨੂੰ ਧਰਮ ਯੁੱਧ ਦਾ ਨਾਮ ਦੇਣ ਵਾਲਿਆਂ ਨੇ ਔਰਤ ਦੇ ਬਲਤਕਾਰ ਨੂੰ ਮੁਕਤੀ ਦਾ ਮਾਰਗ ਦੱਸਿਆ। ਆਈ. ਐਸ. ਆਈ. ਐਸ. ਦੀ ਕੈਦ ਵਿਚੋਂ ਬਚ ਕੇ ਨਿਕਲੀ ਯਜ਼ੀਦੀ ਕੁੜੀ ਅਤੇ 2018 ਦਾ ਨੋਬੇਲ ਪੁਰਸਕਾਰ ਜੇਤੂ ਨਾਦੀਆ ਮੁਰਾਦ ਦੱਸਦੀ ਹੈ ਕਿ ਜੋ ਕੁਝ ਉਸ ਨਾਲ ਵਾਪਰਿਆ ਹੈ, ਦੁਨੀਆ ਵਿਚ ਇਹ ਆਖਰੀ ਹੋਣਾ ਚਾਹੀਦਾ ਹੈ। ਅਮਰੀਕਾ, ਸਾਊਦੀ ਅਰਬ, ਤੁਰਕੀ, ਜਾਰਡਨ, ਰੂਸ, ਇਰਾਨ, ਸੀਰੀਆ ਦੇ ਮਾਡਰੇਟ ਗਰੁੱਪਾਂ ਦੀ ਮਦਦ ਕਰਨ ਦੀ ਬਜਾਏ, ਕੱਟੜ ਗਰੁਪਾਂ ਦੀ ਸਮੇਂ ਸਮੇਂ ਤੇ ਬਦਲ ਬਦਲ ਕੇ ਹਰ ਤਰ੍ਹਾਂ ਨਾਲ ਮਦਦ ਕਰ ਰਹੇ ਹਨ। ਇਉਂ ਇਹ ਯੁੱਧ ਕੌਮਾਂਤਰੀ ਤਾਕਤਾਂ ਦੇ ਅਸਿੱਧੇ ਯੁੱਧ ਵਿਚ ਤਬਦੀਲ ਹੋ ਕੇ ਰਹਿ ਗਿਆ।

ਇਸ ਸੰਕਟ ਦੀ ਭਾਰਤ ਲਈ ਕੀ ਅਹਿਮੀਅਤ ਹੈ? ਸੀਰੀਆ ਵਾਂਗ ਭਾਰਤ ਵੀ ਸੰਸਾਰ ਦੀ ਪੁਰਾਣੀ ਸਭਿਅਤਾ ਦਾ ਮਾਲਕ ਹੈ। ਭਾਰਤ ਵਿਚ ਵੀ ਭਿੰਨ-ਭਿੰਨ ਧਰਮਾਂ, ਜਾਤਾਂ, ਨਸਲਾਂ, ਭਾਸ਼ਾ ਤੇ ਕੌਮਾਂ ਦੇ ਲੋਕ ਰਹਿੰਦੇ ਹਨ ਅਤੇ ਜਲਵਾਯੂ ਤਬਦੀਲੀ ਅਤੇ ਹੋਰ ਕਾਰਨਾਂ ਕਰਕੇ ਕਿਸਾਨੀ ਸੰਕਟ ਗੰਭੀਰ ਰੁਖ ਅਖਤਿਆਰ ਕਰ ਗਿਆ ਹੈ। ਪਿੰਡ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ, ਬੇਰੁਜ਼ਗਾਰੀ ਸਿਖਰ 'ਤੇ ਹੈ। ਆਰਥਿਕਤਾ ਘੁਟਾਲਿਆਂ ਤੇ ਨੋਟਬੰਦੀ ਕਾਰਨ ਖੜੋਤ ਵੱਲ ਵਧ ਰਹੀ ਹੈ। ਜਮਹੂਰੀ ਸੰਸਥਾਵਾਂ ਦੀ ਸਾਰਥਿਕਤਾ ਖਤਰੇ ਦੀ ਕਾਗਾਰ 'ਤੇ ਹੈ। ਮੁਲਕ ਦੇ ਹੁਕਮਰਾਨ ਗੰਭੀਰ ਹੋ ਰਹੀਆਂ ਇਨ੍ਹਾਂ ਸਮੱਸਿਆਵਾਂ ਵੱਲ ਧਿਆਨ ਦੇਣ ਦੀ ਬਜਾਏ ਮੁਲਕ ਵਿਚ ਆਪਣੀ ਹੀ ਕਿਸਮ ਦਾ ਕੌਮਵਾਦ ਪ੍ਰਚਾਰ ਰਹੇ ਹਨ ਜਿਸ ਅਨੁਸਾਰ ਨਾ ਸਿਰਫ ਸਕੂਲਾਂ, ਕਾਲਜਾਂ ਦੇ ਸਿਲੇਬਸ ਬਦਲੇ ਜਾ ਰਹੇ ਹਨ ਬਲਕਿ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਦੇ ਨਾਮ ਵੀ ਬਦਲ ਰਹੇ ਹਨ। ਮੁਲਕ ਵਿਚ ਧਰਮਾਂ, ਜਾਤਾਂ, ਕੌਮਾਂ ਤੇ ਨਸਲਾਂ ਵਿਚਕਾਰ ਨਫਰਤ ਦਿਨੋ-ਦਿਨ ਵਧਾਈ ਜਾ ਰਹੀ ਹੈ। ਇਨ੍ਹਾਂ ਹਾਲਾਤ ਖਿਲਾਫ ਜੋ ਵੀ ਬੋਲਦਾ ਹੈ, ਉਸ ਨੂੰ ਦੇਸ਼ ਧ੍ਰੋਹੀ ਜਾਂ ਅਰਬਨ ਨਕਸਲ ਕਹਿ ਕੇ ਦਬਾ ਦਿੱਤਾ ਜਾਂਦਾ ਹੈ। ਇਹ ਭਾਰਤੀ ਜਮਹੂਰੀਅਤ ਲਈ ਵੱਡੇ ਸਵਾਲ ਹਨ।

# ਇਜ਼ਹਾਰਾਂ ਵਿਚਲਾ ਵਿਤਕਰਾ

ਇਜ਼ਹਾਰ ਵਿਚ ਆਏ ਵਿਤਕਰੇ ਨੂੰ ਵਿਸ਼ਵ ਪ੍ਰਸਿੱਧ ਮੁਕੇਬਾਜ ਸਿਆਹ ਰੰਗ ਮੁਹੰਮਦ ਅਲੀ ਨੇ ਖੂਬਸੂਰਤੀ ਨਾਲ ਫੜ੍ਹਿਆ ਹੈ। ਇੱਕ ਟੀ. ਵੀ. ਸ਼ੋਅ ਵਿਚ ਸੁਆਲਾਂ ਦੇ ਜੁਆਬ ਦਿੰਦਿਆਂ ਉਹ ਕਹਿੰਦਾ ਹੈ ਕਿ ਛੋਟੇ ਹੁੰਦਿਆਂ ਉਹ ਆਪਣੀ ਮਾਂ ਨੂੰ ਪੁੱਛਦਾ ਸੀ, 'Black Money, Black List, Black Friday' ਸ਼ਬਦਾਂ ਵਿਚ ਸਿਰਫ Black ਅਗੇਤਰ ਹੀ ਕਿਉਂ ਵਰਤਿਆ ਜਾਂਦਾ ਹੈ, ਹੋਰ ਰੰਗ ਕਿਉਂ ਨਹੀਂ? 'ਹਰਾਮ ਦੀ ਕਮਾਈ ਨੂੰ Black Money ਗਰਦਾਨਣਾ ਕਾਲੇ ਰੰਗ ਦੀ ਕਦਰ ਘਟਾਈ ਅਤੇ ਜਾਇਜ਼ ਕਮਾਈ ਨੂੰ White Money, White House ਕਹਿਣਾ, ਚਿੱਟੇ (ਗੋਰੇ) ਰੰਗ ਦੀ ਵੱਡਿਆਈ ਹੀ ਹੈ ਅਤੇ ਚੀਜ਼ਾਂ ਦੇ ਬਹਾਨੇ ਰੰਗ-ਵਿਸ਼ੇਸ਼ ਦੀ ਨਸਲ ਨੂੰ ਛੁਟਿਆਉਣਾ ਹੈ। ਸਿਆਹ ਫਹਿਮ (ਕਾਲਾ ਰੰਗ) ਹੋਣ ਕਰਕੇ, ਇਹ ਸੰਬੋਧਨ ਉਸ ਨੂੰ ਨਿੱਜੀ ਹੀ ਨਹੀਂ, ਸਾਰੇ ਭਾਈਚਾਰੇ ਦੀ ਬੇਇੱਜਤੀ ਲੱਗਦਾ ਸੀ। ਕਾਲੇ ਸ਼ਬਦ ਨਾਲ ਜੁੜੀ



**ਅਵਤਾਰ ਗੋਂਦਾਰਾ**
ਫੋਨ: 559-375-2589
gondrasa@gmail.com

ਨਿਖੇਧੀ ਉਸ ਨੂੰ ਚੁਭਦੀ ਸੀ। ਉਸ ਦੀ ਪੀੜਾ ਕਿਸੇ ਕਣਕਵੰਨੇ ਜਾਂ ਗੋਰੇ ਬੰਦੇ ਦੇ ਗਲੋਂ ਸ਼ਾਇਦ ਸੌਖਿਆਂ ਨਾ ਉਤਰੇ।

ਆਰਥਕ, ਸਮਾਜਕ, ਧਾਰਮਕ ਵਿਤਕਰਾ, ਆਪਣਾ ਰੂਪ ਬਦਲ ਕੇ ਸਾਡੇ ਸੱਭਿਆਚਾਰ, ਆਮ ਬੋਲ-ਚਾਲ ਵਿਚ ਸੇਮ ਵਾਂਗ ਆ ਦਾਖਲ ਹੁੰਦਾ ਹੈ। ਭੋਲੇ ਭਾਅ ਸਾਡੇ ਇਜ਼ਹਾਰ ਵਿਚ ਆਏ ਵਿਤਕਰੇ ਦੀ ਕਾਣ ਸਾਨੂੰ ਰੜਕਦੀ ਵੀ ਨਹੀਂ। ਇਨ੍ਹਾਂ ਕਰਕੇ ਸਾਡੇ ਕੋਲ ਬੈਠਾ ਬੰਦਾ-ਸਮੂਹ ਕਿਵੇਂ ਆਹਤ ਹੋ ਰਿਹਾ ਹੋਵੇਗਾ, ਪਤਾ ਵੀ ਨਹੀਂ ਲੱਗਦਾ। ਇਹ ਸਾਡੀ ਪਹੁੰਚ, ਪ੍ਰਸ਼ੰਸਾ, ਨਿੰਦਾ, ਪੂਰਵ-ਧਾਰਨਾਵਾਂ, ਪੱਖਪਾਤ (Prejudices), ਸਾਡੀ ਜ਼ਹਿਨੀਅਤ ਦੀ ਸੂਹ ਦਿੰਦੇ ਹਨ। ਨਾਲ ਹੀ ਸਮਾਜ ਵਿਚਲੇ ਵਰਗਾਂ, ਧੜਿਆਂ ਅਤੇ ਭਾਈਚਾਰਿਆਂ ਵਿਚਲੀ ਭਾਵੁਕ ਵਿੱਥ ਤੇ ਆਪਸੀ ਆਦਰ ਸਤਿਕਾਰ ਦੇ ਪਾਸਕੂ ਦਾ ਵੀ ਪਤਾ ਲੱਗਦਾ ਹੈ। ਬੋਲਣ-ਲਿਖਣ ਵੇਲੇ ਇਹ ਗੱਲ ਧਿਆਨ ਵਿਚ ਰਹਿਣੀ ਚਾਹੀਦੀ ਹੈ।

ਡਾ. ਤ੍ਰਿਲੋਕ ਚੰਦ ਤੁਲਸੀ ਦਾ ਕਹਿਣਾ ਹੈ, "ਸ਼ਬਦ ਕਿਸੇ ਗੱਲ ਨੂੰ ਨਿਰਲੇਪਤਾ ਨਾਲ ਪ੍ਰਗਟ ਨਹੀਂ ਕਰਦੇ, ਉਨਾਂ ਨਾਲ ਕੁਝ ਸਹਿਚਾਰੀ-ਭਾਵ (Associate Feelings) ਜੁੜੇ ਹੁੰਦੇ ਹਨ। ਸ਼ਬਦਾਂ ਦੇ ਇਸ ਭਾਵ-ਸਹਿਚਾਰੀਪੁਣੇ ਕਾਰਨ ਚਿੰਤਨ ਵਿਚ ਅੜਿੱਕਾ ਪੈਂਦਾ ਹੈ। ਤਰਕ ਸ਼ਾਸਤਰ ਵਿਚ ਇਸ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰੱਖਿਆ ਜਾਂਦਾ ਹੈ। ਇਹ ਸਮਝ ਲੈਣਾ ਜਰੂਰੀ ਹੈ ਕਿ ਕਿਸੇ ਵੀ ਗੱਲ ਨੂੰ ਅਜਿਹੇ ਵੱਖਰੇ ਸ਼ਬਦਾਂ ਰਾਹੀਂ ਦੱਸਿਆ ਜਾ ਸਕਦਾ ਹੈ, ਜੋ ਇੱਕ ਦਮ ਵੱਖਰਾ ਭਾਵੁਕ ਅਸਰ ਪਾਉਂਦੇ ਹਨ।" ('ਮਾਹੌਲ, ਮਨ ਅਤੇ ਸਾਹਿਤ' ਵਿਚੋਂ) ਜਿਵੇਂ ਭਾਈ ਘਨੱਈਏ ਨਾਲ 'ਸੇਵਾ' ਅਤੇ ਹਿਟਲਰ ਨਾਲ 'ਅੱਤਿਆਚਾਰੀ' ਦਾ ਭਾਵ ਜੁੜਿਆ ਹੋਇਆ ਹੈ। ਏਨਾ ਕਹਿਣਾ ਹੀ ਕਾਫੀ ਹੈ ਕਿ ਉਹ 'ਹਿਟਲਰੀ ਸੁਭਾ' ਦਾ ਬੰਦਾ ਹੈ, ਇਸ ਦੀ ਲੋੜ ਨਹੀਂ ਕਿ ਉਹ ਹਿੰਸਕ ਹੈ। ਡਾ. ਤੁਲਸੀ ਦੀ ਧਾਰਨਾ ਨੂੰ ਅੱਗੇ ਤੋਰਦਿਆ, ਅਸੀਂ ਕਹਿ ਸਕਦੇ ਹਾਂ ਕਿ ਇਕੱਲੇ ਚਿੰਤਨ 'ਚ ਹੀ ਨਹੀਂ, ਮਾਨਵੀ ਰਿਸ਼ਤਿਆਂ 'ਚ ਵੀ ਦਰਾੜ ਪੈਂਦੀ ਹੈ।

ਡਾ. ਤੁਲਸੀ ਨੇ ਬਰਤਨਾਵੀ ਦਾਰਸ਼ਨਿਕ ਬਰਟਰੈਂਡ ਰਸਲ ਦਾ ਹਵਾਲਾ ਦਿੱਤਾ ਹੈ,

- 'ਮੈਂ ਦ੍ਰਿੜ ਹਾਂ। I am firm.
- ਤੁਸੀਂ ਜਿੱਦੀ ਹੋ। You are obstinate.
- ਉਹ ਅੜੀਅਲ ਟੱਟੂ ਹੈ। He is a pig-headed fool.'

ਉਦਾਹਰਣ ਵਾਕਿਆ ਹੀ ਦਿਲਚਸਪ ਹੈ। ਕਿਸੇ ਨੂੰ ਆਪਣੀ 'ਜਿੱਦ' ਦ੍ਰਿੜਤਾ ਅਤੇ ਦੂਜੇ ਦੀ 'ਦ੍ਰਿੜਤਾ' ਜਿੱਦ ਜਾਂ ਅੜੀਅਲਪੁਣਾ ਲੱਗ ਸਕਦਾ ਹੈ। ਆਮ ਵਰਤੋਂ-ਵਿਹਾਰ ਵਿਚ ਅਸੀਂ ਏਨੀ ਨਿਰਖ-ਪਰਖ ਨਹੀਂ ਕਰਦੇ, ਨਾ ਹੀ ਲੋੜ ਸਮਝਦੇ ਹਾਂ। ਰੱਸਲ ਦੀ ਗੁਰਬੰਦੀ ਨਾਲ ਵੀ ਪੂਰਾ ਸਹਿਮਤ ਹੋਣਾ ਔਖਾ ਹੈ। ਕੁਝ ਵਿਸ਼ੇਸ਼ ਪ੍ਰਸੰਗ ਵਿਚ ਤਾਂ ਇਹ ਗੱਲ ਠੀਕ ਹੈ, ਪਰ ਹਰ ਥਾਂ ਨਹੀਂ। ਮਿਸਾਲ ਵਜੋਂ 'ਜਿੱਦ' ਅਤੇ 'ਦ੍ਰਿੜਤਾ' ਇੱਕੋ ਮਨੋ-ਸਥਿਤੀ ਨੂੰ ਪ੍ਰਗਟ ਕਰਨ ਵਾਲੇ ਸੰਕਲਪ ਨਹੀਂ ਹਨ। ਪਾਠਕ ਆਪਣੇ ਜਾਂ ਕਿਸੇ ਹੋਰ ਦੇ ਸਟੈਂਡ ਦੀ ਚੀਰਫਾੜ ਕਰਦਿਆਂ ਦੇਖ ਸਕਦੇ ਹਨ ਕਿ ਉਹ 'ਜਿੱਦ' ਦੀ ਜੱਦ ਹੇਠ ਆਉਂਦਾ ਹੈ ਜਾਂ 'ਦ੍ਰਿੜਤਾ' ਦੀ। ਇਨ੍ਹਾਂ ਦੋਹਾਂ ਸ਼ਬਦਾਂ ਦੇ ਬਾਹਰਮੁਖੀ ਆਧਾਰ, ਦਲੀਲਾਂ ਜਾਂ ਵਿਆਖਿਆਵਾਂ ਕੀ ਹਨ? ਬਿਨਾ ਸ਼ੱਕ ਇਹ ਖੋਜ ਦਾ ਵਿਸ਼ਾ ਹੈ। ਨਿੱਜੀ ਅਤੇ ਦੂਜਿਆਂ ਦੇ ਸਟੈਂਡ ਨੂੰ ਸਮਝਣ ਵਿਚ ਇਸ ਨੂੰ ਕੁੰਜੀ ਵਜੋਂ ਵਰਤਿਆ ਜਾ ਸਕਦਾ ਹੈ।

ਇਸ ਚਰਚਾ 'ਚੋਂ ਇਹ ਵੀ ਪਤਾ ਲੱਗੇਗਾ ਕਿ ਸਾਡੇ ਇਜ਼ਹਾਰ ਬਾਹਰੀ ਸੰਸਾਰ ਨਾਲ ਸਾਡੇ ਰਿਸ਼ਤੇ, ਨਜ਼ਰੀਏ ਅਤੇ ਪਹੁੰਚ ਨੂੰ ਕਿਵੇਂ ਉਜਾਗਰ ਕਰਦੇ ਹਨ? 'ਕਾਮੇ ਛਿੱਤਰ ਨਾਲ ਸੂਤ ਆਉਂਦੇ ਹਨ', 'ਔਰਤਾਂ ਦੀ ਗਿੱਚੀ ਪਿੱਛੇ ਮੱਤ ਹੁੰਦੀ ਹੈ' ਜਾਂ 'ਹਰ ਇੱਕ ਦਾ ਆਪੋ ਆਪਣਾ ਸੱਚ ਹੈ' ਵਰਗੇ ਜੁਮਲੇ ਅਕਸਰ ਪੜ੍ਹਨ-ਸੁਣਨ ਵਿਚ ਆਉਂਦੇ ਹਨ। ਇਨ੍ਹਾਂ ਵਿਚ ਲਿਖਣ ਜਾਂ ਬੋਲਣ ਵਾਲੇ ਦੀ ਔਕਾਤ ਅਤੇ ਪੂਰਾ ਜੀਵਨ ਦਰਸ਼ਨ ਲੁਕਿਆ ਹੋਇਆ ਹੈ।

ਇਜ਼ਹਾਰਾਂ ਦੀ ਚੋਭ ਸਿਰਫ ਰੰਗ-ਭੇਦ ਤੱਕ ਮਹਿਦੂਦ ਨਹੀਂ ਹੈ। ਇਨ੍ਹਾਂ ਦੀ ਮਾਰ ਵਿਚ ਮੂੰਹ-ਮੱਥਾ, ਨੱਕ, ਬੁੱਲ, ਕੱਦ-ਬੁਤ, ਤਕੜਾ-ਮਾੜਾ, ਸੁਭਾਅ, ਖਿੱਤਾ, ਹੈਸੀਅਤ ਆਦਿ, ਕਈ ਕੁਝ ਆ ਜਾਂਦਾ ਹੈ। ਬੰਦਾ ਉਨ੍ਹਾਂ ਗੁਣਾਂ ਜਾਂ ਵਿਲੱਖਣਤਾਵਾਂ ਲਈ ਵੀ ਪੁਣਿਆ ਜਾਂਦਾ ਹੈ, ਜੋ ਉਸ ਦੇ ਗੇੜ ਵਿਚ ਨਹੀਂ ਹੁੰਦੀਆਂ। ਮਿਸਾਲ ਵਜੋਂ ਰੰਗ, ਨਸਲ, ਲਿੰਗ, ਸੁਭਾਅ, ਕੱਦ-ਬੁੱਤ ਜਾਂ ਜੰਮਣ-ਭੋਂ ਆਦਿ।

ਕੁਦਰਤ ਵਿਚ ਚਿੱਟੇ-ਕਾਲੇ, ਉਚੇ-ਨੀਵੇਂ, ਵੱਡੇ-ਛੋਟੇ, ਮੋਟੇ-ਪਤਲੇ, ਤਿੱਖੇ-ਮੁੜੇ, ਨਰ-ਮਾਦਾ, ਤਕੜੇ-ਮਾੜੇ ਵਰਗੇ ਜੋੜਿਆਂ ਦੀ ਹੋਂਦ ਹੈ। ਇਨ੍ਹਾਂ ਜੋੜਿਆਂ (Binary) ਹੋਂਦ ਸਮਝ ਆਉਂਦੀ ਹੈ। ਜਿਨ੍ਹਾਂ ਦਾ ਇੱਕ ਪੱਖ ਦੂਜੇ ਦੀ ਹੋਂਦ ਦਾ ਜਾਮਨ ਬਣਦਾ ਹੈ। ਇੱਕ ਬਿਨਾ ਦੂਜਾ ਹੋ ਹੀ ਨਹੀਂ ਸਕਦਾ। ਨਾ ਹੀ ਇਹ ਕਿਸੇ ਵਿਕਸਿਤ ਜਾਂ ਅਣਵਿਕਸਿਤ ਨਸਲ ਦੀ ਕਾਢ ਹਨ।

ਕੁਦਰਤੀ ਜੋਟਿਆਂ ਦੇ ਜੁੱਜ਼ਾਂ (Parts) ਨੂੰ, ਇੱਕ ਦੂਜੇ ਦੇ ਵਿਰੋਧ ਵਿਚ ਖੜਾ ਕਰਨ ਦੀ ਆਪਣੀ ਸਿਆਸਤ ਹੈ। ਇਨ੍ਹਾਂ ਜੋਟਿਆਂ ਦੇ ਹਿੱਸੇ ਇੱਕ ਦੂਜੇ ਦਾ ਨਿਖੇਧ ਨਹੀਂ ਕਰਦੇ, ਸਗੋਂ ਪੂਰਕ ਹਨ। ਪੰਗਾ ਉਦੋਂ ਖੜਾ ਹੁੰਦਾ ਹੈ, ਜਦੋਂ ਕੋਈ ਭਾਰੂ ਧਿਰ ਆਪਣੀ ਚੌਧਰ ਦੀ ਬਰਕਰਾਰੀ ਲਈ ਇਨ੍ਹਾਂ ਵਿਲੱਖਣਤਾਵਾਂ ਨੂੰ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੰਦੀ ਹੈ। ਇਸ ਪਹੁੰਚ ਨੂੰ Ethnocentrism ਵਜੋਂ ਜਾਣਿਆਂ ਜਾਂਦਾ ਹੈ, ਇਸ ਦਾ ਢੁਕਵਾਂ ਪੰਜਾਬੀ ਸ਼ਬਦ ਜੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਪਤਾ ਹੋਵੇ, ਉਹ ਜਰੂਰ ਸਾਂਝਾ ਕਰ ਸਕਦਾ ਹੈ। ਕੰਮ ਚਲਾਉਣ ਲਈ, ਇਸ ਨੂੰ 'ਅੰਧ-ਨਸਲਵਾਦ' ਵਜੋਂ ਲਿਆ ਜਾ ਸਕਦਾ ਹੈ, ਜਿਸ ਵਿਚ ਕੋਈ ਨਸਲ-ਭਾਈਚਾਰਾ ਕੌਮੀ ਸਵੈਮਾਣ, ਰੰਗ, ਧਰਮ ਅਤੇ ਸੱਭਿਆਚਾਰ ਦੀ ਵਡਿਆਈ

> ***ਇਜ਼ਹਾਰਾਂ ਦੀ ਚੋਭ ਸਿਰਫ ਰੰਗ-ਭੇਦ ਤੱਕ ਮਹਿਦੂਦ ਨਹੀਂ ਹੈ। ਇਨ੍ਹਾਂ ਦੀ ਮਾਰ ਵਿਚ ਮੂੰਹ-ਮੱਥਾ, ਨੱਕ, ਬੁੱਲ, ਕੱਦ-ਬੁਤ, ਤਕੜਾ-ਮਾੜਾ, ਸੁਭਾਅ, ਖਿੱਤਾ, ਹੈਸੀਅਤ ਆਦਿ, ਕਈ ਕੁਝ ਆ ਜਾਂਦਾ ਹੈ। ਬੰਦਾ ਉਨ੍ਹਾਂ ਗੁਣਾਂ ਜਾਂ ਵਿਲੱਖਣਤਾਵਾਂ ਲਈ ਵੀ ਪੁਣਿਆ ਜਾਂਦਾ ਹੈ, ਜੋ ਉਸ ਦੇ ਗੇੜ ਵਿਚ ਨਹੀਂ ਹੁੰਦੀਆਂ। ਮਿਸਾਲ ਵਜੋਂ ਰੰਗ, ਨਸਲ, ਲਿੰਗ, ਸੁਭਾਅ, ਕੱਦ-ਬੁੱਤ ਜਾਂ ਜੰਮਣ-ਭੋਂ ਆਦਿ।***

ਕਰਦਿਆਂ, ਦੂਜਿਆਂ ਨੂੰ ਪਰੋਖ ਰੂਪ ਵਿਚ ਛੁਟਿਆਉਂਦਾ ਹੈ। ਪ੍ਰਾਪੇਗੰਡੇ ਨਾਲ ਕੁਦਰਤੀ ਜਾਂ ਇਲਾਕਾਈ ਗੁਣਾਂ ਨੂੰ ਵਰਗ-ਵਿਸ਼ੇਸ਼ ਨਾਲ ਜੋੜ ਦਿੱਤਾ ਜਾਂਦਾ ਹੈ। ਇਤਿਹਾਸ ਵਿਚ ਸਿਆਸੀ ਪਾਲਾਬੰਦੀ ਲਈ ਇਹ ਬੜਾ ਕਾਰਗਰ ਹਥਿਆਰ ਸਿੱਧ ਹੋਇਆ ਹੈ।

ਪ੍ਰਾਪੇਗੰਡੇ ਅਤੇ ਸਿੱਖਿਆ ਨਾਲ ਇਨ੍ਹਾਂ ਜੋਟਿਆਂ ਦਾ ਇੱਕ ਹਿੱਸਾ, ਵਡਿਆਈ ਅਤੇ ਦੂਜਾ ਹੇਠੀ ਕਿਉਂ ਹਾਸਲ ਕਰ ਲੈਂਦਾ ਹੈ? ਆਓ, ਇਸ ਨੂੰ ਦੇਖਣ ਪਰਖਣ ਦੀ ਕੋਸ਼ਿਸ਼ ਕਰੀਏ। ਆਪਾਂ ਨੂੰ ਪਤਾ ਹੈ ਕਿ ਗੋਰਿਆਂ ਨੂੰ ਕਾਲਿਆਂ ਦੀ ਲੋੜ ਸੀ, ਉਨ੍ਹਾਂ ਨੂੰ ਗੁਲਾਮ ਬਣਾ ਕੇ ਬਸਤੀਆਂ ਵਿਚ ਲਿਆਂਦਾ ਗਿਆ। ਗੁਲਾਮ ਨੂੰ ਗੁਲਾਮ ਬਣਾ ਕੇ ਰੱਖਣ ਲਈ ਸਿਰਫ ਕਾਨੂੰਨ ਜਾਂ ਹਿੰਸਾ ਕਾਫੀ ਨਹੀਂ ਹੈ। ਗੁਲਾਮ ਵਿਚ ਆਪਣੇ ਕਾਲੇ ਰੰਗ ਲਈ 'ਹੀਣਤਾ' ਅਤੇ ਮਾਲਕ ਦੇ ਗੋਰੇ ਰੰਗ ਪ੍ਰਤੀ 'ਮਾਣ' ਦਾ ਭਾਵ ਹੋਣਾ ਜਰੂਰੀ ਸੀ। ਵਿਕਾਊ ਵਿਗਿਆਨੀਆਂ ਨੇ ਇਹ ਤਰ੍ਹਾਂ ਦੀਆਂ ਧਾਰਨਾਵਾਂ/ਸ਼ੋਧ-ਪ੍ਰਬੰਧਾਂ ਨੂੰ ਅੱਗੇ ਲਿਆਂਦਾ ਅਤੇ ਪ੍ਰਚਾਰਿਆ, ਜਿਨ੍ਹਾਂ ਵਿਚ ਕਾਲੇ ਕਾਮਿਆਂ ਨੂੰ ਜਮਾਂਦਰੂ ਹੀਣੇ, ਬੇਅਕਲ ਅਤੇ ਗੋਰਿਆਂ ਨੂੰ ਜਮਾਂਦਰੂ ਸੁਆਮੀ, ਤਕੜੇ ਅਤੇ ਸਿਆਣੇ ਸਿੱਧ ਕੀਤਾ ਗਿਆ। ਕਥਿਤ ਪਿਛਲੇ ਜਨਮ ਦੇ ਲੈਣ ਦੇਣ ਦੀ ਗੱਲ ਸਵਦੇਸ਼ੀ ਕਾਢ ਹੈ। ਸਮਾਜਕ ਵਿਤਕਰਿਆਂ ਨੂੰ ਰੈਲਾ ਅਤੇ ਨਿਆਂਈਂ ਬਣਾਉਣ ਲਈ ਸਬੱਬੀਂ ਮਿਲੇ ਗੁਣਾਂ ਨੂੰ ਬਾਖੂਬੀ ਵਰਤਿਆ ਗਿਆ ਹੈ। ਮਿਸਾਲ ਵਜੋਂ ਨਸਲੀ ਗੁਣ ਹਰ ਤਰ੍ਹਾਂ ਦੇ ਪੱਖਪਾਤੀ ਪ੍ਰਗਟਾਵੇ ਦਾ ਚਿੰਨ੍ਹ ਬਣ ਗਏ। ਜਿਵੇਂ Black Money, Black List, Black Friday ਆਦਿ। ਗੋਰਿਆਂ ਦੀ ਰੀਸੇ ਕਣਕ ਵੰਨਿਆਂ, ਲਾਖਿਆਂ, ਪੀਲਿਆਂ ਦੇ ਇਜ਼ਹਾਰਾਂ ਵਿਚ ਵੀ ਇਹ ਕਾਣੋ ਆ ਗਈ ਹੈ। ਜੋਸ਼ ਵਿਚ ਆਏ ਜਦੋਂ ਅਸੀਂ 'ਕਾਲੇ ਧਨ' 'ਕਾਲੀਆਂ ਸ਼ਕਤੀਆਂ', 'ਕਾਲੀਆਂ ਕਰਤੂਤਾਂ' ਜਾਂ 'ਕਾਲੇ ਕਾਰਨਾਮਿਆਂ' ਖਿਲਾਫ ਆਵਾਜ ਬੁਲੰਦ ਕਰਦੇ ਹਾਂ, ਤਾਂ ਸਾਨੂੰ ਨਾਲ ਜਾ ਰਿਹਾ ਮਜਦੂਰ ਜਮਾਤ ਦਾ ਸਿਆਹ ਫਹਿਮ ਸਾਥੀ ਵਿੱਸਰ ਜਾਂਦਾ ਹੈ। ਇਹ ਸਿਰਫ ਭਾਸ਼ਾਈ ਮਸਲਾ ਨਹੀਂ ਰਹਿ ਜਾਂਦਾ, ਇੱਕ ਭਾਵੁਕ ਵਿੱਥ ਵੀ ਖੜੀ ਕਰਦਾ ਹੈ। ਕਾਲੇ ਧਨ ਨੂੰ





'ਪਾਪ ਦੀ ਕਮਾਈ' 'ਨਜਾਇਜ਼ ਕਮਾਈ' ਵੀ ਕਿਹਾ ਜਾ ਸਕਦਾ ਹੈ। ਕਾਲੀਆਂ ਸ਼ਕਤੀਆਂ 'ਲੋਕ-ਦੋਖੀ' ਸ਼ਕਤੀਆਂ ਕਿਉਂ ਨਹੀਂ ਹੋ ਸਕਦੀਆਂ? ਫੁੱਟਪਾਊ ਪ੍ਰਾਪੇਗੰਡੇ ਨੇ ਜੇ ਇਨ੍ਹਾਂ ਸ਼ਬਦਾਂ ਨੂੰ ਆਮ ਬੋਲ-ਚਾਲ ਦਾ ਹਿੱਸਾ ਬਣਾ ਦਿੱਤਾ ਹੈ, ਤਾਂ ਲੋਕ-ਪੱਖੀ ਪ੍ਰਚਾਰ ਅਤੇ ਅਭਿਆਸ ਨਾਲ ਇਸ ਨੂੰ ਬਦਲਿਆ ਵੀ ਜਾ ਸਕਦਾ ਹੈ, ਤੇ ਜਾਣਾ ਵੀ ਚਾਹੀਦਾ ਹੈ।

ਤਕੜਾ-ਮਾੜਾ, ਵੱਡਾ-ਛੋਟਾ ਵੀ ਕੁਦਰਤੀ ਜੋਟੇ ਹਨ। ਔਰਤ-ਮਰਦ ਦਰਮਿਆਨ ਚੌਧਰ ਦੀ ਲੜਾਈ ਵਿਚ ਇਨ੍ਹਾਂ ਨੂੰ ਲਿੰਗਆਇਆ ਗਿਆ ਹੈ। ਨਰ ਨਾਲ 'ਮਰਦਾਵੇਂ' ਅਤੇ ਮਾਦਾ ਨਾਲ 'ਅਬਲਾ' ਦੇ ਭਾਵਾਂ ਨੂੰ ਜੋੜਿਆ ਗਿਆ। ਕਈ ਸਦੀਆਂ ਔਰਤ ਨੂੰ ਵੀ ਇਸ ਧਾਰਨਾ ਵਿਚ ਕੋਈ ਕੱਜ ਨਜ਼ਰ ਨਹੀਂ ਆਇਆ। ਇਹ ਗੁਰ ਮਰਦ ਲਈ ਕਿਲਾ ਬਣਿਆ ਰਿਹਾ ਹੈ। ਸਨਅਤੀ ਇਨਕਲਾਬ ਤੋਂ ਬਾਅਦ ਇਸ ਦੇ ਕਿੰਗਰੇ ਢਹਿਣੇ ਸ਼ੁਰੂ ਹੋਏ। ਸਾਡੇ ਇਜ਼ਹਾਰਾਂ ਵਿਚ ਇਸ ਦੀ ਤੋੜ (Hangover) ਹਾਲੇ ਕਾਇਮ ਹੈ। ਅੱਜੇ ਵੀ ਕਿਸੇ ਔਰਤ ਨੇ ਔਰਤ ਦੀ ਵੱਡਿਆਈ ਕਰਨੀ ਹੋਵੇ, ਤਾਂ ਉਹ ਕਹਿੰਦੀ ਹੈ, "ਉਸ ਨੇ ਮਰਦਾਂ ਵਾਂਗੂੰ ਘਰ ਸਾਂਭਿਆ।" ਗੱਲ ਇਕੱਲੇ ਬਲ-ਪ੍ਰਯੋਗ ਦੀ ਹੀ ਨਹੀਂ, ਢੁਕਵੇਂ ਸ਼ਬਦ-ਪ੍ਰਯੋਗ ਦੀ ਵੀ ਹੈ। 'ਬਹਾਦਰੀ' ਮਰਦ ਨਾਲ ਜੁੜ ਗਈ ਅਤੇ 'ਨਿਰਬਲਤਾ' ਔਰਤ ਨਾਲ। ਝਾਂਸੀ ਵਾਲੀ ਰਾਣੀ ਦੀ ਵੱਡਿਆਈ ਉਸ ਦੀ ਆਪਣੀ ਸ਼ਕਤੀ, ਯੁੱਧ-ਕਲਾ ਵਿਚ ਨਹੀਂ, ਸਗੋਂ ਉਸ ਦੇ 'ਮਰਦਾਨੀ' ਹੋ ਕੇ ਲੜਨ ਵਿਚ ਹੈ। ਇਜ਼ਹਾਰਾਂ ਦਾ ਇਹ ਪੱਖਪਾਤੀ ਵਰਤਾਰਾ ਸਹਿਵਨ ਹੀ ਮਰਦ ਦੀ ਚੌਧਰ ਦੇ ਹੱਕ ਵਿਚ ਭੁਗਤ ਜਾਂਦਾ ਹੈ।

ਇਸ ਲੇਖ ਦੀ ਤਿਆਰੀ ਦੌਰਾਨ ਇੱਕ ਛੋਟੇ ਕੱਦ ਵਾਲੀ ਲੜਕੀ ਨਾਲ ਹੋਈ ਗੱਲਬਾਤ ਵਿਚ ਉਸ ਨੇ ਦੱਸਿਆ ਕਿ ਉਸ ਨੂੰ ਲੰਮੇ ਕੱਦ ਵਾਲੀਆਂ ਕੁੜੀਆਂ ਨਾਲ 'ਹਸਦ' (Envy) ਹੁੰਦਾ ਹੈ। ਹਸਦ ਵਿਚ ਈਰਖਾ ਨਾਲੋਂ ਵੱਖਰੀ ਭਾਅ ਹੈ। ਕੋਈ ਧਾਰਮਕ ਪ੍ਰਚਾਰਕਾਂ ਵਾਂਗ ਕਹਿ ਸਕਦਾ ਹੈ ਕਿ ਉਸ ਨੂੰ ਈਰਖਾ ਨਹੀਂ ਕਰਨੀ ਚਾਹੀਦੀ। ਜਦੋਂ ਕਿ ਖੂਬਸੂਰਤੀ ਦੇ ਪ੍ਰਵਾਨਿਤ ਮਿਆਰਾਂ ਲਈ ਸਾਰਾ ਸਾਹਿਤ, ਕੁੜੀ ਦੇ 'ਲੰਮੇ ਕੱਦ' ਅਤੇ 'ਲੰਮੀ ਧੌਣ' ਅਤੇ 'ਤਿੱਖੇ ਨੱਕ' ਦੇ ਕਸੀਦਿਆਂ ਨਾਲ ਭਰਿਆ ਪਿਆ ਹੈ। ਇਹ ਉਸੇ ਤਰ੍ਹਾਂ ਦਾ ਸੁਝਾਅ ਹੈ, ਜਿਵੇਂ ਮੀਂਹ ਵਿਚ ਜਾਂਦੇ ਬੰਦੇ ਨੂੰ ਕੋਈ ਕਹੇ ਕਿ ਉਸ ਨੂੰ ਭਿੱਜਣਾ ਨਹੀਂ ਚਾਹੀਦਾ। ਦੁਨੀਆਂ ਵਿਚ ਛੋਟੇ ਕੱਦ ਅਤੇ ਧੌਣਾਂ ਵਾਲੀਆਂ ਬਥੇਰੀਆਂ ਨਸਲਾਂ ਹਨ। ਸਾਡੀ ਬੋਲ-ਬਾਣੀ ਇਨ੍ਹਾਂ ਨੂੰ ਕਲਾਵੇ 'ਚ ਲੈਣ ਵਾਲੀ ਹੋਣੀ ਚਾਹੀਦੀ ਹੈ।

ਛੋਟੇ ਹੁੰਦਿਆਂ ਸੁਣਦੇ ਸੀ, 'ਸਿਰ ਵੱਡੇ ਸਰਦਾਰਾਂ ਦੇ, ਪੈਰ ਵੱਡੇ ਗੰਵਾਰਾਂ ਦੇ।' ਜਾਂ 'ਚੌੜਾ ਮੱਥਾ' 'ਤਿੱਖਾ ਨੱਕ' 'ਪਤਲੇ ਬੁੱਲ' ਆਦਿ ਦਾ ਤੁਅਲਕ ਵੀ ਸਰਦਾਰੀ ਨਾਲ ਹੈ। 'ਵੱਡੇ ਪੈਰ', 'ਛੋਟਾ ਮੱਥਾ', 'ਫੀਨਾ ਨੱਕ' ਕਥਿਤ ਗੰਵਾਰਾਂ ਜਾਂ ਕਾਮਿਆਂ ਨਾਲ ਜੋੜਿਆ ਜਾਂਦਾ ਸੀ। ਰੰਗ ਤੇ ਹੋਰ ਗੁਣਾਂ ਵਾਂਗ, ਸ਼ੋਸ਼ਣ ਦੀ ਵਾਜਬੀਅਤ ਵਿਚ ਨਕਸ਼ਾਂ ਨੂੰ ਵੀ ਵਰਤਿਆ ਗਿਆ ਹੈ। ਹੁਣ ਇਹ ਪੂਰਵ-ਧਾਰਨਾਵਾਂ ਖਤਮ ਹੋ ਰਹੀਆਂ ਹਨ। ਖੋਜ ਅਤੇ ਸਮਾਜਕ ਅਮਲ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਕਿਸੇ ਦਾ ਚੌੜਾ ਮੱਥਾ ਜਾਂ ਵੱਡੇ ਪੈਰ ਦੇਖ ਕੇ ਉਸ ਦੀ ਪ੍ਰਤਿਭਾ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ।

ਸਿਆਸਤ ਅਤੇ ਕੂਟਨੀਤੀ ਦੇ ਖੇਤਰ ਵਿਚ ਅਮਰੀਕਾ ਦੇ ਸਾਬਕਾ ਸਿਆਹ ਰਾਸ਼ਟਰਪਤੀ ਬਰਾਕ ਉਬਾਮਾ ਦਾ ਛੋਟਾ ਜਿਹਾ ਮੱਥਾ ਅਤੇ ਨਿੱਕਾ ਜਿਹਾ ਸਿਰ, ਗੋਰੇ ਰਾਸ਼ਟਰਪਤੀ ਟਰੰਪ ਦੇ ਚੌੜੇ ਮੱਥੇ ਤੇ ਦੁੱਗਣੇ ਸਿਰ ਨਾਲ ਮੜਿੱਕਦਾ ਦੇਖਿਆ ਜਾ ਸਕਦਾ ਹੈ। 'ਵੱਡਾ ਸਿਰ' ਵੱਡਾ ਲਫਾਫਾ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਲੰਮੇ ਅਤੇ ਛੋਟੇ ਦੇ ਜੁੱਟ ਨੇ ਵੀ ਕਈ ਕਿਸਮ ਦੀਆਂ ਪੂਰਵ-ਧਾਰਨਾਵਾਂ ਬਣਾਈਆਂ ਹੋਈਆਂ ਹਨ। ਲੰਮਿਆਂ ਨੇ ਛੋਟੇ (ਬੌਣੇ) ਨੂੰ ਨਾਕਾਰਾਤਮਕ ਵਿਸ਼ੇਸ਼ਣ ਵਜੋਂ ਵਰਤਣਾ ਸ਼ੁਰੂ ਕੀਤਾ ਹੋਇਆ ਹੈ। ਜਦੋਂ ਅਸੀਂ ਕਹਿੰਦੇ ਹਾਂ, ਉਹ 'ਬੌਣੀ ਸੋਚ' ਵਾਲਾ ਸ਼ਖਸ ਹੈ, ਉਦੋਂ ਅਸੀਂ ਆਪਣੇ ਲੰਮੇ ਕੱਦ ਨੂੰ ਅਣਜਾਣੇ ਹੀ ਵੱਡਿਆਉਂਦਿਆਂ ਛੋਟੇ ਦੀ ਹੇਠੀ ਕਰ ਰਹੇ ਹੁੰਦੇ ਹਾਂ। ਜਦੋਂ ਕਿ ਦੋਨੋਂ ਗੁਣ ਚੋਣ ਦਾ ਨਤੀਜਾ ਨਹੀਂ। ਸਮਾਜ ਵਿਚ ਬਹੁਤ ਸਾਰੇ ਲੰਮੇ ਬੰਦੇ ਹਨ, ਜਿਨ੍ਹਾਂ ਦੀ ਦੇਣ ਬੜੀ ਛੋਟੀ ਹੈ, ਬਹੁਤ ਸਾਰੇ ਛੋਟੇ ਕੱਦ ਵਾਲੇ ਹੋਣਗੇ, ਜਿਨ੍ਹਾਂ ਨੇ ਸਮਾਜਕ ਵਿਕਾਸ ਵਿਚ ਵੱਡਾ ਹਿੱਸਾ ਪਾਇਆ ਹੋਵੇ। ਸੰਸਾਰ ਪ੍ਰਸਿੱਧ ਮਾਰਕਸੀ ਚਿੰਤਕ ਗ੍ਰਾਮਸੀ ਛੋਟੇ ਕੱਦ ਵਾਲਾ ਵੱਡਾ ਚਿੰਤਕ ਸੀ। ਮੁੱਖ ਧਾਰਾ ਦੇ ਸਿਆਸੀ ਆਗੂਆਂ ਵਿਚ ਛੋਟੇ ਕੱਦ ਵਾਲਾ ਲਾਲ ਬਹਾਦਰ ਸ਼ਾਸਤਰੀ, ਚੌੜੇ ਮੋਢਿਆਂ ਵਾਲੇ ਲੰਮੇ ਨਰਿੰਦਰ ਮੋਦੀ ਨਾਲੋਂ ਕਿਤੇ ਵੱਡਾ ਆਗੂ ਸੀ। ਸਾਨੂੰ ਛੋਟੇ ਕਦ ਪ੍ਰਤੀ ਆਪਣਾ ਪੱਖਪਾਤੀ ਰਵੱਈਆ ਛੱਡਣਾ ਚਾਹੀਦਾ ਹੈ।

ਛੋਟੇ ਕੱਦ ਵਾਲੇ ਇਸਤਰੀ-ਪੁਰਸ਼ ਵੀ ਲੰਮਿਆਂ ਜਿੰਨੇ ਹੀ ਪਿਆਰ ਅਤੇ ਸਤਿਕਾਰ ਦੇ ਪਾਤਰ ਹਨ। ਇਹ ਬਦਲਾਓ ਸਾਡੀ ਗੱਲਬਾਤ ਵਿਚ ਦਿਸਣਾ ਚਾਹੀਦਾ ਹੈ। ਇਸ ਲਈ 'ਬੌਣੀ ਸੋਚ' ਦੀ ਥਾਂ 'ਛੋਟੀ ਸੋਚ' ਜਾਂ 'ਸੌੜੀ ਸੋਚ' ਵਰਤਿਆ ਜਾਣਾ ਜ਼ਿਆਦਾ ਮੁਨਾਸਿਬ ਹੈ। ਕੱਦ ਦੇ ਆਧਾਰ 'ਤੇ ਛੁਟਿਆਉਣਾ ਬੰਦ ਹੋਣਾ ਚਾਹੀਦਾ ਹੈ। ਇਸ ਫੰਡਰ ਜਿਹੇ ਵਿਰੋਧ ਵਿਚੋਂ ਹੀ ਛੋਟਿਆਂ ਨੂੰ ਲੰਮਿਆਂ ਬਾਰੇ ਇਹ ਕਹਿਣਾ ਪਿਆ, 'ਲੰਮਿਆਂ ਦੀ ਮੱਤ ਗਿੱਟਿਆਂ ਵਿਚ ਹੁੰਦੀ ਹੈ।' ਕਈ ਵਾਰ ਕਿਸੇ ਦੇ ਇੱਕ ਅੱਧ ਗਲਤ ਕੰਮ ਨੂੰ ਦੇਖ ਕੇ ਅਸੀਂ ਕਹਿ ਦਿੰਦੇ ਹਾਂ ਕਿ ਉਹ ਬੜਾ ਮਾੜਾ ਬੰਦਾ ਹੈ। ਉਸ ਦੇ ਸਮੁੱਚੇ ਕਿਰਦਾਰ ਦਾ ਸਾਨੂੰ ਨਹੀਂ ਪਤਾ ਹੁੰਦਾ। ਕਹਿਣਾ ਇਹ ਬਣਦਾ ਹੈ, ਉਸ ਦੀ ਇਹ ਜਾਂ ਉਹ ਗੱਲ 'ਮਾੜੀ' ਹੈ। ਦੋਹਾਂ 'ਚ ਜਮੀਨ ਅਸਮਾਨ ਦਾ ਫਰਕ ਪੈ ਜਾਂਦਾ ਹੈ। ਜਦੋਂ ਅਸੀਂ ਬੰਦੇ ਬਾਰੇ ਫਤਵਾ ਦਿੰਦੇ ਹਾਂ, ਤਾਂ ਅਸੀਂ ਉਸ ਦੀ ਸਮੁੱਚੀ ਸ਼ਖਸੀਅਤ ਨੂੰ ਨਕਾਰ ਰਹੇ ਹੁੰਦੇ ਹਾਂ। ਉਸ ਨਾਲੋਂ ਤੋੜ ਵਿਛੋੜਾ ਕਰ ਲੈਂਦੇ ਹਾਂ। ਪਰ ਜੇ ਅਸੀਂ ਉਸ ਦੀ 'ਗੱਲ' ਨੂੰ ਮਾੜਾ ਕਹਿੰਦੇ ਹਾਂ, ਤਾਂ ਉਸ ਵਿਚ ਚੰਗਿਆਈ ਦੇ ਅੰਸ਼ ਦੇਖ ਰਹੇ ਹੁੰਦੇ ਹਾਂ, ਜਿਸ ਵਿਚ ਟੁੱਟੀ ਗੰਢਣ ਦੇ ਤੇ ਨੇੜ ਹੋਣ ਦੇ ਆਸਾਰ ਪਏ ਹੁੰਦੇ ਹਨ।

ਇਲਾਕਾਪ੍ਰਸਤੀ ਵੀ ਸਾਨੂੰ ਇਕ ਦੂਜੇ ਤੋਂ ਦੂਰ ਕਰਨ ਜਾਂ ਇੱਕ ਦੂਜੇ ਬਾਰੇ ਗਲਤ ਧਾਰਨਾਵਾਂ ਬਣਾਉਣ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ। ਅਮਰੀਕਾ ਵਿਚ ਇਕ ਜਨਤਕ ਜਥੇਬੰਦੀ 'ਚੋਂ ਇੱਕ ਮਲਵਈ ਧੜਾ ਇਸ ਕਰਕੇ ਅਲੱਗ ਹੋ ਗਿਆ ਕਿ ਉਨ੍ਹਾਂ ਨੂੰ ਇਸ 'ਤੇ 'ਮਝੈਲਾਂ ਅਤੇ ਦੁਆਬੀਆਂ' ਦਾ ਕਬਜਾ ਪਚਦਾ ਨਹੀਂ ਸੀ। ਅੰਮ੍ਰਿਤਸਰ ਇਲਾਕੇ ਦੇ ਕਾਰੋਬਾਰੀ ਗੁਰਦੀਪ ਨਿੱਝਰ ਦਾ ਕਹਿਣਾ ਹੈ ਕਿ ਪਹਿਲਾਂ ਮਾਝੇ ਵਾਲੇ ਮਲਵਈਆਂ ਨੂੰ 'ਜਾਹਲ' ਸਮਝਦੇ ਸਨ, ਪਰ ਹੁਣ ਇਹ ਧਾਰਨਾ ਬਦਲ ਰਹੀ ਹੈ। ਮਲਵਈਆਂ ਲਈ ਮਝੈਲ 'ਧੱਕੜ, ਬੇਇਤਬਾਰੇ' ਸਨ। ਆਪਸੀ ਮੇਲ ਮਿਲਾਪ ਦੇ ਵਧਣ ਨਾਲ ਇਹ ਕੰਧਾਂ ਢਹਿ ਰਹੀਆਂ ਹਨ। ਕਿਸੇ ਵਿਸ਼ੇਸ਼ ਜਨ-ਸਮੂਹ ਬਾਰੇ ਅਜਿਹੇ ਫਤਵੇ ਹਾਲੇ ਵੀ ਸੁਣਨ ਨੂੰ ਮਿਲ ਜਾਂਦੇ ਹਨ। ਕੋਈ ਸ਼ਬਦ ਕਿਸੇ ਬਾਰੇ ਥੋਨੂੰ ਕਿੰਨਾ ਪੱਖਪਾਤੀ ਬਣਾ ਦਿੰਦਾ ਹੈ, ਇਸ ਦਾ ਛੇਤੀ ਛੇਤੀ ਪਤਾ ਨਹੀਂ ਲੱਗਦਾ। ਇੱਕ ਬੰਦੇ ਬਾਰੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਹ ਦੱਸਿਆ ਗਿਆ ਕਿ ਉਹ 'ਅਨਸੋਸ਼ਲ' ਹੈ, ਪਰਿਵਾਰਕ ਸਮਾਗਮਾਂ 'ਤੇ ਘੱਟ ਜਾਂਦਾ ਹੈ, ਰਲਦਾ-ਮਿਲਦਾ ਨਹੀਂ। ਹੋਇਆ ਇਹ ਕਿ ਕਈ ਮਹੀਨੇ ਤੇ ਸਾਲ ਲੰਘ ਗਏ, ਪਰ ਸੁਣੀ ਸੁਣਾਈ ਪੂਰਵ-ਧਾਰਨਾ ਕਰਕੇ ਉਸ ਨਾਲ ਨੇੜਤਾ ਵਧਾਉਣ ਦੀ ਲੋੜ ਹੀ ਮਹਿਸੂਸ ਨਾ ਹੋਈ। ਇੱਕ ਵਾਰ ਸਬੱਬੀਂ ਉਸ ਦੇ ਘਰ ਜਾਣ ਦਾ ਮੌਕਾ ਮਿਲਿਆ। ਉਸ ਦਾ ਡਰਾਇੰਗ ਰੂਮ ਲਾਇਬ੍ਰੇਰੀ ਵਰਗਾ ਸੀ। ਉਹ ਰਿਟਾਇਰਡ ਪ੍ਰੋਫੈਸਰ ਅਤੇ ਵਾਤਾਵਰਣ ਪ੍ਰੇਮੀ ਸੀ। ਪਤਾ ਲਗਦਾ ਹੈ, ਸ਼ਾਮ ਨੂੰ ਸੈਰ ਕਰਦਿਆਂ ਉਹ ਰਾਹ ਵਿਚ ਪਈਆਂ ਖਾਲੀ ਬੋਤਲਾਂ ਅਤੇ ਕਾਗਜ ਚੁਗਦਾ ਜਾਂਦਾ ਹੈ। ਯੂਨੀਵਰਸਿਟੀ ਦੀ ਕੰਟੀਨ 'ਚ ਬੈਠਣਾ ਅਤੇ ਵਿਦਿਆਰਥੀਆਂ ਨੂੰ ਗਾਈਡ ਕਰਨਾ ਉਸ ਦਾ ਸ਼ੌਕ ਹੈ। ਪਾਣੀ ਦੀ ਸੁਯੋਗ ਵਰਤੋਂ ਬਾਰੇ ਲਿਖਣਾ, ਪੜ੍ਹਨਾ ਅਤੇ ਪ੍ਰਚਾਰਨਾ ਉਸ ਦਾ ਜੀਵਨ-ਮਨੋਰਥ ਹੈ। ਉਸ ਦੀਆਂ ਗੱਲਾਂ ਸੁਣ ਕੇ ਬੜੀ ਸ਼ਰਮਿੰਦਗੀ ਹੋਈ। ਉਹ ਨਾ ਕੰਜੂਸ ਸੀ, ਨਾ ਹੀ ਅਨਸੋਸ਼ਲ। ਉਹ ਬੜਾ 'ਸੰਜਮੀ ਅਤੇ ਜ਼ਿੰਮੇਵਾਰ' ਸ਼ਖਸ ਨਿਕਲਿਆ। 'ਸੋਸ਼ਲ' ਹੋਣ ਦੇ ਸਹੀ ਅਰਥਾਂ ਦਾ ਪਤਾ ਉਸ ਨੂੰ ਮਿਲਣ ਉਪਰੰਤ ਲੱਗਾ। ਹੁਣ ਤੱਕ ਇਹੀ ਧਾਰਨਾ ਬਣੀ ਰਹੀ ਹੈ ਕਿ ਵਿਆਹ-ਮੰਗਣੇ, ਗ੍ਰਹਿ-ਪ੍ਰਵੇਸ਼, ਜਨਮ-ਦਿਨ ਪਾਰਟੀਆਂ 'ਤੇ ਸੱਦਣਾ ਅਤੇ ਜਾਣਾ ਹੀ 'ਸੋਸ਼ਲ' ਹੋਣਾ ਹੈ।

ਇਜ਼ਹਾਰਾਂ ਵਿਚਲੇ ਭੁਲਾਵੇ ਬੜੇ ਭੁਲੇਖਾ ਪਾਊ ਹੋ ਸਕਦੇ ਹਨ। ਇਹ ਬੇਵਜ੍ਹਾ ਦੂਰੀਆਂ ਹੀ ਪੈਦਾ ਨਹੀਂ ਕਰਦੇ, ਰਿਸ਼ਤਿਆਂ ਵਿਚ ਤ੍ਰੇੜਾਂ ਪਾਉਂਦੇ ਹਨ। ਸ਼ਬਦਾਂ-ਸੰਕਲਪਾਂ ਦੀ ਵਰਤੋਂ ਵਿਚ ਸੁਚੱਜ ਲਿਆਉਣ ਲਈ ਕੋਸ਼ਿਸ਼ਾਂ ਕਰਦੇ ਰਹਿਣਾ ਚਾਹੀਦਾ ਹੈ। ਇਹ ਕੋਈ ਜੱਗੋਂ ਤੇਰਵੀਂ ਗੱਲ ਨਹੀਂ ਹੈ। ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਸੁੱਤੇ ਸਿੱਧ ਹੁੰਦੀਆਂ ਰਹਿੰਦੀਆਂ ਹਨ। ਘਰ ਵਿਚ ਹੋਈ ਮੌਤ ਬਾਰੇ ਇਹ ਨਹੀਂ ਕਿਹਾ ਜਾਂਦਾ ਕਿ 'ਫਲਾਣਾ ਮਰ ਗਿਆ ਹੈ।' ਅਸੀਂ ਕਹਿੰਦੇ ਹਾਂ, ਚਲਾਣਾ ਕਰ ਗਿਆ, ਸਦੀਵੀ ਵਿਛੋੜਾ ਦੇ ਗਿਆ ਆਦਿ। ਇਜ਼ਹਾਰਾਂ ਵਿਚਲੇ ਕੱਜ ਨੂੰ ਦੂਰ ਕਰਨ ਲਈ ਇਸ ਸਿਲਸਿਲੇ ਨੂੰ ਹੋਰ ਵਧਾਇਆ ਜਾ ਸਕਦਾ ਹੈ। ਆਉਣ ਵਾਲੇ ਵਰ੍ਹੇ ਵਿਚ ਹੋਰ ਕੰਮਾਂ ਦੇ ਨਾਲ ਆਪਾਂ ਸ਼ਬਦ-ਸਾਧਨਾਂ ਦੇ ਕਾਰਜ ਨੂੰ ਵੀ ਜੋੜੀਏ। ਦੇਖੀਏ ਕਿ ਅਸੀਂ ਵੱਖ ਵੱਖ ਅਕੀਦਿਆਂ ਅਤੇ ਆਸਥਾਵਾਂ ਵਾਲੇ ਖੁਦ ਬਾਰੇ, ਦੂਜਿਆਂ ਬਾਰੇ, ਸਿਆਸੀ ਆਗੂਆਂ ਬਾਰੇ ਕੀ ਕੀ ਪੂਰਵ-ਧਾਰਨਾਵਾਂ ਬਣਾਈਆਂ ਹੋਈਆਂ ਹਨ, ਉਹ ਕਿੱਥੋਂ ਤੱਕ ਸੱਚੀਆਂ ਹਨ? ਇਹ ਸ਼ਬਦੀ ਨਿਰਖ-ਪਰਖ ਲੋਕਾਂ, ਚੀਜ਼ਾਂ ਅਤੇ ਖਿਆਲਾਂ ਨਾਲ ਸਾਡੇ ਸਬੰਧਾਂ ਨੂੰ ਸੰਵਾਰੇਗੀ, ਨਿਖਾਰੇਗੀ, ਡੂੰਘਿਆਂ ਕਰੇਗੀ।

## ਸ਼ਖਸੀਅਤਾਂ

## ਏਨਾ ਸੱਚ ਨਾ ਲਿਖ ਮਾਧੋਪੁਰੀ-2

# ਬਲਬੀਰ ਮਾਧੋਪੁਰੀ ਦੀਆਂ ਬਾਤਾਂ

***ਪੰਜਾਬੀ ਸਾਹਿਤ ਜਗਤ ਵਿਚ ਬਲਬੀਰ ਮਾਧੋਪੁਰੀ ਦਾ ਆਪਣਾ ਮੁਕਾਮ ਹੈ। ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਨਾਲ ਉਸ ਦੀ ਇਹ ਪਛਾਣ ਬਹੁਤ ਗੂੜ੍ਹੀ ਹੋਈ ਹੈ। ਇਸ ਸਵੈ-ਜੀਵਨੀ ਦੇ ਕਈ ਅਡੀਸ਼ਨ ਤਾਂ ਛਪ ਹੀ ਚੁਕੇ ਹਨ, ਆਕਸਫੋਰਡ ਯੂਨੀਵਰਸਿਟੀ ਨੇ ਇਸ ਦਾ ਅੰਗਰੇਜ਼ੀ ਅਨੁਵਾਦ ਛਾਪਿਆ ਹੈ। ਇਹ ਕਿਤਾਬ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਚੁਕੀ ਹੈ। ਇਸ ਸਵੈ-ਜੀਵਨੀ ਦੇ ਅੰਸ਼ 'ਪੰਜਾਬ ਟਾਈਮਜ਼' ਦੇ ਪਾਠਕ ਗਾਹੇ-ਬਗਾਹੇ ਪੜ੍ਹ ਚੁਕੇ ਹਨ। ਹਰਜਿੰਦਰ ਸਿੰਘ ਸੂਰੇਵਾਲੀ ਨੇ ਬਲਬੀਰ ਮਾਧੋਪੁਰੀ ਬਾਰੇ ਲੰਮੇ ਲੇਖ ਲਿਖਿਆ ਹੈ, ਜੋ ਅਸੀਂ ਦੋ ਕਿਸ਼ਤਾਂ ਵਿਚ ਛਾਪ ਰਹੇ ਹਾਂ। ਇਸ ਦੀ ਦੂਜੀ ਤੇ ਆਖਰੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਵਧੀਆ ਸਰਕਾਰੀ ਨੌਕਰੀ ਮਿਲਣ ਨਾਲ ਉਸ ਦੀ ਆਪਣੀ ਜ਼ਿੰਦਗੀ ਦਾ ਸਫਰ ਤਾਂ ਹਨੇਰੇ ਤੋਂ ਚਾਨਣ ਵਿਚ ਪਰਵੇਸ਼ ਕਰ ਗਿਆ ਪਰ ਉਸ ਸਮੇਂ ਪੰਜਾਬ ਦਾ ਮਾਹੌਲ ਕਾਲੇ ਦੌਰ ਵਿਚ ਦਾਖਲ ਹੋ ਚੁਕਾ ਸੀ। ਕੋਈ ਪਤਾ ਨਹੀਂ ਸੀ ਹੁੰਦਾ, ਸਵੇਰੇ ਘਰੋਂ ਨਿਕਲੇ ਬੰਦੇ ਨੇ ਸ਼ਾਮੀਂ ਘਰ ਮੁੜਨਾ ਹੈ ਜਾਂ ਨਹੀਂ। ਕਾਮਰੇਡਾਂ 'ਤੇ ਤਾਂ ਖਾਸ ਕਰ ਖਤਰੇ ਦੇ ਬੱਦਲ ਮੰਡਰਾਉਂਦੇ ਰਹਿੰਦੇ ਸਨ। ਇਕ ਵਾਰ ਡੂੰਘੇ ਹਨੇਰੇ ਜਦੋਂ ਉਹ ਆਪਣੇ ਪਿੰਡ ਨੂੰ ਜਾ ਰਿਹਾ ਸੀ ਤਾਂ ਏ. ਕੇ. ਸੰਤਾਲੀ ਨਾਲ ਲੈਸ ਦੋ ਅਤਿਵਾਦੀ ਲੁਟੇਰਿਆਂ ਨੇ ਉਸ ਦਾ ਪਰਸ ਅਤੇ ਘੜੀ ਲੁੱਟ ਲਏ ਤੇ ਉਸ ਦੇ ਸਿਰ 'ਤੇ ਪੱਗ ਬੰਨ੍ਹੀ ਹੋਣ ਕਰਕੇ ਅਹਿਸਾਨ ਕਰਦਿਆਂ ਕਿਹਾ ਸੀ ਕਿ ਸਿੱਖ ਭਰਾ ਹੋਣ ਕਰਕੇ ਤੇਰੀ ਜਾਨ ਬਖਸ਼ ਰਹੇ ਹਾਂ। ਪਿੰਡ ਆ ਕੇ ਉਹ ਸਿੱਧਾ ਬੰਦੂਕ ਵਾਲੇ ਫੌਜੀ ਦੇ ਘਰ ਗਿਆ ਤਾਂ ਕਿ ਉਸ ਦੀ ਬੰਦੂਕ ਲੈ ਕੇ ਉਨ੍ਹਾਂ ਲੁਟੇਰਿਆਂ ਦਾ ਪਿੱਛਾ ਕੀਤਾ ਜਾ ਸਕੇ ਪਰ ਫੌਜੀ ਦੀ ਬੰਦੂਕ ਤਾਂ ਠਾਣੇ ਵਾਲਿਆਂ ਆਪਣੇ ਪਾਸ ਜਮ੍ਹਾ ਕਰਵਾਈ ਹੋਈ ਸੀ। ਫਿਰ ਵੀ ਉਸ ਨੇ ਆਪਣੇ ਘਰਾਂ ਦੇ

**ਹਰਜਿੰਦਰ ਸਿੰਘ ਸੂਰੇਵਾਲੀਆ**
**ਫੋਨ:+91-95010-50016**

ਪੰਜ-ਛੇ ਨੌਜਵਾਨ ਨਾਲ ਲੈ ਕੇ ਡਾਂਗਾਂ ਨਾਲ ਹੀ ਦੂਰ ਤਕ ਖਾੜਕੂ-ਲੁਟੇਰਿਆਂ ਦਾ ਪਿੱਛਾ ਕੀਤਾ।

ਤੇ ਫਿਰ ਉਸ ਦੀ ਜ਼ਿੰਦਗੀ ਵਿਚ ਇਕ ਹੋਰ ਵੱਡਾ ਮੋੜ ਆ ਗਿਆ। ਉਸ ਦੀ ਤਰੱਕੀ ਹੋਣ ਦੇ ਨਾਲ ਹੀ ਮਾਰਚ 1987 ਵਿਚ ਬਦਲੀ ਦਿੱਲੀ ਦੀ ਹੋ ਜਾਣ ਕਾਰਨ ਉਸ ਦੀ ਬਚਪਨ ਦੀ ਦਿੱਲੀ ਜਾ ਕੇ ਵਸਣ ਦੀ ਰੀਝ ਵੀ ਪੂਰੀ ਹੋ ਗਈ। ਹੁਣ ਉਹ ਗਜ਼ਟਿਡ ਅਫਸਰ ਬਣ ਗਿਆ ਸੀ। ਆਪਣੀ ਖੁਸ਼ੀ ਸਾਂਝੀ ਕਰਨ ਉਹ ਆਪਣੀ ਪਾਰਟੀ ਦੇ ਦਫਤਰ ਗਿਆ ਤਾਂ ਜ਼ਿਲ੍ਹਾ ਸਕੱਤਰ ਨੇ ਉਸ ਨੂੰ ਵਧਾਈ ਤਾਂ ਦਿੱਤੀ ਪਰ ਨਾਲ ਹੀ ਦੋ-ਟੁੱਕ ਸਲਾਹ ਦੇ ਦਿੱਤੀ ਕਿ ਅਸੀਂ ਚਾਹਾਂਗੇ ਕਿ ਅੱਗੇ ਤੋਂ ਤੂੰ ਏਥੇ ਨਾ ਆਵੀਂ, ਕਿਉਂਕਿ ਤੂੰ ਵੀ ਹੁਣ ਮੈਨੇਜਮੈਂਟ ਦਾ ਹਿੱਸਾ ਬਣ ਗਿਆ ਏਂ। ਉਸ ਦਾ ਭਾਈਆ ਤਾਂ ਕਾਮਰੇਡਾਂ ਤੋਂ ਉਸ ਦਾ ਖਹਿੜਾ ਛੁੱਟ ਜਾਣ 'ਤੇ ਬਹੁਤ ਖੁਸ਼ ਸੀ। ਭਾਈਏ ਨੂੰ ਪਤਾ ਸੀ ਕਿ ਜਲੰਧਰ ਰਹਿੰਦਿਆਂ ਉਸ ਨੇ ਕਾਮਰੇਡਾਂ ਦਾ ਸਾਥ ਨਹੀਂ ਸੀ ਛੱਡਣਾ। ਉਹ ਕਹਿੰਦਾ ਹੁੰਦਾ ਸੀ, ਬਲਬੀਰ ਤਾਂ ਸਾਧ ਦੇ ਕੁੱਤੇ ਵਾਂਗੂੰ ਜਿਥੇ ਕੋਈ ਬਗਲ ਵਿਚ ਝੋਲਾ ਚੁੱਕੀ ਕਾਮਰੇਡ ਦੇਖ ਲੈਂਦਾ, ਓਸੇ ਮਗਰ ਹੀ ਤੁਰ ਪੈਂਦਾ ਹੈ, ਪਰ ਬਲਬੀਰ ਉਦਾਸ ਸੀ, ਉਸ ਨੂੰ ਬਹੁਤ ਕੁਝ ਖੁੱਸਦਾ ਜਾਪਿਆ ਤੇ ਲੱਗਾ, ਜਿਵੇਂ ਮੋਰਚੇ 'ਤੇ ਸ਼ਿੱਦਤ ਅਤੇ ਸੁਹਿਰਦਤਾ ਨਾਲ ਲੜ ਰਿਹਾ ਕੋਈ ਸਿਪਾਹੀ ਜ਼ਖਮੀ ਤੇ ਫਿਰ ਅਪਾਹਜ ਹੋ ਗਿਆ ਹੋਵੇ। ਪਾਰਟੀ ਨੇ ਇਕ ਤਰ੍ਹਾਂ ਉਸ ਲਈ ਬੂਹੇ ਬੰਦ ਕਰ ਦਿੱਤੇ ਸਨ। ਫਿਰ ਵੀ ਉਹ ਸਮਾਜਕ ਤੇ ਆਰਥਕ ਨਾਬਰਾਬਰੀ ਖਿਲਾਫ ਡਟੇ ਰਹਿਣ ਦਾ ਪ੍ਰਣ ਕਰਕੇ ਦਿੱਲੀ ਵੱਲ ਤੁਰ ਪਿਆ।

ਬਲਬੀਰ ਮਾਧੋਪੁਰੀ ਅਫਸਰ ਬਣ ਕੇ ਦਿੱਲੀ ਤਾਂ ਪਹੁੰਚ ਗਿਆ ਪਰ ਇਹ ਦਿੱਲੀ, ਦਿਲ ਵਾਲੀ ਨਹੀਂ ਸੀ। ਉਸ ਦਾ ਜੀਵਨ ਸੰਘਰਸ਼ ਅਜੇ ਵੀ ਖਤਮ ਨਹੀਂ ਸੀ ਹੋਇਆ, ਬਲਕਿ ਨਵੀਂ ਕਿਸਮ ਦਾ ਜੀਵਨ ਸੰਘਰਸ਼ ਸ਼ੁਰੂ ਹੋ ਗਿਆ ਸੀ ਤੇ ਇਸ ਸਿਰੜੀ ਤੇ ਯੋਧੇ ਮਨੁੱਖ ਨੇ ਜੀਵਨ ਸੰਘਰਸ਼ ਦੀ ਇਹ ਲੜਾਈ ਵੀ ਬੜੀ ਸ਼ਿੱਦਤ ਨਾਲ ਲੜੀ। ਉਹ ਤਾਂ ਸ਼ੁਰੂ ਤੋਂ ਹੀ ਫਿਕਰਾਂ ਅਤੇ ਸੰਸੇ ਝੋਰਿਆਂ ਨੇ ਘੇਰਿਆ ਹੋਇਆ ਸੀ ਤੇ ਵੱਡਾ ਸਰਕਾਰੀ ਅਫਸਰ ਬਣਨ 'ਤੇ ਵੀ ਉਸ ਦੇ ਇਹ ਸੰਸੇ ਝੋਰੇ ਨਾ ਮੁੱਕੇ। 'ਪੋਹ ਦੀ ਚਾਨਣੀ ਤੇ ਗਰੀਬ ਦੀ ਜਵਾਨੀ ਬਿਨਾ ਮਾਣੇ ਲੰਘ ਜਾਂਦੀ ਆ' ਵਾਂਗ ਉਹ ਵੀ ਉਮਰਾਂ ਦੇ ਤਿੰਨ ਦਹਾਕੇ ਪਾਰ ਕਰ ਗਿਆ ਤਾਂ ਉਸ ਨੂੰ ਵੀ ਆਪਣੇ ਵਿਆਹ ਦਾ ਖਿਆਲ ਆਇਆ। ਉਸ ਨੂੰ ਸਰਕਾਰੀ ਸੇਵਾ ਵਿਚ ਆਏ ਨੂੰ ਵੀ ਹੁਣ ਦਹਾਕਾ ਹੋ ਚੱਲਿਆ ਸੀ। ਸਾਦੇ ਜਿਹੇ ਵਿਆਹ ਪਿਛੋਂ ਸੁੰਦਰ, ਸੁਸ਼ੀਲ ਤੇ ਸੁਘੜ ਸਿਆਣੀ ਪਤਨੀ ਹਰਜਿੰਦਰ ਕੌਰ ਉਸ ਦੀ ਜ਼ਿੰਦਗੀ ਵਿਚ ਆਈ, ਜੋ ਹਰ ਦੁੱਖ-ਸੁੱਖ ਵਿਚ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਰਹੀ ਹੈ। ਇਸ ਔਰਤ ਦੇ ਸਾਥ ਅਤੇ ਮਦਦ ਬਿਨਾ ਉਸ ਦਾ ਅੱਜ ਦੇ ਸਥਾਨ 'ਤੇ ਪਹੁੰਚਣਾ ਨਾਮੁਮਕਿਨ ਸੀ। ਘਰ ਅਤੇ ਬੱਚਿਆਂ ਦੀ ਦੇਖਭਾਲ ਤੋਂ ਇਲਾਵਾ ਉਹ ਉਸ ਦੇ ਪਰੂਫ ਰੀਡਿੰਗ ਦੇ ਕੰਮ ਵਿਚ ਵੀ ਸਹਿਯੋਗ ਦਿੰਦੀ। ਉਸ ਦੇ ਸਾਥ ਵਿਚ ਸਮਾਂ ਤਾਂ ਖੰਭ ਲਾ ਕੇ ਉਡ ਰਿਹਾ ਸੀ ਤੇ ਛੇ ਕੁ ਸਾਲਾਂ ਵਿਚ ਹੀ ਉਹ ਤਿੰਨ ਬੱਚਿਆਂ ਦਾ ਬਾਪ ਬਣ ਗਿਆ। ਓਧਰ ਤਿੰਨਾਂ ਭੈਣਾਂ ਅਤੇ ਵੱਡੇ ਭਰਾ ਦੇ ਵਿਆਹ 'ਤੇ ਹੋਏ ਖਰਚੇ ਨੇ ਉਸ ਨੂੰ ਆਰਥਕ ਤੰਗੀਆਂ ਦੇ ਡੂੰਘੇ ਸਮੁੰਦਰ ਵਿਚ ਸੁੱਟ ਦਿੱਤਾ। ਹੁਣ ਤਕ ਉਹ ਆਪਣੇ ਵੱਡੇ ਭਰਾ ਦੇ ਘਰ ਹੀ ਰਹਿੰਦਾ ਸੀ ਤੇ ਦੋਵੇਂ ਰਲ ਮਿਲ ਕੇ ਘਰ ਚਲਾ ਰਹੇ ਸਨ ਪਰ ਮਹਿੰਗਾਈ ਅਤੇ ਕਬੀਲਦਾਰੀ ਦੇ ਖਰਚਿਆਂ ਵਿਚ ਵਾਧੇ ਕਰਕੇ ਘਰ ਦੇ ਮਾਹੌਲ ਵਿਚ ਹਰ ਸਮੇਂ ਤਣਾਅ ਰਹਿਣ ਲੱਗਾ, ਤੇ ਇਕ ਦਿਨ ਉਸ ਦੇ ਵੱਡੇ ਭਰਾ-ਭਰਜਾਈ ਨੇ ਸਪਸ਼ਟ ਹੀ ਉਨ੍ਹਾਂ ਨੂੰ ਆਪਣੇ ਘਰੋਂ ਜਾਣ ਲਈ ਕਹਿ ਦਿੱਤਾ ਤਾਂ ਉਸ ਨੂੰ ਲੱਗਾ, 'ਜਿਵੇਂ ਘਰ-ਪਰਿਵਾਰ ਨੂੰ ਅੱਗੇ ਲਿਜਾਣ ਦੇ ਮੇਰੇ ਖਿਆਲਾਂ ਦੀ ਇਮਾਰਤ ਪਿਛਲੇ ਦਿਨੀਂ ਢਾਹੀ ਬਾਬਰੀ ਮਸਜਿਦ ਵਾਂਗ ਢਹਿ ਢੇਰੀ ਕਰ ਦਿੱਤੀ ਗਈ ਹੋਵੇ, ਜਿਸ ਨੂੰ ਬਰਕਰਾਰ ਰੱਖਣ ਦਾ ਮੇਰਾ ਦ੍ਰਿੜ ਇਰਾਦਾ ਸੀ...।'

ਫਿਰ ਉਸ ਲਈ ਦਿੱਲੀ ਵਿਚ ਕਿਰਾਏ ਦੇ ਮਕਾਨ ਹਾਸਲ ਕਰਨ ਦੀ ਲੰਮੀ ਲੜਾਈ ਸ਼ੁਰੂ ਹੋ ਗਈ। ਮਕਾਨ ਮਾਲਕ ਸੌ-ਸੌ ਨਖਰੇ ਕਰ ਕੇ ਮਕਾਨ ਕਿਰਾਏ 'ਤੇ ਦਿੰਦੇ, ਤੇ ਨਾਲ ਹੀ ਅਨੇਕ ਸ਼ਰਤਾਂ ਲਾ ਦਿੰਦੇ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਦੀ ਜਾਤ ਬਰਾਦਰੀ ਆਦਿ ਪੁੱਛੀ ਜਾਂਦੀ ਤੇ ਉਹ ਪਤੀ-ਪਤਨੀ ਆਪਣੀ ਜਾਤ ਲੁਕਾਉਣ ਦੀ ਕੋਸ਼ਿਸ਼ ਕਰਦੇ ਕਦੇ ਸਫਲ ਹੁੰਦੇ ਤੇ ਕਦੇ ਨਾ। ਜਾਤੀ ਦੇ ਕਲੰਕ ਨੇ ਦਿੱਲੀ ਆਉਣ 'ਤੇ ਵੀ ਉਸ ਦਾ ਖਹਿੜਾ ਨਹੀਂ ਸੀ ਛੱਡਿਆ। ਉਹ ਸੋਚਦਾ, ਜਦੋਂ ਸਾਡਾ ਆਪਣਾ ਮਕਾਨ ਬਣ ਗਿਆ ਤਾਂ ਅਸੀਂ ਬਾਹਰਲੇ ਦਰ 'ਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਫੋਟੋ ਲਾ ਦੇਣੀ ਹੈ। ਛੋਟੀਆਂ ਭੈਣਾਂ ਦੇ ਵਿਆਹਾਂ 'ਤੇ ਹੋਏ ਖਰਚੇ ਕਾਰਨ ਉਸ ਨੂੰ ਲਗਾਤਾਰ ਆਪਣੇ ਪ੍ਰਾਵੀਡੈਂਟ ਫੰਡ ਵਿਚੋਂ ਐਡਵਾਂਸ ਕਢਵਾਉਣਾ ਪੈਂਦਾ ਰਿਹਾ ਸੀ, ਜਿਸ ਕਰਕੇ ਉਸ ਦੀ ਬਹੁਤੀ ਤਨਖਾਹ ਕਿਸ਼ਤਾਂ ਵਿਚ ਹੀ ਚਲੀ ਜਾਂਦੀ। ਚੰਗੇ ਮਕਾਨਾਂ ਦਾ ਬਹੁਤਾ ਕਿਰਾਇਆ ਦੇਣ ਦੀ ਉਸ ਦੀ ਪੁੱਜਤ ਨਾ ਹੋਣ ਕਰਕੇ ਉਸ ਦਾ



*ਪਿੰਗਲਵਾੜਾ ਦੀ ਮੁਖੀ ਡਾ. ਇੰਦਰਜੀਤ ਕੌਰ ਨਾਲ ਬਲਬੀਰ ਮਾਧੋਪੁਰੀ।*

ਪਰਿਵਾਰ ਦਿੱਲੀ ਦੀਆਂ ਮਾੜੀਆਂ ਕਲੋਨੀਆਂ ਦੇ ਛੋਟੇ-ਛੋਟੇ ਮਕਾਨਾਂ ਵਿਚ ਜ਼ਿੰਦਗੀ ਬਸਰ ਕਰਨ ਲੱਗਾ। ਜੇ ਕੋਈ ਯਾਰ ਮਿੱਤਰ ਉਸ ਕੋਲ ਮਿਲਣ ਚਲਾ ਜਾਂਦਾ ਤਾਂ ਉਹ ਉਸ ਨੂੰ ਰਾਤ ਰਹਿਣ ਦੀ ਸੁਲਾਹ ਵੀ ਨਾ ਮਾਰ ਸਕਦਾ ਤੇ ਜਦੋਂ ਕੋਈ ਮਹਿਮਾਨ ਉਸ ਦੇ ਘਰੋਂ ਵਾਪਸ ਜਾ ਰਿਹਾ ਹੁੰਦਾ ਤਾਂ ਉਹ ਪਤਨੀ ਨੂੰ ਭਰੇ ਮਨ ਨਾਲ ਕਹਿੰਦਾ, 'ਹਰਜਿੰਦਰ, ਦੇਖ ਜਾਂਦੇ ਹੋਏ ਮਹਿਮਾਨ ਦੀ ਪਿੱਠ ਕਿੰਨੀ ਸੋਹਣੀ ਲੱਗਦੀ ਹੈ।'

ਕਿਰਾਏਦਾਰੀ ਦੀ ਲਾਹਨਤ ਤੋਂ ਸਦਾ ਲਈ ਬਚਣ ਵਾਸਤੇ ਹੁਣ ਤਾਂ ਉਸ ਨੇ ਦਿੱਲੀ ਵਿਚ ਛੋਟਾ ਜਿਹਾ ਆਪਣਾ ਮਕਾਨ ਬਣਾ ਲਿਆ। ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦੀ ਸੰਪਾਦਕ ਅਨੁਵਾਦਕ ਮਿੰਨੀ ਕ੍ਰਿਸ਼ਨਨ ਜਦੋਂ ਪਹਿਲੀ ਵਾਰ ਉਸ ਦੇ ਘਰ ਆਈ ਤਾਂ 'ਐਡੇ ਵੱਡੇ ਲੇਖਕ' ਦਾ 'ਐਡਾ ਛੋਟਾ ਮਕਾਨ' ਵੇਖ ਉਹਦੀਆਂ ਅੱਖਾਂ 'ਚ ਹੰਝੂ ਆ ਗਏ।

ਬੱਚੇ ਵੱਡੇ ਹੋ ਰਹੇ ਸਨ ਤੇ ਉਨ੍ਹਾਂ ਦੀਆਂ ਸਕੂਲਾਂ ਦੀਆਂ ਫੀਸਾਂ ਆਦਿ ਦੇ ਖਰਚੇ ਵੀ ਵਧ ਰਹੇ ਸਨ। ਆਪਣੀ ਆਰਥਕ ਹਾਲਤ ਨੂੰ ਸਾਵਾਂ ਰੱਖਣ ਲਈ ਉਸ ਨੇ ਕਈ ਹੋਰ ਲੇਖਕਾਂ ਵਾਂਗ ਦੂਜੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਅਨੁਵਾਦ ਕਰਨ ਦਾ ਰਾਹ ਚੁਣ ਲਿਆ ਅਤੇ ਇਹ ਕੰਮ ਉਸ ਦੀ ਰੁਚੀ ਮੁਤਾਬਿਕ ਹੀ ਸੀ। ਉਹ ਆਪਣੀ ਦਿਲਚਸਪੀ ਅਤੇ ਆਸ਼ੇ ਦੇ ਅਨੁਸਾਰ ਅੰਗਰੇਜ਼ੀ ਅਤੇ ਹਿੰਦੀ ਦੀਆਂ ਪੁਸਤਕਾਂ ਚੁਣ ਕੇ ਪੰਜਾਬੀ ਵਿਚ ਅਨੁਵਾਦ ਕਰਨ ਲੱਗਾ। ਹੁਣ ਭਾਵੇਂ ਉਸ ਦੀ ਪਛਾਣ ਸਥਾਪਤ ਪ੍ਰਗਤੀਵਾਦੀ ਕਵੀ ਵਜੋਂ ਬਣੀ ਹੋਈ ਸੀ ਪਰ ਅਨੁਵਾਦ ਦਾ ਬਹੁਤਾ ਕੰਮ ਉਸ ਦੀ ਮੌਲਿਕ ਲੇਖਣੀ 'ਤੇ ਅਸਰ ਪਾਉਣ ਲੱਗ ਪਿਆ ਸੀ।



*ਕਹਾਣੀਕਾਰ ਅਜੀਤ ਕੌਰ, ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਚਿੱਤਰਕਾਰ ਅਪਰਨਾ ਕੌਰ ਨਾਲ ਬਲਬੀਰ ਮਾਧੋਪੁਰੀ।*

ਸਾਲ 2002 ਵਿਚ ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਛਪੀ ਤਾਂ ਜੀਵਨੀ ਸਾਹਿਤ ਵਿਚ ਇਹ ਉਚ ਕੋਟੀ ਦੀ ਕਿਰਤ ਮੰਨੀ ਗਈ। ਕਵੀ ਨੇ ਵਾਰਤਕ ਲਿਖਣ ਵਿਚ ਵੀ ਕਮਾਲ ਕਰ ਦਿੱਤੀ ਸੀ। ਆਪਣੀ ਸਵੈ-ਜੀਵਨੀ ਵਿਚ ਉਸ ਨੇ ਬੜੀ ਹੀ ਬੇਬਾਕੀ, ਇਮਾਨਦਾਰੀ ਅਤੇ ਦਿਲੀ ਵੇਗ ਨਾਲ ਆਪਣੇ ਤਨ ਅਤੇ ਮਨ 'ਤੇ ਝੱਲੇ ਜਾਤੀਗਤ ਨਸ਼ਤਰਾਂ ਦਾ ਮਾਰਮਿਕ ਬਿਆਨ ਕੀਤਾ ਹੈ, ਜਿਸ ਨੂੰ ਪੜ੍ਹ ਕੇ ਪਾਠਕਾਂ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਪੰਜਾਬੀ ਦੀ ਇਹ ਆਪਣੀ ਪਹਿਲੀ ਕਿਸਮ ਦੀ ਸਵੈ-ਜੀਵਨੀ ਹੈ ਜਿਸ ਵਿਚ ਜੀਵਨੀਕਾਰ ਬੜੀ ਹੀ ਇਮਾਨਦਾਰੀ ਨਾਲ ਸਾਫ ਤੇ ਸਪਸ਼ਟ ਸ਼ਬਦਾਂ ਵਿਚ ਬਿਨਾ ਕਿਸੇ ਲਕ-ਲਪੇਟ ਦੇ, ਆਪਣੇ ਸਰਾਪੇ ਬਚਪਨ ਦੇ ਉਹ ਵੇਰਵੇ ਪੇਸ਼ ਕਰਦਾ ਹੈ, ਜੋ ਨਿਮਨ ਜਾਤੀ ਦੇ ਬੱਚੇ ਆਪਣੇ ਪਿੰਡੇ 'ਤੇ ਹੰਢਾਉਂਦੇ ਹਨ। ਉਹ ਲੋਕਾਂ ਤੋਂ ਹਮਦਰਦੀ ਨਹੀਂ ਭਾਲਦਾ ਪਰ ਪਾਠਕਾਂ ਨੂੰ ਖੁਦ-ਬ-ਖੁਦ ਉਸ ਨਾਲ ਹਮਦਰਦੀ ਹੋ ਜਾਂਦੀ ਹੈ। ਆਪਣੀ ਸਵੈ-ਜੀਵਨੀ ਵਿਚ ਉਸ ਨੇ ਆਪਣੇ ਜੀਵਨ, ਖਾਸ ਕਰਕੇ ਬਚਪਨ ਦੀ ਤ੍ਰਾਸਦੀ ਦੀ ਪੇਸ਼ਕਾਰੀ ਬੜੇ ਕਲਾਤਮਕ ਢੰਗ ਨਾਲ ਕੀਤੀ ਹੋਣ ਕਰਕੇ ਇਹ ਸਵੈ-ਜੀਵਨੀ ਵਿਸ਼ੇ ਅਤੇ ਕਲਾਤਮਕ ਪੱਖੋਂ ਉਤਮ ਰਚਨਾ ਸਿੱਧ ਹੋਈ ਹੈ। ਉਸ ਨੇ ਸਮਾਜਕ ਵਰਤਾਰੇ ਨੂੰ ਡੂੰਘੀ ਨੀਝ ਨਾਲ ਵੇਖਿਆ, ਸਮਝਿਆ ਤੇ ਬਿਆਨ ਤਾਂ ਕੀਤਾ ਹੀ ਹੈ, ਉਹ ਕੁਦਰਤੀ ਵਰਤਾਰੇ ਦਾ ਬਿਆਨ ਕਰਨ ਸਮੇਂ ਵੀ ਪਾਠਕ ਨੂੰ ਉਸ ਵਰਤਾਰੇ ਦੀ ਤਸਵੀਰ ਦਿਖਾ ਦਿੰਦਾ ਹੈ:

'ਦਰਅਸਲ, ਸਾਡੀ ਬਰਾਦਰੀ ਦੇ ਲੋਕਾਂ ਲਈ ਅਜਿਹੀ ਕਹਿਰਵਾਨ ਤੇ ਭਿਆਨਕ ਬਰਸਾਤ ਪਹਿਲੀ ਵਾਰ ਨਹੀਂ ਸੀ ਆਈ। ਉਹ ਕਰੀਬ ਹਰੇਕ ਬਰਸਾਤ ਦਾ 'ਚਮਤਕਾਰ' ਦੇਖਦੇ। ਜਦੋਂ ਇਕ ਦੋ ਦਿਨ ਮੀਂਹ ਲਗਾਤਾਰ ਪੈਂਦਾ ਤਾਂ ਕੱਚੇ ਕੋਠਿਆਂ ਦੀ ਦਾਸਤਾਨ ਬਰਸਾਤ ਵਾਂਗ ਲੰਮੀ ਹੋ ਜਾਂਦੀ। ਕੰਧਾਂ ਦੇ ਲੇਅ ਹੌਲੀ-ਹੌਲੀ ਫੁੱਲ ਕੇ ਡਿੱਗਣ ਲੱਗਦੇ ਤੇ ਹੇਠੋਂ ਕੀੜੀਆਂ ਆਪਣੇ ਚਿੱਟੇ ਆਂਡੇ ਚੁੱਕੀ ਤੇਜ਼ ਰਫਤਾਰ ਇਧਰ-ਉਧਰ ਦੌੜਦੀਆਂ ਦਿਸਦੀਆਂ। ਕੰਧਾਂ ਢਹਿੰਦੀਆਂ ਤਾਂ ਚੂਹੇ-ਚਕੂੰਦਰਾਂ, ਕੰਨਖਜੂਰੇ ਤੇ ਹੋਰ ਨਿੱਕੇ ਨਿੱਕੇ ਜੀਵ-ਜੰਤੂਆਂ ਦੇ ਲੁਕਣ ਦੀ ਭੱਜ ਦੌੜ ਦਿਸਦੀ।'

ਦੋ ਤਿੰਨ ਮਰਲਿਆਂ ਦੇ ਛੋਟੇ ਜਿਹੇ ਕੱਚੇ ਘਰ ਵਿਚ ਠਾਕਰ ਦਾਸ ਅਤੇ ਉਸ ਦੇ ਸੱਤ ਅੱਠ ਜੀਆਂ ਦਾ ਪਰਿਵਾਰ ਅਤੇ ਉਨ੍ਹਾਂ ਦੇ ਪਸ਼ੂ ਇਕੱਠੇ ਹੀ ਰੈਣ ਬਸੇਰਾ ਕਰਦੇ। ਸਾਉਣ ਦੀਆਂ ਝੜੀਆਂ ਵਿਚ ਕੱਚੇ ਘਰਾਂ ਦੀਆਂ ਕੰਧਾਂ ਡਿੱਗਣ ਲੱਗਦੀਆਂ ਤੇ ਉਨ੍ਹਾਂ ਦੇ ਕੋਠੇ ਚੋਣ ਲੱਗ ਪੈਂਦੇ। ਵਰ੍ਹਦੇ ਮੀਂਹ ਵਿਚ ਹੀ ਉਹ ਕੋਠਿਆਂ ਦੀਆਂ ਛੱਤ 'ਤੇ ਚੜ੍ਹ ਕੇ, ਗਿੱਲੀ ਮਿੱਟੀ ਦੇ ਥੋਬੇ ਲਾ ਕੇ ਪਾਣੀ ਦਾ ਚੋਣਾ ਬੰਦ ਕਰਦੇ। ਕੜੀਆਂ-ਬਾਲਿਆਂ ਦੀਆਂ ਛੱਤਾਂ ਵਿਚ ਚਿੜੀਆਂ ਆਲ੍ਹਣੇ ਪਾਈ ਰੱਖਦੀਆਂ ਤੇ ਦਿਨ ਰਾਤ ਬਿਨਾ ਰੋਕ ਟੋਕ ਚੂਹੇ ਫੜਨ-ਫੜਾਈ ਖੇਡਦੇ ਰਹਿੰਦੇ। ਦੀਵਾਲੀ ਵਾਲੇ ਦਿਨਾਂ ਦੀ ਇਕ ਰਾਤ ਨੂੰ ਜਦੋਂ ਬਿਰਜੂ ਤੇ ਘਿਰਜੂ (ਬਲਬੀਰ ਦਾ ਤਾਇਆ ਉਸ ਨੂੰ ਪਿਆਰ ਨਾਲ ਘਿਰਜੂ ਕਹਿੰਦਾ ਹੁੰਦਾ ਸੀ) ਦੀਵੇ ਦੀ ਲੋਅ ਵਿਚ ਪੜ੍ਹ ਰਹੇ ਸਨ ਤਾਂ ਕਾਲਾ ਨਾਗ ਆ ਕੇ ਕੜੀ ਬਾਲਿਆਂ ਦੀ ਛੱਤ ਵਿਚ ਸਰਕਸ ਦੇ ਕਲਾਕਾਰਾਂ ਵਾਂਗ ਆਪਣੇ ਕਰਤਬ ਵਿਖਾਉਣ ਲੱਗਾ। ਸੱਪ ਆਪਣੀ ਪੂਛ ਕੰਧ ਵਿਚ ਗੱਡੀ ਕਿੱਲੀ ਦੁਆਲੇ ਵਲ ਕੇ ਆਪਣਾ ਚੌੜਾ ਫਨ ਅਤੇ ਸਰੀਰ ਦਾ ਅਗਲਾ ਹਿੱਸਾ ਅੱਗੇ ਹਵਾ 'ਚ ਲਹਿਰਾਉਂਦਾ ਤੇ ਝੂਲਦਾ ਫਿਰ ਵਾਪਸ ਕੰਧ ਨਾਲ ਚਿਪਕ ਜਾਂਦਾ। ਦੋਨੋ ਭਰਾ ਸਹਿਮੇ ਬੈਠੇ ਰਹੇ ਪਰ ਕੁਝ ਸਮੇਂ ਪਿਛੋਂ ਸੱਪ ਆਪਣੇ ਕਰਤਬ ਵਿਖਾ ਕੇ ਲੋਪ ਹੋ ਗਿਆ।

ਸਾਲ 1963 ਵਿਚ ਹੋਏ ਟਿੱਡੀ-ਦਲ (ਆਹਣ) ਦੇ ਹਮਲੇ ਸਮੇਂ ਉਸ ਦੇ ਤਾਏ ਨੇ ਟਿੱਡੀਆਂ ਹੋਲਾਂ ਵਾਂਗ ਭੁੰਨ ਕੇ ਉਸ ਨੂੰ ਖਵਾ ਦਿੱਤੀਆਂ ਸਨ ਤੇ ਇਹ ਗੱਲ ਸਕੂਲ ਵਿਚ ਵੀ ਅਫਵਾਹ ਵਾਂਗ ਫੈਲ ਗਈ ਸੀ। ਬਲਬੀਰ ਦੇ ਜਮਾਤੀ ਉਸ ਨੂੰ 'ਟਿੱਡੀ ਖਾਣਾ' ਕਹਿਣ ਲੱਗੇ। ਬਲਬੀਰ ਦਾ ਰੰਗ ਪੱਕਾ ਹੋਣ ਕਾਰਨ ਕਈਆਂ ਨੂੰ ਤਾਂ ਉਸ ਨੂੰ 'ਟਿੱਡੀ ਖਾਣਾ ਸੱਪ' ਕਹਿਣ ਵਿਚ ਵੱਧ ਸਵਾਦ ਆਉਂਦਾ।

ਸਵੈ-ਜੀਵਨੀ ਲਿਖਣਾ ਅਤਿ ਕਠਿਨ ਕਾਰਜ ਹੈ, ਜਿਸ ਵਿਚ ਝੂਠ ਲਿਖਣਾ ਵੀ ਮਾੜਾ ਸਮਝਿਆ ਜਾਂਦਾ ਹੈ ਤੇ ਸਾਰਾ ਸੱਚ ਕਹਿਣ ਨਾਲ ਵੀ ਅਨੇਕ ਬਖੇੜੇ ਖੜ੍ਹੇ ਹੋ ਜਾਂਦੇ ਹਨ। ਮਾਧੋਪੁਰੀ ਨੂੰ ਵੀ ਸੱਚ ਲਿਖਣ ਕਰਕੇ ਆਪਣਿਆਂ ਦੀ ਹੀ ਨਾਰਾਜ਼ਗੀ ਝੱਲਣੀ ਪਈ। ਉਸ ਦਾ ਆਈ.ਏ.ਐਸ. ਮਾਮਾ ਬਹੁਤ ਗੁੱਸੇ ਹੋਇਆ ਤੇ ਆਪਣੇ ਘਰ ਦੀ ਐਂਟਰੀ ਬੈਨ ਕਰ ਦਿੱਤੀ। ਇਕ ਭੈਣ ਬਹੁਤ ਸਾਲ ਨਾਰਾਜ਼ ਰਹੀ, ਕਿਉਂਕਿ ਉਸ ਨੇ ਇਸ ਛੋਟੀ ਭੈਣ ਦੇ ਸਿਰ ਵਿਚ ਕੀੜੇ ਪੈਣ ਦਾ ਐਪੀਸੋਡ ਬਿਆਨ ਕਰ ਦਿੱਤਾ ਸੀ ਤੇ ਉਹ ਵਿਚਾਰੀ ਆਪਣੇ ਸਹੁਰਾ ਪਰਿਵਾਰ ਦੇ ਮਜ਼ਾਕ ਦੀ ਪਾਤਰ ਬਣ ਗਈ ਸੀ। ਤੰਗੀਆਂ ਤੁਰਸ਼ੀਆਂ ਕਰਕੇ ਉਸ ਦੇ ਜਿਸ ਭਰਾ ਨੇ ਉਸ ਨੂੰ ਆਪਣੇ ਘਰੋਂ ਕੱਢ ਦਿੱਤਾ ਸੀ, ਉਹ ਵੀ ਬਹੁਤ ਲੰਮਾ ਸਮਾਂ ਔਖਾ ਰਿਹਾ, ਕਿਉਂਕਿ ਬਲਬੀਰ ਨੇ ਇਹ ਵੀ ਲਿਖ ਦਿੱਤਾ ਸੀ ਕਿ ਛੋਟੇ ਹੁੰਦਿਆਂ ਦੇ ਉਨ੍ਹਾਂ ਦੋਹਾਂ ਭਰਾਵਾਂ ਦੇ ਪਿੰਡੇ 'ਤੇ ਖੁਰਕ ਵੀ ਪੈ ਗਈ ਸੀ, ਜੋ ਸਫਾਈ ਦੀ ਘਾਟ ਕਾਰਨ ਅਕਸਰ ਹੀ ਉਸ ਸਮੇਂ ਗਰੀਬ ਬੱਚਿਆਂ ਦੇ ਪੈ ਜਾਂਦੀ ਸੀ।

ਮਾਧੋਪੁਰੀ ਦੀ ਸੁਹਿਰਦ ਪਤਨੀ ਨੇ ਸਵੈ-ਜੀਵਨੀ ਦੇ ਪਰੂਫ ਪੜ੍ਹਦਿਆਂ ਕਈ ਵੇਰਵਿਆਂ 'ਤੇ ਧੱਕੇ ਨਾਲ ਹੀ ਉਸ ਤੋਂ ਇਹ ਕਹਿ ਕੇ ਕਿ 'ਏਨਾ ਸੱਚ ਨਾ ਲਿਖ, ਆਖਰ ਜ਼ਿੰਦਗੀ ਤਾਂ ਇਸੇ ਸਮਾਜ ਵਿਚ ਹੀ ਬਸਰ ਕਰਨੀ ਹੈ' ਕਾਟਾ ਫਿਰਵਾ ਕੇ ਉਸ ਨੂੰ ਹੋਰ ਨੰਗਾ ਹੋਣ ਤੋਂ ਤਾਂ ਬਚਾ ਲਿਆ ਪਰ ਪਾਠਕ ਪਤਾ ਨਹੀਂ ਕਿੰਨੇ ਕੁ ਦਿਲ ਕੰਬਾਊ ਵੇਰਵਿਆਂ ਦੀ ਜਾਣਕਾਰੀ ਤੋਂ ਵਾਂਝੇ ਰਹਿ ਗਏ।

ਅਛੂਤਾਂ ਦੇ ਘਰ ਪੈਦਾ ਹੋਣ 'ਤੇ ਬਲਬੀਰ ਮਾਧੋਪੁਰੀ ਨੂੰ ਜਿੰਨਾ ਤ੍ਰਿਸਕਾਰ ਮਿਲਿਆ ਜਾਂ ਉਸ ਨੇ ਮਹਿਸੂਸ ਕੀਤਾ, ਸਵੈ-ਜੀਵਨੀ 'ਛਾਂਗਿਆ ਰੁੱਖ' ਲਿਖਣ ਪਿਛੋਂ ਉਸ ਨੂੰ ਉਸ ਤੋਂ ਵੱਧ ਪੁਰਸਕਾਰ ਮਿਲਿਆ ਹੈ। ਆਪਣੀ ਜਾਤੀ ਕਰਕੇ ਉਸ ਨੇ ਜੋ ਨਮੋਸ਼ੀ ਜਾਂ ਨਿਰਾਦਰ ਮਹਿਸੂਸ ਕੀਤਾ ਸੀ, ਹੁਣ ਉਸੇ ਜਾਤੀ ਕਰਕੇ ਉਸ ਨੂੰ ਸ਼ੁਹਰਤ ਅਤੇ ਆਦਰ ਮਿਲ ਰਿਹਾ ਹੈ। ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਦੇ ਪੰਜਾਬੀ ਵਿਚ ਹੀ ਬਾਰਾਂ ਤੇਰਾਂ ਐਡੀਸ਼ਨ ਛਪ ਚੁਕੇ ਹਨ ਤੇ ਇਸ ਨੂੰ ਚੋਟੀ ਦੇ ਪਬਲਿਸ਼ਰਾਂ ਨੇ ਛਾਪਿਆ ਹੈ। ਸਾਲ 2007 ਵਿਚ 'ਛਾਂਗਿਆ ਰੁੱਖ' ਦਾ ਹਿੰਦੀ ਵਿਚ ਸੁਭਾਸ਼ ਨੀਰਵ ਦਾ ਕੀਤਾ ਅਨੁਵਾਦ ਛਪਿਆ ਤਾਂ ਇਹ ਸਵੈ-ਜੀਵਨੀ ਪਹਿਲਾਂ ਪ੍ਰਸਿਧ ਹੋ ਚੁਕੀਆਂ ਦਲਿਤ ਸਵੈ-ਜੀਵਨੀਆਂ, ਜਿਵੇਂ ਓਮ ਪ੍ਰਕਾਸ਼ ਵਾਲਮੀਕੀ ਦੀ 'ਜੂਠ' ਅਤੇ ਸ਼ਰਨ ਕੁਮਾਰ ਲਿੰਬਾਲੇ ਦੀ 'ਅਕਰਮਾਸ਼ੀ' ਦੇ ਮੁਕਾਬਲੇ 'ਤੇ ਆ ਗਈ ਸੀ। ਸਾਲ 2010 ਵਿਚ ਇਸ ਨੂੰ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪਿਆ ਤਾਂ ਬਲਬੀਰ ਦੀ ਬੱਲੇ-ਬੱਲੇ ਹੋ ਗਈ ਅਤੇ ਉਸ ਨੂੰ ਕੌਮਾਂਤਰੀ ਪੱਧਰ ਦਾ ਲੇਖਕ ਹੋਣ ਦਾ ਰੁਤਬਾ ਹਾਸਲ ਹੋ ਗਿਆ। ਸਾਲ 2011 ਵਿਚ ਇਹ ਸਵੈ-ਜੀਵਨੀ 'ਕਰੌਸਵਰਡ ਐਵਾਰਡ' ਲਈ ਵੀ ਨਾਮਜ਼ਦ ਹੋਈ। ਭਾਰਤੀ ਸਾਹਿਤ ਅਕਾਦਮੀ ਦੀ ਇਨਾਮ ਲਈ ਵੀ ਨਾਮਜ਼ਦ ਪੁਸਤਕਾਂ ਵਿਚ ਇਹ ਕਈ ਸਾਲ ਸ਼ਾਮਲ ਹੁੰਦੀ ਰਹੀ ਹੈ। ਆਕਸਫੋਰਡ ਯੂਨੀਵਰਸਿਟੀ ਪ੍ਰੈਸ ਵਲੋਂ ਛਾਪੇ ਜਾਣ 'ਤੇ ਮਾਧੋਪੁਰੀ ਦੀ ਸਵੈ-ਜੀਵਨੀ ਏਨੀ ਮਕਬੂਲ ਹੋ ਗਈ ਕਿ ਇਹ ਚਾਰ ਸਾਲ ਤਕ ਲਗਾਤਾਰ 'ਹੰਡਰਡ ਕਲਾਸਿਕ ਬੁਕਸ ਆਫ ਦੀ ਵਰਲਡ' ਸੂਚੀ ਵਿਚ ਸ਼ਾਮਲ ਹੁੰਦੀ ਰਹੀ ਤੇ ਹੁਣ ਵੀ ਵਰਲਡ ਕਲਾਸ ਲਿਟਰੇਚਰ ਵਿਚ ਦਰਜ ਹੈ। 'ਛਾਂਗਿਆ ਰੁੱਖ' ਦੇਸ਼ ਦੀਆਂ ਅਨੇਕ ਯੂਨੀਵਰਸਿਟੀਆਂ ਦੇ ਵੱਖ-ਵੱਖ ਜਮਾਤਾਂ ਦੇ ਸਿਲੇਬਸਾਂ ਵਿਚ ਲੱਗੀ ਹੋਈ ਹੈ। ਇਕੱਲੀ ਅੰਗਰੇਜ਼ੀ ਭਾਸ਼ਾ ਵਿਚ ਹੀ ਇਸ ਪੁਸਤਕ 'ਤੇ ਹੁਣ



*ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀ ਚੇਅਰਪਰਸਨ ਡਾ. ਰੇਣੂਕਾ ਸਿੰਘ ਨਾਲ ਬਲਬੀਰ ਮਾਧੋਪੁਰੀ।*

*(ਅਗਲੇ ਸਫੇ 'ਤੇ ਜਾਰੀ)*

# ਆਜ਼ਾਦੀ ਘੁਲਾਟੀਆਂ ਦਾ ਪਿੰਡ ਮਰਹਾਨਾ

ਆਜ਼ਾਦੀ ਘੁਲਾਟੀਏ

ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਮੁੱਖ ਪਿੰਡਾਂ ਵਿਚੋਂ ਅੰਮ੍ਰਿਤਸਰ-ਬਠਿੰਡਾ ਜਰਨੈਲੀ ਸੜਕ 'ਤੇ ਤਰਨਤਾਰਨ ਤੋਂ 30 ਕਿਲੋਮੀਟਰ ਦੂਰ ਵਸਿਆ ਮਾਝੇ ਦਾ ਇੱਕ ਇਤਿਹਾਸਕ ਪਿੰਡ ਹੈ, ਮਰਹਾਨਾ। ਸੰਨ 2011 ਦੀ ਮਰਦਮਸ਼ੁਮਾਰੀ ਅਨੁਸਾਰ ਆਬਾਦੀ 3780 ਅਤੇ 585 ਘਰ ਹਨ। ਪਿੰਡ ਦਾ ਅਸੈਂਬਲੀ ਹਲਕਾ ਪੱਟੀ ਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਹੈ। ਪਿੰਡ ਦੇ ਪਿਛੋਕੜ ਸਬੰਧੀ ਮਿਲਦੇ ਵੇਰਵਿਆਂ ਮੁਤਾਬਕ ਇਤਿਹਾਸਕ ਪਿੰਡ ਦਦੇਹਰ ਸਾਹਿਬ ਵਿਚੋਂ ਨਿਕਲ ਕੇ ਵੱਸਣ ਵਾਲੇ ਸੰਧੂ ਗੋਤ ਦੇ 22 ਪਿੰਡਾਂ ਵਿਚੋਂ ਇਹ ਵੀ ਇੱਕ ਹੈ। ਇਹ ਪਿੰਡ ਵਸਾਉਣ ਵਾਲੇ ਪੰਜ ਭਰਾਵਾਂ-ਸਿਧਾਣਾ, ਮੋਕਲ, ਲਾਲ, ਸੰਸਾ ਤੇ ਤੋਗਾ ਦੇ ਨਾਂ 'ਤੇ ਪਿੰਡ ਦੀਆਂ ਪੰਜ ਪੱਤੀਆਂ ਹਨ।



ਸਿੱਖ ਰਾਜ ਵੇਲੇ ਪਿੰਡ ਤੋਂ ਬਾਹਰ ਬਾਬਾ ਸ੍ਰੀ ਚੰਦ ਦੀ

**ਕੰਵਲਬੀਰ ਸਿੰਘ ਪੰਨੂ**
**ਚੌਧਰੀਵਾਲਾ, ਨੌਸ਼ਹਿਰਾ ਪਨੂੰਆ**
**ਫੋਨ: 91-98766-98068**

ਸੰਪਰਦਾ ਦੇ ਉਦਾਸੀ ਸਾਧੂ ਬਾਬਾ ਰਤਨਦੇਵ ਰਹਿੰਦੇ ਸਨ, ਜਿਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਮਰਹਾਣੇ ਆ ਕੇ ਮਿਲੇ ਅਤੇ ਇੱਕ ਖੂਹ ਲਵਾਇਆ। ਇਸ ਥਾਂ ਗੁਰਦੁਆਰਾ ਰਾਠੀਕੇ ਬਣਿਆ ਹੋਇਆ ਹੈ। ਗੁਰਦੁਆਰੇ ਦੇ ਨਾਂ 22 ਏਕੜ ਪੈਲੀ ਵੀ ਹੈ ਤੇ ਇਸ ਦਾ ਪ੍ਰਬੰਧ ਲੋਕਲ ਕਮੇਟੀ ਕੋਲ ਹੈ। ਪਿੰਡ ਦੇ ਲੋਕ ਦੱਸਦੇ ਹਨ ਕਿ ਜਦੋਂ ਪੰਜਾਬ ਵਿਚ ਅੰਗਰੇਜ਼ੀ ਰਾਜ ਸੀ, ਪਿੰਡ ਵਿਚ ਪਲੇਗ ਫੈਲਣ ਨਾਲ ਲੋਕ ਮਰਨ ਲੱਗੇ ਤਾਂ ਦੁਖੀ ਪਿੰਡ ਵਾਸੀ ਬਾਬਾ ਰਤਨਦੇਵ ਕੋਲ ਮਦਦ ਲਈ ਆਏ। ਉਨ੍ਹਾਂ ਨੇ ਲੋਕਾਂ ਦੇ ਭਲੇ ਦੀ ਅਰਦਾਸ ਕੀਤੀ ਤੇ ਅਗਲੇ ਦਿਨ ਹੀ ਆਪਣਾ ਸਰੀਰ ਤਿਆਗ ਦਿੱਤਾ। ਉਸ ਪਿਛੋਂ ਪਿੰਡ ਵਿਚ ਪਲੇਗ ਨਾਲ ਕੋਈ ਮੌਤ ਨਹੀਂ ਹੋਈ।

ਖਾਲਸਾ ਰਾਜ ਸਮੇਂ ਪਿੰਡ ਵਿਚ ਸਿੱਖ ਪ੍ਰਚਾਰਕ ਬਾਬਾ ਬੀਰ ਸਿੰਘ ਵੀ ਆਏ, ਜਿਨ੍ਹਾਂ ਦੀ ਯਾਦ ਵਿਚ ਵੀ ਗੁਰਦੁਆਰਾ ਬਣਿਆ ਹੈ। ਪਿੰਡ ਨੇ ਆਜ਼ਾਦੀ ਲਹਿਰ ਦੀ ਜੰਗ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਭਾਰਤ ਦੇ ਗਲੋਂ ਅੰਗਰੇਜ਼ਾਂ ਦੀ ਗੁਲਾਮੀ ਦਾ ਜਾਲ ਲਾਹੁਣ ਲਈ ਅਨੇਕਾਂ ਹੀ ਸੂਰਬੀਰਾਂ ਨੇ ਅਸਹਿ ਕਸ਼ਟ ਸਹੇ, ਕੁਰਬਾਨੀਆਂ ਕੀਤੀਆਂ, ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਸੀ। ਪੰਜਾਬ ਦਾ ਕੋਈ ਟਾਂਵਾਂ ਹੀ ਪਿੰਡ ਜਾਂ ਸ਼ਹਿਰ ਹੋਵੇਗਾ, ਜਿਸ ਦੇ ਵਸਨੀਕਾਂ ਨੇ ਇਸ ਸੰਘਰਸ਼ ਵਿਚ ਹਿੱਸਾ ਨਾ ਲਿਆ ਹੋਵੇ। ਪੰਜਾਬੀ ਦੇਸ਼ ਭਗਤਾਂ ਵਿਚ ਕੁਰਬਾਨੀਆਂ ਦੇਣ ਵਾਲਿਆਂ ਵਿਚ ਸਭ ਤੋਂ ਵੱਧ ਗਿਣਤੀ ਮਾਝੇ ਦੇ ਪਿੰਡਾਂ ਵਿਚ ਰਹਿਣ ਵਾਲਿਆਂ ਦੀ ਹੈ। ਚੋਹਲਾ ਸਾਹਿਬ ਦੇ ਗਦਰੀ ਬਾਬਾ ਸੁੱਚਾ ਸਿੰਘ ਸਮੇਤ 40 ਦੇਸ਼ ਭਗਤਾਂ; ਦਦੇਹਰ ਸਾਹਿਬ ਦੇ ਗਦਰੀ ਬਾਬਾ ਵਿਸਾਖਾ ਸਿੰਘ, ਸ਼ਹੀਦ ਸਾਧੂ ਸਿੰਘ (21 ਨੰ. ਰਸਾਲਾ), ਨੌਸ਼ਹਿਰਾ ਪਨੂੰਆਂ ਦੇ ਸ਼ਹੀਦ ਤੇਜਾ ਸਿੰਘ (ਆਈ. ਐਨ. ਏ.) ਤੇ ਸ਼ਹੀਦ ਪ੍ਰਿਥੀਪਾਲ ਸਿੰਘ ਅਤੇ ਗਦਰੀ ਬਾਬਾ ਜਿੰਦਰ ਸਿੰਘ ਸਣੇ ਕੋਈ 50 ਸੂਰਬੀਰ; ਢੋਟੀਆਂ, ਰੂੜੀਵਾਲਾ ਆਦਿ ਪਿੰਡਾਂ ਦੇ ਦਰਜਨਾਂ ਦੇਸ਼ ਪ੍ਰੇਮੀਆਂ ਨੇ ਅਨੇਕਾਂ ਤਸੀਹੇ ਝੱਲੇ। ਇਹੋ ਜਿਹਾ ਪਿੰਡ ਹੈ, ਮਰਹਾਨਾ।

ਪਿੰਡ ਮਰਹਾਨਾ ਨੂੰ ਆਜ਼ਾਦੀ ਘੁਲਾਟੀਆਂ ਦਾ ਪਿੰਡ ਵੀ ਕਿਹਾ ਜਾਂਦਾ ਹੈ। ਕਾਰਨ ਇਹ ਹੈ ਕਿ



ਬਾਬਾ ਈਸ਼ਰ ਸਿੰਘ ਮਰਹਾਨਾ

ਪਿੰਡ ਦੇ ਬਹੁਤ ਸਾਰੇ ਸੂਰਬੀਰਾਂ ਨੇ 1900 ਤੋਂ ਲੈ ਕੇ 1947 ਤੱਕ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਵੱਖ-ਵੱਖ ਲਹਿਰਾਂ ਵਿਚ ਹਿੱਸਾ ਲੈਂਦਿਆਂ ਕਾਲੇ ਪਾਣੀ ਦੀਆਂ ਜੇਲ੍ਹਾਂ ਦੇ ਕਸ਼ਟ ਸਹਾਰੇ, ਪੁਲਿਸ ਤਸ਼ੱਦਦ ਝੱਲੇ, ਗੋਲੀਆਂ ਖਾਧੀਆਂ ਤੇ ਜਾਇਦਾਦਾਂ ਕੁਰਕ ਕਰਵਾਈਆਂ। ਪਿੰਡ ਮਰਹਾਨਾ ਦੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਪ੍ਰਸਿੱਧ ਗਦਰੀ ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦਦੇਹਰ ਨੇ ਆਪਣੀ ਆਤਮ ਕਥਾ ਵਿਚ ਵੀ ਕੀਤਾ ਹੈ,

ਲਛਮਣ ਸਿੰਘ ਤੇ ਮੇਹਰ ਸਿੰਘ ਜਾਣੋਂ
ਚੰਨਣ ਸਿੰਘ ਜੀ ਗਏ ਨੇ ਧਾ ਪਹਿਲਾਂ।
ਮਰਹਾਣੇ ਨਗਰੋਂ ਲੈ ਕਰ ਸਿੰਘਾਂ ਨੂੰ ਜੀ
ਵੜੇ ਜੇਲ ਮੇ ਬੀਸਾ ਸਿੰਘ ਜਾ ਪਹਿਲਾਂ।

ਇਥੇ ਅਸੀ ਪਿੰਡ ਮਰਹਾਨਾ ਦੇ ਵੱਖ-ਵੱਖ ਆਜ਼ਾਦੀ ਲਹਿਰਾਂ 'ਚ ਹਿੱਸਾ ਲੈਣ ਵਾਲੇ 38 ਸੂਰਬੀਰਾਂ ਦੀ ਕੁਰਬਾਨੀ ਦਾ ਸੰਖੇਪ ਵੇਰਵਾ ਸਾਂਝਾ ਕਰਾਂਗੇ:

**ਗਦਰ ਲਹਿਰ ਦੌਰਾਨ ਕੁਰਬਾਨੀਆਂ ਕਰਨ ਵਾਲੇ:** ਵੀਹਵੀਂ ਸਦੀ ਦੇ ਮੁਢਲੇ ਦਹਾਕੇ ਵਿਚ ਹੀ ਇਸ ਪਿੰਡ ਦੇ ਕੁਝ ਨੌਜਵਾਨ ਆਪਣੇ ਚੰਗੇਰੇ ਭਵਿੱਖ ਲਈ ਅਮਰੀਕਾ ਜਾ ਚੁਕੇ ਸਨ। ਉਥੇ 1912-13 ਵਿਚ ਗਦਰ ਪਾਰਟੀ ਦੀ ਸਥਾਪਨਾ ਸਮੇਂ ਪਿੰਡ ਮਰਹਾਣੇ ਦੇ ਪੰਜ ਨੌਜਵਾਨ ਵੀ ਸਰਗਰਮ ਗਦਰੀ ਬਣ ਗਏ। ਇਨ੍ਹਾਂ ਪੰਜਾਂ ਵਿਚੋਂ ਅੰਡੇਮਾਨ ਦੀ ਕਾਲੇ ਪਾਣੀ ਜੇਲ੍ਹ ਦੇ ਤਸੀਹੇ ਝੱਲਦਿਆਂ ਸ਼ਹੀਦ ਹੋਣ ਵਾਲੇ ਗਦਰੀ ਕੇਹਰ ਸਿੰਘ ਪੁੱਤਰ ਨਿਹਾਲ ਸਿੰਘ ਦਾ ਜਨਮ ਵੀ ਪਿੰਡ ਮਰਹਾਨਾ ਵਿਖੇ 1892 ਈਸਵੀ ਵਿਚ ਮਾਤਾ ਚੰਦ ਕੌਰ ਦੀ ਕੁੱਖੋਂ ਕਿਸਾਨ ਪਰਿਵਾਰ 'ਚ ਹੋਇਆ ਸੀ। ਉਹ ਅਮਰੀਕਾ ਚਲੇ ਗਏ ਸਨ। 1914 ਵਿਚ ਗਦਰ ਪਾਰਟੀ ਵਲੋਂ ਗਦਰ ਦਾ ਐਲਾਨ ਕਰਨ 'ਤੇ ਸਾਥੀਆਂ ਨਾਲ ਭਾਰਤ ਵੱਲ ਚੱਲ ਪਏ। ਕਟਾਨਾ ਮਾਰੂ ਜਹਾਜ ਰਾਹੀਂ ਭਾਰਤ ਪੁੱਜਣ ਸਮੇਂ ਕਲਕੱਤਾ ਬੰਦਰਗਾਹ 'ਤੇ ਅੰਗਰੇਜ਼ ਸਰਕਾਰ ਨੇ ਗ੍ਰਿਫਤਾਰ ਕਰਕੇ ਕੁੱਝ ਸਮਾਂ ਪਿੰਡ 'ਚ ਨਜ਼ਰਬੰਦ ਕਰਨ ਪਿਛੋਂ ਲਾਹੌਰ ਸਾਜਿਸ਼ ਕੇਸ (ਪਹਿਲਾ) ਵਿਚ ਸ਼ਾਮਲ ਕਰ ਲਿਆ। ਇਸ ਕੇਸ ਵਿਚ ਉਨ੍ਹਾਂ ਨੂੰ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜਬਤੀ ਦੀ ਸਜ਼ਾ ਸੁਣਾ ਕੇ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਦੇ ਅਣਮਨੁੱਖੀ ਤਸੀਹਿਆਂ ਤੇ ਤਸ਼ੱਦਦ ਨਾਲ ਉਨ੍ਹਾਂ ਦੀ ਸਿਹਤ ਵਿਗੜ ਗਈ ਤੇ 26 ਅਪਰੈਲ 1919 ਨੂੰ ਅੰਡੇਮਾਨ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ।

ਗਦਰੀ ਬਾਬਾ ਈਸ਼ਰ ਸਿੰਘ ਪੁੱਤਰ ਜਿੰਦ ਸਿੰਘ ਦਾ ਜਨਮ 1878 ਵਿਚ ਮਾਤਾ ਚੰਦ ਕੌਰ ਦੀ ਕੁੱਖੋਂ ਕਿਸਾਨ ਪਰਿਵਾਰ 'ਚ ਹੋਇਆ। ਉਹ 1905-06 ਵਿਚ ਵਿਦੇਸ਼ ਜਾਣ ਲਈ ਹਾਂਗਕਾਂਗ, ਸਿੰਘਾਪੁਰ ਤੋਂ ਪਨਾਮਾ ਹੁੰਦਿਆਂ ਕੈਲੀਫੋਰਨੀਆ ਪੁੱਜੇ ਸਨ। ਸਟਾਕਟਨ ਵਿਚ ਬਾਬਾ ਜਵਾਲਾ ਸਿੰਘ ਤੇ ਬਾਬਾ ਵਿਸਾਖਾ ਸਿੰਘ ਵਾਲੇ ਫਾਰਮ ਵਿਚ ਕੰਮ ਕਰਦਿਆਂ ਉਨ੍ਹਾਂ 'ਤੇ ਸੰਗਤ ਦਾ ਰੰਗ ਚੜ੍ਹ ਗਿਆ ਤੇ ਉਹ ਵੀ ਗਦਰ ਪਾਰਟੀ ਦੀਆਂ ਸਰਗਰਮੀਆਂ ਨਾਲ ਜੁੜ ਗਏ। 1914 ਵਿਚ ਗਦਰ ਦਾ ਐਲਾਨ ਹੋਣ 'ਤੇ ਬਾਬਾ ਈਸ਼ਰ ਸਿੰਘ ਵੀ ਗਦਰੀ ਆਗੂਆਂ ਨਾਲ ਤੋਸ਼ਾਮਾਰੂ ਜਹਾਜ ਰਾਹੀਂ ਭਾਰਤ ਪੁੱਜੇ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ 1916 ਤੱਕ ਵੱਖ-ਵੱਖ ਜੇਲ੍ਹਾਂ ਵਿਚ ਰੱਖਿਆ ਗਿਆ। ਉਪਰੰਤ ਪਿੰਡ ਵਿਚ ਵੀ ਜੂਹ ਬੰਦ ਰੱਖਿਆ ਗਿਆ।




ਪਿੰਡ ਮਰਹਾਨਾ ਦਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ

ਬਾਬਾ ਈਸ਼ਰ ਸਿੰਘ ਨੇ ਗੁਰਦੁਆਰਾ ਸੁਧਾਰ ਲਹਿਰ ਵੇਲੇ 1922 ਵਿਚ ਪਿੰਡ 'ਚ ਭਾਰੀ ਅਕਾਲੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ। 1923 'ਚ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਵੱਖ-ਵੱਖ ਕੇਸਾਂ ਵਿਚ 5 ਸਾਲ ਕੈਦ ਤੇ 700 ਰੁਪਏ ਜੁਰਮਾਨੇ ਦੀ ਸਜ਼ਾ ਹੋਈ, ਮੁਲਤਾਨ ਜੇਲ੍ਹ 'ਚ ਰੱਖਿਆ ਤੇ ਘਰ ਦੀ ਕੁਰਕੀ ਕਰ ਦਿੱਤੀ। ਉਨ੍ਹਾਂ ਨੇ ਗਦਰੀ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਮਦਦ ਲਈ ਸਾਥੀਆਂ ਨਾਲ ਰਲ ਕੇ ਦੇਸ਼ ਭਗਤ ਪਰਿਵਾਰ ਕਮੇਟੀ ਬਣਾਈ। ਉਹ 24 ਜੁਲਾਈ 1936 ਨੂੰ ਸਰਬ ਸੰਮਤੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ। ਉਨ੍ਹਾਂ ਕਿਸਾਨ ਮੋਰਚਿਆਂ 'ਚ ਵੀ ਹਿੱਸਾ ਲਿਆ। ਬਾਬਾ ਈਸ਼ਰ ਸਿੰਘ ਦੇਸ਼ ਦੀ ਆਜ਼ਾਦੀ ਲਈ ਨਿਰੰਤਰ ਜਦੋਜਹਿਦ ਕਰਦੇ 16 ਅਗਸਤ 1941 ਨੂੰ ਚਲਾਣਾ ਕਰ ਗਏ। ਪਿੰਡ ਦਾ ਸਰਕਾਰੀ ਹਾਈ ਸਕੂਲ ਉਨ੍ਹਾਂ ਦੇ ਨਾਂ 'ਤੇ ਚੱਲ ਰਿਹਾ ਹੈ।

ਗਦਰੀ ਭਾਈ ਮੱਘਰ ਸਿੰਘ ਪੁੱਤਰ ਭੋਲਾ ਸਿੰਘ ਤੇ ਮਾਤਾ ਦਾਈ, ਭਾਈ ਪਾਲ ਸਿੰਘ ਪੁੱਤਰ ਸੰਤ ਸਿੰਘ, ਤ੍ਰਲੋਕ ਸਿੰਘ ਪੁੱਤਰ ਚਤਰ ਸਿੰਘ ਅਤੇ ਭਾਈ ਸੋਭਾ ਸਿੰਘ ਪੁੱਤਰ ਭੋਲਾ ਸਿੰਘ ਵੀ ਮਰਹਾਣੇ ਦੇ ਜੰਮਪਲ ਸਨ, ਜੋ ਗਦਰ ਪਾਰਟੀ ਦੇ ਗਠਨ ਸਮੇਂ ਅਮਰੀਕਾ ਵਿਚ ਸਨ ਤੇ ਉਹ ਵੀ ਇਸ ਦੇ ਸਰਗਰਮ ਮੈਂਬਰ ਬਣ ਗਏ। 1914 ਵਿਚ ਗਦਰ ਪਾਰਟੀ ਵਲੋਂ ਗਦਰ ਦਾ ਐਲਾਨ ਕਰਨ 'ਤੇ ਕੇਹਰ ਸਿੰਘ ਤੇ ਸਾਥੀਆਂ ਨਾਲ ਭਾਰਤ ਵੱਲ ਚੱਲ ਪਏ। ਤੋਸ਼ਾਮਾਰੂ ਜਹਾਜ ਰਾਹੀਂ ਭਾਰਤ ਪੁੱਜਣ 'ਤੇ ਅੰਗਰੇਜ਼ ਸਰਕਾਰ ਨੇ ਗ੍ਰਿਫਤਾਰ ਕਰਕੇ ਸਾਢੇ 3 ਸਾਲ ਮੁਲਤਾਨ, ਕੈਂਬਲਪੁਰ ਤੇ ਕਲਕੱਤਾ ਦੀਆਂ ਜੇਲ੍ਹਾਂ ਵਿਚ ਕੈਦ ਰੱਖਣ ਪਿਛੋਂ ਕਰੀਬ 3 ਸਾਲ ਪਿੰਡ ਵਿਚ ਹੀ ਨਜ਼ਰਬੰਦ ਰੱਖਿਆ ਅਤੇ ਅੱਗੇ ਤੋਂ ਸਰਕਾਰ ਖਿਲਾਫ ਸਰਗਰਮੀਆਂ 'ਚ ਹਿੱਸਾ ਨਾ ਲੈਣ ਦੇ 14,000 ਰੁਪਏ ਦੇ ਸਿਕਿਉਰਿਟੀ ਬਾਂਡ ਭਰਵਾਏ। ਇਨ੍ਹਾਂ ਚਾਰਾਂ ਨੇ ਇਸ ਦੀ ਪਰਵਾਹ ਨਾ ਕਰਦਿਆਂ ਨਾ-ਮਿਲਵਰਤਣ ਲਹਿਰ ਅਤੇ ਹੋਰ ਲਹਿਰਾਂ 'ਚ ਹਿੱਸਾ ਲਿਆ ਤੇ ਜੇਲ੍ਹ ਗਏ। ਮੱਘਰ ਸਿੰਘ ਦਾ ਘਰੇਲੂ ਸਮਾਨ ਹਜ਼ਾਰ ਰੁਪਏ 'ਚ ਨਿਲਾਮ ਕਰ ਦਿੱਤਾ। ਉਹ 1949 ਵਿਚ ਅਕਾਲ ਚਲਾਣਾ ਕਰ ਗਏ। ਸੋਭਾ ਸਿੰਘ 1940 'ਚ ਅਤੇ ਪਾਲ ਸਿੰਘ 1953 'ਚ ਸਦੀਵੀ ਵਿਛੋੜਾ ਦੇ ਗਏ।

**ਗੁਰੂ ਕਾ ਬਾਗ ਦੇ ਮੋਰਚੇ, ਨਨਕਾਣਾ ਸਾਹਿਬ ਅਤੇ ਜੈਤੋ ਦੇ ਮੋਰਚੇ 'ਚ ਹਿੱਸਾ ਲੈਣ ਵਾਲੇ:** ਗੁਰੂ ਕਾ ਬਾਗ ਮੋਰਚੇ ਦੌਰਾਨ 3 ਸਤੰਬਰ 1922 ਨੂੰ ਅਕਾਲੀ ਜਥਾ ਅੰਮ੍ਰਿਤਸਰ ਦੇ 100 ਸਿੰਘਾਂ ਦਾ ਤੀਸਰਾ ਜਥਾ ਚੰਨਣ ਸਿੰਘ ਮਰਹਾਣਾ ਪੁੱਤਰ ਜਥੇਦਾਰ ਬੂਟਾ ਸਿੰਘ ਦੀ ਅਗਵਾਈ ਹੇਠ ਅਕਾਲ ਤਖਤ ਤੋਂ ਅਰਦਾਸ ਕਰਕੇ ਰਵਾਨਾ ਹੋਇਆ। ਇਸ ਜਥੇ ਵਿਚ ਪਿੰਡ ਮਰਹਾਣਾ ਦੇ 14 ਹੋਰ ਸਿੰਘ- ਧਿਆਨ ਸਿੰਘ ਪੁੱਤਰ ਆਸਾ ਸਿੰਘ, ਬੂੜ ਸਿੰਘ ਪੁੱਤਰ ਨਿਹਾਲ ਸਿੰਘ, ਫਤਿਹ ਸਿੰਘ ਪੁੱਤਰ ਸੰਤ ਸਿੰਘ, ਕਪੂਰ ਸਿੰਘ ਪੁੱਤਰ ਨੱਥਾ ਸਿੰਘ, ਲਛਮਣ ਸਿੰਘ ਪੁੱਤਰ ਮੀਹਾਂ ਸਿੰਘ, ਲੱਖਾ ਸਿੰਘ ਪੁੱਤਰ ਖੜਕ ਸਿੰਘ, ਮੱਘਰ ਸਿੰਘ ਪੁੱਤਰ ਭੋਲਾ ਸਿੰਘ, ਨੱਥਾ ਸਿੰਘ ਪੁੱਤਰ ਪਾਲ ਸਿੰਘ, ਉਤਮ ਸਿੰਘ ਪੁੱਤਰ ਪ੍ਰਤਾਪ ਸਿੰਘ, ਉਜਾਗਰ ਸਿੰਘ ਪੁੱਤਰ ਸੁਦਾਗਰ ਸਿੰਘ, ਸੁਰਜਨ ਸਿੰਘ ਪੁੱਤਰ ਸੁੰਦਰ ਸਿੰਘ, ਟਹਿਲ ਸਿੰਘ ਪੁੱਤਰ ਸੰਤ ਸਿੰਘ, ਸੁਰਜਨ ਸਿੰਘ ਪੁੱਤਰ ਸੁੰਦਰ ਸਿੰਘ (ਦੂਜਾ) ਅਤੇ ਸੁਰਜਨ ਸਿੰਘ ਪੁੱਤਰ ਵਿਸਾਖਾ ਸਿੰਘ ਵੀ ਸ਼ਾਮਲ ਸਨ। ਇਸ ਜਥੇ ਦੇ ਸਿੰਘਾਂ ਦੀ ਮਾਰ ਕੁਟਾਈ ਹਰਛਾ ਛੀਨਾ ਦੇ ਪੁਲ 'ਤੇ ਹੋਈ। ਜਥੇਦਾਰ ਸਮੇਤ ਸਭ ਨੇ ਬੜੀ ਬਹਾਦਰੀ ਨਾਲ ਅੰਗਰੇਜ਼ ਪੁਲਿਸ ਦਾ ਤਸ਼ੱਦਦ ਝੱਲਿਆ ਤੇ ਬੁਰੀ ਤਰ੍ਹਾਂ ਜਖਮੀ ਹੋ ਗਏ। ਜ਼ਖਮੀਆਂ ਨੂੰ ਗ੍ਰਿਫਤਾਰ ਕਰ ਕੇ ਵੱਖ-ਵੱਖ ਜੇਲ੍ਹਾਂ 'ਚ ਕੈਦ ਰੱਖਿਆ ਤੇ ਜੁਰਮਾਨੇ ਕੀਤੇ ਗਏ।



ਬਾਬਾ ਕਿਹਰ ਸਿੰਘ ਮਰਹਾਣਾ

ਨਨਕਾਣਾ ਸਾਹਿਬ ਮੋਰਚੇ 'ਚ ਹਿੱਸਾ ਲੈਣ ਵਾਲੇ ਇੰਦਰ ਸਿੰਘ ਪੁੱਤਰ ਭਗਵਾਨ ਸਿੰਘ ਦਾ ਜਨਮ 1886 ਵਿਚ ਹੋਇਆ। ਉਨ੍ਹਾਂ ਨੇ ਲੋਕਾਂ 'ਚ ਮੋਰਚੇ ਬਾਰੇ ਜਾਗ੍ਰਿਤੀ ਪੈਦਾ ਕੀਤੀ। ਉਨ੍ਹਾਂ ਨੂੰ 5 ਸਾਲ ਕੈਦ ਤੇ 7000 ਰੁਪਏ ਜੁਰਮਾਨਾ ਹੋਇਆ। ਕਿਸਾਨ ਮੋਰਚੇ ਦੌਰਾਨ ਵੀ 8 ਮਹੀਨੇ ਕੈਦ ਕੱਟੀ। ਜੈਤੋ ਦੇ ਮੋਰਚੇ ਸਮੇਂ ਈਸ਼ਰ ਸਿੰਘ ਪੁੱਤਰ ਜਵਾਲਾ ਸਿੰਘ ਅਤੇ ਲਛਮਣ ਸਿੰਘ ਪੁੱਤਰ ਖੇਮ ਸਿੰਘ ਨੇ 2-2 ਸਾਲ ਦੀ ਕੈਦ ਨਾਭਾ ਬੀੜ ਜੇਲ੍ਹ 'ਚ ਕੱਟੀ।

**ਕਿਸਾਨ ਮੋਰਚਿਆਂ ਦੌਰਾਨ ਸਜ਼ਾਵਾਂ ਕੱਟਣ ਵਾਲੇ ਯੋਧੇ:** 1939 ਦੇ ਕਿਸਾਨ ਮੋਰਚੇ ਦੌਰਾਨ ਹਿੱਸਾ ਲੈਣ ਵਾਲੇ ਤੇ ਸਜ਼ਾਵਾਂ ਕੱਟਣ ਵਾਲਿਆਂ ਵਿਚ ਇਸ ਪਿੰਡ ਦੇ ਆਸਾ ਸਿੰਘ ਪੁੱਤਰ ਜਿੰਦ ਸਿੰਘ, ਪ੍ਰੇਮ ਸਿੰਘ ਪੁੱਤਰ ਮੀਹਾਂ ਸਿੰਘ, ਸੁਦਾਗਰ ਸਿੰਘ ਪੁੱਤਰ ਸੁਰੈਣ ਸਿੰਘ ਅਤੇ ਇੰਦਰ ਸਿੰਘ ਪੁੱਤਰ ਭਗਵਾਨ ਸਿੰਘ ਸ਼ਾਮਲ ਸਨ।

**ਹੋਰ ਲਹਿਰਾਂ 'ਚ ਸ਼ਾਮਲ ਆਜ਼ਾਦੀ ਘੁਲਾਟੀਏ:** ਕਾਮਾਗਾਟਾਮਾਰੂ ਜਹਾਜ ਦੇ ਮੁਸਾਫਿਰਾਂ 'ਚ ਇਸ ਪਿੰਡ ਦੇ ਈਸ਼ਰ ਸਿੰਘ ਪੁੱਤਰ ਜਿੰਦ ਸਿੰਘ ਸ਼ਾਮਲ ਸਨ, ਜਿਨ੍ਹਾਂ ਗ੍ਰਿਫਤਾਰੀ ਪਿਛੋਂ 3 ਸਾਲ ਕੈਦ ਕੱਟੀ। ਉਨ੍ਹਾਂ ਜਲ੍ਹਿਆਂਵਾਲਾ ਬਾਗ ਲਹਿਰ ਦੌਰਾਨ 900 ਰੁਪਏ ਜੁਰਮਾਨਾ ਤੇ 7 ਸਾਲ ਬਾਮੁਸ਼ੱਕਤ ਕੈਦ ਦੀ ਸਜ਼ਾ ਕੱਟੀ।

**ਨਾ-ਮਿਲਵਰਤਣ ਲਹਿਰ 'ਚ ਹਿੱਸਾ ਲੈਣ ਵਾਲੇ:** ਸੰਤਾ ਸਿੰਘ ਪੁੱਤਰ ਸੁਰੈਣ ਸਿੰਘ ਅਤੇ ਲਛਮਣ ਸਿੰਘ ਪੁੱਤਰ ਖੁਸ਼ਹਾਲ ਸਿੰਘ ਨੇ ਨਾ-ਮਿਲਵਰਤਣ ਲਹਿਰ 'ਚ ਹਿੱਸਾ ਲੈਣ ਕਰਕੇ 4 ਸਾਲ ਜੇਲ੍ਹ ਕੱਟੀ। ਕੂਕਾ ਲਹਿਰ ਸਮੇਂ 1971 'ਚ ਅੰਮ੍ਰਿਤਸਰ ਵਿਚ ਬੁੱਚੜਾਂ ਨੂੰ ਮਾਰਨ ਵਾਲਿਆਂ 'ਚ ਪਿੰਡ ਮਰਹਾਣਾ ਦਾ ਅੜਬੰਗ ਸਿੰਘ ਵੀ ਸ਼ਾਮਲ ਸੀ, ਜੋ ਅੰਗਰੇਜ਼ ਹਕੂਮਤ ਦੀ ਗ੍ਰਿਫਤ 'ਚ ਨਾ ਆ ਸਕੇ। ਆਈ. ਐਨ. ਏ. ਦੇ ਸ਼ਹੀਦ ਫੌਜਾ ਸਿੰਘ ਪੁੱਤਰ ਬੇਅੰਤ ਸਿੰਘ, ਜਿਨ੍ਹਾਂ ਨੂੰ 1945 'ਚ ਲਾਲ ਕਿਲੇ 'ਚ ਫਾਂਸੀ ਦਿੱਤੀ ਗਈ ਸੀ, ਇਸੇ ਪਿੰਡ ਦੇ ਸਨ, ਜੋ ਸਿੰਘਾਪੁਰ 'ਚ ਅੰਗਰੇਜ਼ ਆਰਟਿਲਰੀ 'ਚ ਭਰਤੀ ਸਨ ਅਤੇ 1944 'ਚ ਆਈ. ਐਨ. ਏ. 'ਚ ਸ਼ਾਮਲ ਹੋ ਕੇ ਅੰਗਰੇਜ਼ਾਂ ਖਿਲਾਫ ਲੜੇ।

ਤ੍ਰਾਸਦੀ ਇਹ ਹੈ ਕਿ ਇਨ੍ਹਾਂ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਦੀ ਪਿੰਡ ਜਾਂ ਹੋਰ ਕਿਤੇ ਵੀ ਕੋਈ ਯਾਦਗਾਰ ਨਹੀਂ ਬਣੀ ਹੋਈ। ਇਥੋਂ ਤੱਕ ਕਿ ਇਨ੍ਹਾਂ ਸੂਰਮਿਆਂ ਦੇ ਨਾਂ ਵੀ ਇਕੱਠੇ ਲਿਖੇ ਨਹੀਂ ਮਿਲਦੇ। ਬਾਬਾ ਈਸ਼ਰ ਸਿੰਘ ਦੇ ਨਾਂ 'ਤੇ ਚੱਲ ਰਹੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਰਹਾਣਾ ਦੇ ਦਫਤਰ ਵਿਚ ਬਾਬਾ ਈਸ਼ਰ ਸਿੰਘ ਦੀ ਪੁਰਾਣੀ ਤਸਵੀਰ ਲੱਗੀ ਹੋਈ ਹੈ। ਸਕੂਲ ਜਾਂ ਪਿੰਡ ਵਿਚ ਆਜ਼ਾਦੀ ਸੰਘਰਸ਼ ਦੇ ਯੋਧਿਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪਿੰਡ ਦੀ ਨਵੀਂ ਪੀੜ੍ਹੀ ਪਿੰਡ ਦੇ ਇਨ੍ਹਾਂ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਤੋਂ ਜਾਣੂ ਨਹੀਂ ਹੈ। ਕਾਰਨ, ਇਨ੍ਹਾਂ ਯੋਧਿਆਂ ਵਿਚੋਂ ਬਹੁਤਿਆਂ ਦੇ ਪਰਿਵਾਰਕ ਵਾਰਸਾਂ ਦੀ ਆਰਥਕ ਹਾਲਤ ਚੰਗੀ ਨਹੀਂ ਹੈ ਅਤੇ ਸਿਆਸੀ ਲੋਕਾਂ ਨੇ ਵੀ ਇਨ੍ਹਾਂ ਦੀ ਕੋਈ ਸਾਰ ਨਹੀਂ ਲਈ। ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਇਤਿਹਾਸ ਦਾ ਹਿੱਸਾ ਬਣਾਉਣ ਤੇ ਇਨ੍ਹਾਂ ਦੀਆਂ ਉਚਿਤ ਯਾਦਗਾਰਾਂ ਬਣਾਉਣ ਦੀ ਲੋੜ ਹੈ।

# ਏਨਾ ਸੱਚ ਨਾ ਲਿਖ ਮਾਧੋਪੁਰੀ-2

(ਪਿਛਲੇ ਸਫੇ ਦੀ ਬਾਕੀ)

ਤਕ ਵੀਹ ਦੇ ਕਰੀਬ ਪੀਐਚ.ਡੀ. ਹੋ ਚੁਕੀਆਂ ਹਨ ਅਤੇ ਹੋ ਰਹੀਆਂ ਹਨ। ਇਹ ਸਵੈ-ਜੀਵਨੀ ਹੁਣ ਉਰਦੂ, ਰਾਜਸਥਾਨੀ, ਤੈਲਗੂ ਅਤੇ ਮਰਾਠੀ ਆਦਿ ਹੋਰ ਵੀ ਕਈ ਭਾਸ਼ਾਵਾਂ ਵਿਚ ਛਪ ਰਹੀ ਹੈ। ਅਨੇਕ ਦੇਸੀ ਵਿਦੇਸ਼ੀ ਪੱਤਰਾਂ ਵਿਚ ਇਹ ਲੜੀਵਾਰ ਛਪ ਚੁਕੀ ਹੈ। ਉਸ ਦੀ ਸਵੈ-ਜੀਵਨੀ ਪੜ੍ਹ ਕੇ ਅਨੇਕ ਦੇਸੀ ਵਿਦੇਸ਼ੀ ਜਿਵੇਂ ਜਰਮਨ, ਫਰਾਂਸੀਸੀ, ਜਾਪਾਨੀ ਲੇਖਕ ਪੱਤਰਕਾਰ ਮਾਧੋਪੁਰੀ ਨੂੰ ਮਿਲਣ ਆਉਂਦੇ ਰਹੇ ਹਨ ਤੇ ਕਈ ਤਾਂ ਮਾਧੋਪੁਰ ਪਿੰਡ ਅਤੇ ਉਸ ਦਾ ਘਰ ਵੇਖਣ ਵੀ ਚਲੇ ਜਾਂਦੇ।

ਬਲਬੀਰ ਮਾਧੋਪੁਰੀ ਸਿਰੜੀ ਤੇ ਸਮਰਪਿਤ ਸਾਹਿਤਕਾਰ ਹੈ। ਪ੍ਰਗਤੀਵਾਦੀ ਤੇ ਮਾਨਵਵਾਦੀ ਨਜ਼ਰੀਏ ਤੋਂ ਸਾਹਿਤਕ ਰਚਨਾ ਕਰਨੀ ਤੇ ਛਾਪਣੀ ਉਸ ਦਾ ਉਦੇਸ਼ ਰਿਹਾ ਹੈ। ਉਹ ਬਹੁਤ ਨਿਮਰ ਅਤੇ ਸ਼ਰੀਫ ਇਨਸਾਨ ਹੈ, ਜੋ ਇਨਸਾਨੀਅਤ ਨੂੰ ਹੀ ਆਪਣਾ ਧਰਮ ਸਮਝਦਾ ਹੈ। ਸਮਾਜਕ ਜੀਵਨ ਵਿਚ ਆਰਥਕ ਤੇ ਜਿਣਸੀ ਸ਼ੋਸ਼ਣ ਅਤੇ ਜਾਤੀਗਤ ਧੱਕੇਸ਼ਾਹੀ ਖਿਲਾਫ ਉਸ ਨੇ ਕਲਮ ਚੁੱਕੀ ਹੈ। ਬਚਪਨ ਤੋਂ ਹੀ ਉਹ ਮਿਹਨਤੀ ਸੀ ਤੇ ਕੇਂਦਰ ਸਰਕਾਰ ਦੇ ਵੱਡੇ ਅਫਸਰ ਦੇ ਅਹੁਦੇ 'ਤੇ ਹੁੰਦਿਆਂ ਵੀ ਉਸ ਨੇ ਮਿਹਨਤ ਕਰਨੀ ਨਹੀਂ ਸੀ ਛੱਡੀ। ਉਹ ਲੰਮਾ ਸਮਾਂ 'ਯੋਜਨਾ' ਰਸਾਲੇ ਦਾ ਸੰਪਾਦਕ ਰਿਹਾ ਤੇ ਆਲ ਇੰਡੀਆ ਰੇਡੀਓ ਦਾ ਨਿਊਜ਼ ਐਡੀਟਰ ਵੀ। ਕਈ ਵਾਰ ਉਸ ਕੋਲ ਤਿੰਨ-ਤਿੰਨ ਚਾਰਜ ਵੀ ਰਹੇ, ਪਰ ਉਸ ਨੇ ਕਦੇ ਵੀ ਓਵਰ ਵਰਕ ਲੋਡ ਦੀ ਸ਼ਿਕਾਇਤ ਨਹੀਂ ਸੀ ਕੀਤੀ। ਹੁਣ ਤਕ ਉਸ ਦੀਆਂ ਆਪਣੀਆਂ ਤੇਰਾਂ ਚੌਦਾਂ ਮੌਲਿਕ ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ ਅਤੇ ਤੀਹ ਤੋਂ ਵੀ ਵੱਧ ਪੁਸਤਕਾਂ ਉਹ ਅਨੁਵਾਦ ਕਰ ਚੁਕਾ ਹੈ। ਇਸ ਦੇ ਨਾਲ ਹੀ ਉਸ ਨੇ ਚਾਲੀ ਤੋਂ ਵੱਧ ਪੁਸਤਕਾਂ ਸੰਪਾਦਤ ਕੀਤੀਆਂ ਹਨ ਤੇ ਕਈ ਪੇਪਰ ਲਿਖੇ ਹਨ। ਉਸ ਦੇ ਕੀਤੇ ਕੰਮਾਂ ਦਾ ਯੋਗ ਮਾਣ ਸਨਮਾਨ ਵੀ ਮਿਲਦਾ ਰਿਹਾ ਹੈ। ਏਸੇ ਸਾਲ ਦਿੱਲੀ ਵਿਖੇ ਹੋਈ ਕੌਮਾਂਤਰੀ ਪੰਜਾਬੀ ਕਾਨਫਰੰਸ ਵਿਚ ਉਸ ਦਾ ਬਤੌਰ ਪੰਜਾਬੀ ਲੇਖਕ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਨਮਾਨ ਕੀਤਾ ਸੀ। ਸਾਹਿਤ ਅਕਾਦਮੀ ਵਲੋਂ ਅਨੁਵਾਦ ਦਾ ਸਾਲ 2013 ਦਾ ਪੁਰਸਕਾਰ ਉਸ ਨੂੰ ਹਾਸਲ ਹੋਇਆ ਸੀ। ਪੰਜਾਬੀ ਅਕਾਦਮੀ ਦਿੱਲੀ ਅਤੇ ਦਿੱਲੀ ਸਰਕਾਰ ਤੋਂ ਵੀ ਉਸ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਮਿਲ ਚੁਕਾ ਹੈ। ਇਸ ਤੋਂ ਇਲਾਵਾ ਹੋਰ ਡੇਢ ਦਰਜਨ ਇਨਾਮ ਉਸ ਦੀ ਝੋਲੀ ਪੈ ਚੁਕੇ ਹਨ। ਉਸ ਨੂੰ ਦੋ ਵਾਰ ਸਾਹਿਤ ਅਕਾਦਮੀ ਦੀ ਜਿਊਰੀ ਦਾ ਮੈਂਬਰ ਬਣਨ ਅਤੇ ਕੌਮਾਂਤਰੀ ਢਾਹਾਂ ਐਵਾਰਡ ਦੀ ਜਿਊਰੀ ਦਾ ਮੈਂਬਰ ਬਣਨ ਦਾ ਮਾਣ ਵੀ ਹਾਸਲ ਹੈ। ਇੰਨੇ ਮਾਣ-ਸਨਮਾਨ ਮਿਲਣ 'ਤੇ ਵੀ ਕਦੇ ਉਸ 'ਚ ਹਉਮੈ ਨਹੀਂ ਆਈ।

ਉਂਜ, ਇਨ੍ਹਾਂ ਸਭ ਇਨਾਮਾਂ ਸਨਮਾਨਾਂ ਤੋਂ ਵੱਡਾ ਇਕ ਇਨਾਮ ਸਨਮਾਨ ਇਹ ਵੀ ਹੈ- ਜਦੋਂ ਉਸ ਨੂੰ ਕਾਲਜਾਂ ਯੂਨੀਵਰਸਿਟੀਆਂ ਵਿਚ ਲੈਕਚਰ ਦੇਣ ਲਈ ਸੱਦਿਆ ਜਾਂਦਾ ਹੈ ਤੇ ਉਹ ਆਪਣੇ ਬਚਪਨ ਦੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕਰਦਾ ਹੈ, ਤਾਂ ਕਈ ਵਿਦਿਆਰਥੀਆਂ ਦੀਆਂ ਅੱਖਾਂ ਹੰਝੂਆਂ ਨਾਲ ਤਰ ਹੋ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਆਪਣੇ ਦੇਸ਼ ਦੀ ਵਰਣ ਵਿਵਸਥਾ 'ਤੇ ਸ਼ਰਮ ਆਉਣ ਲੱਗਦੀ ਹੈ। 'ਛਾਂਗਿਆ ਰੁੱਖ' ਪੜ੍ਹ ਕੇ ਕਈ ਲੋਕਾਂ ਨੇ ਆਪਣੇ ਜੱਟ ਭਾਈਚਾਰੇ ਵਲੋਂ ਉਸ ਨਾਲ ਹੋਈਆਂ ਵਧੀਕੀਆਂ ਦੀ ਮਾਫੀ ਵੀ ਮੰਗੀ ਹੈ।

ਮਾਧੋਪੁਰੀ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਿਚੋਂ ਆਪਣੇ ਸੀਨੀਅਰ ਕਲਾਸ ਵੰਨ ਗਜ਼ਟਿਡ ਅਫਸਰ (ਡਿਪਟੀ ਡਾਇਰੈਕਟਰ) ਵਾਲੇ ਅਹੁਦੇ ਤੋਂ ਤਾਂ ਰਿਟਾਇਰ ਹੋ ਚੁਕਾ ਹੈ ਪਰ ਹੁਣ ਉਸ ਨੇ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਡਾਇਰੈਕਟਰ ਵਜੋਂ ਪੰਜ ਮੰਜ਼ਿਲਾ 'ਪੰਜਾਬੀ ਭਵਨ' ਦੇ ਗਰਾਊਂਡ ਫਲੋਰ 'ਤੇ ਸਥਿਤ ਦਫਤਰ ਵਿਚ 'ਸਮਕਾਲੀ ਸਾਹਿਤ' ਦੇ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲ ਲਈ ਹੈ। ਕਾਲੀ ਪੈਂਟ, ਅਸਮਾਨੀ ਰੰਗ ਦੀ ਕਮੀਜ਼ ਪਹਿਨੀ ਆਪਣੇ ਦਫਤਰ ਵਿਚ ਬੈਠਾ ਉਹ ਆਪਣੇ ਸਹਾਇਕਾਂ ਨੂੰ ਹਦਾਇਤਾਂ ਵੀ ਦਿੰਦਾ ਰਹਿੰਦਾ ਹੈ ਤੇ ਆਪਣੇ ਸੱਜੇ ਪਾਸੇ ਬੈਠੇ ਸੱਜਣ ਦੀ ਕੁਰਸੀ ਦੀ ਬਾਂਹ 'ਤੇ ਸਮੇਂ-ਸਮੇਂ ਹੱਥ ਮਾਰ ਕੇ ਉਸ ਨਾਲ ਵੀ ਆਪਣਾ ਗੱਲਾਂ ਦਾ ਸਿਲਸਿਲਾ ਜਾਰੀ ਰੱਖਦਾ ਹੈ। ਉਹ ਹੁਣ ਵੀ ਕਲਾਸ ਵੰਨ ਗਜ਼ਟਿਡ ਅਫਸਰ ਹੀ ਜਾਪਦਾ ਹੈ, ਅਤੇ ਜਿਹੜੀ ਕੁਰਸੀ 'ਤੇ ਉਹ ਹੁਣ ਬੈਠਦਾ ਹੈ, ਉਹ ਵੀ ਕੋਈ ਘੱਟ ਵੱਕਾਰ ਵਾਲੀ ਨਹੀਂ।

(ਸਮਾਪਤ)

# ਵਸੀਅਤਨਾਮਾ

ਪਿਤਾ ਜੀ, ਸ. ਅਨੋਖ ਸਿੰਘ ਦੀ ਆਵਾਜ਼ ਆਈ। ਉਨ੍ਹਾਂ ਸਭ ਨੂੰ ਆਪਣੇ ਕੋਲ ਬੁਲਾਇਆ। ਕਹਿਣ ਲੱਗੇ, "ਏਕੇ ਵਿਚ ਬਰਕਤ ਹੈ...ਕਹਾਣੀ ਤੁਹਾਨੂੰ ਸਭ ਨੂੰ ਪਤਾ ਹੈ, ਦੱਸਣ ਦੀ ਲੋੜ ਨਹੀਂ।" 'ਹਾਂ ਜੀ ਸਮਝ ਗਏ।' ਸਭ ਨੇ ਹੁੰਗਾਰਾ ਭਰਿਆ।

'ਹੋਰ ਸੁਣੋ...। ਵੇਖੋ! ਮੌਸਮ ਕਿੰਨਾ ਖਰਾਬ ਹੈ। ਮਨਹੂਸ ਖਬਰਾਂ ਨਾਲ ਅਖਬਾਰਾਂ ਭਰੀਆਂ ਪਈਆਂ ਨੇ ਕਿ ਕੋਈ ਪੂਰੇ ਦਾ ਪੂਰਾ ਟੱਬਰ ਆਪਣੇ ਬਜ਼ੁਰਗ ਦੇ ਫੁਲ ਹਰਿਦੁਆਰ ਪਾਉਣ ਜਾਂਦਾ ਹਾਦਸੇ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਜਾ ਪਿਆ। ਬੰਦੇ ਦੇ ਮਰਨ ਪਿਛੋਂ ਦੇਹ ਮਿੱਟੀ ਹੋ ਜਾਂਦੀ ਹੈ ਤੇ ਇਸ ਨੂੰ ਸਮੇਟਣ ਲਈ ਲੰਬੇ ਚੌੜੇ ਖਲਜਗਣ ਨਿਰਾ ਢਕਵੰਜ ਨੇ ਤੇ ਇਹ ਲੋਕ-ਦਿਖਾਵੇ ਤੋਂ ਬਿਨਾ ਹੋਰ ਕੁਝ ਨਹੀਂ। ਇਸ ਨੂੰ ਨੇੜੇ ਦੇ ਕਿਸੇ ਨਹਿਰ ਨਾਲੇ ਵਿਚ ਜਲ ਪ੍ਰਵਾਹ ਕਰ ਦਿਓ। ਮੈਂ ਤੁਹਾਡੀ ਮਾਂ ਨੂੰ ਕਹਿ ਦਿੱਤਾ ਜੇ, ਪਈ ਇਹ ਉਮੀਦ ਨਾ ਰੱਖੀਂ ਕਿ ਤੇਰੇ ਪਿਛੋਂ ਮੈਂ ਹਵਨ ਕਰਾ ਕੇ ਤੇਰੀਆਂ ਅਰਦਾਸਾਂ ਕਰਾਉਂਦਾ ਫਿਰੂੰ। ਤੂੰ ਵੀ ਸੁਣ ਲੈ! ਮੇਰੇ ਮਰਨ 'ਤੇ ਕੋਈ ਮੜ੍ਹੀ ਮਸਾਣੀ ਨਾ ਪੂਜੀਂ। ਪੰਡਿਤ ਪਖੰਡ ਨਹੀਂ ਕਰਾਉਣਾ। ਮੈਂ ਇਹ ਡਰਾਮਾ ਵੇਖ ਲਿਆ ਤਾਂ ਉਠ ਕੇ ਮੈਂ ਉਥੇ ਹੀ ਸੁਧਾਰ ਦੇਣਾ ਤੈਨੂੰ, ਫਿਰ ਨਾ ਕਹੀਂ ਲੋਕਾਂ ਸਾਹਮਣੇ ਮੇਰੀ

ਚਰਨਜੀਤ ਸਿੰਘ ਪੰਨੂ

ਬੇਪਤੀ ਖਰਾਬ ਕੀਤੀ ਆ।" ਉਨ੍ਹਾਂ ਦੇ ਬੀਜੀ ਵੱਲ ਸੰਬੋਧਨ ਨਾਲ ਸੰਕੀਰਨ ਮਾਹੌਲ ਵਿਚ ਪਾਣੀ ਦੇ ਬੁਲਬੁਲੇ ਜਿਹਾ ਠਹਾਕਾ ਉਭਰਿਆ।

ਮੈਂ ਪਿਤਾ ਜੀ ਦਾ ਮੂੰਹ ਮੱਥਾ ਸਹਿਲਾਉਂਦਾ ਹਾਂ। ਮੱਥੇ 'ਤੇ ਉਕਰੇ 'ਚੰਦ' ਦੀਆਂ ਰਿਸ਼ਮਾਂ ਮੱਧਮ ਪੈ ਰਹੀਆਂ ਹਨ। ਚੰਦ ਦਾ ਨਿਸ਼ਾਨ ਮੈਨੂੰ ਪੰਜਾਹ ਸਾਲ ਪਿੱਛੇ ਲੈ ਗਿਆ, ਜਦ ਪਿਤਾ ਜੀ ਲੇਹ ਲੱਦਾਖ ਨੌਕਰੀ ਕਰਦੇ ਸਨ। ਚੀਨ ਨਾਲ ਲੜਾਈ ਛਿੜ ਗਈ, ਉਹ ਲਾਪਤਾ ਅਫਸਰਾਂ ਵਿਚੋਂ ਇੱਕ ਸਨ, ਜੋ ਬਹੁਤ ਦੇਰ ਪਿਛੋਂ ਜਿਉਂਦੇ ਵਾਪਸ ਮੁੜੇ ਸਨ। ਉਹ ਇੱਕ ਮਹੀਨੇ ਦੀ ਛੁੱਟੀ ਘਰ ਆਏ। ਸਾਰੇ ਪਿੰਡ ਨੇ ਖੁਸ਼ੀ ਵਿਚ ਦੀਪਮਾਲਾ ਕੀਤੀ। ਮੈਨੂੰ ਬਹੁਤੀ ਹੋਸ਼ ਤਾਂ ਨਹੀਂ ਪਰ ਏਨਾ ਪਤਾ ਸੀ ਕਿ ਪਿਤਾ ਜੀ ਕੋਈ ਵੱਡਾ ਮਾਅਰਕਾ ਮਾਰ ਕੇ ਆਏ ਹਨ ਜਿਹੜੀ ਉਨ੍ਹਾਂ ਦੀ ਆਓ ਭਗਤ ਹੋ ਰਹੀ ਹੈ। ਸਾਰਾ ਪਿੰਡ ਸਾਡੇ ਘਰ ਢੁੱਕ ਰਿਹਾ ਸੀ। ਜਮਾਤ ਦੇ ਹੋਰ ਬੱਚੇ ਜਦ ਮੜ੍ਹਕੇ ਆਪਣੇ ਪਾਪਾ ਬਾਰੇ ਚੋਪੜੀਆਂ ਗੱਲਾਂ ਕਰਦੇ, ਮੈਨੂੰ ਤੁੱਖਣਾ ਦੇਣ ਵਾਂਗ ਲਗਦੀਆਂ ਤੇ ਹੀਣ ਭਾਵ ਮਹਿਸੂਸ ਹੁੰਦਾ।

ਉਸ ਦਿਨ ਜਦ ਪਿਤਾ ਜੀ ਨੂੰ ਘਰ ਵੇਖ ਚਾਂਭਲਿਆ ਆਪਣੇ ਸਾਥੀਆਂ ਨੂੰ ਦੱਸਣ ਕਿ ਵੇਖੋ ਮੇਰਾ ਬਾਪੂ ਵੀ ਜਿਉਂਦਾ ਘਰ ਵਾਪਸ ਆ ਗਿਆ ਹੈ, ਮੈਂ ਛੱਤ 'ਤੇ ਚੜ੍ਹ ਗਿਆ। ਮੈਂ ਨੱਚਦਾ ਟੱਪਦਾ ਮਹਿਮਾਨਾਂ ਨੂੰ ਦੱਸ ਰਿਹਾ ਸਾਂ, 'ਦੇਖੋ ਲੋਕੋ! ਮੇਰੇ ਪਿਤਾ ਜੀ ਆਏ ਨੇ...ਜੰਗ ਜਿੱਤ ਕੇ।'

ਪਿਤਾ ਜੀ ਬਰਾਂਡੇ ਦੀ ਪੱਕੀ ਬੁਰਜੀ ਨਾਲ



ਸਵਰਗੀ ਸ. ਅਨੋਖ ਸਿੰਘ ਆਪਣੀ ਧਰਮ ਪਤਨੀ ਦਲੀਪ ਕੌਰ ਨਾਲ

ਮੰਜੇ 'ਤੇ ਢੋਅ ਲਾਈ ਬੈਠੇ ਬਾਹਰੋਂ ਆਇਆਂ ਨਾਲ ਗੱਲਾਂ 'ਚ ਮਸਰੂਫ ਸਨ। ਸ਼ੁਭਚਿੰਤਕ ਉਨ੍ਹਾਂ ਦੀਆਂ ਫੌਜੀ ਬਹਾਦਰੀ ਦੀਆਂ ਕਹਾਣੀਆਂ ਸੁਣ ਰਹੇ ਸਨ। ਪਿਤਾ ਜੀ ਦੇ ਅਫਸਰ ਉਨ੍ਹਾਂ ਦੀ ਕਾਬਲੀਅਤ ਤੇ ਬਹਾਦਰੀ ਤੋਂ ਬਹੁਤ ਖੁਸ਼ ਸਨ। 1947 ਦੇ ਉਜਾੜੇ ਸਮੇਂ ਵੀ ਪਾਕਿਸਤਾਨ ਤੋਂ ਇੱਧਰ ਪੰਜਾਬ ਆਉਂਦੇ ਸੈਂਕੜੇ ਗੱਡੇ ਪਖਤੂਨਾਂ ਦੇ ਟੋਲੇ ਨੇ ਬੰਨੋਂ ਦੇ ਹੈਡ 'ਤੇ ਘੇਰ ਲਏ। ਪਿਤਾ ਜੀ ਸਾਨੂੰ ਲੱਭਦੇ ਲੱਭਦੇ ਉਥੇ ਆ ਪਹੁੰਚੇ। ਉਨ੍ਹਾਂ ਆਪਣੀ ਸਿੱਖ ਰੈਜੀਮੈਂਟ ਦੀ ਮਦਦ ਨਾਲ ਪਖਤੂਨਾਂ ਨੂੰ ਭਜਾ ਦਿੱਤਾ। ਪਿੰਡ ਦੇ ਉਹ ਲੋਕ ਹੁਣ ਤੱਕ ਉਨ੍ਹਾਂ ਦੀ ਬਹਾਦਰੀ ਦੀ ਗਾਥਾ ਸੁਣਾਉਂਦੇ/ਸੁਣਦੇ ਰਹੇ ਹਨ। ਪ੍ਰਸ਼ੰਸਾ ਵਜੋਂ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਘਰ ਆ ਕੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਸੀ।

ਮੈਂ ਚਾਂਭਲਿਆਂ ਉਸ ਬੁਰਜੀ ਉਤੇ ਨੇੜੇ ਹੋ ਕੇ ਥੱਲੇ ਦੇਖਣ ਤੇ ਲੋਕਾਂ ਦਾ ਧਿਆਨ ਖਿਚਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਮੈਂ ਤੁਹਾਡੇ ਵੱਡੇ ਹੀਰੋ ਦਾ ਪੁੱਤਰ ਹਾਂ। ਮੇਰੀਆਂ ਹਰਕਤਾਂ ਨਾਲ ਕੱਚੇ ਚੰਨੇ ਦੇ ਸਿਰੋਂ ਇੱਕ ਪੱਕੀ ਇੱਟ ਉਖੜ ਕੇ ਥੱਲੇ ਬੈਠੇ ਪਿਤਾ ਦੇ ਸਿਰ 'ਚ ਜਾ ਵੱਜੀ ਤੇ ਲਹੂ ਦੀਆਂ ਘਰਾਲਾਂ ਵਗਾ ਗਈ। ਥੱਲੇ ਉਤਰ ਕੇ ਵੇਖਿਆ ਤਾਂ ਪਿਤਾ ਜੀ ਲਹੂ ਲੁਹਾਨ ਬੇਸੁੱਧ ਹੋਏ ਪਏ ਸਨ ਤੇ ਲੋਕ ਉਨ੍ਹਾਂ ਦੀਆਂ ਤਲੀਆਂ ਝੱਸ ਰਹੇ ਸਨ। ਕੁਝ ਹਮਦਰਦ ਮਸ਼ਰੇ ਵੈਦ ਵਲ ਭੱਜੇ। ਵੈਦ ਦੇ ਆਉਣ ਤੋਂ ਪਹਿਲਾਂ ਉਹ ਹੋਸ਼ ਵਿਚ ਆ ਗਏ। ਵੈਦ ਨੇ ਉਨ੍ਹਾਂ ਦਾ ਮੱਥਾ ਪਲੋਸਿਆ ਤੇ ਰਿਸਦਾ ਖੂਨ ਅੰਗੂਠੇ ਨਾਲ ਸਾਫ ਕੀਤਾ। ਮਲ੍ਹਮ ਲਾ ਕੇ ਇੱਕ ਟਾਕੀ ਜੋੜ ਕੇ ਖੜਬਾਨ੍ਹਾ ਜਿਹਾ ਬੰਨ੍ਹ ਦਿੱਤਾ। ਕਈ ਦਿਨ ਪਿਛੋਂ ਜ਼ਖਮ ਤਾਂ ਠੀਕ ਹੋ ਗਿਆ ਪਰ ਡੂੰਘਾ ਨਿਸ਼ਾਨ ਪਿੱਛੇ ਰਹਿ ਗਿਆ।

ਕਿਸੇ ਸਿਆਣੇ ਨੇ ਸਲਾਹ ਦਿੱਤੀ ਕਿ ਤਰਨਤਾਰਨ ਦੇ ਮੇਲੇ ਵਿਚ ਮੱਥੇ ਦੀ ਸੱਟ ਬਾਰੇ ਡਾਕਟਰ ਦੀ ਸਲਾਹ ਲਈ ਜਾਵੇ। ਮੱਸਿਆ ਦੇ ਦਿਨ ਸੜਕ 'ਤੇ ਜਾਂਦੇ ਰਸਤੇ ਵਿਚ ਕੁੜੀਆਂ ਦੀ ਢਾਣੀ ਇੱਕ ਵਣਜਾਰੇ ਸਾਹਮਣੇ ਬੈਠੀ ਵੇਖ ਕੇ ਰੁਕ ਗਏ। ਉਹ ਉਨ੍ਹਾਂ ਦੇ ਹੱਥਾਂ ਬਾਂਹਾਂ ਤੇ ਉਨ੍ਹਾਂ ਦੇ ਨਾਂ ਨਿਸ਼ਾਨ ਉਕਰ ਰਿਹਾ ਸੀ, ਮੋਰਨੀ ਪਾ ਰਿਹਾ ਸੀ...ਚੰਦ ਬਣਾ ਰਿਹਾ ਸੀ। ਉਸ ਨੂੰ ਹਾਸੇ ਭਾਣੇ ਹੀ ਪੁੱਛ ਬੈਠੇ ਕਿ ਮੱਥੇ ਦੇ ਇਸ ਡੂੰਘੇ ਧੱਬੇ ਦਾ ਕੀ ਇਲਾਜ ਹੈ?

'ਬੈਠੋ! ਹੁਣੇ ਬੈਠੋ। ਇਸ ਦਾ ਤਾਂ ਬੜਾ ਸੁੰਦਰ ਚੰਦ ਬਣ ਜਾਵੇਗਾ। ਚੰਦ ਤਾਂ ਪਹਿਲਾਂ ਹੀ ਬਣਿਆ ਬਣਾਇਆ ਹੈ, ਮੈਂ ਲਾਗੇ ਤਾਰਾ ਵੀ ਲਾ ਦਿੰਨਾਂ।' ਉਸ ਨੇ ਕਲਾਮਈ ਕਾਰੀਗਰੀ ਨਾਲ ਜ਼ਖਮ ਨੂੰ ਐਸਾ ਭਰਿਆ ਕਿ ਕੋਈ ਸਰਜਨ ਵੀ ਏਨੀ ਸਫਾਈ ਨਾਲ ਨਹੀਂ ਕਰ ਸਕਦਾ। ਉਸ ਨੇ ਚੰਦ ਵਿਚ ਤਾਰਾ ਬਿੰਦੀ ਲਾ ਦਿੱਤੀ। ਹਾਂ! ਇਹ ਉਹ ਚੰਦ ਹੈ ਜੋ ਮੇਰੀਆਂ ਬਚਪਨ ਦੀਆਂ ਸ਼ਰਾਰਤਾਂ ਨੇ ਜੰਮਿਆ ਸੀ।

ਪਿਤਾ ਜੀ ਤਿੰਨ ਚਾਰ ਦਿਨਾਂ ਤੋਂ ਉਠਦੇ ਬਹਿੰਦੇ ਕੁੱਝ ਘਬਰਾਹਟ ਤੇ ਤਲਖੀ ਮਹਿਸੂਸ ਕਰਨ ਲੱਗੇ ਸਨ, "ਕਮਜ਼ੋਰੀ ਬੜੀ...ਬੱਸ ਹੋਗੀ ਹੁਣ, ਮੇਰੀ ਗੱਡੀ ਤਿਆਰ ਹੈ, ਐਹਦਾ ਮੱਥਾ ਵੀ ਵੇਖ ਕਿਵੇਂ ਹੱਸ ਰਿਹਾ ਹੈ, ਰਤਨ ਸਿੰਘ ਵਾਂਗ।" ਅਚਾਨਕ ਖਜਾਨ ਸਿੰਘ ਨੂੰ ਸਾਹਮਣੇ ਆਇਆ ਵੇਖ ਉਨ੍ਹਾਂ ਦੀ ਮੁਹਾਣ ਬਦਲ ਗਈ। ਉਹ ਆਪਣੇ ਛੋਟੇ ਭਾਈ ਰਤਨ ਸਿੰਘ ਨੂੰ ਯਾਦ ਕਰ ਰਹੇ ਸਨ ਜੋ 1971 ਦੀ ਜੰਗ ਵਿਚ ਲਾਹੌਰ ਸੈਕਟਰ ਦੇ ਡੋਗਰਾਈ ਵਿਖੇ ਸ਼ਹੀਦ ਹੋ ਗਿਆ ਸੀ।

"ਚਿੰਤਾ ਨਾ ਕਰੋ ਡੈਡ! ਉਠੋ ਤੁਰੋ...ਹੰਭਲਾ ਮਾਰੋ। ਤੁਸੀਂ ਅਜੇ ਸੈਂਕੜਾ ਮਾਰਨਾ ਹੈ। ਬਹੁਤ ਸਾਲ ਬਾਕੀ ਨੇ ਅਜੇ।" ਮੈਂ ਹੱਸਦਿਆਂ ਉਨ੍ਹਾਂ ਦਾ ਧਿਆਨ ਮੋੜਨ ਦੀ ਕੋਸ਼ਿਸ਼ ਕੀਤੀ। ਉਹ ਮਿੱਠਾ ਜਿਹਾ ਮੁਸਕਰਾ ਪਏ, "ਮੈਂ ਵੀ ਚਾਹੁੰਦਾ ਹਾਂ ਪਰ ਸੈਂਕੜੇ ਨੂੰ ਤੇ ਅਜੇ ਸੱਤ ਸਾਲ ਬਾਕੀ ਪਏ ਨੇ। ਏਨਾ ਲੰਬਾ ਪੈਂਡਾ ਹੁਣ ਮੈਥੋਂ ਤੁਰਿਆ ਨਹੀਂ ਜਾਣਾ ਪੁੱਤ।" ਉਨ੍ਹਾਂ ਹਉਕਾ ਲਿਆ।

"ਸਤਿਨਾਮ ਵਾਹਿਗੁਰੂ ਬੋਲੋ! ਹਉਕਾ ਨਹੀਂ ਭਰਨਾ ਸੁੱਖੀ-ਸਾਂਦੀ।" ਮਾਤਾ ਨੇੜੇ ਹੋ ਗਈ।

ਮੈਂ ਉਡੀਕਦਾ ਹਾਂ, ਪਿਤਾ ਜੀ ਹੁਣੇ ਉਠੇ ਕਿ ਉਠੇ। ਉਨ੍ਹਾਂ ਦੀਆਂ ਸਿਥਲ ਪਈਆਂ ਬੰਦ ਅੱਖਾਂ ਦੀਆਂ ਝਿੰਮਣੀਆਂ ਦੀ ਹਰਕਤ ਕਿਆਸ ਕੇ ਮੇਰਾ ਆਪਾ ਨਿੰਮੋਝੂਣਾ ਹੋ ਜਾਂਦਾ ਹੈ। ਉਹ ਸ਼ਾਂਤ ਸਾਗਰ ਦੀਆਂ ਲਹਿਰਾਂ ਵਾਂਗ ਧੁੱਪ ਛਾਂ ਗਰਮ ਸਰਦੀ ਤੋਂ ਨਿਰਭੈ ਅਹਿੱਲ ਪਏ ਸਨ। ਕੱਲ੍ਹ ਡਾਕਟਰ ਨੇ ਸਲਾਹ ਦਿੱਤੀ ਸੀ, "ਕਈ ਵੇਰਾਂ ਸੋਡੀਅਮ ਦੀ ਕਮੀ ਕਰ ਕੇ ਮਰੀਜ਼ ਦਾ ਸੁਭਾ ਚਿੜਚਿੜਾ ਹੋ ਜਾਂਦੇ ਤੇ ਬੋਲਣਾ ਚੰਗਾ ਨਹੀਂ ਲਗਦਾ। ਉਨ੍ਹਾਂ ਨੂੰ ਰੈਸਟ ਕਰਨ ਦਿਓ, ਵਾਰ ਵਾਰ ਬੁਲਾਓ ਨਾ।"

ਮੈਂ ਇੰਤਜ਼ਾਰ ਕਰਦਾ ਹਾਂ, ਹੁਣੇ ਇਨ੍ਹਾਂ ਦਾ ਸੋਡੀਅਮ ਲੈਵਲ ਠੀਕ ਹੋ ਜਾਵੇਗਾ ਤੇ ਇਸ਼ਾਰਾ ਕਰਨਗੇ, 'ਬੇਟਾ! ਧੁੱਪ ਆ ਗਈ, ਮੰਜਾ ਛਾਂਵੇਂ ਕਰ ਦਿਓ, ਮੇਰੀ ਖੂੰਡੀ ਨੇੜੇ ਕਰ ਦਿਓ।' ਪਰ ਕੋਈ ਹੁਕਮ ਨਾ ਹੋਇਆ। ਮਾਤਾ ਦੱਬੇ ਪੈਰੀਂ ਆ ਕੇ ਗੁੜ, ਚੌਲ, ਕਣਕ, ਮੱਕੀ, ਦਾਲ, ਖੰਡ, ਲੂਣ, ਤੇਲ ਆਦਿ ਸਤਨਾਜਾ ਬਣਾ ਕੇ ਸਿਰਹਾਣੇ ਰੱਖ ਕੇ ਗੁਟਕਾ ਫੜ੍ਹ ਬੈਠੀ ਹੈ।

'ਮੌਤ ਜ਼ਿੰਦਗੀ ਦੇ ਬਹੁਤ ਨੇੜੇ ਹੈ ਪਤਾ ਨਹੀਂ



ਸੂਬੇਦਾਰ ਸਵਰਗੀ ਸ. ਅਨੋਖ ਸਿੰਘ

ਅਗਲਾ ਸਵਾਸ ਆਵੇ ਜਾਂ ਨਾ। ਬੰਦੇ ਦੀ ਕੋਈ ਮੁਨਿਆਦ ਨਹੀਂ। ਮੌਤ ਇੱਕ ਅਟੱਲ ਸੱਚਾਈ ਹੈ। ਮਰੇ ਲੋਕ ਕੋਈ ਨਰਕ ਨਹੀਂ ਭੋਗਦੇ, ਨਾ ਹੀ ਉਹ ਕਿਸੇ ਸਵਰਗ ਵਿਚ ਫੁੱਲਾਂ ਦੀ ਸੇਜ ਮਾਣਦੇ ਹਨ। ਭਾਵੇਂ ਕਿੰਨਾ ਵੀ ਵੱਡਾ ਰਾਜਾ ਰਸਾਲੂ, ਰਾਵਣ, ਕੁੰਭਕਰਨ ਜਾਂ ਕੋਈ ਹੋਰ ਰਿੱਧੀਆਂ ਸਿੱਧੀਆਂ ਨੂੰ ਵੱਸ ਕਰਨ ਵਾਲਾ, ਆਖਰ ਤਾਂ ਮੌਤ ਨੇ ਆ ਹੀ ਨੱਪਣਾ ਹੈ। ਫਿਰ ਠੰਢ ਗਰਮੀ ਨੇ ਨਹੀਂ ਸਤਾਉਣਾ। ਮੌਤ ਦੀ ਗੂੜ੍ਹੀ ਨੀਂਦ ਵਿਚ ਸੁੱਤਾ ਜੀਵ ਵਾਪਸ ਅੱਖਾਂ ਨਹੀਂ ਖੋਲ੍ਹਦਾ।'

ਪਿਛਲੇ ਦਿਨੀਂ ਕਿਸੇ ਦੋਸਤ ਦੇ ਭੋਗ ਸਮੇਂ ਪਿਤਾ ਜੀ ਦੇ ਕੀਤੇ ਭਾਸ਼ਣ ਦੇ ਸ਼ਬਦ ਮੇਰੇ ਜ਼ਿਹਨ ਵਿਚੋਂ ਗੁਜ਼ਰ ਜਾਂਦੇ ਹਨ। ਮੈਂ ਉਨ੍ਹਾਂ ਨੂੰ ਹਿਲਾਉਣ ਦੀ ਸੋਚਦਾਂ ਕਿ ਕਿਤੇ ਇਹ ਵੀ ਉਸ ਗੂੜ੍ਹੀ ਨੀਂਦੇ ਤਾਂ ਨਹੀਂ ਚਲੇ ਗਏ ਪਰ ਮੇਰਾ ਹੌਸਲਾ ਨਹੀਂ ਪੈਂਦਾ।

ਕਮਲ ਤਿਆਰ ਹੋ ਕੇ ਆ ਜਾਂਦਾ ਹੈ, "ਮੈਂ ਪਿਤਾ ਜੀ ਤੋਂ ਅਸ਼ੀਰਵਾਦ ਲੈਣਾ ਹੈ, ਮੈਂ ਅਮਰੀਕਨ ਵੀਜ਼ੇ ਲਈ ਬਿਨੈ-ਪੱਤਰ ਦੇਣ ਜਾਣਾ ਹੈ। ਗੁਰਜੀਤ ਇਨ੍ਹਾਂ ਤੋਂ ਅਸ਼ੀਰਵਾਦ ਲੈ ਕੇ ਗਿਆ, ਪਹਿਲੇ ਹੱਲੇ ਹੀ ਸਿੱਧਾ ਅਮਰੀਕਾ ਪਹੁੰਚ ਗਿਆ, ਬਿਨਾ ਕਿਸੇ ਰੁਕਾਵਟ ਤੋਂ।" ਮੇਰਾ ਭਤੀਜਾ ਰਾਜਕਮਲ ਆਪਣੀ ਮੰਮੀ ਦਾ ਪੜ੍ਹਾਇਆ ਬੜਾ ਉਤਸ਼ਾਹੀ ਹੋ ਰਿਹਾ ਹੈ।

"ਪਿਤਾ ਜੀ! ਮੈਂ ਦਿੱਲੀ ਚੱਲਿਆਂ ਵੀਜ਼ੇ ਲਈ।" ਕੋਈ ਹੁੰਗਾਰਾ ਨਹੀਂ, ਕੋਈ ਆਵਾਜ਼ ਨਹੀਂ, ਕੋਈ ਹਿਲਜੁਲ ਨਹੀਂ। ਉਹ ਪਿਤਾ ਜੀ ਦੀ ਸੇਵਾ ਵਾਸਤੇ ਦੁਬਈ ਤੋਂ ਪਿਛਲੇ ਮਹੀਨੇ ਹੀ ਇੱਥੇ ਆਇਆ ਸੀ। ਉਹ ਮੂੰਹ ਤੋਂ ਕੱਪੜਾ ਹਟਾਉਂਦਾ ਹੈ, 'ਪਿਤਾ...ਜੀਅਅ!' ਉਸ ਦੀਆਂ ਚੰਘਿਆੜਾਂ ਨਿਕਲ ਜਾਂਦੀਆਂ ਹਨ। ਉਹ ਸੱਚਮੁੱਚ ਹੀ ਗੂੜ੍ਹੀ ਨੀਂਦੇ ਚਲੇ ਗਏ ਨੇ।

ਮੈਂ ਰੋਜ਼ ਵਾਂਗ ਪਿੱਛੇ ਬੈਠ ਕੇ ਪਿਤਾ ਜੀ ਨੂੰ ਕਲਾਵਾ ਭਰ ਕੇ ਉਠਾਉਣ ਦੀ ਕੋਸ਼ਿਸ਼ ਕਰਦਾ ਹਾਂ। ਆਵਾਜ਼ ਦਿੰਦਾ ਹਾਂ...ਕੋਈ ਜੁਆਬ ਨਹੀਂ। ਮੂੰਹ ਨੂੰ ਪਾਣੀ ਲਾਉਂਦੇ, ਪਾਣੀ ਪਾਸੇ ਚੋਅ ਜਾਂਦਾ ਹੈ। ਉਨ੍ਹਾਂ ਦੀ ਨਿਰਜਿੰਦ ਧੌਣ ਆਪਣਾ ਭਾਰ ਚੁੱਕਣ ਤੋਂ ਇਨਕਾਰੀ ਹੋ ਜਾਂਦੀ ਹੈ।

"ਭੌਰ ਉਡਾਰੀ ਮਾਰ ਗਿਆ...ਲਿਟਾ ਦਿਓ ਹੁਣ।" ਉਨ੍ਹਾਂ ਨੂੰ ਸੋਮਨ ਕਰਨ ਦੇ ਸਾਰੇ ਹਥਿਆਰ ਫੇਲ੍ਹ ਹੁੰਦੇ ਵੇਖ ਕੇ ਮਾਤਾ ਨੇ ਡੂੰਘਾ ਹਉਕਾ ਭਰਿਆ। ਕਮਲ ਦੇ ਹੱਥ ਫੜਿਆ ਕਾਗਜ਼ਾਂ ਦਾ ਪੁਲੰਦਾ ਡੋਲ ਗਿਆ। "ਅਸ਼ਵਨੀ ਨੂੰ ਬੁਲਾਓ।" ਮਾੜੀ ਮੋਟੀ ਤਕਲੀਫ 'ਤੇ ਉਹ ਜਿਵੇਂ ਆਪ ਹੀ ਕਿਹਾ ਕਰਦੇ ਸਨ। ਕਮਲ ਡਾਕਟਰ ਵੱਲ ਦੌੜ ਜਾਂਦਾ ਹੈ। ਡਾਕਟਰ ਬਨਾਰਸੀ ਦਾ ਬੇਟਾ ਅਸ਼ਵਨੀ ਕੁਮਾਰ ਆਪਣੇ ਪਾਪਾ ਵਾਂਗ ਪਿਤਾ ਜੀ ਦੀ ਬਹੁਤ ਇੱਜਤ ਕਰਦਾ ਹੈ। ਝੱਟ ਹੀ ਉਹ ਸੰਦੂਕੜੀ ਫੜੀ ਆ ਜਾਂਦਾ ਹੈ।

'ਬਾਪੂ ਜੀ ਸਤਿ ਸ੍ਰੀ ਅਕਾਲ' ਕਹਿੰਦਾ ਉਨ੍ਹਾਂ ਦੀ ਨਬਜ਼ ਫੜ੍ਹ ਅੱਖਾਂ ਟੋਂਹਦਾ ਹੈ। ਟਾਰਚ ਮਾਰ ਕੇ ਅੱਖਾਂ ਦੀਆਂ ਪੁਤਲੀਆਂ ਵਿਚ ਝਾਤੀ ਮਾਰ ਕੇ ਸਿਰ ਫੇਰਦਾ ਪਿੱਛੇ ਹੋ ਜਾਂਦਾ ਹੈ। ਉਸ ਦੀਆਂ ਅੱਖਾਂ ਵੀ ਭਰ ਆਈਆਂ ਹਨ।

"ਹਸਪਤਾਲ ਲੈ ਚੱਲੀਏ?" ਮੈਂ ਅਜੇ ਹੌਸਲਾ ਨਹੀਂ ਹਾਰਿਆ।

"ਨਹੀਂ ਕੋਈ ਫਾਇਦਾ ਨਹੀਂ।" ਉਸ ਦਾ ਸਾਫ ਜੁਆਬ ਸੀ। ਕਿਰਨਬੀਰ ਦੀਆਂ ਅੱਖਾਂ ਵਿਚ ਡਲ੍ਹਕਦੇ ਹੰਝੂ ਬਰਸਾਤ ਬਣ ਆਏ। ਸ਼ੈਲੀ ਮੂੰਹ ਅੱਡ ਕੇ ਉਚੀ ਚੀਕ ਮਾਰਦੀ ਬੇਸੁੱਧ ਹੋ ਗਈ। ਅੱਜ ਸਵੇਰੇ ਚਾਹ ਦੇਣ ਆਈ ਸ਼ੈਲੀ ਦੇ ਸਿਰ ਪਿਆਰ ਦਿੰਦੇ ਉਹ ਅੱਖਾਂ ਭਰ ਆਏ ਸਨ। ਸ਼ੈਲੀ ਮੇਰੇ ਛੋਟੇ ਵੀਰ ਅਮਰਜੀਤ ਸਿੰਘ ਦੀ ਬੇਟੀ ਹੈ ਜੋ ਨਵੰਬਰ ਚੁਰਾਸੀ ਦੀ ਕਾਲੀ ਹਨੇਰੀ ਵਿਚ ਜਵਾਨ ਉਮਰੇ ਉਸ ਨੂੰ ਤਿੰਨ ਸਾਲ ਦੀ ਨੂੰ ਯਤੀਮ ਕਰ ਗਿਆ ਸੀ। ਇਹ ਥੋੜ੍ਹ ਪਿਤਾ ਜੀ ਨੂੰ ਸਾਰੀ ਉਮਰ ਪੱਛਦੀ ਰਹੀ ਹੈ।

ਸ਼ੈਲੀ ਦੀ ਮੰਮੀ ਬਲਜੀਤ ਵੀ ਆ ਗਈ, ਉਸ ਨੂੰ ਵੀ ਕਿਸੇ ਨੇ ਫੋਨ ਕਰ ਦਿੱਤਾ ਹੋਊ। ਉਹ ਖਾਲਸਾ ਕਾਲਜ ਕੰਮ 'ਤੇ ਜਾਂਦੀ ਹੈ।

"ਹਾਏ ਪਿਤਾ ਜੀ! ਮੇਰਾ ਕੀ ਬਣੂ? ਮੈਨੂੰ ਕੀਹਦੇ ਸਹਾਰੇ ਛੱਡ ਚੱਲੇ ਓ? ਸਵੇਰੇ ਤਾਂ ਕਹਿੰਦੇ ਸੀ, ਮੈਂ ਅਜੇ ਨਹੀਂ ਜਾਣਾ...ਹਾਏ ਮੈਨੂੰ ਉਡੀਕ ਲੈਂਦੇ। ਹੁਣ ਕੀਹਦੇ ਆਸਰੇ ਛੱਡ ਚੱਲੇ ਓ ਪਿਤਾ ਜੀ।" ਉਹ ਪਿੱਟਣ ਲੱਗ ਪਈ। ਅਮਰਜੀਤ ਦੀ ਭਰ ਜਵਾਨੀ ਵਿਚ ਮੌਤ ਤੋਂ ਪਿੱਛੋਂ ਉਹ ਹੀ ਮਾਤਾ ਪਿਤਾ ਦੇ ਨਾਲ ਇੱਕ ਦੂਸਰੇ ਦੀ ਡੰਗੋਰੀ ਬਣਦੇ ਰਹੇ ਹਨ। ਮਾਤਾ ਨੇ ਉਠ ਕੇ ਉਸ ਨੂੰ ਦਿਲਾਸਾ ਦਿੱਤਾ।

"ਸਬਰ ਕਰੋ ਹੁਣ, ਏਨਾ ਹੀ ਸਾਥ ਲਿਖਿਆ ਸੀ। ਥੋੜ੍ਹੀ ਸੇਵਾ ਕੀਤੀ ਤੁਸਾਂ?" ਮਾਤਾ ਉਨ੍ਹਾਂ ਦਾ ਬਿਸਤਰਾ ਸੰਵਾਰਨ ਲੱਗ ਪਈ। ਸਿਰ ਮੂੰਹ ਪਲੋਸਿਆ, ਵਾਲ ਸਵਾਰੇ। ਰਜਾਈ ਸਿੱਧੀ ਕਰ ਕੇ ਮਾਤਾ ਹੱਥ ਜੋੜਦੀ ਅੱਖਾਂ ਮਲਦੀ ਪੱਲਾ ਝਾੜਦੀ ਪਿੱਛੇ ਹੋ ਗਈ।

"ਚਲੋ ਫੋਨ ਕਰੋ ਹੁਣ ਬਾਹਰ ਨੂੰ, ਕੁਲਵੰਤ ਨੂੰ ਕਰ ਦਿਓ, ਜੀਤ ਨੂੰ ਵੀ ਦੱਸ ਦਿਓ।" ਮਾਤਾ ਅੱਖਾਂ ਪੂੰਝ ਰਹੀ ਹੈ। ਖਜ਼ਾਨ ਵੀ ਜਲਦੀ ਆ ਗਿਆ ਤੇ ਰੋਂਦਾ ਰੋਂਦਾ ਪਿਤਾ ਜੀ ਨੂੰ ਚਿੰਬੜ ਗਿਆ, ਬੜੀ ਮੁਸ਼ਕਿਲ ਨਾਲ ਉਠਾ ਕੇ ਪਾਸੇ ਕੀਤਾ। ਉਹ ਅੱਖਾਂ ਮਲਦਾ ਵਿਹੜੇ ਵਿਚ ਦਰੀਆਂ ਵਿਛਾਉਣ ਲੱਗਾ। ਦਰਵਾਜ਼ੇ ਮੂਹਰੇ ਹਿਲਜੁਲ ਵੇਖ ਕੇ ਆਂਢੀ ਗਵਾਂਢੀ ਇਕੱਠੇ ਹੋਣੇ ਸ਼ੁਰੂ ਹੋ ਗਏ। ਭੀੜ ਵਧਣ ਲੱਗੀ। ਮੌਸਮ ਯਖ ਠੰਢਾ ਤੇ ਖਰਾਬ ਹੈ। ਕਈ ਦਿਨਾਂ ਤੋਂ ਸੂਰਜ ਦੇਵਤਾ ਨਹੀਂ ਦਿਸਿਆ।

"ਠੰਢ ਨੇ ਫਰਸ਼ ਵੀ ਬਰਫ ਵਾਂਗ ਠੰਢਾ ਕਰ ਦਿੱਤਾ ਹੈ। ਲੋਕਾਂ ਦੇ ਬੈਠਣ ਵਾਸਤੇ ਥੱਲੇ ਗੱਦੇ ਵਿਛਾਉਣੇ ਚਾਹੀਦੇ ਨੇ।" ਮਾਤਾ ਦੇ ਕਹਿਣ 'ਤੇ ਕਮਲ ਨੇ ਟੈਂਟ ਹਾਊਸ ਨੂੰ ਫੋਨ ਕਰ ਦਿੱਤਾ।

ਮੇਰੀ ਪਤਨੀ ਅਜੀਤ ਕੌਰ ਪਿਛਲੇ ਛੇ ਮਹੀਨੇ ਤੋਂ ਮਾਤਾ ਜੀ ਦੀ ਨਿੱਘਰਦੀ ਹਾਲਤ ਸੁਣ ਕੇ ਉਸ ਦੀ ਸੇਵਾ ਵਾਸਤੇ ਅਮਰੀਕਾ ਤੋਂ ਇੱਥੇ ਆ ਗਈ ਸੀ, ਮੈਂ ਨਹੀਂ ਸੀ ਆ ਸਕਿਆ, ਕਿਉਂਕਿ ਸਿਟੀਜ਼ਨ ਬਣਨ ਤੋਂ ਬਾਅਦ ਓ. ਸੀ. ਆਈ. ਕਾਰਡ ਵਾਸਤੇ ਦਿੱਤਾ ਮੇਰਾ ਪਾਸਪੋਰਟ ਅਜੇ ਨਹੀਂ ਸੀ ਮਿਲਿਆ। ਅਜੀਤ ਨੇ ਵੀ ਟੈਸਟ ਤਾਂ ਮੇਰੇ ਨਾਲ ਹੀ ਦਿੱਤਾ ਸੀ ਪਰ ਮੇਰੇ ਕਾਗਜ਼ਾਂ ਵਿਚ ਕੁੱਝ ਨੁਕਸ ਕਾਰਨ ਮੇਰੀ ਸਹੁੰ ਇੱਕ ਮਹੀਨਾ ਲੇਟ ਹੋ ਗਈ। ਇਸ ਸਮੇਂ ਸੈਨ ਫਰਾਂਸਿਸਕੋ ਵਿਖੇ ਭਾਰਤੀ ਅੰਬੈਸੀ 'ਤੇ ਕੁਰੱਪਸ਼ਨ ਦੀਆਂ ਕਈ ਸ਼ਿਕਾਇਤਾਂ ਕਾਰਨ ਉਥੇ ਵੀ ਕੰਮ ਬਹੁਤ ਲੇਟ ਹੋ ਰਿਹਾ ਸੀ।

ਉਸ ਵੇਲੇ ਮਾਤਾ ਜੀ ਬਹੁਤੇ ਹੀ ਢਿੱਲੇ ਸਨ। ਡਾਕਟਰਾਂ ਨੇ ਸਿਰ ਫੇਰ ਦਿੱਤਾ ਸੀ, "ਸਿਹਤ ਬੜੀ ਕਮਜ਼ੋਰ ਹੈ, ਇਹ ਦੋ ਚਾਰ ਦਿਨ ਦੀ ਪ੍ਰਾਹੁਣੀ ਹੈ। ਘਰ ਲਿਜਾ ਕੇ ਸੇਵਾ ਕਰ ਲਓ।" ਉਹ ਤਾਂ ਕਾਇਮ ਹੋ ਗਈ ਪਰ ਪਿਤਾ ਜੀ ਢਿੱਲੇ ਹੋ ਗਏ। ਹੁਣ ਇੱਕ ਮਹੀਨੇ ਤੋਂ ਪਿਤਾ ਜੀ ਮੰਜੇ 'ਤੇ ਪੈ ਗਏ ਸਨ ਤੇ ਕਈ ਵੇਰਾਂ ਹਸਪਤਾਲ ਦਾਖਲ ਕਰਾਉਣਾ ਪਿਆ। ਅਜੀਤ ਕੱਲ੍ਹ ਹੀ ਪਿਤਾ ਜੀ ਦੇ ਹੁਕਮ 'ਤੇ ਰਾਜਨ ਬੇਟੀ ਕੋਲ ਨਵਾਂ ਸ਼ਹਿਰ ਗਈ ਸੀ। ਪਿਤਾ ਜੀ ਉਸ ਦਾ ਜਰਾ ਵੀ ਵਿਸਾਹ ਨਹੀਂ ਸਨ ਖਾਂਦੇ। ਅੱਜ ਸਵੇਰੇ ਘੰਟਾ ਕੁ ਪਹਿਲਾਂ ਹੀ ਪਿਤਾ ਜੀ ਬਾਰੇ ਪੁੱਛਣ ਲਈ ਉਸ ਦਾ ਫੋਨ ਆਇਆ ਸੀ। ਮੈਂ ਦੱਸਿਆ ਸੀ ਕਿ ਉਹ ਠੀਕ ਠਾਕ ਹਨ। ਕਮਲ ਨੇ ਉਸ ਨੂੰ ਇਹ ਮਨਹੂਸ ਖਬਰ ਦੇ ਦਿੱਤੀ। ਝਬਦੇ ਹੀ ਉਸ ਦਾ ਮੈਨੂੰ ਫੋਨ ਆ ਗਿਆ। ਉਹ ਮੇਰੀ ਸਵੇਰ ਦੀ ਰਿਪੋਰਟ 'ਤੇ ਬਹੁਤ ਦੁਖੀ ਤੇ ਨਾਰਾਜ਼ ਹੋਣ ਲੱਗੀ ਕਿ ਸਵੇਰੇ ਦੱਸ ਦਿੰਦੇ ਤਾਂ ਮੈਂ ਪਿਤਾ ਜੀ ਦਾ ਆਖਰੀ ਵਾਰ ਮੂੰਹ ਵੇਖ ਲੈਂਦੀ। ਮੈਂ ਦੱਸਿਆ ਕਿ ਉਹ ਤਾਂ ਸਾਡੇ ਕੋਲ ਬੈਠਿਆਂ ਵੀ ਸਾਨੂੰ ਦੱਸੇ ਬਿਨਾ ਹੀ ਹੱਥ ਛੁਡਾ ਕੇ ਕਿਤੇ ਟੁੱਭੀ ਮਾਰ ਗਏ ਨੇ।

ਫੋਨ ਦੀ ਸ਼ਾਮਤ ਆਉਂਦੀ ਹੈ। ਬਾਹਰਲੀਆਂ ਘੰਟੀਆਂ ਖੜਕਣ ਲੱਗੀਆਂ ਹਨ। 'ਮੈਂ ਕੱਲ੍ਹ ਆ ਜਾਣਾ ਹੈ।' ਦੁਬਈ ਤੋਂ ਸਰਬਜੀਤ ਕਲਪਦਾ ਹੈ। ਅਮਰੀਕਾ ਤੋਂ ਦਲਵੀਰ ਤੇ ਸੁਖਵੀਰ ਦੇ ਫੋਨ ਵੀ ਆ ਗਏ ਨੇ। ਕਮਲ ਰਾਹੀਂ ਖਬਰ ਮਿਲਦੇ ਹੀ ਤੁਰੰਤ ਸਭਨਾਂ ਦੀ ਪ੍ਰਾਪਤੀ ਰਸੀਦ ਮੁੜ ਆ ਗਈ। ਗੁਰਜੀਤ ਪਰਸੋਂ ਦਾ ਇੱਥੋਂ ਤੁਰਿਆ ਹੁਣੇ ਅਮਰੀਕਾ ਪਹੁੰਚਿਆ ਸੀ ਤੇ ਉਥੇ ਉਸ ਦੀ ਰਿਸੈਪਸ਼ਨ ਪਾਰਟੀ ਚੱਲ ਰਹੀ ਹੈ। ਅਜੇ ਇੱਧਰ ਤਾਂ ਕਿਸੇ ਰਿਸ਼ਤੇਦਾਰ ਨੂੰ ਪਤਾ ਨਹੀਂ, ਉਧਰ ਸਾਰੇ ਹਾਹਾਕਾਰ ਮੱਚ ਗਈ। ਉਨ੍ਹਾਂ ਦੇ ਵਾਰੀ ਵਾਰੀ ਫੋਨ ਖੜਕਣ ਲੱਗੇ।

ਕੁਲਵੰਤ ਆ ਗਈ, ਰੋਂਦੀ ਹਾਲ ਪਾਹਰਿਆ ਕਰਦੀ। "ਹਾਏ ਪਿਤਾ ਜੀ! ਮੈਨੂੰ ਕਿਉਂ ਨਾ ਉਡੀਕਿਆ, ਅੱਗੇ ਰੋਜ਼ ਫੋਨ ਕਰ ਲੈਂਦੇ ਸੀ, ਅੱਜ ਮੇਰੀ ਯਾਦ ਕਿਉਂ ਨਾ ਆਈ!" ਉਹ ਪਿਤਾ ਜੀ 'ਤੇ ਵਿਛ ਜਾਂਦੀ ਹੈ। ਮੈਂ ਆਪਣੀ ਇਕਲੌਤੀ ਭੈਣ ਨੂੰ ਤਸੱਲੀ ਦਿੰਦਾ ਕਲਾਵਾ ਭਰ ਕੇ ਪਿੱਛੇ ਹਟਾਉਂਦਾ ਹਾਂ।

"ਇਨ੍ਹਾਂ ਦਾ ਬਿਸਤਰਾ ਥੱਲੇ ਕਰ ਦਿਓ ਹੁਣ!" ਡੰਗੋਰੀ ਖੜਕਾਉਂਦਾ ਬਾਬੂ ਸਾਂਸੀ ਆ ਪਹੁੰਚਿਆ। ਉਸ ਨੇ ਲਾਗੀਆਂ ਵਾਲੀ ਸਰਸਰੀ ਸਲਾਹ ਦਿੱਤੀ।

'ਕਿਉਂ? ਸਾਰੇ ਘਰ ਪਰਿਵਾਰ ਦਾ ਮਾਲਕ ਸਾਡਾ ਬਾਪ! ਥੱਲੇ ਕਿਉਂ ਪਾਈਏ!' ਮੈਨੂੰ ਅਜਿਹੇ ਫਜ਼ੂਲ ਵਹਿਮਾਂ ਭਰਮਾਂ ਤੋਂ ਬੜੀ ਚਿੜ ਹੈ।

'ਔਗੁਣ ਹੁੰਦਾ ਹੈ ਭਾਊ!...ਇਹ ਬੈਡ ਵੀ ਨਾਲ ਹੀ ਸਾੜਨਾ ਪਊ।' ਪਿਛਿਓਂ ਕਿਸੇ ਨੇ ਦੱਬੀ ਜਿਹੀ ਗਵਾਹੀ ਦਿੱਤੀ।

'ਧੰਨਵਾਦ ਤੁਹਾਡਾ! ਇਹ ਕੰਮ ਸਾਡੇ 'ਤੇ ਰਹਿਣ ਦਿਓ, ਤੁਸੀਂ ਹੋਰ ਸੇਵਾ ਦੱਸੋ। ਇਸ ਬੈਡ 'ਤੇ ਮੈਂ ਸੌਣਿਆਂ ਕਰੂੰ ਹੁਣ।' ਸੁਣ ਕੇ ਉਹ ਕੰਨੀ ਵਲ੍ਹੇਟ ਕੇ ਪਾਸੇ ਬੈਠ ਗਏ।

ਬੂਈ ਸ਼ਾਹ ਆ ਕੇ ਉਨ੍ਹਾਂ ਦੇ ਸਾਹਮਣੇ ਖੜੋ ਗਿਆ।

'ਵੇਖੋ ਭਾਜੀ!.. ਸੂਬੇਦਾਰ ਸਾਹਿਬ ਆਪਣੀ ਚੰਗੀ ਪੁਗਾ ਗਏ। ਕੱਲ੍ਹ ਪਰਸੋਂ ਚੰਗੇ ਭਲੇ ਮਿਲੇ ਹੱਸਦੇ ਹੱਸਦੇ...ਕੋਈ ਚਿੱਤ ਚੇਤਾ ਨਹੀਂ ਸੀ ਇਹੋ ਜਿਹੀ ਹੋਣੀ ਦਾ। ਮਹਾਤਮਾ ਵਾਲੀ ਮੌਤ ਹੈ ਇਹ, ਕਿਸੇ ਕਿਸੇ ਨੂੰ ਅਜਿਹੀ ਮੌਤ ਨਸੀਬ ਹੁੰਦੀ ਹੈ। ਨਾ ਦੁੱਖ ਨਾ ਤਕਲੀਫ। ਨਹੀਂ ਤਾਂ ਲੋਕ ਕਿਵੇਂ ਸਾਲਾਂ ਬੱਧੀ ਮੰਜੇ 'ਤੇ ਹੱਡ ਰਗੜਦੇ ਰਹਿੰਦੇ ਨੇ। ਆਪ ਵੀ ਦੁਖੀ ਤੇ ਪਿਛਲੇ ਵੀ ਦੁਖੀ। ਉਸ ਕੋਲੋਂ ਛੁਟਕਾਰੇ ਲਈ ਅਰਦਾਸਾਂ ਕਰਦੇ ਨੇ। ਉਹ ਬੜੇ ਸੱਚੇ ਸੁੱਚੇ ਪਰਉਪਕਾਰੀ ਤੇ ਦਿਆਲੂ ਇਨਸਾਨ ਸਨ ਤੇ ਹਰ ਡਿਊਟੀ ਬੜੀ ਚੁਸਤੀ ਫੁਰਤੀ ਨਾਲ ਕਰਦੇ ਸਨ। ਵੇਖੋ! ਸੇਵਾਮੁਕਤੀ ਤੋਂ ਬਾਅਦ ਵੀ ਉਨ੍ਹਾਂ ਆਪਣੀ ਜੀਵਨ ਜੱਦੋਜਹਿਦ ਨਹੀਂ ਛੱਡੀ। ਜੱਟ ਦਾ ਪੁੱਤ ਹੁੰਦਿਆਂ ਉਨ੍ਹਾਂ ਨੇ ਚੱਕੀ ਲਾਈ, ਰੂੰ ਪੇਂਜਾ, ਵਤੇਵਿਆਂ ਵਾਲੀ ਵੇਲਣੀ ਤੇ ਝੋਨਾ ਛੜਨ ਵਾਲੀ ਮਸ਼ੀਨ ਨੇ ਉਨ੍ਹਾਂ ਦੇ ਸਾਥੀ-ਸੰਗੀਆਂ ਦਾ ਦਾਇਰਾ ਹੋਰ ਵਧਾ ਦਿੱਤਾ।

'ਤੁਹਾਡੇ ਕੋਲ ਭਾੜਾ ਹੈ ਤਾਂ ਦੇ ਦਿਓ ਜੋ ਮਰਜ਼ੀ, ਨਹੀਂ ਤਾਂ ਨਾ ਸਹੀ ਜਾਂ ਫੇਰ ਸਹੀ।' ਕਹਿ ਕੇ ਉਹ ਰਜਿਸਟਰ ਰੱਖ ਦਿੰਦੇ। ਕਿੱਲੋ, ਦੋ, ਪੰਜ, ਦਸ ਕਿੱਲੋ ਦੀਆਂ ਆਟਾ ਥੈਲੀਆਂ ਬਣਾ ਕੇ ਵੇਚਣੀਆਂ ਇਨ੍ਹਾਂ ਦੀ ਹੀ ਕਾਢ ਸੀ ਜੋ ਬਾਅਦ ਵਿਚ ਅਸਾਂ ਵੀ ਅਪਨਾ ਲਈ।'

'ਸੂਬੇਦਾਰ ਸਾਹਿਬ! ਤੁਸੀਂ ਤਾਂ ਸਾਡਾ ਧੰਦਾ ਬੰਦ ਕਰਵਾ ਦਿਉਗੇ। ਇਹ ਜੋ ਪੈਸਾ ਦੋ ਪੈਸੇ ਤੁਸੀਂ ਛੱਡਦੇ ਓ, ਇਨ੍ਹਾਂ ਨੂੰ ਜਮਾਂ ਕਰ ਕੇ ਵੇਖੋ, ਮਹੀਨੇ ਦੇ ਸੈਂਕੜੇ ਰੁਪਏ ਬਣ ਜਾਣੇ ਨੇ।' ਪਹਿਲੀ ਚੱਕੀ ਵਾਲੇ ਬੈਗਾ ਸ਼ਾਹ ਨੇ ਆ ਕੇ ਉਲਾਂਭਾ ਦਿਤਾ।

'ਤੁਸੀਂ ਕੰਮ ਸ਼ੁਰੂ ਕੀਤਾ ਹੈ ਤਾਂ ਇਹਦੇ ਵਿਚੋਂ ਕੁੱਝ ਕਮਾਈ ਕਰੋ। ਤੁਸੀਂ ਮੇਰੇ ਸਾਰੇ ਗਾਹਕ ਵੀ ਖਿਚ ਲਏ ਨੇ।'

'ਇਹ ਬਾਬੇ ਨਾਨਕ ਦੀ ਚੱਕੀ ਆ ਸ਼ਾਹ ਜੀ! ਜੋ ਆਵੇ ਸੋ ਰਾਜ਼ੀ ਜਾਵੇ।' ਉਹ ਹੱਸਦੇ ਉਸ ਦਾ ਮੂੰਹ ਬੰਦ ਕਰ ਦਿੰਦੇ।

ਚੱਕੀ ਵਾਲਾ ਇਹ ਚੌਂਕ ਹਰ ਆਏ ਗਏ ਵਾਸਤੇ ਪਿੰਡ ਦੀ ਸੱਥ ਬਣ ਗਿਆ ਤੇ ਕੋਈ ਵੀ ਰਾਹਗੀਰ ਇਨ੍ਹਾਂ ਦੀ ਹਾਜ਼ਰੀ ਭਰੇ ਬਿਨਾ ਨਾ ਲੰਘਦਾ। ਉਹ ਹਰ ਮਹੀਨੇ ਛਬੀਲ ਜਾਂ ਲੰਗਰ ਲਾਈ ਰੱਖਦੇ। ਮੌਤ ਤੋਂ ਇੱਕ ਸਾਲ ਪਹਿਲਾਂ ਉਨ੍ਹਾਂ ਆਪਣੀਆਂ ਮਰਗ-ਰਸਮਾਂ ਆਪ ਕਰਵਾ ਲਈਆਂ ਸਨ। ਅਖੰਡ ਪਾਠ ਕਰਾ ਕੇ ਲੰਗਰ ਲਾ ਕੇ ਆਪਣੀ ਰੁਖਸਤ ਦਾ ਇੰਤਜ਼ਾਮ ਕਰ ਲਿਆ ਸੀ।

'ਮੈਂ ਹੁਣ ਸੁਰਖਰੂ ਹਾਂ, ਤੁਸੀਂ ਕਰੋ ਜਾਂ ਨਾ, ਤੁਹਾਡੀ ਮਰਜ਼ੀ। ਮੈਂ ਆਪਣਾ ਕੰਮ ਨਿਬੇੜ ਦਿੱਤਾ ਹੈ।' ਉਨ੍ਹਾਂ ਭਰੀ ਸਭਾ ਵਿਚ ਸੰਦੇਸ਼ ਦਿੱਤਾ ਸੀ।

ਖਾਲਸਾ ਜਸਵਿੰਦਰ ਸਿੰਘ ਆ ਗਿਆ। ਉਸ ਨੇ ਮੂੰਹ ਤੋਂ ਪੜਦਾ ਚੁੱਕ ਕੇ ਵੇਖਿਆ ਤੇ ਪੈਰਾਂ 'ਤੇ ਸਿਰ ਝੁਕਾਇਆ। ਉਸ ਨੂੰ ਪਿਤਾ ਜੀ ਨੇ ਦਰਬਾਰ ਸਾਹਿਬ ਨੌਕਰੀ ਲੁਆ ਦਿੱਤੀ ਸੀ। ਉਹ ਉਸ ਦਾ ਗੁਰਸਿੱਖ ਚਿਹਰਾ-ਮੋਹਰਾ ਵੇਖ ਕੇ ਖਾਲਸਾ ਦਾ

(ਅਗਲੇ ਸਫੇ 'ਤੇ ਜਾਰੀ)

ਖਿਤਾਬ ਦਿੰਦੇ ਸਨ। ਆਪਣੀ ਕਾਬਲੀਅਤ ਤੇ ਮਿਲਾਪੜੇ ਸੁਭਾ ਕਾਰਨ ਉਹ ਜਲਦੀ ਹੀ ਹਰਿਮੰਦਰ ਸਾਹਿਬ ਦੇ ਅੰਦਰਲੀ ਸੇਵਾ ਤੱਕ ਪਹੁੰਚ ਗਿਆ। ਗੁਰੂ ਘਰ ਦੇ ਬਹੁਤ ਨੇੜੇ ਹੋਣ ਕਾਰਨ ਗੂੜ੍ਹ ਗਿਆਨ ਵਿਚ ਪ੍ਰਬੀਨ ਪਿਤਾ ਜੀ ਦੇ ਗੁਣ ਗਾਉਂਦਾ ਨਹੀਂ ਥੱਕਦਾ। ਉਹ ਆਪਣੇ ਧਾਰਮਿਕ ਪ੍ਰਵਚਨਾਂ ਨਾਲ ਗਿਆਨਵਾਨ ਹੋਣ ਦੀ ਪੁਸ਼ਟੀ ਕਰ ਰਿਹਾ ਹੈ।

"ਜੇਹਾ ਚੀਰੀ ਲਿਖਿਆ ਤੇਹੇ ਕਰਮ ਕਮਾਵਹਿ॥ ਘੱਲੇ ਆਵਹਿ ਨਾਨਕਾ ਸੱਦੇ ਉਠ ਜਾਹਿ॥' ਦੇ ਮਹਾਂਵਾਕ ਅਨੁਸਾਰ ਸਰਵ ਸ਼ਕਤੀਮਾਨ ਪਰਮ ਪਰਮਾਤਮਾ ਇਨਸਾਨ ਨੂੰ ਆਪ ਇਸ ਮਨੁੱਖ ਜੂਨੀ ਵਿਚ ਭੇਜਦਾ ਹੈ ਤੇ ਆਪ ਹੀ ਸੱਦਾ ਦੇ ਕੇ ਬੁਲਾ ਲੈਂਦਾ ਹੈ। 'ਜੰਮਣ ਮਰਣਾ ਹੁਕਮ ਹੈ ਭਾਣੇ ਆਵੇ ਜਾਏ॥' ਜਦ ਕਿਸੇ ਦਾ ਨੰਬਰ ਆ ਗਿਆ, ਉਸ ਨੂੰ ਘੱਲਣ ਵਾਲੇ ਨੇ ਲੈ ਜਾਣਾ ਹੈ। ਇਸ ਮਾਮਲੇ ਵਿਚ ਉਹ ਬੜਾ ਬੇਗਰਜ਼, ਬੇਫਿਕਰ, ਬੇਪ੍ਰਵਾਹ ਤੇ ਕੋਰਾ ਹੈ, ਤੋੜਨ ਲੱਗਾ ਕੱਚੇ ਪੱਕੇ, ਛੋਟੇ ਵੱਡੇ, ਅਮੀਰ ਗਰੀਬ ਦਾ ਕੋਈ ਭਿੰਨ ਭੇਦ ਨਹੀਂ ਰੱਖਦਾ। ਦਿੱਤੀ ਹੋਈ ਉਮਰ ਨਾ ਕਿਸੇ ਨੂੰ ਉਧਾਰੀ ਦਿੱਤੀ ਜਾ ਸਕਦੀ ਹੈ ਤੇ ਨਾ ਹੀ ਉਧਾਰੀ ਲਈ ਜਾ ਸਕਦੀ ਹੈ। ਆਪਣੀ ਧੁਰੋਂ ਲਿਖਾਈ ਸਾਹਾਂ ਦੀ ਪੂੰਜੀ ਖਤਮ ਕਰਨ ਤੋਂ ਬਾਅਦ 'ਸੂਰਜ ਕਿਰਣ ਮਿਲੇ ਜਲ ਕਾ ਜਲੁ ਹੂਆ ਰਾਮ' ਅਨੁਸਾਰ ਇਹ ਆਤਮਾ ਆਪਣੇ ਅਸਲੇ ਵਿਚ ਜਾ ਲੀਨ ਹੁੰਦੀ ਹੈ। ਮੌਤ ਕਦੇ ਵੀ ਅਣਹੋਣੀ ਨਹੀਂ ਹੁੰਦੀ। 'ਚਿੰਤਾ ਤਾ ਕੀ ਕੀਜੀਐ ਜਾ ਅਣਹੋਣੀ ਹੋਏ...।" ਸਾਰੇ ਉਸ ਵੱਲ ਅੱਖਾਂ ਅੱਡੀ ਬੈਠੇ ਉਸ ਦੇ ਪ੍ਰਵਚਨ ਸੁਣ ਰਹੇ ਹਨ।

'ਇਨ੍ਹਾਂ ਨੂੰ ਤਾਂ ਠੰਢ ਲਗਦੀ ਹੋਊ। ਏ ਜੀ! ਬੋਲੋ ਹੁਣ! ਦੱਸੋ ਕੋਈ ਸਲਾਹ। ਦੱਸੋ ਕੁੱਝ ਆਪਣੇ ਖਾਲਸੇ ਨੂੰ।' ਮਾਤਾ ਨੇੜੇ ਹੋ ਕੇ ਗੱਲਾਂ ਕਰਨ ਦੇ ਮੂਡ ਵਿਚ ਅੱਖਾਂ ਸਿੰਮ ਰਹੀ ਹੈ। ਹਵਾ ਨਾਲ ਹੁੰਦੀ ਗੁਫਤਗੂ ਸੁਣ ਕੇ 'ਕੇਰਾਂ ਫੇਰ ਸਾਰੇ ਬੈਠੇ ਜਜ਼ਬਾਤੀ ਹੋ ਗਏ ਹਨ।

"ਜਾਣਾ ਤਾਂ ਸਭ ਨੇ ਹੀ ਹੈ ਪਰ ਇਹੋ ਜਿਹੀ ਮੌਤ ਤਾ ਕਿਸੇ ਸੁਭਾਗੀ ਸਤਜੁਗੀ ਆਤਮਾ ਨੂੰ ਹੀ ਨਸੀਬ ਹੁੰਦੀ ਹੈ। ਬਿਨਾ ਕਿਸੇ ਦੁੱਖ ਤਕਲੀਫ ਦੇ ਸੁੱਤੇ ਹੀ ਸੌਂ ਗਏ। ਚੰਗੇ ਭਲੇ ਟੇਢੇ ਹੋਏ ਚਾਹ ਦਾ ਘੁੱਟ ਪੀ ਕੇ। ਬੜੀਆਂ ਅਸੀਸਾਂ ਲਈਆਂ ਉਹਨੇ ਗਰੀਬਾਂ ਦੀਆਂ, ਉਹੀ ਉਸ ਦੇ ਕੰਮ ਆ ਗਈਆਂ।" ਬਾਬੂ ਨੇ ਆਪਣਾ ਵੱਤਰ ਵਾਹ ਲਿਆ।

"ਔਹ ਵੇਖੋ ਵਿਚਾਰਾ ਲੰਬੜ! ਡੂਢ ਸਾਲ ਮੰਜੇ 'ਤੇ ਹੱਡ ਗੋਡੇ ਰਗੜਦਾ ਰਿਹਾ। ਹੱਡੀਆਂ ਦਿਸਣ ਲੱਗੀਆਂ ਸਨ ਉਸ ਦੀਆਂ। ਉਪਰਲੇ ਵਿਚਾਰੇ ਉਸ ਦੀ ਜਾਨ ਦੇ ਛੁਟਕਾਰੇ ਲਈ ਕਿੰਨੇ ਓਹੜ-ਪੋਹੜ ਕਰਦੇ ਰਹੇ ਪਰ ਉਸ ਦੀ ਜਾਨ ਛੇ ਮਹੀਨੇ ਲਟਕਦੀ ਰਹੀ। ਪਤਾ ਨਹੀਂ ਕਿਹੜੇ ਪਾਪਾਂ ਦਾ ਫਲ ਭੋਗਿਆ ਉਸ ਨੇ।" ਨੰਦੂ ਨੇ ਗੱਲ ਅੱਗੇ ਵਧਾਈ।

'ਮੁਰਦੇ ਨੂੰ ਰਾਤ ਘਰ ਰੱਖਣ ਨਾਲ ਉਸ ਦੀ ਕਾਣ ਲੰਬੀ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਤਖਤੇ ਵਿਚ ਫਿਟ ਨਹੀਂ ਬੈਠਦਾ, ਉਸ ਦੀ ਗਤੀ ਨਹੀਂ ਹੁੰਦੀ ਤੇ ਧਰਮਰਾਜ ਉਸ ਨੂੰ ਦੁਰਕਾਰ ਦਿੰਦਾ ਹੈ।' ਇਕ ਆਵਾਜ਼ ਆਉਂਦੀ ਹੈ।

'ਉਹ ਧਰਮਰਾਜ ਦੇ ਚੌਖਟੇ ਮਨਜ਼ੂਰ ਨਹੀਂ ਚੜ੍ਹਦਾ! ਇਹ ਕੀ ਅਹਿਮਕਪੁਣਾ ਹੈ! ਕੋਈ ਫਰਕ ਨਹੀਂ ਪੈਂਦਾ। ਏਨੀ ਠੰਢ ਵਿਚ ਤਾਂ ਸਭ ਕੁੱਝ ਸੁੰਗੜ ਜਾਂਦਾ ਹੈ ਤਾਂ ਲਾਸ਼ ਲੰਬੀ ਕਿਵੇਂ ਹੋ ਜਾਊ...ਕਿਧਰ ਨੂੰ ਦੌੜ ਜਾਵੇਗੀ।' ਇਕ ਹੋਰ ਹੁੰਗਾਰਾ ਭਰਦਾ ਉਸ ਦੀ ਗੱਲ ਕੱਟ ਦਿੰਦਾ ਹੈ।

ਪਿਤਾ ਜੀ ਨੂੰ ਤੋਰਨ ਦੀਆਂ ਸਲਾਹਾਂ ਹੁੰਦੀਆਂ ਹਨ। ਕੁਲਵੰਤ ਹਿੱਕ 'ਤੇ ਹੱਥ ਮਾਰਦੀ ਹੈ, "ਏਡਾ ਵੱਡਾ ਹੋ ਕੇ ਗਿਆ ਮੇਰਾ ਪਿਉ, ਅਸੀਂ ਵੱਡਾ ਕਰ ਕੇ ਕੱਢਾਂਗੇ...ਠੋਕ ਵਜਾ ਕੇ।" ਇਕੇਰਾਂ ਫੇਰ ਉਸ ਦੀਆਂ ਭੁੱਬਾਂ ਨਿਕਲ ਗਈਆਂ।

'ਉਹ ਤਾਂ ਆਪ ਅਜਿਹੇ ਬੇਫਜ਼ੂਲ ਸੰਸਕਾਰਾਂ ਦੇ ਖਿਲਾਫ ਲੋਕਾਂ ਨੂੰ ਵਰਜਦੇ ਰਹੇ। ਉਹ ਕਹਿੰਦੇ ਸਨ ਕਿ ਇਸ ਪੰਜ-ਭੂਤਕ ਸਰੀਰਕ ਮਿੱਟੀ ਨੂੰ ਆਪਣੇ ਧਾਰਮਕ ਸਮਾਜਕ ਰਹੁ ਰੀਤਾਂ ਨਾਲ ਠਿਕਾਣੇ ਲਾਉਣਾ ਚਾਹੀਦਾ ਹੈ। ਹੋਰ ਕਿਸੇ ਥੇਈ-ਥਪੇਈ ਦੀ ਲੋੜ ਨਹੀਂ। ਬਦਾਮ, ਛੁਹਾਰੇ, ਮਖਾਣੇ ਬਿੱਦ ਘੱਟੇ ਮਿੱਟੀ ਵਿਚ ਸੁੱਟਣ ਦੀ ਲੋੜ ਨਹੀਂ। ਪਰ ਜੇ ਤੁਸੀਂ ਆਪਣੀ ਕਰਨੀ ਹੀ ਹੈ ਤਾਂ ਪ੍ਰਸ਼ਾਦ ਵਾਂਗ ਵੰਡ ਦਿਓ। ਪਿਛਲੇ ਪੰਜ ਸਾਲਾਂ ਵਿਚ ਜਦੋਂ ਦੇ ਇਹ ਪਿੰਡ ਵਿਚ ਸੁਧਾਰ ਸਭਾ ਦੇ ਪ੍ਰਧਾਨ ਬਣੇ, ਉਨ੍ਹਾਂ ਨੇ ਅਜਿਹੇ ਫਜ਼ੂਲ ਸੰਸਕਾਰਾਂ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕੀਤਾ ਤੇ ਇਸੇ ਕਰ ਕੇ ਪਿੰਡ ਵਿਚੋਂ ਇਹ ਕੁਰੀਤੀਆਂ ਸੰਸਕਾਰ ਲਗਭਗ ਬੰਦ ਹੋ ਗਈਆਂ ਨੇ।' ਹੱਥ ਵਿਚ ਸੋਟੀ ਲਈ ਖੜ੍ਹੇ ਕੇਸਰ ਨੇ ਆਪਣਾ ਹਿੱਸਾ ਪਾ ਦਿੱਤਾ।

"ਅਸੀਂ ਤਾਂ ਕਰਾਂਗੇ...ਪਿਤਾ ਜੀ ਤੋਂ ਸੋਟ ਕਰਾਂਗੇ, ਰੱਜ ਕੇ ਕਰਾਂਗੇ। ਪੈਸੇ ਵੀ ਸੁੱਟਾਂਗੇ ਤੇ ਛੁਹਾਰੇ ਬਦਾਮ ਵੀ। ਉਹ ਆਪਣੀ ਚਲਾ ਗਏ, ਹੁਣ ਸਾਡੀ ਮਰਜ਼ੀ ਹੈ, ਮੈਂ ਆਪਣੀ ਮਰਜ਼ੀ ਚਲਾਵਾਂਗੀ।" ਕੁਲਵੰਤ ਬਜ਼ਿਦ ਹੁੰਦੀ ਗਈ। ਉਸ ਦੀਆਂ ਲਿਲ੍ਹਕੜੀਆਂ ਅੱਗੇ ਸਭ ਬੇਵੱਸ ਹੋ ਗਏ। ਸੁਨੰਦਾ ਮੈਂਬਰ, ਬੀਰੂ ਨਾਈ ਤੇ ਹੋਰ ਲਾਗੀ ਸਾਰੇ ਨਿਰਉਤਰ ਹੋ ਗਏ।

"ਲਿਖੋ ਫਿਰ ਬਿੱਦ: ਬਦਾਮ, ਛੁਹਾਰੇ, ਮਖਾਣੇ, ਮੂੰਗਫਲੀ।" ਘਰ ਦੇ ਮੈਂਬਰਾਂ ਨੂੰ ਸਿੱਖਿਆ ਦਿੰਦੀ ਨੈਣ ਨੇ ਬੁੱਲ੍ਹਾਂ 'ਤੇ ਉਂਗਲ ਧਰ ਲਈ।


"ਇਹ ਸਾਮਾਨ ਧਰਤੀ 'ਤੇ ਸੁੱਟਣ ਦੀ ਥਾਂ ਲਿਫਾਫੇ ਵਿਚ ਪਾ ਕੇ ਵੰਡ ਦਿਓ। ਮਹਿੰਗੇ ਭਾ ਦੀਆਂ ਵਸਤਾਂ ਮਿੱਟੀ ਵਿਚ ਖੇਹ ਖਰਾਬ ਨਹੀਂ ਕਰਨੀਆਂ ਚਾਹੀਦੀਆਂ।" ਸਾਂਸਣ ਨੇ ਉਚੇਰੀ ਸਿਆਣਪ ਜਤਾਈ।

"ਮੂੰਗਫਲੀ ਨਹੀਂ ਪਾਉਣੀ, ਅਸੀਂ ਬਦਾਮ ਖੁਆਵਾਂਗੇ ਲੋਕਾਂ ਨੂੰ। ਜੰਜ ਕੱਢਾਂਗੇ ਪਿਤਾ ਜੀ ਦੀ ਪੂਰੇ ਢੋਲ ਢਮੱਕੇ ਨਾਲ। ਆਤਸ਼ਬਾਜ਼ੀ ਚਲਾਵਾਂਗੇ, 'ਕੱਠ ਕਰਾਂਗੇ ਆਪਣੇ ਪਿਤਾ ਜੀ ਦਾ ਪੂਰਾ, ਲੱਡੂ ਜਲੇਬੀਆਂ ਖੁਆਵਾਂਗੇ ਲੋਕਾਂ ਨੂੰ।" ਕੁਲਵੰਤ ਝੱਲਿਆਂ ਵਾਂਗ ਹੱਥ ਮਾਰ ਰਹੀ ਹੈ।

"ਲਿਖੋ! ਤੀਹ ਕਿੱਲੋ ਬਦਾਮ, ਤੀਹ ਕਿੱਲੋ ਛੁਹਾਰੇ, ਵੀਹ ਕਿੱਲੋ ਮਖਾਣੇ, ਚਲੋ ਵੀਹ ਮੂੰਗਫਲੀ ਪਾ ਲਓ।...ਇਹ ਤਾਂ ਬਿੱਦ ਹੋਈ। ਬਾਕੀ ਘਿਉ ਪੰਜ ਕਿੱਲੋ ਦੇਸੀ, ਚੰਦਨ ਲੱਕੜੀ ਬੂਰਾ ਦੋ ਕਿੱਲੋ ਤੇ ਹੋਰ ਸਾਰੀ ਪੂਰੀ ਸਮਗਰੀ ਦੁਕਾਨਦਾਰ ਆਪੇ ਦੱਸ ਦੇਊ।" ਉਸ ਦੀ ਮੂੰਹ-ਜ਼ੋਰ ਜ਼ਿੱਦ ਮੂਹਰੇ ਕਿਸੇ ਨੇ ਬੋਲਣ ਦਾ ਹੀਆ ਨਾ ਕੀਤਾ।

ਕਮਲ ਨੇ ਆ ਕੇ ਦੱਸਿਆ ਕਿ ਉਹ ਸਵਾ ਕਵਿੰਟਲ ਬਿੱਦ ਦਾ ਆਰਡਰ ਦੇ ਆਇਆ ਹੈ।

"ਚਲੋ ਠੀਕ ਕੀਤਾ! ਤੂੰ ਭੂਆ ਤੋਂ ਵੀ ਦੋ ਕਦਮ ਅੱਗੇ ਹੋ ਗਿਆ।" ਸੋਗਮਈ ਚੁਗਿਰਦੇ



*ਸ. ਅਨੋਖ ਸਿੰਘ ਪੁੱਤਰ ਚਰਨਜੀਤ ਸਿੰਘ ਪੰਨੂ ਨਾਲ*

ਵਿਚ ਹਲਕੀ ਜਿਹੀ ਹਾਸਤ ਉਭਰੀ।

"ਭਾ ਜੀ ਇਹ ਤਾਂ ਠੀਕ ਨਹੀਂ ਹੋਇਆ। ਇਸ ਵਿਚ ਪੌਣ ਪਾਉਣੀ ਸੀ।" ਲਾਗਣ ਨੇ ਫੇਰ ਚੋਭ ਲਾ ਦਿੱਤੀ।

"ਹੁਣ ਪੌਣੇ ਦੋ ਕਵਿੰਟਲ ਕਰੋ ਜਾਂ ਪੌਣਾ ਇੱਕ।" ਸਭਨਾਂ ਨੇ ਸਿਰ ਉਚੇ ਚੁੱਕੇ।

"ਤੁਸੀਂ ਬਸਤਰ ਵਾਸਤੇ ਵੀ ਜੋ ਲੀੜਾ-ਲੱਤਾ ਲੈਣਾ, ਸਾਰੇ ਪੌਣੇ ਦੋ, ਪੌਣੇ ਤਿੰਨ, ਪੌਣੇ ਚਾਰ ਲੈਣਾ ਹੈ।" ਨੈਣ ਨੇ ਨਵਾਂ ਸੋਹਲਾ ਸੁਣਾ ਦਿੱਤਾ।

"ਹੋਰ ਸੁਣ ਲੋ ਭਾ ਜੀ! ਤੁਸੀਂ ਬਾਹਰੋਂ ਆਏ ਜੇ ਵਿਦੇਸ਼ਾਂ ਵਿਚੋਂ, ਤੁਹਾਨੂੰ ਇੱਥੋਂ ਦੇ ਰਿਵਾਜ਼ਾਂ ਦਾ ਪਤਾ ਨਹੀਂ।" ਨੈਣ ਨੇ ਭਰਵੱਟੇ ਉਚੇ ਚੁੱਕ ਕੇ ਉਂਗਲ ਸਿੱਧੀ ਕੀਤੀ।

"ਸੁੱਖ ਨਾਲ ਲੰਮੀ ਚੌੜੀ ਸਕੀਰੀ ਵਾਲਾ, ਕੁੜਮਾਂ ਵਾਲਾ ਸੀ ਮੇਰਾ ਬਾਪੂ। ਸਾਰੇ ਨਿਗਦੇ ਦੇਹ ਉਤੇ ਪਾਉਣ ਵਾਸਤੇ ਸ਼ਾਲ, ਲੋਈਆਂ, ਭੂਰੇ, ਖੇਸ, ਕੰਬਲ ਤੇ ਬਸਤਰ ਲਿਆਉਣਗੇ ਮਹਿੰਗੇ ਤੋਂ ਮਹਿੰਗੇ ਵਧ ਚੜ੍ਹ ਕੇ। ਇਹ ਸਾਰੇ ਮੇਰੇ ਹੁੰਦੇ ਨੇ, ਮੇਰਾ ਹੱਕ ਕਿਸੇ ਹੋਰ ਨੂੰ ਨਾ ਚੁਕਾ ਦਿਓ।"

"ਨਾ ਬੀਬੀ ਨਾ, ਝੂਠ ਨਾ ਮਾਰ। ਅੱਧ ਮੇਰਾ ਵੀ ਤਾਂ ਬਣਦਾ ਹੈ। ਐਵੇਂ ਝਗੜਾ ਨਾ ਪਾ ਬਹੀਂ।" ਸਾਂਸੀ ਨਾਲ ਖੜ੍ਹੀ ਸਾਂਸਣ ਨੇ ਵੀ ਆਪਣਾ ਹੱਕ ਜਤਾ ਦਿੱਤਾ।

ਘਣਘੋਰ ਕਾਲੇ ਬੱਦਲਾਂ ਦੀ ਗੜਗੱਜ ਨਾਲ ਦਿਨੇ ਹੀ ਰਾਤ ਪੈ ਗਈ। ਵਿਹੜੇ ਵਿਚ ਡਾਹਿਆ ਪਿਤਾ ਜੀ ਦਾ ਮੰਜਾ ਚੁੱਕ ਕੇ ਅੰਦਰ ਕਰਨ ਦੀ ਦੇਰ ਸੀ ਕਿ ਮੋਹਲੇਧਾਰ ਬਾਰਸ਼ ਸ਼ੁਰੂ ਹੋ ਗਈ। ਬਰਫ ਦੀ ਲੋੜ ਨਹੀਂ ਪਈ ਕਿਉਂਕਿ ਏਨੇ ਠੰਢੇ ਮੌਸਮ ਵਿਚ ਓਦਾਂ ਹੀ ਕੁਲਫੀ ਜੰਮੀ ਜਾ ਰਹੀ ਹੈ।

ਅਖੰਡ ਪਾਠ ਵਾਸਤੇ ਸਲਾਹਾਂ ਚੱਲੀਆਂ। "ਫਲਾਣੇ ਦਾ ਬਾਬਾ ਮਰਿਆ, ਉਨ੍ਹਾਂ ਸਾਰਾ ਪ੍ਰੋਗਰਾਮ ਪੈਲੇਸ ਵਿਚ ਕੀਤਾ, ਬੜਾ ਚੰਗਾ ਲੱਗਾ। ਲੋਕਾਂ ਬੜੀਆਂ ਸਿਫਤਾਂ ਕੀਤੀਆਂ ਉਨ੍ਹਾਂ ਦੀਆਂ...ਬੱਲੇ ਬੱਲੇ ਹੋ'ਗੀ।" ਬਲਵਿੰਦਰ ਹੱਥ ਮਾਰ ਮਾਰ ਦੱਸ ਰਹੀ ਸੀ। ਉਸ ਦੀ ਸਲਾਹ 'ਤੇ ਇਕਦਮ ਫੋਨ 'ਤੇ ਹੀ ਪੈਲੇਸ ਦੀ ਬੁਕਿੰਗ ਹੋ ਗਈ ਤੇ ਪੰਜ ਹਜ਼ਾਰ ਦੀ ਥੱਦੀ ਵੀ ਭੇਜ ਦਿੱਤੀ ਗਈ। ਇਸ ਵੇਲੇ ਕੋਈ ਕਿਸੇ ਦੇ ਹੁਕਮ ਨੂੰ ਟਾਲ ਨਹੀਂ ਸੀ ਸਕਦਾ।

ਗਿਆਨੀ...ਸਿੰਘ ਨੇ ਉਨ੍ਹਾਂ ਦੀ ਅਰਦਾਸ ਕਰਨ ਲਈ ਅਗਾਊਂ ਰਜ਼ਾਮੰਦੀ ਦੇ ਦਿੱਤੀ। "ਤੁਸੀਂ ਅਮਰੀਕਾ ਗਏ ਦਾ ਮੇਰਾ ਏਨਾ ਮਾਣ ਕੀਤਾ, ਮੈਂ ਕਦੇ ਭੁੱਲ ਨਹੀਂ ਸਕਦਾ। ਇਹ ਮਹਾਂਪੁਰਖ ਤੁਹਾਡੇ ਹੀ ਨਹੀਂ, ਮੇਰੇ ਵੀ ਬਾਪ ਸਨ। ਮੈਂ ਉਨ੍ਹਾਂ ਨੂੰ ਜ਼ਰੂਰ ਆਖਰੀ ਅਕੀਦਤ ਭੇਟ ਕਰਾਂਗਾ।" ਦੁਬਈ ਦੀ ਯਾਤਰਾ ਸਮੇਂ ਉਹ ਸਰਬਜੀਤ ਕੋਲ ਵੀ ਠਹਿਰੇ ਸਨ। ਇਸ ਲਈ ਉਹ ਉਨ੍ਹਾਂ 'ਤੇ ਆਪਣਾ ਹੱਕ ਜਤਾਉਂਦਾ ਸੀ।

ਉਸ ਦੀ ਉਮੀਦ ਕਰ ਕੇ ਹੀ ਪੈਲੇਸ ਦੀ ਥਾਂ ਇਹ ਰਸਮ ਗੁਰਦੁਆਰੇ ਕਰਨੀ ਪਈ। ਪੈਲੇਸ ਵਿਚ ਉਸ ਨੇ ਰਜ਼ਾਮੰਦੀ ਨਾ ਦਿੱਤੀ ਕਿਉਂਕਿ ਉਥੇ ਕੀਰਤਨ ਕਰਨ ਦੀ ਸ਼੍ਰੋਮਣੀ ਕਮੇਟੀ ਵੱਲੋਂ ਮਨਾਹੀ ਹੈ। ਪੰਜ ਹਜ਼ਾਰ ਐਡਵਾਂਸ ਦਿੱਤਾ ਜੋ ਹੋਟਲ ਵਾਲਿਆਂ ਨੇ ਵਾਪਸ ਕਰਨਾ ਮੰਨ ਲਿਆ, ਪਰ ਬਾਅਦ ਵਿਚ ਮੁੱਕਰ ਗਏ, ਅਖੇ ਤੁਹਾਡੇ ਕੈਂਸਲ ਕਰਨ 'ਤੇ ਸਾਡਾ ਹਾਲ ਖਾਲੀ ਗਿਆ ਤੇ ਸਾਨੂੰ ਦਸ ਹਜ਼ਾਰ ਦਾ ਘਾਟਾ ਪੈ ਗਿਆ। ਅਗਲੇ ਹੀ ਦਿਨ ਗਿਆਨੀ ਜੀ ਦਾ ਫੋਨ ਆ ਗਿਆ, "ਮੈਨੂੰ ਜ਼ਰੂਰੀ ਕੰਮ ਵਾਸਤੇ ਲੁਧਿਆਣੇ ਜਾਣਾ ਪੈ ਗਿਆ, ਮੁਆਫ ਕਰਨਾ, ਮੈਂ ਨਹੀਂ ਆ ਸਕਦਾ।"

"ਕੋਈ ਚੰਗੀ ਸਾਮੀ ਟੱਕਰ ਗਈ ਹੋਊ। ਤੁਸੀਂ ਪੇਸ਼ਗੀ ਨਹੀਂ ਦਿੱਤਾ ਕੁੱਝ?" ਇਕੱਠ ਵਿਚ ਤਰ੍ਹਾਂ ਤਰ੍ਹਾਂ ਦੀ ਚਰਚਾ ਚੱਲ ਪਈ। ਪਰ ਸਭ ਨੇ ਖੁਸ਼ੀ ਜਾਹਰ ਕੀਤੀ ਕਿ ਚਲੋ ਜਲਦੀ ਛੁਟਕਾਰਾ ਹੋ ਜਾਊ। ਉਹ ਆਉਂਦਾ ਤਾਂ ਉਸ ਨੇ ਸ਼ਬਦ ਵੀ ਪੜ੍ਹਨਾ ਸੀ, ਭਾਸ਼ਣ ਵੀ ਦੇਣਾ ਸੀ ਤੇ ਭੋਗ ਘੱਟੋ ਘੱਟ ਇੱਕ ਘੰਟਾ ਹੋਰ ਪਛੜ ਜਾਣਾ ਸੀ।

"ਅਜਿਹੇ ਮੌਕੇ ਜਵਾਈਆਂ-ਭਾਈਆਂ ਨੂੰ ਵੀ ਮੰਨਣਾ ਪੈਂਦਾ ਹੈ। ਉਨ੍ਹਾਂ ਦੀਆਂ ਮਨੌਤਾਂ ਦੀ ਲਿਸਟ ਵੀ ਨਾਲ ਹੀ ਬਣਾ ਲਓ।" ਕੁਲਵੰਤ ਨੇ ਚੁਫੇਰੇ ਨਜ਼ਰਾਂ ਘੁਮਾਈਆਂ।

"ਤੂੰ ਵੀ ਦੱਸ ਦੇਹ! ਤੈਨੂੰ ਕੀ ਚਾਹੀਦਾ?" ਮੈਂ ਉਸ ਨੂੰ ਆਪਣੇ ਨਾਲ ਘੁੱਟ ਲਿਆ, ਇੱਕੋ ਇੱਕ ਛੋਟੀ ਭੈਣ ਹੈ ਮੇਰੀ ਉਹ।

"ਮੈਂ ਨੀਂ ਕੁੱਝ ਮੰਗਦੀ ਪਰ ਤੁਸੀਂ ਆਪਣੇ ਨੱਕ-ਮੂਜਬ ਆਪੇ ਵੇਖ ਲਿਓ ਕੀ ਕਰਨਾ, ਮੇਰੇ ਪਿਉ ਨੇ ਕਿਹੜਾ ਰੋਜ਼ ਰੋਜ਼ ਮਰਨਾ!" ਉਸ ਨੇ ਸਿੱਧੀ ਸਾਡੀ ਔਕਾਤ ਨੂੰ ਵੰਗਾਰ ਦੇ ਦਿੱਤੀ।

"ਚਾਚੇ ਤਾਏ ਤੇ ਭੂਆ ਦੇ ਧੀ ਜੁਆਈ ਵੀ ਸ਼ਾਮਲ ਕਰ ਲਓ।" ਮਾਤਾ ਨੇ ਸਿਫਾਰਿਸ਼ ਕੀਤੀ ਤੇ ਕੁਲਵੰਤ ਨੇ ਸਹੀ ਮਾਰ ਦਿੱਤੀ।

ਅਖਬਾਰ ਦੀ ਖਬਰ ਅਨੁਸਾਰ ਪਿਛਲੇ ਦਿਨੀਂ ਧੁੰਦ ਤੇ ਕੋਹਰੇ ਕਾਰਨ ਕਈ ਹਾਦਸਿਆਂ ਵਿਚ ਕਈ ਜਾਨਾਂ ਮੌਤ ਦੇ ਝੂਲੇ ਜਾ ਪਈਆਂ ਸਨ। ਇੱਕ ਕਾਰ ਸੜਕ 'ਤੇ ਖਰਾਬ ਖੜ੍ਹੇ ਇੱਕ ਟਰੱਕ ਦੇ ਪਿੱਛੇ ਥੱਲੇ ਜਾ ਕੇ ਪੀਚੀ ਗਈ।

"ਵਾਹ ਗੁਰੂ ਵਾਹ ਗੁਰੂ..।" ਸੁਣ ਕੇ ਮਾਤਾ ਗੁਣਗੁਣਾਈ।

"ਠੰਢ ਲਗਦੀ ਹੋਊ ਇਨ੍ਹਾਂ ਨੂੰ।" ਉਸ ਨੇ ਪਿਤਾ ਜੀ 'ਤੇ ਕੰਬਲ ਪਾ ਦਿੱਤਾ।

ਜ਼ਾਲਮ ਮੌਸਮ ਦੇ ਭਿਅੰਕਰ ਚਾਲੇ ਵੇਖ ਕੇ ਡਰ ਲੱਗ ਰਿਹਾ ਸੀ ਕਿ ਇਸ ਤਰ੍ਹਾਂ ਪਤਾ ਨਹੀਂ ਕਿੰਨੇ ਦਿਨ ਸਸਕਾਰ ਵਾਸਤੇ ਸਮਾਂ ਨਾ ਮਿਲੇ। "ਇਹ ਲੋਕਾਂ ਦੇ ਅੜੇ-ਥੁੜੇ ਕੰਮ ਸੰਵਾਰਦੇ ਹੁੰਦੇ ਸੀ, ਅੱਜ ਰੱਬ ਨੇ ਆਪ ਸੰਵਾਰਨਾ ਇਨ੍ਹਾਂ ਦਾ ਕਾਰਜ। ਵੇਖਿਓ ਹੁਣੇ ਸਾਫ ਹੋ ਜਾਣਾ ਮੌਸਮ। ਸੰਤਾਂ ਦੇ ਕਾਰਜ ਆਪ ਖਲੋਆ, ਹਰ ਕੰਮ ਕਰਾਵਣ ਆਇਆ ਰਾਮ।" ਮਾਮੇ ਕਾਬਲ ਸਿੰਘ ਨੇ ਧਰਵਾਸ ਦਿੱਤਾ।

ਕਈ ਦਿਨ ਦੀ ਝੜੀ ਕਾਰਨ ਆਰੇ 'ਤੇ ਪਿਆ ਬਾਲਣ ਭਿੱਜ ਚੁਕਾ ਸੀ ਤੇ ਅੰਦਰ ਰੱਖੇ ਸੁੱਕੇ ਬਾਲਣ ਦਾ ਉਹ ਮੂੰਹ ਮੰਗਿਆ ਭਾਅ ਮੰਗ ਰਹੇ ਸਨ। ਸ਼ਮਸ਼ਾਨ ਘਾਟ ਸਾਰਾ ਪਾਣੀ ਵਿਚ ਡੁੱਬਾ ਪਿਆ ਸੀ ਪਰ ਉਚੇ ਥੜ੍ਹੇ 'ਤੇ ਸਿੜ੍ਹੀ ਚਿਣੀ ਜਾ ਚੁੱਕੀ ਸੀ। ਚਾਰ ਕਨਾਲਾਂ ਦੀ ਚਾਰਦੀਵਾਰੀ ਅੰਦਰ ਇਸ ਸ਼ਮਸ਼ਾਨ ਘਾਟ ਦੀ ਲਹਿੰਦੀ ਨੁੱਕਰੇ ਲਾਲ ਚਾਦਰ ਨਾਲ ਢਕੀ ਇੱਕ ਕਬਰ ਦੇ ਉਦਾਲੇ ਬੈਠੇ ਅਮਲੀ ਅੱਗ ਸੇਕ ਰਹੇ ਹਨ। ਇੱਥੇ ਕਿਸੇ ਸ਼ਰਧਾਲੂ ਦੇ ਬਣਵਾਏ ਕਮਰੇ ਵਿਚ ਪਿੰਡ ਤੇ ਆਸ ਪੜੋਸ ਦੇ ਅਮਲੀ ਭੰਗੀਆਂ ਦੀ ਮਜਲਸ ਜੁੜੀ ਰਹਿੰਦੀ ਹੈ ਤੇ ਇੱਥੇ ਹੀ ਉਨ੍ਹਾਂ ਦੇ ਦਾਰੂ ਸਿੱਕੇ ਤੇ ਭੰਗ ਪੋਸਤ ਆਦਿ ਨਸ਼ਿਆਂ ਦਾ ਝੱਸ ਪੂਰਾ ਹੁੰਦਾ ਹੈ। ਬਾਗ ਬਗੀਚੀ ਦੀ ਦੇਖ ਰੇਖ ਵਾਸਤੇ ਇੱਕ ਬਾਗਚੀ ਹੈ, ਜਿਸ ਦੀ ਮਿਹਰ ਸਦਕਾ ਇੱਥੇ ਦਾ ਛੋਟਾ ਟਿਊਬਵੈਲ ਚੱਲਦਾ ਇਨ੍ਹਾਂ ਗਰੀਬਾਂ ਦੀ ਨੁਹਾਈ ਧੁਆਈ ਦੇ ਕੰਮ ਆਉਂਦਾ ਹੈ। ਅੰਦਰ ਛਾਂਦਾਰ ਦਰਖਤ ਤੇ ਵੱਖ ਵੱਖ ਕਿਸਮ ਦੇ ਫੁਲ ਵੀ ਹਨ, ਜੋ ਠੰਢ ਕਾਰਨ ਸਿਰ ਸੁੱਟੀ ਮੁਰਝਾਏ ਬੈਠੇ ਹਨ। ਬੇਘਰੇ ਲੋਕ ਇੱਥੇ ਆ ਕੇ ਸ਼ਰਾਬ ਦਾਰੂ ਪੀਣ ਦਾ ਅਹਾਤਾ ਸਮਝ ਕੇ ਮੌਜ ਮਸਤੀ ਕਰਦੇ ਹਨ। ਉਨ੍ਹਾਂ ਨੂੰ ਮੁਰਦਿਆਂ ਤੋਂ ਬਿਲਕੁਲ ਡਰ ਨਹੀਂ ਲੱਗਦਾ। ਪਹਿਲਾਂ ਸ਼ਰਧਾਵਾਨ ਦਾਨੀ ਲੋਕ ਆਪਣੇ ਮ੍ਰਿਤਕਾਂ ਜਾਂ ਪੁਰਖਿਆਂ ਦੇ ਨਾਂ 'ਤੇ ਇਸ ਦੀ ਸਾਂਭ ਸੰਭਾਲ ਮੁਰੰਮਤ ਦਾ ਕੰਮ ਪੁੰਨ ਦੇ ਤੌਰ 'ਤੇ ਕਰਵਾ ਦਿੰਦੇ ਸਨ ਪਰ ਜਦ ਦਾ ਇਹ ਕਾਰਪੋਰੇਸ਼ਨ ਦੇ ਅਧੀਨ ਆਇਆ ਹੈ, ਅਜਿਹੀ ਸੇਵਾ ਵਾਸਤੇ ਵੀ ਸਰਕਾਰ ਕੋਲੋਂ ਅਗਾਊਂ ਮਨਜ਼ੂਰੀ ਲੈਣੀ ਪੈਂਦੀ ਹੈ। ਲੋਕਾਂ ਦੀ ਕੀਤੀ ਸੇਵਾ ਸਰਕਾਰੀ ਖਜ਼ਾਨੇ ਦੀਆਂ ਫਾਈਲਾਂ ਵਿਚ ਦਾਖਲ ਹੋ ਕੇ ਅਫਸਰਾਂ ਦੇ ਚੌਂਕੇ ਚੁੱਲ੍ਹੇ ਜਾ ਚੜ੍ਹਦੀ ਹੈ।

ਸਸਕਾਰ ਵਾਸਤੇ ਧਰਤੀ ਤੋਂ ਤਿੰਨ ਫੁੱਟ ਉਚੇ ਦੋ ਚਬੂਤਰੇ ਬਣੇ ਹੋਏ ਹਨ, ਜਿਨ੍ਹਾਂ ਦੀ ਲੰਬਾਈ-ਚੌੜਾਈ ਏਨੀ ਛੋਟੀ ਤੰਗ ਹੈ ਕਿ ਚਿਤਾ ਨੂੰ ਅੱਗ ਦੇਣ ਵਾਸਤੇ ਪਰਿਕਰਮਾ ਕਰਦਾ ਬੰਦਾ ਕਈ ਵੇਰਾਂ ਪਾਸੇ ਡਿਗਦਾ ਸੁਣਿਆ ਹੈ। ਇਸ ਦੀਆਂ ਟੀਨ ਦੀਆਂ ਛੱਤਾਂ ਖਸਤਾ ਹਾਲਤ ਵਿਚ ਹਨ, ਜੋ ਮੀਂਹ ਦੀ ਵਾਛੜ ਤੇ ਕਣੀਆਂ ਨੂੰ ਰੋਕ ਨਹੀਂ ਸਕਦੀਆਂ। ਪਿਤਾ ਜੀ ਦੀ ਇੱਛਾ ਅਨੁਸਾਰ ਇਨ੍ਹਾਂ ਦੀ ਸੇਵਾ ਕਰਨ ਦਾ ਅਸੀਂ ਮਨ ਬਣਾ ਲਿਆ ਤੇ ਮਿਸਤਰੀ ਠੇਕੇਦਾਰ ਨੂੰ ਬੁਲਾ ਕੇ ਆਰਡਰ ਦੇ ਦਿੱਤਾ ਪਰ ਸਰਕਾਰ ਦੀਆਂ ਰਵਾਇਤੀ ਬੰਦਿਸ਼ਾਂ ਤੇ ਰਸਮੀ ਕਾਰਵਾਈਆਂ ਇਸ ਦੇ ਰਸਤੇ ਰੁਕਾਵਟ ਬਣ ਗਈਆਂ।

ਫੁਲ ਚੁਣ ਕੇ ਇੱਕ ਲਾਲ ਗੁਥਲੀ ਵਿਚ ਪਾ ਦਿੱਤੇ ਤੇ ਬਾਕੀ ਰਾਖ ਹੂੰਝ ਕੇ ਬੋਰੀ ਭਰ ਲਈ। ਔਰਤਾਂ ਨੇ ਅਸਤਾਂ ਦੀ ਗੁਥਲੀ ਨਾਲ ਪਰਿਕਰਮਾ ਕਰ ਕੇ ਮੱਥਾ ਟੇਕਿਆ ਤੇ ਸਭਨਾਂ ਨੇ ਉਨ੍ਹਾਂ ਦੇ ਰਾਹ ਦੀ ਟਿਕਟ ਵਾਸਤੇ ਪੈਸੇ ਚੜ੍ਹਾਏ। ਮੈਂ ਗੁਥਲੀ ਫੜ੍ਹ ਕੇ ਹਿੱਕ ਨਾਲ ਲਾ ਲਈ।

"ਆਓ ਪਿਤਾ ਜੀ ਚੱਲੀਏ।...ਆਵਾਜ਼ ਮਾਰ ਲਓ।" ਸਿਵਿਆਂ ਤੋਂ ਰੁਖਸਤ ਸਮੇਂ ਬਾਬੂ ਸਿੰਘ ਸਾਂਸੀ ਨੇ ਮੈਨੂੰ ਹਦਾਇਤ ਕੀਤੀ। ਪਹਿਲਾਂ ਵੀ ਕਈ ਵੇਰਾਂ ਬਾਹਰ ਜਾਣ ਸਮੇਂ ਉਨ੍ਹਾਂ ਨੂੰ ਅਜਿਹੀ ਸੁਲ੍ਹਾ ਮਾਰਦੇ ਹੁੰਦੇ ਸੀ ਪਰ ਅੱਜ ਇਹ ਸ਼ਬਦ ਕਹਿਣ ਦੀ ਥਾਂ ਮੇਰੀਆਂ ਭੁੱਬਾਂ ਨਿਕਲ ਗਈਆਂ।

"ਮੇਰੇ ਕੋਲ ਹੀ ਤਾਂ ਹਨ ਮੇਰੇ ਨਾਲ।" ਮੇਰੀ ਖਾਮੋਸ਼ ਹਾਲਤ ਵੇਖ ਕੇ ਕੁਲਵੰਤ ਮੇਰੇ ਨੇੜੇ ਆ ਗਈ।

"ਭਾ ਜੀ 'ਵਾਜ ਮਾਰੋ, ਪਿਤਾ ਜੀ ਨੂੰ 'ਵਾਜ ਮਾਰੋ, ਨਾਲ ਲੈ ਲਓ, ਆ ਜੋ ਪਿਤਾ ਜੀ ਆ ਜੋ। ਤੁਹਾਨੂੰ ਛੱਡ ਕੇ ਆਈਏ ਗੋਇੰਦਵਾਲ! ਤੁਹਾਡੇ ਘਰ ਤੁਹਾਡੀ ਅਸਲੀ ਜਗ੍ਹਾ।" ਉਸ ਦੇ ਵੈਣਾਂ ਨਾਲ ਭੀੜ ਵਿਚ ਫੇਰ ਕੁਰਲਾਹਟ ਮੱਚ ਪਿਆ। ਮੇਰੇ ਮੂੰਹੋਂ ਇਹ ਸ਼ਬਦ ਨਹੀਂ ਨਿਕਲੇ। ਅੰਤਰ ਮਨ ਵਿਚੋਂ ਮੈਂ ਇਹ ਰਸਮੀ ਕਾਰਵਾਈ ਕਰ ਲਈ ਤੇ ਫੁੱਲਾਂ ਵਾਲੀ ਥੈਲੀ ਛਾਤੀ ਨਾਲ ਘੁੱਟ ਕੇ ਕਾਰ ਵੱਲ ਵਧ ਗਿਆ। ਮਾਤਾ ਜੀ ਨੂੰ ਮੈਂ ਉਨ੍ਹਾਂ ਦੀ ਪਹਿਲਾਂ ਹੀ ਰਾਖਵੀਂ ਛੱਡੀ ਸੀਟ 'ਤੇ ਬਿਠਾ ਦਿੱਤਾ। ਜਨਵਰੀ ਮਹੀਨੇ ਦੀ ਪਹਿਲੀ ਤਰੀਕ! ਕਹਿਰਾਂ ਭਰੀ ਧੁੰਦ ਤੇ ਠੰਢ ਦਾ ਜ਼ੋਰ। ਸਭ ਨੇ ਵਰਜਿਆ ਕਿ ਮਾੜਾ ਸਰੀਰ ਹੈ ਮਾਤਾ ਨੂੰ ਰਹਿਣ ਦਿਓ ਪਰ ਉਹ ਨਾ ਮੰਨੀ।

"ਮੈਂ ਆਪੇ ਚੜ੍ਹਾ ਕੇ ਆਊਂ ਪੰਘੂੜੇ ਵਿਚ ਆਪਣੇ ਸਰਦਾਰ ਜੀ ਨੂੰ।" ਖੂੰਡੀ ਫੜ ਕੇ ਉਹ ਅੱਗੇ ਪਹਿਲਾਂ ਹੀ ਤਿਆਰ ਖੜ੍ਹੀ ਸੀ।

ਗਾੜ੍ਹੀ ਧੁੰਦ ਕਾਰਨ ਹੱਥ ਨੂੰ ਹੱਥ ਨਹੀਂ ਸੀ ਦਿਸਦਾ। ਚਾਰ ਕਾਰਾਂ ਜਾਣ ਲਈ ਤਿਆਰ ਖੜ੍ਹੀਆਂ ਸਨ। ਪਿਤਾ ਜੀ ਪਹਿਲੀ ਕਾਰ ਦੀ ਪਿਛਲੀ ਸੀਟ 'ਤੇ ਮੇਰੇ ਅਤੇ ਮਾਤਾ ਦੇ ਵਿਚਕਾਰ ਬਿਰਾਜਮਾਨ ਸਵਾਰ ਸਨ। ਇੱਥੋਂ ਗੋਇੰਦਵਾਲ ਸਾਹਿਬ ਪਹੁੰਚਣ ਲਈ ਦੋ ਤਿੰਨ ਰਸਤੇ ਹਨ। ਪਹਿਲਾ ਛੇਹਰਟਾ, ਸੰਨ੍ਹ ਸਾਹਿਬ, ਝਬਾਲ, ਤਰਨਤਾਰਨ ਵਾਲਾ; ਦੂਜਾ ਢਪੱਈ-ਖਾਜਾਨਾ ਗੇਟ, ਝਬਾਲ ਤੇ ਤੀਜਾ ਖਾਲਸਾ ਕਾਲਜ, ਚਾਟੀ ਵਿੰਡ ਗੇਟ ਤਰਨਤਾਰਨ। ਮੇਰਾ ਡਰਾਈਵਰ ਛੇਹਰਟੇ ਵਾਲੇ ਸਿੱਧੇ ਰਸਤੇ ਪੈ ਗਿਆ।

"ਤੁਸੀਂ ਭਾ ਜੀ ਚਿੰਤਾ ਨਾ ਕਰਿਓ...ਉਹ ਆਪ ਸਭ ਨੂੰ ਰਸਤੇ ਪਾਉਂਦੇ ਰਹੇ ਨੇ, ਤੁਹਾਨੂੰ ਵੀ ਉਨ੍ਹਾਂ ਉਂਗਲ ਲਾ ਕੇ ਲੈ ਜਾਣਾ।" ਜਸਵਿੰਦਰ ਸਿੰਘ ਮੱਤਾਂ ਦੇ ਰਿਹਾ ਸੀ। ਥੋੜ੍ਹੀ ਦੂਰ ਜਾ ਕੇ ਕਾਰਾਂ ਇੱਕ ਦੂਸਰੀ ਤੋਂ ਓਝਲ ਹੋ ਗਈਆਂ। ਗੱਗੋ ਬੂਹੇ ਦਾ ਅੱਡਾ ਆ ਗਿਆ। ਝਬਾਲ ਤੋਂ ਤਰਨਤਾਰਨ ਦੀ ਸੜਕੇ ਪੈਣ ਦੀ ਥਾਂ ਅਸੀਂ ਗਲਤ ਭਿੱਖੀਵਿੰਡ ਵਾਲੀ ਸੜਕੇ ਪੈ ਗਏ। ਪੁੱਛਣ 'ਤੇ ਪਤਾ ਲੱਗਾ ਕਿ ਅਸਲੀ ਰਸਤਾ ਤਾਂ ਝਬਾਲ ਚੌਂਕ ਤੋਂ ਤਰਨਤਾਰਨ ਵਾਲਾ ਹੈ। ਭੁੱਲਦੇ ਭੁਲਾਉਂਦੇ ਅਸੀਂ ਤਰਨਤਾਰਨ ਪਹੁੰਚ ਗਏ। ਫੋਨ ਕਰਨ 'ਤੇ ਦੂਸਰੀਆਂ ਕਾਰਾਂ ਵਾਲਿਆਂ ਫੋਨ ਨਾ ਚੁੱਕਿਆ। ਕੁੱਝ ਦੇਰ ਉਡੀਕ ਕੇ ਅਸੀਂ ਚੱਲਦੇ ਰਹੇ ਕਿ ਉਹ ਜ਼ਰੂਰ ਸਾਡੇ ਤੋਂ ਪਹਿਲਾਂ ਪਹੁੰਚ ਗਏ ਹੋਣਗੇ ਪਰ ਉਹ ਉਥੇ ਨਾ ਪਹੁੰਚੇ। ਘੰਟੇ ਕੁ ਪਿਛੋਂ ਉਹ ਪਹੁੰਚੇ ਤਾਂ ਦੱਸਿਆ, "ਅਸੀਂ ਤੁਹਾਨੂੰ ਵੇਖ ਲਿਆ ਸੀ ਕਿ ਤੁਸੀਂ ਝਬਾਲ ਤੋਂ ਗਲਤ ਰਸਤੇ ਪੈ ਗਏ ਹੋ। ਅਸੀਂ ਝਬਾਲ-ਤਰਨਤਾਰਨ ਵਾਲੀ ਸੜਕੇ ਪੈ ਗਏ। ਉਹ ਮੁਰੰਮਤ ਹੋਣ ਕਾਰਨ ਬੰਦ ਸੀ। ਫਿਰ ਬਹੋੜੂ ਵਾਲੀ ਨਹਿਰੇ ਪੈ ਕੇ ਵਾਪਸ ਚਾਟੀ ਵਿੰਡ ਪਹੁੰਚੇ ਤੇ ਉਥੋਂ ਲੰਬਾ ਰਸਤਾ ਤੈਅ ਕਰ ਕੇ ਗੋਇੰਦਵਾਲ ਪਹੁੰਚੇ।"

ਮੈਨੂੰ ਤੁਰਨ ਵੇਲੇ ਜਸਵਿੰਦਰ ਸਿੰਘ ਦੀ ਹਦਾਇਤ ਯਾਦ ਆ ਗਈ ਤੇ ਉਹੋ ਸੱਚ ਸਾਬਤ ਹੋਈ ਕਿ ਪਿਤਾ ਜੀ ਸਾਨੂੰ ਪਹਿਲਾਂ ਹੀ ਜੀ. ਪੀ. ਐਸ. ਵਾਂਗ ਠੀਕ ਰਸਤੇ ਲੈ ਕੇ ਆਏ ਸਨ।

ਬਉਲੀ ਦੀਆਂ ਚੁਰਾਸੀ ਪੌੜੀਆਂ ਉਤਰ ਕੇ ਹੇਠੋਂ ਬਿਆਸ ਦਰਿਆ ਦਾ ਪਾਣੀ ਬਾਲਟੀ ਭਰ ਕੇ ਉਪਰ ਲਿਆਏ। ਮਿਥੀ ਥਾਂ ਫੁੱਲਾਂ ਵਾਲੀ ਥੈਲੀ ਖੋਲ੍ਹ ਕੇ ਇਸ਼ਨਾਨ ਕਰਵਾਇਆ ਤੇ ਫਿਰ ਦਰਿਆ ਬਿਆਸ 'ਤੇ ਬਣੇ ਘਾਟ ਵੱਲ ਚੱਲ ਪਏ। ਉਥੇ ਬਹੁਤ ਭੀੜ ਸੀ। ਵਾਰੀ ਆਉਣ 'ਤੇ ਅਸੀਂ ਦਰਿਆ ਦੇ ਡੂੰਘੇ ਪਾਣੀ ਵੱਲ ਵਧੇ ਲੱਕੜ ਦੇ ਪਲੈਟਫਾਰਮ 'ਤੇ ਜਾ ਕੇ ਪਹਿਲਾਂ ਅਸਤ ਵਹਾ ਦਿੱਤੇ ਤੇ ਫਿਰ ਰਾਖ ਵਾਲੀ ਬੋਰੀ ਗੇਰੂ ਰੰਗੇ ਪਾਣੀ ਦੀ ਭੇਟ ਕਰ ਕੇ ਹੱਥ ਜੋੜਦੇ ਗੁਰਦੁਆਰੇ ਆ ਮੱਥਾ ਟੇਕਿਆ। ਸਫਰ ਲਈ ਇਕੱਠੇ ਹੋਏ ਪੈਸਿਆਂ ਵਿਚੋਂ ਸਾਰੇ ਨਿਗਦਿਆਂ ਲਈ ਪਿਤਾ ਜੀ ਦਾ ਆਖਰੀ ਤੋਹਫਾ, ਸਟੀਲ ਗੜਵੀਆਂ ਖਰੀਦੀ ਕੇ ਘਰ ਪਰਤ ਆਏ।

ਪਿਤਾ ਜੀ ਨੂੰ ਸੱਚੇ ਘਰ ਪਹੁੰਚਾ ਕੇ ਸਾਰੇ ਜੀ ਇੱਕ ਦੂਜੇ ਗਲ ਲੱਗ ਰੱਜ ਕੇ ਰੋਏ ਤੇ ਦਿਲ ਹੌਲਾ ਕੀਤਾ। ਉਨ੍ਹਾਂ ਦੀਆਂ ਗੱਲਾਂ ਬਾਤਾਂ ਕਰ ਕੇ ਸਦਮੇ ਵਿਚੋਂ ਨਿਕਲਣ ਦੀ ਕੋਸ਼ਿਸ਼ ਕੀਤੀ। ਆਖਰ ਸਬਰ ਕਰਨਾ ਹੀ ਪੈਂਦਾ ਹੈ। ਘਰ ਦੇ ਸਾਰੇ ਜੀਅ ਪਿਤਾ ਜੀ ਦੇ ਵਸੀਅਤਨਾਮੇ ਬਾਰੇ ਉਤਾਵਲੇ ਸਨ।

"ਸਾਰੇ ਕਾਰਜ ਭੁਗਤ ਲੈਣ ਦਿਓ, ਫਿਰ ਇਹ ਕੰਮ ਕਰਾਂਗੇ। ਸਾਰੇ ਜੀਆਂ ਸਾਹਮਣੇ ਹੀ ਖੋਲ੍ਹਣਾ ਹੈ।" ਮੈਂ ਟਾਲਾ ਵੱਟੀ ਰੱਖਿਆ।

ਸਭ ਰਸਮਾਂ ਪਿਛੋਂ ਬੀਜੀ ਇੱਕ ਲਿਫਾਫਾ ਲੈ ਆਏ। ਸਾਰੇ ਲਾਲ ਪੋਟਲੀ ਵੱਲ ਬੜੀ ਉਤਸੁਕਤਾ ਨਾਲ ਨਿਹਾਰਨ ਲੱਗੇ। ਇਹ ਭਾਨ ਵਾਲੀ ਪੋਟਲੀ ਉਹ ਸਾਡੇ ਵਿਆਹਾਂ 'ਤੇ ਸੋਟ ਕਰਨ ਵੇਲੇ ਵਰਤਦੇ ਰਹੇ ਹਨ। ਇਸ ਵਿਚੋਂ ਇੱਕ ਕਾਗਜ਼ ਨਿਕਲਦਾ ਹੈ। ਵਸੀਅਤਨਾਮਾ ਖੋਲ੍ਹਣ ਤੇ ਪੜ੍ਹਨ ਦਾ ਮੇਰਾ ਹੀ ਨੌਂਗਾ ਪੈ ਗਿਆ। ਮੈਂ ਬੜੇ ਅਦਬ ਨਾਲ ਤਹਿ ਕੀਤਾ ਕਾਗਜ਼ ਦਾ ਟੁਕੜਾ ਖੋਲ੍ਹਿਆ।

"ਮੇਰਾ ਅੰਤਿਮ ਸਮਾਂ ਨੇੜੇ ਹੈ। ਮੈਂ ਇੱਕ ਮੁਸਾਫਰ ਵਾਂਗ ਆਇਆ ਸੀ ਤੇ ਹੁਣ ਵਾਪਸ ਜਾ ਰਿਹਾ ਹਾਂ, ਖਾਲਮ-ਖਾਲੀ। ਮੈਨੂੰ ਸ਼ਮਸ਼ਾਨ ਘਾਟ ਲਿਜਾਂਦੇ ਸਮੇਂ ਰੱਬ ਦਾ ਨਾਮ ਜਪਦੇ ਪ੍ਰਭੂ ਦਾ ਸ਼ੁਕਰਾਨਾ ਕਰਨਾ ਹੈ, ਰੋਣਾ ਕੁਰਲਾਉਣਾ ਨਹੀਂ। ਸਾਰੇ ਹੱਕਦਾਰਾਂ ਦਾ ਹੱਕ ਮੈਂ ਪਹਿਲਾਂ ਹੀ ਦੇ ਚੁਕਾ ਹਾਂ। ਏਨਾ ਕੁੱਝ ਜਮੀਨ, ਜਾਇਦਾਦ, ਵਹੀ ਖਾਤੇ ਹੁੰਦੇ ਹੋਏ ਮੈਂ ਹੁਣ ਕੁੱਝ ਵੀ ਨਾਲ ਨਹੀਂ ਲਿਜਾ ਸਕਿਆ। ਤੁਸੀਂ ਵੀ ਮਿਹਰਬਾਨੀ ਕਰ ਕੇ ਮੇਰੇ ਪਿੱਛੇ ਪਰੋਹਤਾਂ ਰਾਹੀਂ ਕੱਪੜੇ, ਬਿਸਤਰੇ, ਭਾਂਡੇ ਜਾਂ ਹੋਰ ਕੁੱਝ ਭੇਜਣ ਦੀ ਕੋਸ਼ਿਸ਼ ਨਾ ਕਰਿਓ ਕਿਉਂਕਿ ਮੇਰੇ ਤੱਕ ਕੁੱਝ ਵੀ ਨਹੀਂ ਅੱਪੜਨਾ।"

ਹੋਰ ਲਿਖਿਆ ਸੀ, "ਅਗਨ ਭੇਟ ਸਮੇਂ ਸਿਰ ਮੂੰਹ ਵਿਚ ਦੇਸੀ ਘਿਉ ਰੋੜ੍ਹਨ ਦੀ ਥਾਂ ਇਹ ਗਰੀਬ-ਗੁਰਬੇ ਦੇ ਮੂੰਹ ਪਾਇਓ। ਚੰਦਨ ਦੀ ਮਹਿੰਗੀ ਲੱਕੜੀ 'ਤੇ ਅਜਾਈਂ ਖਰਚ ਨਹੀਂ ਕਰਨਾ। ਮੇਰੀ ਰਾਖ ਅਸਤ ਕਿਸੇ ਨੇੜਲੇ ਨਹਿਰ ਸੂਏ ਵਿਚ ਵਹਾ ਦਿਓ। ਮ੍ਰਿਤਕ ਦੀ ਫੋਟੋ ਗੁਰੂ ਗ੍ਰੰਥ ਸਾਹਿਬ ਅੱਗੇ ਨਹੀਂ ਰੱਖਣੀ, ਏਦਾਂ ਲੋਕ ਮੱਥਾ ਟੇਕਦੇ ਸਮੇਂ ਫੋਟੋ ਨੂੰ ਵੀ ਸਿਰ ਨਿਵਾਉਂਦੇ ਹਨ, ਜੋ ਠੀਕ ਨਹੀਂ। ਅਰਦਾਸ ਦਿਵਸ 'ਤੇ ਸੰਗਤਾਂ ਨੂੰ ਸਾਦਾ ਲੰਗਰ ਛਕਾਇਆ ਜਾਵੇ। ਮੀਟ-ਸ਼ਰਾਬ ਬਿਲਕੁਲ ਨਾ ਵਰਤਾਉਣੇ। ਦਸਾਂ ਨਹੁੰਆਂ ਦੀ ਕਿਰਤ ਕਰੋ, ਰਲ ਮਿਲ ਕੇ ਇਤਫਾਕ ਨਾਲ ਰਹਿਓ, ਏਕੇ ਵਿਚ ਬਰਕਤ ਹੈ। ਰੱਬ ਰਾਖਾ!"

ਮੈਂ ਆਖਰੀ ਲਾਈਨ ਪੜ੍ਹਦਾ ਉਪਰ ਝਾਕਦਾ ਹਾਂ। ਸਾਰੇ ਸੂੜਕੇ ਮਾਰ ਰਹੇ ਹਨ। ਹਰੇਕ ਦੇ ਚਿਹਰੇ 'ਤੇ ਹੰਝੂਆਂ ਦੀਆਂ ਘਰਾਲਾਂ ਬੁੱਲ੍ਹਾਂ ਤੱਕ ਪਲਮ ਆਈਆਂ ਹਨ।

ਲੜੀਵਾਰ ਨਾਵਲ

ਕਿਸ਼ਤ ਨੌਂਵੀਂ

# ਕਿਆਮਤ

*ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜਿਸ ਵਿਚ ਉਸ ਨੇ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਕਹਾਣੀ ਬੁਣੀ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

## ਤੁਸੀਂ ਪੜ੍ਹ ਚੁੱਕੇ ਹੋ...

ਇਰਾਕ ਦੇ ਇਕ ਹਿੱਸੇ ਉਤੇ ਆਈ.ਐਸ.ਆਈ.ਐਸ. ਦੇ ਕਬਜ਼ੇ ਤੋਂ ਬਾਅਦ ਜਾਜ਼ੀਦੀ ਕਬੀਲੇ ਨਾਲ ਸਬੰਧਤ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਹੀ ਆਪਣੇ ਪਿੰਡ ਜਾ ਵੜਦੀ ਹੈ। ਇਹ ਉਹ ਸਮਾਂ ਹੈ ਜਦੋਂ ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਸੀ। ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ 'ਤੇ ਕਹਿਰ ਢਾਹੁਣ ਲੱਗੇ। ਆਈ.ਐਸ.ਆਈ.ਐਸ. ਵਜੋਂ ਮਸ਼ਹੂਰ ਹੋਏ ਇਹ ਲੋਕ ਜਾਜ਼ੀਦੀਆਂ ਦੇ ਇਲਾਕੇ ਵਲ ਵਧਣ ਲੱਗੇ। ਇਕ ਦਿਨ ਆਸਮਾ ਦੇ ਪਿੰਡ ਨੂੰ ਘੇਰਾ ਪੈ ਗਿਆ ਅਤੇ ਸਭ ਨੂੰ ਟਰੱਕਾਂ ਵਿਚ ਲੱਦ ਕੇ ਲੈ ਗਏ। ਔਰਤਾਂ ਤੇ ਬੱਚਿਆਂ ਨੂੰ ਵੱਖ ਕਰਕੇ ਵੱਖ-ਵੱਖ ਥਾਂਈਂ ਭੇਜ ਦਿੱਤਾ। ਜਾਜ਼ੀਦੀ ਕੁੜੀਆਂ ਦੀ ਮੰਡੀ ਲਾਈ ਗਈ ਅਤੇ ਆਸਮਾ ਨੂੰ ਜੱਜ ਹਾਜੀ ਸਲਮਾਨ ਖਰੀਦ ਕੇ ਲੈ ਗਿਆ। ਹੁਣ ਪੜ੍ਹੋ ਇਸ ਤੋਂ ਅੱਗੇ...

*(10)*

ਨੌਂ ਕੁ ਵਜੇ ਹਾਜੀ ਸਲਮਾਨ ਆਪਣੇ ਕੰਮ 'ਤੇ ਚਲਾ ਗਿਆ। ਜਾਣ ਲੱਗਾ ਕਹਿ ਗਿਆ ਕਿ ਅਸਰ ਦੀ ਨਮਾਜ਼ (ਬਾਅਦ ਦੁਪਹਿਰ ਵਾਲੀ) ਤੱਕ ਵਾਪਸ ਪਰਤੇਗਾ। ਪਿਛੋਂ ਹਾਜੀ ਸਲਮਾਨ ਦਾ ਮਕਾਨ ਚੰਗੀ ਤਰ੍ਹਾਂ ਵੇਖਿਆ। ਵੱਡਾ ਅਤੇ ਸਜਿਆ-ਧਜਿਆ ਘਰ ਸੀ ਪਰ ਇਹ ਉਸ ਦੀ ਅਸਲ ਰਿਹਾਇਸ਼ ਨਹੀਂ ਸੀ। ਉਸ ਦੇ ਬੀਵੀ ਬੱਚੇ ਕਿਸੇ ਹੋਰ ਥਾਂ, ਖਾਨਦਾਨੀ ਘਰ 'ਚ ਰਹਿੰਦੇ ਸਨ। ਪਹਿਲਾਂ ਮੈਂ ਹੈਰਾਨ ਹੋਈ ਕਿ



**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

ਉਸ ਨੇ ਮੈਨੂੰ ਇਕੱਲੀ ਛੱਡਣ ਦਾ ਖਤਰਾ ਕਿਉਂ ਉਠਾਇਆ, ਫਿਰ ਛੇਤੀ ਹੀ ਮੇਰਾ ਭੁਲੇਖਾ ਦੂਰ ਹੋ ਗਿਆ ਜਦੋਂ ਪੰਜ ਛੇ ਗਾਰਡ ਘਰ ਦੇ ਇਕ ਪਾਸੇ ਤਾਇਨਾਤ ਵੇਖੇ। ਮੁੱਖ ਦਰਵਾਜੇ ਵੱਲ ਜਾਣ ਦੀ ਮਨਾਹੀ ਸੀ, ਸ਼ਾਇਦ ਉਧਰ ਹੋਰ ਗਾਰਡ ਦਿਸਦੇ। ਮਨ ਅੰਦਰ ਵਿਚਾਰ ਸੀ ਕਿ ਜੇ ਇਥੋਂ ਭੱਜਣਾ ਹੋਵੇ ਤਾਂ ਕਿਵੇਂ ਭੱਜਿਆ ਜਾ ਸਕਦਾ ਹੈ ਪਰ ਗਾਰਡ ਵੇਖ ਕੇ ਇਹ ਕੰਮ ਮੁਸ਼ਕਿਲ ਜਾਪਿਆ। ਘਰ ਸ਼ਾਨਦਾਰ ਸੀ, ਕਿਚਨ ਹੋਰ ਵੀ ਸੋਹਣੀ ਸੀ। ਮਹਿੰਗੀ ਕਰਾਕਰੀ ਸਜਾ ਕੇ ਰੱਖੀ ਹੋਈ ਸੀ। ਉਂਜ, ਖਾਣਾ ਬਾਹਰੋਂ ਪੱਕਿਆ ਪਕਾਇਆ ਆਉਂਦਾ ਸੀ। ਚਾਹ ਜਾਂ ਕੌਫੀ ਉਸ ਦਾ ਖਾਸ ਗਾਰਡ, ਜ਼ਾਕਿਰ ਬਣਾਉਂਦਾ ਸੀ।

ਸ਼ਾਮ ਹੋ ਗਈ, ਹਾਜੀ ਸਲਮਾਨ ਮੁੜ ਆਇਆ। ਉਸ ਨੇ ਮੇਰੇ ਸਾਹਮਣੇ ਵਧੀਆ ਤੋਂ ਵਧੀਆ ਕੱਪੜਿਆਂ ਦਾ ਢੇਰ ਲਾ ਦਿੱਤਾ। ਇੰਨੇ ਸੋਹਣੇ ਕੱਪੜੇ ਵੇਖ ਕੇ ਖਿਆਲ ਆਇਆ ਕਿ ਜੇ ਇਹੀ ਕੱਪੜੇ ਕਦੇ ਮੈਂ ਆਪਣੇ ਘਰ ਵੇਖੇ ਹੁੰਦੇ ਤਾਂ ਸ਼ਾਇਦ ਖੁਸ਼ੀ 'ਚ ਪਾਗਲ ਹੋ ਜਾਂਦੀ ਪਰ ਇਥੇ ਉਨ੍ਹਾਂ ਵਲ ਵੇਖਣ ਨੂੰ ਵੀ ਚਿੱਤ ਨਾ ਕੀਤਾ। ਫਿਰ ਹਾਜੀ ਸਲਮਾਨ ਨੇ ਹੁਕਮ ਵਾਲੇ ਲਹਿਜੇ 'ਚ ਕਿਹਾ ਕਿ ਉਸ ਦੀ ਚੁਣੀ ਹੋਈ ਸਭ ਤੋਂ ਸੋਹਣੀ ਡਰੈਸ ਪਾ ਕੇ ਵਿਖਾਵਾਂ। ਮੈਂ ਅੰਦਰ ਗਈ ਤੇ ਕੱਪੜੇ ਪਹਿਨ ਲਏ। ਸ਼ੀਸ਼ੇ ਸਾਹਮਣੇ ਖੜ੍ਹੋ ਕੇ ਆਪਣੇ ਆਪ ਵਲ ਨਜ਼ਰ ਮਾਰਨ ਲਈ ਮਨ ਹੀ ਨਾ ਕੀਤਾ। ਉਵੇਂ ਹੀ ਬਾਹਰ ਆ ਗਈ। ਹਾਜੀ ਸਲਮਾਨ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਉਸ ਨੇ ਉਠ ਕੇ ਬੁੱਕਲ 'ਚ ਲੈ ਲਿਆ ਤੇ ਕਿਹਾ ਕਿ ਹੁਣ ਤੱਕ ਦੀਆਂ ਗੁਲਾਮ ਸਾਥੀਆਂ 'ਚੋਂ ਮੈਂ ਉਸ ਨੂੰ ਸਭ ਤੋਂ ਵੱਧ ਪਸੰਦ ਆਈ ਹਾਂ। ਇੰਨੇ ਨੂੰ ਨਮਾਜ਼ ਦਾ ਵਕਤ ਹੋ ਗਿਆ, ਉਹ ਬੋਲਿਆ, "ਆ ਆਸਮਾ, 'ਕੱਠੇ ਨਮਾਜ਼ ਅਦਾ ਕਰਦੇ ਆਂ। ਨਾਲੇ ਹੁਣ ਤਾਂ ਤੂੰ ਵੀ ਮੁਸਲਮਾਨ ਐਂ।"

ਉਸ ਦੀ ਗੱਲ ਸੁਣ ਕੇ ਮਨ 'ਚ ਘਿਰਣਾ ਉਪਜੀ ਪਰ ਮੈਂ ਉਸ ਦੇ ਕਹੇ ਅਨੁਸਾਰ ਉਸ ਦੇ ਬਰਾਬਰ ਬਹਿ ਗਈ, ਜਿਵੇਂ ਉਹ ਕਹੀ ਗਿਆ, ਮਗਰੇ ਮਗਰ ਬੋਲੀ ਗਈ। ਨਮਾਜ਼ ਪਿਛੋਂ ਉਸ ਨੇ ਜ਼ਾਕਿਰ ਨੂੰ ਆਵਾਜ਼ ਮਾਰੀ ਤੇ ਚਾਹ ਲਈ ਕਿਹਾ। ਚਾਹ ਆਈ ਤਾਂ ਮੈਨੂੰ ਕਿਹਾ ਕਿ ਮੈਂ ਚਾਹ ਵਰਤਾਵਾਂ। ਮੈਂ ਰਸੋਈ 'ਚੋਂ ਚਾਹ ਵਾਲੀ ਟਰੇਅ ਚੁੱਕ ਲਿਆਈ ਅਤੇ ਸਾਹਮਣੇ ਪਏ ਟੇਬਲ 'ਤੇ ਰੱਖ ਦਿੱਤੀ। ਚਾਹ ਪਿਛੋਂ ਉਸ ਨੇ ਪਹਿਨਣ ਲਈ ਗਹਿਣੇ ਦਿੱਤੇ। ਮੈਂ ਉਸੇ ਤਰ੍ਹਾਂ ਕਰੀ ਗਈ, ਜਿਵੇਂ ਉਹ ਕਹੀ ਗਿਆ ਪਰ ਸਜਣਾ-ਸੰਵਰਨਾ ਉਵੇਂ ਹੀ ਮਹਿਸੂਸ ਹੋ ਰਿਹਾ ਸੀ, ਜਿਵੇਂ ਬਲੀ ਦੇਣ ਤੋਂ ਪਹਿਲਾਂ ਬੱਕਰੇ ਨੂੰ ਸਜਾਇਆ ਜਾਂਦਾ ਹੈ। ਫਿਰ ਉਹ ਸਾਹਮਣੇ ਖਲੋ ਕੇ ਸਿਫਤਾਂ ਕਰਨ ਲੱਗਾ ਤੇ ਬੋਲਿਆ, "ਕੁਝ ਕਹਿਣਾ ਹੈ ਤਾਂ ਕਹਿ।" ਮੈਂ ਬਿਨ ਬੋਲਿਆਂ ਉਸ ਵਲ ਉਦਾਸ ਨਜ਼ਰਾਂ ਨਾਲ ਵੇਖਿਆ। ਉਹ ਮੁੜ ਬੋਲਿਆ, "ਆਸਮਾ, ਬੋਲ ਤੂੰ ਜੋ ਵੀ ਬੋਲਣਾ ਐਂ।"

"ਹਾਜੀ, ਇਕ ਅਰਜ਼ੋਈ ਐ?"

"ਹਾਂ ਦੱਸ?"

"ਤੂੰ ਮੇਰੀਆਂ ਭੈਣਾਂ, ਜ਼ਾਹਰਾ ਤੇ ਜ਼ੀਨਤ ਦੀ ਪੜਤਾਲ ਕਰਵਾ ਸਕਦਾ ਐਂ ਕਿ ਉਹ ਕਿਥੇ ਨੇ?"

"ਹਾਂ ਬਿਲਕੁਲ, ਸਗੋਂ ਮੈਨੂੰ ਤਾਂ ਪਹਿਲਾਂ ਈ ਪਤਾ ਐ ਕਿ ਉਹ ਕਿਥੇ ਨੇ।"

"ਹੈਂ?" ਮੇਰੀਆਂ ਅੱਖਾਂ ਭਰ ਆਈਆਂ। ਉਹ ਮੇਰੇ ਵਲ ਵੇਖਦਾ ਰਿਹਾ। ਮੈਂ ਸਾਰੀ ਤਾਕਤ ਇਕੱਠੀ ਕਰਕੇ ਉਸ ਦੇ ਪੈਰਾਂ 'ਚ ਬਹਿ ਗਈ, "ਹਾਜੀ, ਮੇਰੇ 'ਤੇ ਇੰਨੀ ਮਿਹਰ ਕਰ ਕਿ ਉਨ੍ਹਾਂ ਨੂੰ ਮਿਲਵਾ ਦੇਹ?"

ਉਸ ਨੇ ਮੈਨੂੰ ਬਾਹੋਂ ਫੜ ਕੇ ਉਠਾਇਆ, "ਆ ਮੇਰੇ ਨਾਲ, ਤੈਨੂੰ ਤੇਰੀਆਂ ਭੈਣਾਂ ਨੂੰ ਮਿਲਵਾ ਕੇ ਲਿਆਵਾਂ।"

ਉਹਨੇ ਮੈਨੂੰ ਆਪਣੀ ਕਾਰ 'ਚ ਜਾ ਬਿਠਾਇਆ। ਭੈਣਾਂ ਨੂੰ ਮਿਲਣ ਦਾ ਸੋਚ ਕੇ ਮੇਰੇ ਅੱਥਰੂ ਆਪ ਮੁਹਾਰੇ ਵਗ ਤੁਰੇ। ਉਦੋਂ ਹੀ ਉਹ ਆਪਣੇ ਅਸਲੀ ਰੂਪ 'ਚ ਆ ਗਿਆ, "ਤੂੰ ਉਨ੍ਹਾਂ ਨੂੰ ਸਿਰਫ ਪੰਜ ਮਿੰਟ ਲਈ ਮਿਲ ਸਕੇਂਗੀ। ਕੋਈ ਵੱਧ ਘੱਟ ਗੱਲ ਨੀਂ ਕਰਨੀ। ਮੈਂ ਕੀ ਕਹਿ ਰਿਹਾ ਆਂ, ਤੂੰ ਚੰਗੀ ਤਰ੍ਹਾਂ ਸਮਝਦੀ ਐਂ।" ਹੁਕਮ ਅਦੂਲੀ ਕੀਤੀ ਤਾਂ ਹੰਟਰ ਯਾਦ ਰੱਖੀਂ।"

ਕਾਰ ਤੁਰ ਪਈ। ਬਾਜ਼ਾਰ 'ਚੋਂ ਜਾਂਦਿਆਂ ਮੈਂ ਆਲੇ-ਦੁਆਲੇ ਵੇਖਦੀ ਗਈ। ਦੁਨੀਆਂ ਆਪਣੀ ਮੌਜ ਨਾਲ ਘੁੰਮਦੀ, ਖਰੀਦਦਾਰੀ ਕਰਦੀ ਜਾਂ ਹੋਰ ਕੰਮ-ਧੰਦੇ ਕਰਦੀ ਫਿਰ ਰਹੀ ਸੀ। ਖਿਆਲ ਆਇਆ ਕਿ ਇਨ੍ਹਾਂ 'ਚੋਂ ਕਿਸੇ ਦੇ ਮਨ ਵਿਚ ਵੀ ਇਹ ਨਹੀਂ ਹੋਵੇਗਾ ਕਿ ਇਥੇ ਹੀ ਕਿਸੇ ਪਾਸੇ ਗਰੀਬ ਬੇਵਸ ਜਾਜ਼ੀਦੀ ਕੁੜੀਆਂ ਕਿਵੇਂ ਜ਼ਿਲਤ ਭੋਗ ਰਹੀਆਂ ਹਨ। ਮੋਸਲ ਸ਼ਹਿਰ 'ਚ ਮੈਂ ਆਪਣੀ ਮਾਂ ਨਾਲ ਪਹਿਲਾਂ ਵੀ ਕਈ ਵਾਰੀ ਆਈ ਸਾਂ। ਅੱਜ ਘਰੋਂ ਨਿਕਲਣ ਤੋਂ ਪਹਿਲਾਂ ਮੈਨੂੰ ਲੱਗਾ ਸੀ ਕਿ ਇਸਲਾਮਕ ਸਟੇਟ ਦੇ ਕਬਜ਼ੇ ਪਿਛੋਂ ਪਤਾ ਨਹੀਂ, ਮੋਸਲ 'ਚ ਕੀ ਫਰਕ ਆਇਆ ਹੋਵੇਗਾ ਪਰ ਕੁਝ ਵੀ ਵੱਖਰਾ ਨਾ ਜਾਪਿਆ; ਸਵਾਇ ਇਸ ਦੇ ਕਿ ਇਰਾਕੀ ਪੁਲਿਸ ਦੀ ਥਾਂ ਹੁਣ ਹਰ ਪਾਸੇ ਇਸਲਾਮਕ ਸਟੇਟ ਦੇ ਲੰਬੀਆਂ ਦਾਹੜੀਆਂ ਵਾਲੇ ਮਿਲੀਟੈਂਟ ਘੁੰਮ ਰਹੇ ਸਨ। ਪਹਿਲਾਂ ਬੁਰਕੇ ਵਾਲੀਆਂ ਜ਼ਨਾਨੀਆਂ ਘੱਟ ਹੀ ਦਿਸਦੀਆਂ ਸਨ ਪਰ ਹੁਣ ਬਿਨਾ ਬੁਰਕੇ ਦੇ ਕੋਈ ਵੀ ਨਹੀਂ ਸੀ ਦਿਸਦੀ। ਹਰ ਔਰਤ ਦਾ ਚਿਹਰਾ ਬੁਰਕੇ ਪਿਛੇ ਛੁਪਿਆ ਹੋਣ ਕਰਕੇ ਮਨ 'ਚੋਂ ਨਵਾਂ ਖਿਆਲ ਲੰਘ ਗਿਆ...ਜੇ ਮੈਂ ਕਿਸੇ ਤਰ੍ਹਾਂ ਹਾਜੀ ਸਲਮਾਨ ਦੇ ਘਰੋਂ ਨਿਕਲ ਕੇ ਇਕ ਵਾਰ ਬਾਹਰ ਆ ਜਾਵਾਂ ਤਾਂ ਮੇਰੇ ਲਈ ਬੁਰਕਿਆਂ ਦੇ ਇਕੱਠ 'ਚ ਗੁਆਚ ਜਾਣਾ ਮੁਸ਼ਕਿਲ ਨਹੀਂ ਹੋਵੇਗਾ। ਇੰਨੇ ਨੂੰ ਕਾਰ ਰੁਕੀ ਤੇ ਮੇਰੇ ਕੰਨੀਂ ਹਾਜੀ ਸਲਮਾਨ ਦੀ ਆਵਾਜ਼



*ਆਈ.ਐਸ.ਆਈ.ਐਸ. ਦੀ ਮੰਡੀ ਵਿਚ ਵੇਚਣ ਲਈ ਲਿਜਾਈਆਂ ਜਾ ਰਹੀਆਂ ਜਾਜ਼ੀਦੀ ਕੁੜੀਆਂ*

ਪਈ, "ਚੱਲ ਆਸਮਾ, ਤੇਰੀਆਂ ਭੈਣਾਂ ਇਸੇ ਬਿਲਡਿੰਗ 'ਚ ਨੇ।"

ਮੈਂ ਕਾਰ 'ਚੋਂ ਨਿਕਲ ਕੇ ਸਾਹਮਣੇ ਨਜ਼ਰ ਮਾਰੀ ਤਾਂ ਹੈਰਾਨ ਹੋਈ। ਇਹ ਤਾਂ ਉਹੀ ਹੋਟਲ ਸੀ ਜਿਥੇ ਅਸੀਂ ਪਹਿਲੇ ਦਿਨ ਆ ਕੇ ਰੁਕੀਆਂ ਸਾਂ। ਹਾਜੀ ਸਲਮਾਨ ਦਾ ਗਾਰਡ ਅੱਗੇ ਅੱਗੇ ਸੀ, ਮੈਂ ਪੌੜੀਆਂ ਚੜ੍ਹ ਕੇ ਕਮਰੇ ਤੱਕ ਜਾ ਪਹੁੰਚੀ। ਗਾਰਡ ਨੇ ਇਕ ਕਮਰੇ ਵਲ ਇਸ਼ਾਰਾ ਕੀਤਾ ਤੇ ਆਪ ਬਾਹਰ ਖੜ੍ਹੋ ਗਿਆ। ਮੈਂ ਤਖਤਾ ਅਗਾਂਹ ਨੂੰ ਕੀਤਾ ਤਾਂ ਦਰਵਾਜਾ ਖੁੱਲ੍ਹ ਗਿਆ। ਅੱਗੇ ਵੀਹ ਬਾਈ ਕੁੜੀਆਂ ਬੈਠੀਆਂ ਸਨ। ਮੈਨੂੰ ਵੇਖ ਕੇ ਸੱਭੇ ਇਕਦਮ ਖੜ੍ਹੀਆਂ ਹੋ ਗਈਆਂ। ਇਕ ਪਾਸੇ ਜ਼ਾਹਰਾ ਅਤੇ ਜ਼ੀਨਤ ਖੜ੍ਹੀਆਂ ਸਨ।

ਮੈਂ ਹੈਰਾਨ ਹੋਈ, ਉਨ੍ਹਾਂ ਮੇਰੇ ਵਲ ਵੇਖ ਕੇ ਕੋਈ ਪ੍ਰਤੀਕਰਮ ਕਿਉਂ ਨਹੀਂ ਕੀਤਾ। ਉਦੋਂ ਹੀ ਮੈਨੂੰ ਖਿਆਲ ਆਇਆ ਕਿ ਮੈਂ ਤਾਂ ਪੂਰੀ ਤਰ੍ਹਾਂ ਬੁਰਕੇ 'ਚ ਢਕੀ ਹੋਈ ਹਾਂ। ਮੈਂ ਬੁਰਕਾ ਪਾਸੇ ਹਟਾਇਆ ਤਾਂ ਜ਼ੀਨਤ ਅਤੇ ਜ਼ਾਹਰਾ ਭੱਜ ਕੇ ਮੈਨੂੰ ਚੰਬੜ ਗਈਆਂ। ਜ਼ੀਨਤ ਤੋਂ ਤਾਂ ਚੰਗੀ ਤਰ੍ਹਾਂ ਤੁਰਿਆ ਵੀ ਨਹੀਂ ਸੀ ਜਾ ਰਿਹਾ। ਰੋ-ਰੋ ਕੇ ਜ਼ਾਹਰਾ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ। ਖੈਰ! ਮੈਂ ਆਪਣੇ ਬਾਰੇ ਦੱਸਦਿਆਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਨਾਲ ਕੀ ਬਣਿਆ।

ਜ਼ਾਹਰਾ ਦੱਸਣ ਲੱਗੀ, "ਉਸ ਦਿਨ ਉਹ ਮੋਟਾ ਨਾਫਾ (ਮਿਲੀਟੈਂਟ) ਮੈਨੂੰ ਘਰ ਲੈ ਗਿਆ ਪਰ ਮੈਂ ਜਾਂਦਿਆਂ ਈ ਕਹਿ ਦਿੱਤਾ ਕਿ ਮੈਨੂੰ ਕੈਂਸਰ ਐ ਤੇ ਉਹ ਮੈਥੋਂ ਪਾਸੇ ਰਹੇ। ਪਤਾ ਨੀਂ ਕਿਵੇਂ, ਉਸ ਨੂੰ ਇਹ ਗੱਲ ਜਚ ਗਈ ਤੇ ਉਸ ਨੇ ਮੈਨੂੰ ਹੱਥ ਨਹੀਂ ਲਾਇਆ ਪਰ ਕੁੱਟਮਾਰ ਬਹੁਤ ਕੀਤੀ ਕਿ ਮੈਂ ਉਸ ਦਾ ਪੈਸਾ ਖਰਾਬ ਕਰਵਾਇਆ। ਫਿਰ ਉਹ ਮੈਨੂੰ ਇਥੇ ਈ ਵਾਪਸ ਛੱਡ ਗਿਆ। ਉਸ ਪਿਛੋਂ ਗੁਲਾਮਾਂ ਵਾਲੀ ਮੰਡੀ ਨੀਂ ਲੱਗੀ, ਉਦੋਂ ਤੱਕ ਇਥੇ ਈ ਆਂ।" ਉਸ ਨੇ ਕੁੜਤੀ ਪਾਸੇ ਕਰਕੇ ਮਾਰ ਦੇ ਨਿਸ਼ਾਨ ਵਿਖਾਏ। ਸਾਰਾ ਪਿੰਡਾ ਵਲੂੰਧਰਿਆ ਪਿਆ ਸੀ। ਮੈਂ ਜ਼ੀਨਤ ਵਲ ਵੇਖਿਆ। ਉਹ ਬਿਨਾ ਕੁਝ ਬੋਲੇ ਡੁਸਕਦੀ ਮੈਨੂੰ ਚੰਬੜ ਗਈ ਤੇ ਧਾਹਾਂ ਮਾਰਨ ਲੱਗੀ। ਉਸ ਬਾਰੇ ਜ਼ਾਹਰਾ ਨੇ ਹੀ ਮੈਨੂੰ ਦੱਸਿਆ। ਉਸ ਨੂੰ ਜੋ ਬੰਦਾ ਖਰੀਦ ਕੇ ਲੈ ਗਿਆ ਸੀ, ਉਹ ਘਰੇ ਇਕੱਲਾ ਨਹੀਂ ਸੀ, ਤਿੰਨ ਜਣੇ ਸਨ ਅਤੇ ਤਿੰਨੇ ਸਾਰੀ ਰਾਤ ਉਸ ਨੂੰ ਨੋਚਦੇ ਰਹੇ। ਸਵੇਰ ਤੱਕ ਉਸ ਦੀ ਹਾਲਤ ਇੰਨੀ ਖਰਾਬ ਹੋ ਗਈ ਕਿ ਡਾਕਟਰ ਕੋਲ ਲਿਜਾਣਾ ਪਿਆ।

ਰੋਣਾ ਕੁਰਲਾਉਣਾ ਜ਼ਰਾ ਕੁ ਥੰਮ੍ਹਿਆ ਤਾਂ ਸਾਡੀ ਚਰਚਾ ਦਾ ਵਿਸ਼ਾ ਸੀ, ਅਸੀਂ ਇਨ੍ਹਾਂ ਦੀ ਕੈਦ 'ਚੋਂ ਫਰਾਰ ਹੋ ਸਕਦੀਆਂ ਹਾਂ? ਫਿਰ ਮੈਨੂੰ ਕੁਝ ਯਾਦ ਆਇਆ ਤਾਂ ਮੈਂ ਜ਼ਾਹਰਾ ਨੂੰ ਪੁੱਛਿਆ, "ਨਫੀਸਾ ਕਿਥੇ ਐ?"

"ਉਹ ਵੀ ਉਸ ਰਾਤ ਵਿਕ ਗਈ ਸੀ। ਪਿਛੋਂ ਕੋਈ ਖਬਰ ਨੀਂ ਐ।"

ਬਾਹਰੋਂ ਗਾਰਡ ਦੀ ਆਵਾਜ਼ ਆਈ। ਕਹਿੰਦਾ, ਹਾਜੀ ਸਲਮਾਨ ਦੇ ਹੁਕਮ ਮੁਤਾਬਕ, ਮੈਂ ਪੰਜ ਮਿੰਟ ਵਿਚ ਕਾਰ 'ਚ ਪਹੁੰਚ ਜਾਵਾਂ। ਮੈਂ ਜ਼ਾਹਰਾ ਅਤੇ ਜ਼ੀਨਤ ਨੂੰ ਘੁੱਟ ਕੇ ਜੱਫੀ ਪਾਈ ਤੇ ਛੇਤੀ ਦੇਣੇ ਪੌੜੀਆਂ ਉਤਰ ਕਾਰ 'ਚ ਆ ਬੈਠੀ। ਸਾਰੇ ਰਾਹ ਹਾਜੀ ਸਲਮਾਨ ਨੇ ਕੋਈ ਗੱਲ ਨਾ ਕੀਤੀ। ਮੈਂ ਮੇਰੀਆਂ ਭੈਣਾਂ ਨਾਲ ਜੋ ਵੀ ਥੋੜ੍ਹੀਆਂ ਬਹੁਤੀਆਂ ਗੱਲਾਂ ਹੋਈਆਂ, ਉਨ੍ਹਾਂ ਬਾਰੇ ਸੋਚਦੀ ਆਈ। ਅਚਾਨਕ ਮੇਰਾ ਮਨ, ਪਿੰਡ ਅਤੇ ਪਰਿਵਾਰ ਵਲ ਚਲਾ ਗਿਆ। ਹੈਰਾਨੀ ਹੋਈ ਕਿ ਅਸੀਂ ਤਿੰਨਾਂ ਭੈਣਾਂ ਨੇ ਪਰਿਵਾਰ ਬਾਰੇ ਕੋਈ ਗੱਲ ਹੀ ਨਾ ਕੀਤੀ।

ਘਰ ਪਹੁੰਚ ਕੇ ਹਾਜੀ ਸਲਮਾਨ ਨੇ ਬਾਹਰੋਂ ਖਾਣਾ ਮੰਗਵਾਇਆ। ਕੁਝ ਦੇਰ ਕੰਪਿਊਟਰ 'ਤੇ ਕੋਈ ਕੰਮ ਕਰਦਾ ਰਿਹਾ। ਫਿਰ ਮੈਨੂੰ ਬੈਡਰੂਮ 'ਚ ਜਾਣ ਦਾ ਕਹਿ ਕੇ ਆਪ ਬੱਤੀਆਂ ਬੁਝਾਉਣ ਲੱਗਾ। ਮੈਨੂੰ ਜਾਪਿਆ, ਜਿਵੇਂ ਮੈਂ ਕੋਈ ਮਾਸੂਮ ਘੁੱਗੀ ਹੋਵਾਂ ਤੇ ਮੇਰੇ ਉਪਰ ਮਾਸਖੋਰਾ ਜਾਨਵਰ ਝਪਟਣ ਦੀ ਤਿਆਰੀ ਕਰ ਰਿਹਾ ਹੋਵੇ। ਰਾਤ ਭਰ ਇਕੱਲਾ ਕਮਰੇ 'ਚ ਹੀ ਹਨੇਰਾ ਨਹੀਂ ਸੀ, ਮੇਰੇ ਮਨ ਅੰਦਰ ਵੀ ਹਨੇਰਾ ਸੀ। ਉਹ ਸਾਰੀ ਰਾਤ ਮੈਨੂੰ ਨੋਚਦਾ ਰਿਹਾ ਤੇ ਮੇਰੀਆਂ ਅੱਖਾਂ ਭਰ ਭਰ ਡੁੱਲ੍ਹਦੀਆਂ ਰਹੀਆਂ। ਸਵੇਰ ਵੇਲੇ ਉਹ ਬੋਲਿਆ, "ਕਮਾਲ ਐ ਆਸਮਾ, ਤੈਨੂੰ ਇੰਨਾ ਵਧੀਆ ਘਰ ਤੇ ਇੰਨਾ ਚੰਗਾ ਇਨਸਾਨ ਮਿਲਿਆ, ਤੂੰ ਫਿਰ ਵੀ ਰੋਂਦਿਆਂ ਕੁਰਲਾਉਂਦਿਆਂ ਈ ਰਾਤ ਲੰਘਾਈ?"

"ਨੀਂ ਹਾਜੀ, ਅਜਿਹੀ ਗੱਲ ਨੀਂ। ਤੂੰ ਤਾਂ ਬਹੁਤ ਚੰਗਾ ਐਂ ਪਰ ਵਿਚ ਵਿਚ ਮੈਨੂੰ ਭੈਣਾਂ ਯਾਦ ਆ ਜਾਂਦੀਆਂ ਸਨ।" ਮੈਂ ਖਹਿੜਾ ਛੁਡਾਇਆ। ਉਸ ਨੂੰ ਕੀ ਦੱਸਦੀ ਕਿ ਇਥੇ ਤਾਂ ਮੇਰਾ ਸਿਰਫ ਸਰੀਰ ਹੈ, ਮਨ ਤਾਂ ਪਿੰਡ ਦੀਆਂ ਗਲੀਆਂ 'ਚ ਘੁੰਮਦਾ ਫਿਰਦਾ ਹੈ, ਪਰਿਵਾਰ ਦੇ ਜੀਆਂ ਨੂੰ ਮਿਲਣਾ ਲੋਚਦਾ ਹੈ। ਜਿਸ ਦੇ ਭਰਾ, ਉਸ ਦੇ ਸਾਹਮਣੇ ਹੀ ਮੌਤ ਵਲ ਧੱਕ ਦਿੱਤੇ ਗਏ ਹੋਣ, ਜਿਸ ਦੀ ਬਜ਼ੁਰਗ ਮਾਂ ਪਤਾ ਨਹੀਂ ਕਿਥੇ ਤੇ ਕਿਨ੍ਹਾਂ ਹਾਲਾਤ 'ਚ ਜ਼ਿਲਤ ਭੋਗ ਰਹੀ ਹੋਵੇਗੀ, ਜਿਸ ਦੇ ਛੋਟੇ ਛੋਟੇ ਭਰਾਵਾਂ ਨੂੰ ਆਤਮਘਾਤੀ ਬੰਬ ਬਣਨ ਵਾਸਤੇ ਤਿਆਰ ਕੀਤਾ ਜਾ ਰਿਹਾ ਹੋਵੇ, ਜਿਸ ਦੀ ਛੋਟੀ ਬੱਚੜੀ ਜਿਹੀ ਭੈਣ ਨੂੰ ਰਾਕਸ਼ਾਂ ਨੇ ਗਿਰਝਾਂ ਵਾਂਗ ਨੋਚ ਸੁੱਟਿਆ ਅਤੇ ਜਿਸ ਦੀ ਰੂਹ ਨੂੰ ਤੂੰ ਲਗਾਤਾਰ ਜ਼ਿਬ੍ਹਾ ਕਰਦਾ ਹੈਂ, ਉਸ ਤੋਂ ਖੁਸ਼ ਹੋਣ ਦੀ ਉਮੀਦ ਕਿਵੇਂ ਕਰ ਸਕਦਾ ਹੈਂ?

ਨਿੱਤ ਵਾਂਗ ਹਾਜੀ ਸਲਮਾਨ ਕੰਮ 'ਤੇ ਤੁਰ ਗਿਆ। ਮੈਂ ਲੁਕਵੀਆਂ ਨਜ਼ਰਾਂ ਨਾਲ ਭੱਜਣ ਦਾ ਰਾਹ ਤਾੜਦੀ ਰਹੀ। ਮੈਂ ਅਵੇਸਲੀ ਨਹੀਂ ਸੀ। ਮੈਨੂੰ ਪਤਾ ਸੀ, ਕਿਸੇ ਪਾਸਿਉਂ ਚੋਰ ਨਜ਼ਰਾਂ ਨਾਲ ਮੇਰੀ ਨਿਗਰਾਨੀ ਕੀਤੀ ਜਾ ਰਹੀ ਹੋਵੇਗੀ। ਸਾਰਾ ਦਿਨ ਇਸੇ ਤਰ੍ਹਾਂ ਲੰਘ ਗਿਆ। ਕਦੇ ਮਨ 'ਚ ਸਕੀਮ ਆਉਂਦੀ ਕਿ ਇਸ ਤਰ੍ਹਾਂ ਭੱਜ ਸਕਦੀ ਹਾਂ, ਕਦੇ ਕਿਸੇ ਹੋਰ ਤਰ੍ਹਾਂ। ਕਦੇ ਖਿਆਲ ਆਉਂਦਾ ਕਿ ਇਥੋਂ ਬਾਹਰ ਨਿਕਲ ਕੇ ਕਿਵੇਂ ਜਾਵਾਂਗੀ? ਪਤਾ ਸੀ ਕਿ ਮੋਸਲ ਸ਼ਹਿਰ ਤੋਂ ਧੁਰ ਉਤਰ ਤੱਕ, ਭਾਵ ਕੁਰਦਸਤਾਨ ਦੀ ਹੱਦ ਤੱਕ ਜਾਣਾ ਸੌਖਾ ਕੰਮ ਨਹੀਂ ਹੋਵੇਗਾ। ਥਾਂ ਥਾਂ ਚੈਕ ਪੁਆਇੰਟ ਅਤੇ ਥਾਂ ਥਾਂ ਘੁੰਮਦੇ ਫਿਰਦੇ ਇਸਲਾਮਕ ਮਿਲੀਟੈਂਟ।

ਸ਼ਾਮ ਹੋ ਗਈ ਅਤੇ ਹਾਜੀ ਸਲਮਾਨ ਆ ਗਿਆ। ਉਸ ਨੇ ਪਹਿਲੇ ਦਿਨ ਵਾਂਗ ਹੀ ਤਿਆਰ ਹੋਣ ਨੂੰ ਕਿਹਾ। ਮੈਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਅੱਜ ਕੀ ਹੋਵੇਗਾ। ਖੈਰ! ਮੈਂ ਤਿਆਰ ਹੋ ਗਈ। ਉਸ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕੀਤੀ। ਮੈਨੂੰ ਵੇਖ ਕੇ ਉਹ ਖੁਸ਼ ਸੀ। ਫਿਰ ਉਸ ਨੇ ਆਪਣੇ ਨਾਲ ਨਮਾਜ਼ ਪੜ੍ਹਨ ਨੂੰ ਕਿਹਾ। ਪਿਛਲੇ ਦਿਨ ਵਾਂਗ ਮੈਂ ਸਾਥ ਦਿੱਤਾ। ਫਿਰ ਕਮਰੇ 'ਚ ਚਲੀ ਗਈ। ਅੱਧੇ ਕੁ ਘੰਟੇ ਪਿਛੋਂ ਜ਼ਾਕਿਰ ਸੁਨੇਹਾ ਲੈ ਕੇ ਆਇਆ ਕਿ ਕੁਝ ਦੇਰ ਬਾਅਦ ਕੋਈ ਮਿਲਣ ਵਾਲੇ ਆ ਰਹੇ ਹਨ, ਮੈਂ ਤਿਆਰ ਰਹਾਂ। ਮੈਂ ਤਾਂ ਤਿਆਰ ਹੀ ਸੀ। ਇੰਨੇ ਨੂੰ ਮਹਿਮਾਨਾਂ ਦੇ ਆਉਣ ਦੀ ਬਿੜਕ ਸੁਣੀ। ਡਰਾਇੰਗ ਰੂਮ 'ਚੋਂ ਗੱਲਾਂ ਕਰਨ ਦੀਆਂ ਆਵਾਜ਼ਾਂ ਆਉਣ ਲੱਗੀਆਂ। ਮੈਨੂੰ ਜ਼ਾਕਿਰ ਸੁਨੇਹਾ ਦੇ ਗਿਆ ਕਿ ਮੈਂ ਮਹਿਮਾਨਾਂ ਕੋਲ ਪਹੁੰਚਾਂ। ਅੰਦਰੋਂ ਨਿਕਲ ਕੇ ਮੈਂ ਜਿਉਂ ਹੀ ਡਰਾਇੰਗ ਰੂਮ ਦੇ ਸਾਹਮਣੇ ਹੋਈ ਤਾਂ ਮੈਨੂੰ ਲੱਗਾ ਜਿਵੇਂ ਮੇਰੇ ਸੜਦੇ ਕਾਲਜੇ 'ਤੇ ਕਿਸੇ ਨੇ ਬਰਫ ਦੀ ਡਲੀ ਰੱਖ ਦਿੱਤੀ ਹੋਵੇ। ਸਾਹਮਣੇ ਨਫੀਸਾ ਖੜ੍ਹੀ ਸੀ। ਮੈਂ ਭੱਜ ਕੇ ਉਸ ਨੂੰ ਚੰਬੜ ਗਈ। ਉਸ ਨੂੰ ਮਿਲਣ ਪਿਛੋਂ ਜਿਉਂ ਹੀ ਮੈਂ ਉਸ ਦੇ ਪਿਛਲੇ ਪਾਸੇ ਨਜ਼ਰ ਮਾਰੀ, ਲੱਗਾ ਜਿਵੇਂ ਕਿਸੇ ਨੇ ਕਾਲਜੇ 'ਤੇ ਮੱਚਦੀ ਅੱਗ ਦਾ ਕੋਲਾ ਰੱਖ ਦਿੱਤਾ ਹੋਵੇ।

ਸਾਹਮਣੇ ਹਾਜੀ ਮੁਰਤਜ਼ਾ ਬੈਠਾ ਸੀ। ਹਾਜੀ ਮੁਰਤਜ਼ਾ, ਸਾਡੇ ਪਿੰਡ 'ਚ ਕੋਹਰਾਮ ਮਚਾਉਣ ਅਤੇ ਕਤਲੇਆਮ ਕਰਨ ਵਾਲਾ ਕਮਾਂਡਰ; ਉਹੀ ਜਿਸ ਨੇ ਮੇਰੇ ਡੌਲੇ 'ਤੇ ਮੱਚਦੀ ਸਿਗਰਟ ਲਾਈ ਸੀ। ਉਸ ਵਲ ਵੇਖਦਿਆਂ ਅੰਦਰ ਨਫਰਤ ਦਾ ਭਾਂਬੜ ਬਲ ਉਠਿਆ ਤੇ ਅਣਖ ਨੇ ਮੈਨੂੰ ਵੰਗਾਰਿਆ। ਫਿਰ ਖਿਆਲ ਆਇਆ ਕਿ ਮਨਾਂ! ਗੁਲਾਮਾਂ ਦੀ ਵੀ ਕੋਈ ਅਣਖ ਹੁੰਦੀ ਹੈ!

ਹਾਜੀ ਸਲਮਾਨ ਨੂੰ ਤਾਂ ਪਤਾ ਹੀ ਸੀ ਕਿ ਸਾਨੂੰ ਲਿਆਉਣ ਵਾਲਾ ਕਮਾਂਡਰ ਮੁਰਤਜ਼ਾ ਹੀ ਹੈ। ਇਸ ਕਰਕੇ ਬਗੈਰ ਕਿਸੇ ਹੈਰਾਨੀ ਦੇ ਉਹ ਸਹਿਜ ਭਾਅ ਬੈਠਾ ਰਿਹਾ। ਫਿਰ ਦੋਵੇਂ ਗੱਲਾਂ ਕਰਨ ਲੱਗੇ ਤੇ ਮੈਂ ਨਫੀਸਾ ਨੂੰ ਲੈ ਕੇ ਰਸੋਈ ਵਲ ਆ ਗਈ। ਕੁਝ ਕੁ ਗੱਲਾਂ ਸਾਡੇ ਨਾਲ ਆਈਆਂ ਸਾਡੇ ਹੀ ਪਿੰਡ ਦੀਆਂ ਕੁੜੀਆਂ ਬਾਰੇ ਹੋਈਆਂ। ਜ਼ਾਹਰਾ ਅਤੇ ਜ਼ੀਨਤ ਦਾ ਹਾਲ ਚਾਲ ਪੁੱਛਦਿਆਂ ਨਫੀਸਾ ਬੋਲੀ, "ਦੁਸ਼ਟਾਂ ਦੀ ਕੈਦ 'ਚੋਂ ਭੱਜਣ ਦਾ ਕੀ ਵਿਚਾਰ ਐ?"

"ਵਾਹ ਚੱਲੇ ਤਾਂ ਹੁਣੇ ਈ ਫਰਾਰ ਹੋ ਜਾਵਾਂ।"

"ਮੇਰਾ ਵੀ ਤੇਰੇ ਵਰਗਾ ਈ ਹਾਲ ਐ। ਹਾਜੀ ਮੁਰਤਜ਼ਾ ਵੱਡਾ ਕਮਾਂਡਰ ਐ। ਸਾਰਾ ਦਿਨ ਘਰ ਵਿਚ ਮਿਲੀਟੈਂਟਾਂ ਦਾ ਜਮਘਟਾ ਲੱਗਾ ਰਹਿੰਦਾ, ਭੱਜਾਂ ਤਾਂ ਕਿਵੇਂ ਭੱਜਾਂ।"

"ਨਫੀਸਾ, ਮੇਰੀ ਵੀ ਇਹੀ ਮੁਸ਼ਕਿਲ ਐ। ਹਾਜੀ ਸਲਮਾਨ ਜੱਜ ਐ, ਗਾਰਡਾਂ ਦਾ ਸਖਤ ਪਹਿਰਾ। ਡਰ ਰਹਿੰਦਾ ਕਿ ਕੋਈ ਨਾ ਕੋਈ ਵੇਖ ਰਿਹਾ ਹੋਵੇਗਾ।"

"ਤੇਰੀ ਗੱਲ ਸੁਣ ਕੇ ਮੈਨੂੰ ਵੀ ਹੌਸਲਾ ਮਿਲ ਗਿਆ।"

ਉਦੋਂ ਹੀ ਉਧਰੋਂ ਹਾਜੀ ਸਲਮਾਨ ਦੀ ਕੁਰੱਖਤ ਆਵਾਜ਼ ਆਈ, ਸਾਡੀ ਆਵਾਜ਼ ਇਕਦਮ ਬੰਦ ਹੋ ਗਈ। ਉਸ ਨੇ ਕਿਹਾ ਸੀ ਕਿ ਅਸੀਂ ਅਰਬੀ ਵਿਚ ਗੱਲਾਂ ਕਰੀਏ। ਸਾਡੇ ਸਾਹ ਸੂਤੇ ਗਏ। ਅਸੀਂ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗੀਆਂ। ਉਹ ਆਪਣੀ ਬਹਾਦਰੀ ਦੇ ਸੋਹਲੇ ਗਾ ਰਹੇ ਸਨ। ਜਿਉਂ ਹੀ ਉਨ੍ਹਾਂ ਦੀਆਂ ਗੱਲਾਂ 'ਚ ਸਿੰਜਾਰ ਦਾ ਜ਼ਿਕਰ ਆਇਆ, ਧਿਆਨ ਉਨ੍ਹਾਂ ਵਲ ਕਰ ਲਿਆ।

*(ਅਗਲੇ ਸਫੇ 'ਤੇ ਜਾਰੀ)*

ਹਾਜੀ ਮੁਰਤਜ਼ਾ ਕਹਿ ਰਿਹਾ ਸੀ, "ਜਦੋਂ ਸਿੰਜਾਰ ਸ਼ਹਿਰ 'ਚ ਦਾਖਲ ਹੋਏ, ਇਰਾਕੀ ਫੌਜਾਂ ਗਿੱਦੜਾਂ ਵਾਂਗ ਭੱਜ ਗਈਆਂ। ਪਿਛੋਂ ਮਨ ਆਈਆਂ ਕੀਤੀਆਂ। ਕਾਫਰ ਜਾਜ਼ੀਦੀ ਲੋਕਾਂ ਨੂੰ ਖੂਬ ਸਬਕ ਸਿਖਾਇਆ। ਫਿਰ ਅਗਾਂਹ ਪਿੰਡਾਂ ਵਲ ਨਿਕਲ ਗਏ।"

ਫਿਰ ਹਾਜੀ ਸਲਮਾਨ ਦੀ ਆਵਾਜ਼ ਆਈ, "ਸਿੰਜਾਰ ਤੱਕ ਤਾਂ ਮੈਂ ਆਪਣੇ ਲੜਾਕਿਆਂ ਦੇ ਨਾਲ ਸੀ। ਮੈਂ ਵੀ ਗਿਣ-ਗਿਣ ਕੇ ਜਾਜ਼ੀਦੀ ਕਾਫਰ ਮਾਰੇ। ਫਿਰ ਸਰਕਾਰੀ ਕੰਮ ਕਾਰਨ ਮੈਨੂੰ ਮੋਸਲ ਮੁੜਨਾ ਪਿਆ।"

"ਅਸੀਂ ਤਾਂ ਪਿੰਡਾਂ ਦੇ ਲੋਕਾਂ ਨੂੰ ਬੜਾ ਸਬਕ ਸਿਖਾਇਆ। ਉਂਜ, ਮੈਂ ਵੇਖਿਆ, ਇਨ੍ਹਾਂ ਕੋਲ ਤਾਂ ਪੈਸੇ ਹੀ ਬੜੇ ਨੇ। ਸਾਡੇ ਕਈ ਕਮਾਂਡਰ ਤਾਂ ਕਰੋੜਪਤੀ ਬਣ ਗਏ ਪਰ ਇਕ ਗੱਲ ਦੀ ਸਮਝ ਨ੍ਹੀਂ ਆਈ।"

"ਕੀ?"

"ਇਹ ਜਾਜ਼ੀਦੀ ਆਪਣੇ ਮਜ਼ਹਬ ਦੇ ਬੜੇ ਪੱਕੇ ਨੇ।"

"ਬੇਵਕੂਫ ਨੇ ਪਰ ਹਾਜੀ ਮੁਰਤਜ਼ਾ, ਤੁਸੀਂ ਅਗਾਂਹ ਪਿੰਡਾਂ ਵਲ ਕਿਥੇ ਤਕ ਗਏ?"

"ਸਾਡਾ ਆਖਰੀ ਪਿੰਡ ਲਗਾਸ਼ ਸੀ।"

ਉਸ ਦੇ ਮੂੰਹੋਂ ਆਪਣੇ ਪਿੰਡ ਦਾ ਨਾਂ ਸੁਣਦਿਆਂ ਹੀ ਮੇਰੇ ਲੂੰ ਕੰਡੇ ਖੜ੍ਹੇ ਹੋ ਗਏ। ਉਦੋਂ ਹੀ ਆਵਾਜ਼ ਸੁਣੀ, "ਲਗਾਸ਼ ਦੇ ਲੋਕ ਇੰਨੇ ਭੋਲੇ ਤੇ ਜਾਹਲ ਵੇਖੇ ਕਿ ਪੁੱਛੋ ਕੁਛ ਨਾ। ਅਸੀਂ ਸਾਰੇ ਪਿੰਡ ਨੂੰ ਸਕੂਲ 'ਚ ਇਕੱਠੇ ਕੀਤਾ। ਬੰਦਿਆਂ ਨੂੰ ਟਰੱਕਾਂ 'ਚ ਚੜ੍ਹਾਇਆ ਤੇ ਕਿਹਾ ਕਿ ਤੁਹਾਨੂੰ ਸਿੰਜਾਰ ਪਹਾੜ 'ਤੇ ਛੱਡਣ ਚੱਲੇ ਆਂ। ਉਹ ਮੂਰਖ, ਸਿੰਜਾਰ ਪਹਾੜ 'ਤੇ ਜਾਣ ਦੇ ਚਾਅ 'ਚ ਭੱਜ-ਭੱਜ ਟਰੱਕਾਂ ਵਿਚ ਚੜ੍ਹ ਗਏ ਪਰ ਉਨ੍ਹਾਂ ਨੂੰ ਪਤਾ ਉਦੋਂ ਹੀ ਲੱਗਾ, ਜਦੋਂ ਅਸੀਂ ਟਰੱਕ ਸੜਕੋਂ ਉਤਾਰ ਕੇ ਟਿੱਬਿਆਂ ਵਲ ਤੋਰ ਲਏ।"

"ਅੱਛਾ! ਅਗਾਂਹ ਤੁਸੀਂ ਕੀ ਕੀਤਾ?" ਹਾਜੀ ਸਲਮਾਨ ਨੇ ਸਰਸਰੀ ਪੁੱਛਿਆ। ਮੇਰਾ ਅੰਦਰ ਦਾ ਸਾਹ ਅੰਦਰ ਤੇ ਬਾਹਰ ਦਾ ਬਾਹਰ ਖਲੋ ਗਿਆ। ਹਾਜੀ ਮੁਰਤਜ਼ਾ ਦੱਸਣ ਲੱਗਾ, "ਹਾਜੀ ਸਲਮਾਨ, ਅੱਗੇ ਟਿੱਬਿਆਂ ਵਲ ਵੱਡੇ-ਵੱਡੇ ਟੋਏ ਸਨ। ਅਸੀਂ ਸਾਰੇ ਬੰਦਿਆਂ ਨੂੰ ਹੁਕਮ ਦਿਤਾ ਕਿ ਚੁੱਪ-ਚਾਪ ਹੇਠਾਂ ਜਾ ਕੇ ਲੇਟ ਜਾਵੋ, ਅਸੀਂ ਤੁਹਾਨੂੰ ਇਥੇ ਹੀ ਛੱਡ ਕੇ ਤੁਰ ਜਾਵਾਂਗੇ। ਸਭ ਹੇਠਾਂ ਟੋਇਆਂ 'ਚ ਜਾ ਕੇ ਲੰਮੇ ਪੈ ਗਏ। ਫਿਰ ਮੈਂ ਇਸ਼ਾਰਾ ਕੀਤਾ ਤੇ ਮੇਰੇ ਲੜਾਕਿਆਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ।"

"ਚੰਗਾ ਕੀਤਾ, ਕਾਫਰ ਤਾਂ ਜਿੰਨੇ ਮਾਰੋ, ਓਨਾ ਈ ਸਵਾਬ।" ਇਹ ਹਾਜੀ ਸਲਮਾਨ ਦਾ ਹੁੰਗਾਰਾ ਸੀ। ਕਮਾਂਡਰ ਮੁਰਤਜ਼ਾ ਫਿਰ ਬੋਲਿਆ, "ਪਰ ਅਫਸੋਸ! ਸਭ ਨੂੰ ਨ੍ਹੀਂ ਮਾਰ ਸਕੇ। ਕੁਛ ਕੁ ਤਾਂ ਭੱਜ ਨਿਕਲੇ, ਤੇ ਕੁਛ ਲਾਸ਼ਾਂ ਹੇਠ ਦਬ ਕੇ ਵੀ ਬਚ ਰਹੇ ਹੋਣਗੇ।"

ਮੇਰਾ ਸਾਰਾ ਸਰੀਰ ਮੁੜ੍ਹਕੇ ਨਾਲ ਭਿੱਜ ਚੁਕਾ ਸੀ ਪਰ ਜਦੋਂ ਹੀ ਹਾਜੀ ਮੁਰਤਜ਼ਾ ਨੇ ਕਿਹਾ ਕਿ ਕੁਝ ਭੱਜ ਗਏ ਸਨ ਤੇ ਕੁਝ ਹੋਰਨਾਂ ਦੀਆਂ ਲਾਸ਼ਾਂ ਹੇਠ ਦਬ ਕੇ ਬਚ ਗਏ ਹੋਣਗੇ, ਤਾਂ ਮੈਨੂੰ ਸੁੱਖ ਜਿਹੇ ਦਾ ਸਾਹ ਆਇਆ। ਮਨ 'ਚ ਖਿਆਲ ਆਇਆ, ਹੋ ਸਕਦਾ ਹੈ, ਬਚ ਕੇ ਭੱਜਿਆਂ 'ਚ ਜਾਂ ਹੋਰ ਕਿਸੇ ਢੰਗ ਨਾਲ ਬਚ ਰਹਿਆਂ ਵਿਚ ਮੇਰੇ ਭਰਾ ਹੋਣ। ਮਨ ਨੂੰ ਤਸੱਲੀ ਜਿਹੀ ਹੋਈ। ਫਿਰ ਅਚਾਨਕ ਮੇਰੇ ਅੰਦਰੋਂ ਆਵਾਜ਼ ਆਈ ਕਿ ਮੇਰਾ ਕੋਈ ਭਰਾ ਜ਼ਰੂਰ ਉਸ ਕਤਲੇਆਮ 'ਚੋਂ ਬਚ ਰਿਹਾ ਹੈ। ਇਸ ਨਾਲ ਮੇਰੇ ਅੰਦਰ ਅੰਤਾਂ ਦਾ ਹੌਸਲਾ ਆ ਗਿਆ। ਮੇਰੇ ਅੰਦਰ ਇਹ ਗੱਲ ਵੀ ਘਰ ਕਰ ਗਈ ਕਿ ਮੈਨੂੰ ਕਿਸੇ ਵੀ ਹਾਲਤ ਵਿਚ ਇਥੋਂ ਫਰਾਰ ਹੋ ਜਾਣਾ ਚਾਹੀਦਾ ਹੈ ਤਾਂ ਕਿ ਵਾਪਸ ਪਰਿਵਾਰ ਦੇ ਜੀਆਂ ਨੂੰ ਜਾ ਮਿਲਾਂ। ਇੰਨੇ ਨੂੰ ਉਨ੍ਹਾਂ ਦਾ ਬੋਲ ਬੁਲਾਰਾ ਫਿਰ ਸੁਣਨ ਲੱਗਾ। ਕਮਾਂਡਰ ਮੁਰਤਜ਼ਾ ਦੱਸ ਰਿਹਾ ਸੀ ਕਿ ਪਿਛੋਂ ਔਰਤਾਂ ਅਤੇ ਮੁੰਡੇ ਕੁੜੀਆਂ ਨੂੰ ਬੱਸਾਂ 'ਚ ਭਰ ਕੇ ਮੋਸਲ ਲੈ ਆਏ। ਜਵਾਨ ਕੁੜੀਆਂ ਸ਼ਹਿਰ ਦੇ ਸੈਂਟਰ 'ਚ ਲਿਆਂਦੀਆਂ। ਹਾਜੀ ਸਲਮਾਨ ਨੇ ਦੂਜੀਆਂ ਬੱਸਾਂ ਬਾਰੇ ਪੁੱਛਿਆ ਤਾਂ ਕਮਾਂਡਰ ਮੁਰਤਜ਼ਾ ਦੱਸਣ ਲੱਗਾ, "ਲਵੀ ਉਮਰ ਦੇ ਮੁੰਡਿਆਂ ਨੂੰ ਅਸੀਂ ਸੀਰੀਆ ਵਲ ਤੋਰ ਦਿੱਤਾ। ਉਥੇ ਦੇ ਸਕੂਲਾਂ 'ਚ ਪਹਿਲਾਂ ਉਨ੍ਹਾਂ ਦੇ ਬਰੇਨਵਾਸ਼ ਕੀਤੇ ਜਾਣਗੇ, ਫਿਰ


ਜਾਜ਼ੀਦੀਆਂ ਦੇ ਸਮੂਹਿਕ ਕਤਲੇਆਮ ਦਾ ਦ੍ਰਿਸ਼

ਲੋੜ ਅਨੁਸਾਰ ਉਨ੍ਹਾਂ 'ਚੋਂ ਕਈਆਂ ਨੂੰ ਆਤਮਘਾਤੀ ਬੰਬਾਂ ਵਾਸਤੇ ਤਿਆਰ ਕੀਤਾ ਜਾਊਗਾ ਤੇ ਬਾਕੀਆਂ ਨੂੰ ਲੜਾਈ 'ਚ ਸ਼ਾਮਲ ਕਰਾਂਗੇ।"

"ਤੇ ਪਿਛੇ ਬਚੀਆਂ ਬੁੱਢੀਆਂ ਦਾ ਕੀ ਕੀਤਾ?" ਹਾਜੀ ਸਲਮਾਨ ਮਖੌਲ 'ਚ ਬੋਲਿਆ। ਮੇਰਾ ਸਾਹ ਥਾਏਂ ਰੁਕ ਗਿਆ। ਮਾਂ, ਸ਼ਾਮੀ ਅੰਮਾ, ਜਿਨਾਲ ਅਤੇ ਪਿੰਡ ਦੀਆਂ ਹੋਰ ਔਰਤਾਂ ਨਾਲ ਕੀ ਹੋਇਆ ਹੋਵੇਗਾ? ਕਮਾਂਡਰ ਮੁਰਤਜ਼ਾ ਦੀ ਆਵਾਜ਼ ਕੰਨੀਂ ਪਈ, "ਉਨ੍ਹਾਂ ਦਾ ਅਗਲੇ ਦਿਨ ਈ ਫਸਤਾ ਵੱਢ ਦਿੱਤਾ ਸੀ। ਸਾਰੀਆਂ ਨੂੰ ਟੋਇਆਂ 'ਚ ਸੁੱਟ ਕੇ ਉਪਰੋਂ ਗੋਲੀਆਂ ਮਾਰ ਦਿੱਤੀਆਂ। ਪਿਛੋਂ ਟੋਏ ਮਿੱਟੀ ਨਾਲ ਪੂਰ ਦਿੱਤੇ।"

"ਚੰਗਾ ਕੀਤਾ। ਇਨ੍ਹਾਂ ਕਾਫਰਾਂ ਨੂੰ ਮੁਫਤ 'ਚ ਕੌਣ ਖਵਾਈ ਪਿਆਈ ਜਾਵੇ।" ਹਾਜੀ ਸਲਮਾਨ ਨੇ ਉਤਰ ਦਿੱਤਾ। ਉਹ ਅੱਗੇ ਕੀ ਗੱਲਾਂ ਕਰਦੇ ਰਹੇ, ਕੋਈ ਪਤਾ ਨਾ ਲੱਗਾ। ਮਨ ਬਹੁਤ ਵਿਚਲਿਤ ਹੋ ਗਿਆ ਸੀ।

"ਕਿਥੇ ਗੁਆਚ ਗਈ ਐਂ ਆਸਮਾ।" ਨਫੀਸਾ ਨੇ ਗੁੰਮ-ਸੁੰਮ ਬੈਠੀ ਨੂੰ ਝੰਜੋੜਿਆ। ਉਹ ਪੁੱਛ ਰਹੀ ਸੀ, "ਤੈਨੂੰ ਪਹਿਲਾਂ ਨ੍ਹੀਂ ਪਤਾ ਸੀ ਕਿ ਮਾਂ ਹੋਰਾਂ ਨਾਲ ਕੀ ਹੋਇਆ? ਮੈਨੂੰ ਤਾਂ ਇਸ ਦੈਂਤ ਨੇ ਸ਼ੁਰੂ 'ਚ ਈ ਦੱਸ ਦਿੱਤਾ ਸੀ।"

"ਨ੍ਹੀਂ ਮੈਨੂੰ ਨ੍ਹੀਂ ਪਤਾ ਸੀ।"

ਮੈਂ ਸੁਬਕਣ ਲੱਗੀ ਤਾਂ ਨਫੀਸਾ ਮੈਨੂੰ ਆਪਣੇ ਨਾਲ ਘੁੱਟ ਕੇ ਦਿਲਾਸਾ ਦੇਣ ਲੱਗ ਪਈ। ਉਦੋਂ ਹੀ ਡਰਾਇੰਗ ਰੂਮ ਵਲੋਂ ਨਫੀਸਾ ਨੂੰ ਤੁਰ ਪੈਣ ਦੀ ਹਦਾਇਤ ਆ ਗਈ। ਅਸੀਂ ਬਗਲਗੀਰ ਹੋਈਆਂ ਤੇ ਨਫੀਸਾ ਭਰੀਆਂ ਅੱਖਾਂ ਨਾਲ ਡਰਾਇੰਗ ਰੂਮ 'ਚ ਬੈਠੇ ਹਾਜੀ ਮੁਰਤਜ਼ਾ ਵਲ ਚਲੀ ਗਈ। ਥੋੜ੍ਹੀ ਦੇਰ ਬਾਅਦ ਉਹ ਦੋਵੇਂ ਜਾ ਚੁਕੇ ਸਨ।

ਅਗਲੇ ਦਿਨ ਰੋਜ਼ ਵਾਂਗ ਹਾਜੀ ਸਲਮਾਨ ਸ਼ਾਮ ਨੂੰ ਆਉਣ ਦਾ ਕਹਿ ਕੇ ਤੁਰ ਗਿਆ। ਉਸ ਦੇ ਜਾਂਦਿਆਂ ਹੀ ਮੈਂ ਘਰ ਦੀ ਸਫਾਈ ਦੇ ਬਹਾਨੇ ਇਧਰ ਉਧਰ ਘੁੰਮਣ ਲੱਗੀ। ਮੁੱਖ ਨਿਸ਼ਾਨਾ ਇਹ ਵੇਖਣਾ ਸੀ ਕਿ ਕਿਹੜੇ ਪਾਸਿਓਂ ਨਿਕਲ ਸਕਦੀ ਹਾਂ। ਸ਼ਾਮ ਵੇਲੇ ਘਰ 'ਚ ਕੋਈ ਨਾ ਕੋਈ ਮਹਿਮਾਨ ਆਇਆ ਰਹਿੰਦਾ ਹੈ, ਇਸ ਲਈ ਸ਼ਾਮ ਦਾ ਵੇਲਾ ਹੀ ਸਹੀ ਰਹਿਣਾ ਸੀ। ਫਿਰ ਹਨੇਰੇ ਨੇ ਵੀ ਸਹਾਈ ਹੋਣਾ ਸੀ। ਵਿਉਂਤਾਂ ਬਣਾਉਂਦੀ ਸਾਰਾ ਦਿਨ ਕਦੇ ਉਪਰਲੀ ਮੰਜ਼ਲ ਉਪਰ, ਕਦੇ ਹੇਠਾਂ ਅਤੇ ਕਦੇ ਕਿਚਨ ਵਲ ਗੇੜੇ ਕੱਢਦੀ ਰਹੀ। ਰਸੋਈ 'ਚੋਂ ਨਿਕਲਣਾ ਸਭ ਤੋਂ ਘੱਟ ਖਤਰੇ ਵਾਲਾ ਜਾਪਿਆ। ਰਸੋਈ ਦੂਸਰੀ ਮੰਜ਼ਲ ਦੇ ਖੂੰਜੇ 'ਚ ਸੀ। ਪਿਛਲੀ ਤਾਕੀ ਖੋਲ੍ਹ ਕੇ ਹੇਠਾਂ ਨਜ਼ਰ ਮਾਰਦਿਆਂ ਜਾਇਜ਼ਾ ਲੈ ਲਿਆ ਸੀ। ਇਹ ਘਰ ਦਾ ਪਿਛਲਾ ਪਾਸਾ ਸੀ। ਰਸੋਈ ਦੀ ਤਾਕੀ ਤੋਂ ਹੇਠਲੀ ਕੰਧ ਤੱਕ ਹਰ ਦੂਸਰੇ ਰਦੇ 'ਚੋਂ ਇਕ ਇਕ ਇਟ ਬਾਹਰ ਨਿਕਲੀ ਹੋਈ ਸੀ ਜਿਸ ਨੇ ਪੌੜੀ ਦਾ ਕੰਮ ਕਰਨਾ ਸੀ। ਇਉਂ ਹੇਠਲੀ ਕੰਧ ਤੱਕ ਪਹੁੰਚ ਜਾਣਾ ਸੀ ਅਤੇ ਛਾਲ ਮਾਰ ਦੇਣੀ ਸੀ। ਫਿਰ ਚਾਰਦੀਵਾਰੀ ਦੇ ਉਪਰ ਦੀ ਘਿਸਰ ਕੇ ਦੂਸਰੇ ਪਾਸੇ ਲੰਘ ਜਾਣਾ ਸੀ। ਇਕ ਵਾਰ ਦੂਸਰੇ ਪਾਸੇ ਨਿਕਲ ਗਈ ਤਾਂ ਕੰਮ ਮੁਕੰਮਲ ਸੀ। ਉਧਰ ਨਾਲ ਹੀ ਸੜਕ ਸੀ ਅਤੇ ਉਧਰ ਜਾਂਦਿਆਂ ਹੀ ਲੋਕਾਂ ਦੇ ਇਕੱਠ 'ਚ ਗੁਆਚ ਜਾਣਾ ਸੀ। ਆਪਣਾ ਅਤਿ ਜ਼ਰੂਰੀ ਸਾਮਾਨ ਸੰਭਾਲਿਆ। ਦੋ ਕੁ ਜੋੜੀ ਕੱਪੜੇ, ਦੋ ਬੁਰਕੇ ਅਤੇ ਕੁਝ ਕੁ ਹੋਰ ਜ਼ਰੂਰੀ ਵਸਤਾਂ ਤਣੀ ਵਾਲੇ ਬੈਗ 'ਚ ਪਾ ਕੇ ਆਪਣੇ ਸਾਮਾਨ 'ਚ ਲਕੋ ਦਿੱਤਾ।

ਸ਼ਾਮ ਨੂੰ ਹਾਜੀ ਸਲਮਾਨ ਵਕਤ ਸਿਰ ਆ ਗਿਆ, ਆਉਂਦਿਆਂ ਹੀ ਹੁਕਮ ਚਾੜ੍ਹਿਆ, "ਆਸਮਾ, ਅੱਜ ਬਹੁਤ ਸਾਰੇ ਮਹਿਮਾਨ ਆ ਰਹੇ ਨੇ। ਮੈਂ ਚਾਹੁੰਦਾਂ ਕਿ ਤੂੰ ਪੂਰੀ ਤਰ੍ਹਾਂ ਸਜ-ਸੰਵਰ ਜਾਵੇਂ। ਸਾਰੇ ਮਰਦ ਹੋਣਗੇ। ਤੈਨੂੰ ਉਨ੍ਹਾਂ ਦੇ ਸਾਹਮਣੇ ਸ਼ਾਇਦ ਨਾ ਈ ਜਾਣਾ ਪਵੇ ਪਰ ਤਿਆਰ ਰਹੀਂ।"

"ਠੀਕ ਐ ਹਾਜੀ।" ਮੈਨੂੰ ਜਾਪਿਆ, ਅੱਜ ਤਾਂ ਰੱਬ ਵੀ ਮੇਰੀ ਮਦਦ ਕਰ ਰਿਹਾ ਹੈ।

ਹਾਜੀ ਸਲਮਾਨ ਕਮਰੇ 'ਚੋਂ ਬਾਹਰ ਨਿਕਲਿਆ ਤਾਂ ਮੈਂ ਸੁੱਖ ਦਾ ਸਾਹ ਲਿਆ। ਪਹਿਲਾਂ ਤਾਂ ਅੰਦਰੋਂ ਡਰ ਮਹਿਸੂਸ ਹੋਇਆ ਕਿ ਕਿਸੇ ਗਾਰਡ ਨੇ ਮੇਰੀਆਂ ਹਰਕਤਾਂ ਸ਼ੱਕੀ ਸਮਝਦਿਆਂ ਇਸ ਸਾਹਮਣੇ ਬਿਆਨ ਤਾਂ ਨਹੀਂ ਕਰ ਦਿੱਤੀਆਂ। ਅਗਲੇ ਪਲ ਇਹ ਖਿਆਲ ਤਿਆਗ ਦਿੱਤਾ। ਸੋਚਿਆ, ਇਹ ਪਹਿਲਾਂ ਵੀ ਅਜਿਹੀਆਂ ਜਨੂੰਨੀ ਗੱਲਾਂ ਕਰਦਾ ਰਹਿੰਦਾ ਹੈ।

ਇੰਨੇ ਨੂੰ ਘਰ ਅੰਦਰ ਸ਼ੋਰ ਜਿਹਾ ਮੱਚ ਗਿਆ। ਕਿੰਨੇ ਹੀ ਲੰਬੀਆਂ ਦਾਹੜੀਆਂ ਵਾਲੇ ਮਹਿਮਾਨ ਆ ਚੁਕੇ ਸਨ। ਉਹ ਸਭ ਇਸਲਾਮਕ ਸਟੇਟ ਕਮਾਂਡਰ ਜਾਂ ਹੇਠਲੇ ਦਰਜੇ ਦੇ ਅਫਸਰ ਜਾਪਦੇ ਸਨ। ਇੰਨੇ ਨੂੰ ਜ਼ਾਕਿਰ ਅੰਦਰ ਆ ਕੇ ਚਾਹ ਬਣਾਉਣ ਲੱਗਾ। ਜਦੋਂ ਚਾਹ ਉਸ ਨੇ ਟਰੇਆਂ ਵਿਚ ਰੱਖ ਲਈ ਤਾਂ ਮੈਂ ਅਗਾਂਹ ਹੁੰਦਿਆਂ ਕਿਹਾ, "ਲਿਆ ਟਰੇਆਂ ਮੈਂ ਚੁੱਕ ਕੇ ਲੈ ਚੱਲਦੀ ਆਂ।"

ਜ਼ਾਕਿਰ ਨੇ ਮੈਨੂੰ ਉਥੇ ਹੀ ਰੋਕ ਦਿਤਾ, "ਨ੍ਹੀਂ, ਹਾਜੀ ਸਲਮਾਨ ਦਾ ਹੁਕਮ ਐ, ਆਸਮਾ ਉਦੋਂ ਤੱਕ ਕਮਰੇ 'ਚੋਂ ਹੇਠਾਂ ਨਾ ਆਵੇ ਜਦੋਂ ਤੱਕ ਮਹਿਮਾਨ ਘਰ ਨੇ।" ਉਹ ਚਾਹ ਚੁੱਕ ਕੇ ਲੈ ਗਿਆ, ਦੂਸਰੇ ਗੇੜੇ ਬਾਕੀ ਸਾਮਾਨ ਲੈ ਗਿਆ ਤੇ ਆਪ ਵੀ ਹੇਠਾਂ ਹੀ ਜਾ ਬੈਠਾ। ਮੈਂ ਇਹ ਵੀ ਸ਼ੁਭ ਸ਼ਗਨ ਸਮਝਿਆ ਕਿ ਜਦੋਂ ਤੱਕ ਮਹਿਮਾਨ ਘਰ ਹਨ, ਮੈਨੂੰ ਉਪਰ ਰਹਿਣ ਨੂੰ ਕਿਹਾ ਗਿਆ ਹੈ; ਭਾਵ ਕਰੀਬ ਘੰਟਾ ਕੋਈ ਮੇਰੇ ਵਲ ਧਿਆਨ ਨਹੀਂ ਦੇਵੇਗਾ। ਫਿਰ ਸ਼ੀਸ਼ਾਂ ਥਾਣੀਂ ਵੇਖਿਆ, ਹਾਜੀ ਸਲਮਾਨ ਦੇ ਗਾਰਡ ਵੀ ਮਹਿਮਾਨਾਂ ਵਿਚਾਲੇ ਬੈਠੇ ਗੱਪ-ਸ਼ੱਪ ਕਰ ਰਹੇ ਸਨ। ਸੋਚਿਆ, ਹੁਣ ਮੈਦਾਨ ਖਾਲੀ ਹੈ। ਝੱਟ ਕਮਰੇ 'ਚ ਗਈ, ਤਿਆਰ ਕਰਕੇ ਰੱਖਿਆ ਬੈਗ ਚੁੱਕਿਆ। ਪੈਰਾਂ 'ਚ ਪਹਿਲਾਂ ਹੀ ਫਲੀਟ ਪਹਿਨ ਲਏ ਸਨ। ਰੱਬ ਨੂੰ ਯਾਦ ਕਰਦਿਆਂ ਰਸੋਈ ਦੀ ਪਿਛਲੀ ਤਾਕੀ ਖੋਲ੍ਹ ਲਈ। ਹੇਠਾਂ ਨਿਗ੍ਹਾ ਮਾਰੀ। ਦੂਰ ਦੂਰ ਤੱਕ ਹਨੇਰਾ ਸੀ। ਹੌਲੀ ਦੇਣੇ ਤਾਕੀ 'ਚੋਂ ਇਕ ਲੱਤ ਬਾਹਰ ਕੱਢੀ ਤੇ ਪੈਰ ਵਧੀ ਹੋਈ ਇਟ ਉਤੇ ਟਿਕਾਅ ਲਿਆ। ਇਸ ਤੋਂ ਪਹਿਲਾਂ ਕਿ ਰਸੋਈ 'ਚੋਂ ਪੂਰਾ ਸਰੀਰ ਬਾਹਰ ਕੱਢਦੀ ਤੇ ਹੇਠਾਂ ਉਤਰਨ ਲਗਦੀ, ਸ਼ੂੰ ਕਰਦੀ ਗੋਲੀ ਸਿਰ ਕੋਲੋਂ ਲੰਘ ਗਈ। ਮੇਰੇ ਹੱਥ ਛੁੱਟਣੋਂ ਮਸਾਂ ਹੀ ਬਚੇ। ਉਦੋਂ ਹੀ ਹੇਠੋਂ ਕੁਰੱਖਤ ਆਵਾਜ਼ ਆਈ, "ਜਿਵੇਂ ਬਾਹਰ ਨਿਕਲੀ ਐਂ, ਉਵੇਂ ਈ ਅੰਦਰ ਚਲੀ ਜਾਹ, ਨ੍ਹੀਂ ਤਾਂ ਦੂਸਰੀ ਗੋਲੀ ਸਿੱਧੀ ਸਿਰ ਨੂੰ ਆਊ।"

ਮੈਂ ਟੁੱਟੇ ਦਿਲ ਨਾਲ ਪੈਰ ਚੁੱਕਦੀ ਵਾਪਸ ਰਸੋਈ ਅੰਦਰ ਲੰਘ ਗਈ। ਸਮਝ ਗਈ, ਹਰ ਵਕਤ ਨਿਗਰਾਨੀ ਹੇਠ ਹਾਂ। ਹੁਣ ਸਕੀਮ ਫੇਲ੍ਹ ਹੋਣ ਦਾ ਓਨਾ ਅਫਸੋਸ ਨਹੀਂ ਸੀ, ਜਿੰਨਾ ਹਾਜੀ ਸਲਮਾਨ ਵਾਲੀ ਸਜ਼ਾ ਦਾ ਫਿਕਰ ਸੀ। ਕਾਫੀ ਦੇਰ ਰਸੋਈ ਦੇ ਫਰਸ਼ 'ਤੇ ਬੈਠੀ ਰਹੀ। ਫਿਰ ਆਪਣੇ ਕਮਰੇ 'ਚ ਜਾ ਕੇ ਬੈਗ ਪਿਛੇ ਸੁੱਟਿਆ ਤੇ ਸਿਰ ਫੜ ਕੇ ਬੈਡ 'ਤੇ ਬਹਿ ਗਈ। ਹੇਠੋਂ ਮਹਿਮਾਨਾਂ ਦੀਆਂ ਗੱਲਾਂ, ਹਾਸਾ ਤੇ ਕਹਿਕਹੇ ਉਵੇਂ ਹੀ ਸੁਣ ਰਹੇ ਸਨ। ਫਿਰ ਇਹ ਸਭ ਘਟਣ ਲੱਗਾ ਤੇ ਮਹਿਮਾਨ ਜਾਣ ਲੱਗੇ। ਜਦੋਂ ਹਰ ਪਾਸੇ ਚੁੱਪ-ਚਾਂ ਹੋ ਗਈ ਤਾਂ ਦਰਵਾਜ਼ਾ ਖੁੱਲ੍ਹਿਆ। ਹੱਥ 'ਚ ਹੰਟਰ ਫੜੀ ਹਾਜੀ ਸਲਮਾਨ ਖੜ੍ਹਾ ਸੀ। ਪਹਿਲਾਂ ਮਨ 'ਚ ਆਇਆ, ਪੈਰ ਫੜ ਲਵਾਂ; ਫਿਰ ਮਨ ਨੇ ਕਿਹਾ, ਨਹੀਂ, ਕੁਝ ਵੀ ਹੋ ਜਾਵੇ, ਅੱਜ ਇਹ ਕੰਮ ਨਹੀਂ ਕਰਨਾ। ਕੁਝ ਦੇਰ ਮੇਰੇ ਵਲ ਵੇਖਦੇ ਰਹਿਣ ਪਿਛੋਂ ਉਹ ਬੋਲਿਆ, "ਆਸਮਾ, ਮੈਂ ਕਿਹਾ ਸੀ ਨਾ, ਭੱਜਣ ਦੀ ਕੋਸ਼ਿਸ਼ ਨਾ ਕਰੀਂ...।"

ਮੈਂ ਕੁਝ ਨਾ ਬੋਲੀ। ਉਵੇਂ ਨੀਵੀਂ ਪਾਈ ਬੈਠੀ ਰਹੀ। ਆਵਾਜ਼ ਫਿਰ ਆਈ, "ਹੰਟਰ ਦੀ ਸਜ਼ਾ ਦਿੱਤੀ ਤਾਂ ਤੂੰ ਬੇਹੋਸ਼ ਵੀ ਹੋ ਸਕਦੀ ਐਂ। ਜੇ ਬੇਹੋਸ਼ ਹੋ ਗਈ ਤਾਂ ਇਸ ਤੋਂ ਪਿਛੋਂ ਦਿੱਤੀ ਜਾਣ ਵਾਲੀ ਸਜ਼ਾ ਦਾ ਤੈਨੂੰ ਪਤਾ ਈ ਨ੍ਹੀਂ ਲੱਗਣਾ। ਇਸ ਕਰਕੇ ਹੰਟਰ ਦੀ ਸਜ਼ਾ ਕੈਂਸਲ। ਚੱਲ ਇਉਂ ਕਰ, ਸਾਰੇ ਕੱਪੜੇ ਉਤਾਰ।" ਉਹਨੇ ਹੰਟਰ ਬਾਹਰ ਚਲਾ ਮਾਰਿਆ। ਮੈਂ ਅਜੇ ਵੀ ਗੋਡਿਆਂ ਦੁਆਲੇ ਬਾਹਾਂ ਦੀ ਕਰਿੰਗੜੀ ਪਾਈ ਬੈਠੀ ਸੀ। ਉਸ ਨੇ ਦਬਕਾੜਾ ਮਾਰਿਆ ਤਾਂ ਮੈਂ ਕੱਪੜੇ ਉਤਾਰ ਦਿੱਤੇ। ਉਸ ਨੇ ਜ਼ਾਕਿਰ ਨੂੰ ਆਵਾਜ਼ ਮਾਰੀ ਤੇ ਉਸ ਨੂੰ ਕਿਹਾ ਕਿ ਉਹ ਬਾਕੀ ਗਾਰਡਾਂ ਨੂੰ ਬੁਲਾ ਲਿਆਵੇ। ਪੰਜ ਸੱਤ ਮਿੰਟ ਪਿਛੋਂ ਉਹ ਮੁੜ ਆਇਆ ਤਾਂ ਹਾਜੀ ਸਲਮਾਨ ਨੇ ਕਿਹਾ, ਬੈਡ ਉਪਰ ਖੜ੍ਹੀ ਹੋ ਜਾਵਾਂ। ਫਿਰ ਉਹਨੇ ਜ਼ਾਕਿਰ ਨੂੰ ਪੁੱਛਿਆ, "ਤੁਸੀਂ ਕਿੰਨੇ ਜਣੇ ਓ?"

"ਛੇ ਜਣੇ ਆਂ।"

"ਅੰਦਰ ਆ ਜਾਉ।"

ਸਾਰੇ ਗਾਰਡ ਅੰਦਰ ਲੰਘ ਆਏ। ਉਹ ਨੀਵੀਆਂ ਪਾਈ ਖੜ੍ਹੇ ਸਨ। ਹਾਜੀ ਸਲਮਾਨ ਦੀ ਆਵਾਜ਼ ਆਈ, "ਜ਼ਾਕਿਰ, ਅੱਜ ਦੀ ਰਾਤ ਆਸਮਾ ਤੁਹਾਡੀ। ਇਸ ਨੂੰ ਪਲ ਭਰ ਲਈ ਵੀ ਵਿਹਲੀ ਨ੍ਹੀਂ ਛੱਡਣਾ।"

ਉਹ ਕਮਰੇ 'ਚੋਂ ਬਾਹਰ ਹੋ ਗਿਆ। ਗਾਰਡ ਮੈਨੂੰ ਨੋਚਣ ਲੱਗੇ। ਪਤਾ ਨ੍ਹੀਂ ਮੈਂ ਕਦੋਂ ਬੇਹੋਸ਼ ਹੋ ਗਈ। ਹੋਸ਼ ਆਈ ਤਾਂ ਸਵੇਰ ਦੇ ਦਸ ਵੱਜ ਰਹੇ ਸਨ। ਆਲੇ ਦੁਆਲੇ ਨਜ਼ਰ ਮਾਰੀ। ਮੈਂ ਬੈਡ 'ਤੇ ਸਾਂ, ਚਾਦਰ ਸਾਰੀ ਲਹੂ ਲੁਹਾਣ। ਸ਼ਾਇਦ ਮੇਰੇ ਹਿੱਲਣ-ਜੁੱਲਣ ਦੇ ਖੜਕੇ ਨਾਲ ਜ਼ਾਕਿਰ ਨੂੰ ਅੰਦਾਜ਼ਾ ਹੋ ਗਿਆ ਸੀ, ਉਹਨੇ ਦਰਵਾਜੇ ਕੋਲ ਹੋ ਕੇ ਆਵਾਜ਼ ਮਾਰੀ। "ਹੂੰ" ਦਾ ਹੁੰਗਾਰਾ ਭਰਿਆ ਤਾਂ ਉਸ ਨੇ ਕਿਹਾ, "ਤਿਆਰ ਹੋ ਜਾਹ। ਛੇਤੀ ਹੀ ਡਰਾਈਵਰ ਆ ਰਿਹੈ।"

ਥੋੜ੍ਹੀ ਦੇਰ ਪਿਛੋਂ ਜ਼ਾਕਿਰ ਨੇ ਦਰਵਾਜਾ ਖੋਲ੍ਹਿਆ, "ਆਪਣਾ ਸਾਰਾ ਸਾਮਾਨ ਚੁੱਕ ਲੈ, ਤੈਨੂੰ ਨਵੀਂ ਥਾਂ ਛੱਡਣਾ।"

"ਨਵੀਂ ਥਾਂ?"

"ਹਾਜੀ ਸਲਮਾਨ ਨੇ ਅਗਾਂਹ ਵੇਚ ਦਿੱਤੈ।"

ਮੈਂ ਜ਼ਰੂਰੀ ਸਾਮਾਨ ਲਿਆ ਤੇ ਜ਼ਾਕਿਰ ਦੇ ਮਗਰ ਤੁਰ ਪਈ। ਉਹ ਘਰ ਮੂਹਰੇ ਖੜ੍ਹੀ ਕਾਰ 'ਚ ਬਿਠਾ ਆਇਆ।

(ਚਲਦਾ)

# ਕਾਵਿ ਜਗਤ

## ਮਾਤਾ ਗੁਜਰੀ ਦੇ ਦੁਲਾਰੇ

ਕੰਧਾਂ ਨੂੰ ਵੀ ਜ਼ਾਲਮ ਬਣਾ'ਤਾ
ਉਹ ਕਿਹੋ ਜਿਹੇ ਪਾਪੀ ਬੰਦੇ ਸੀ,
ਸਰਹਿੰਦ 'ਤੇ ਦਾਗ ਲਾ ਗਏ ਨੇ
ਉਹ ਕਰਦੇ ਕਿਹੋ ਜਿਹੇ ਧੰਦੇ ਸੀ।

ਤੱਕ ਕੇ ਚਿਹਰੇ ਮਾਸੂਮ ਜਿਹੇ
ਨਾ ਜ਼ਾਲਮਾਂ ਦੇ ਹਿਰਦੇ ਕੰਬੇ ਸੀ,
ਨਵਾਬ ਦੇ ਦਰਬਾਰ ਵਿਚ ਆ ਕੇ
ਜੈਕਾਰੇ ਉਨ੍ਹਾਂ ਨੇ ਛੱਡੇ ਸੀ।

ਬਾਲ ਉਮਰ ਸੀ ਭਾਵੇਂ ਐਪਰ
ਜਿਗਰੇ ਪਹਾੜਾਂ ਤੋਂ ਵੀ ਵੱਡੇ ਸੀ,
ਉਹ ਮਾਤਾ ਗੁਜਰੀ ਦੇ ਦੁਲਾਰੇ ਯਾਰੋ
ਨਾ ਕਿਸੇ ਪੱਖੋਂ ਛੋਟੇ ਸੀ।

ਧਰਮ ਖਾਤਰ ਮਰ ਮਿਟਣ ਦੀ
ਗੁੜ੍ਹਤੀ ਮਿਲੀ ਸੀ ਵਿਰਾਸਤ 'ਚੋਂ,
ਜਿਸ ਤੋਂ ਐਂ ਲਾਲ ਡਰ ਜਾਂਦੇ
ਜ਼ਾਲਮਾਂ ਕੋਲ ਨਾ ਉਹ ਫੰਦੇ ਸੀ।

ਪਾਪੀਆਂ ਨੇ ਕਸਰ ਕੋਈ ਵੀ ਨਾ
ਛੱਡੀ ਦੀਨ ਮੰਨਾਉਣ ਖਾਤਰ,
ਕਦੇ ਉਹ ਸ਼ਾਹੀ ਲਾਲਚ ਤੇ
ਕਦੇ ਡਰਾਵਾਂ ਮੌਤ ਦਾ ਦਿੰਦੇ ਸੀ।

ਵੇਖ ਕੇ ਜ਼ਾਲਮਾਂ ਦੇ ਦਿਲ ਕੰਬਦੇ
ਤੇ ਰੋਈਆਂ ਖੂਬ ਸੀ ਇੱਟਾਂ,
ਪਰ ਲਾਲ ਗੋਬਿੰਦ ਸਿੰਘ ਜੀ ਦੇ
ਨੀਂਹਾਂ ਵਿਚ ਮੁਸਕਰਾਉਂਦੇ ਸੀ।

ਮਨ ਤੋਂ ਹੌਸਲਾ ਨਾ ਹਾਰੇ
ਸਾਥ ਛੱਡ ਗਿਆ ਭਾਵੇਂ ਤਨ ਵੀ,
ਜ਼ੁਲਮ ਦੀ ਇੰਤਹਾ ਵੇਖ ਕੇ
ਕੁਰਲਾਹਟ ਮਚਾਉਂਦੇ ਪਰਿੰਦੇ ਸੀ।

ਤੱਕ-ਤੱਕ ਚਿਹਰੇ ਮਾਸੂਮਾਂ ਦੇ
ਥੱਕਦੇ ਨਾ ਸੀ ਯਾਰੋ ਦਰਬਾਰੀ,
ਤੱਕ ਇਨ੍ਹਾਂ ਬਾਲਾਂ ਦੇ ਹੌਸਲੇ
ਦਿਲ ਜ਼ਾਲਮ ਦੇ ਵੀ ਕੰਬਦੇ ਸੀ।

*-ਮਨਦੀਪ ਗਿੱਲ ਧੜਾਕ*
*ਫੋਨ: 91-99881-11134*

---

## ਨਵਾਂ ਸਾਲ

ਕਾਹਦਾ ਨਵਾਂ ਸਾਲ ਸਾਡਾ
ਸਾਨੂੰ ਕਾਹਦੀਆਂ ਵਧਾਈਆਂ।
ਸੀਤ ਫਰਸ਼ਾਂ ਦੇ ਉਤੇ
ਅਸੀਂ ਰਾਤਾਂ ਨੇ ਲੰਘਾਈਆਂ।

ਕੋਈ ਰੇਲਵੇ ਸਟੇਸ਼ਨ
ਕੋਈ ਬਸ ਅੱਡੇ ਸੁੱਤਾ।
ਵਾਲ ਖਿਲਰੇ ਨੇ ਤੇਰੇ,
ਕਿਸੇ ਆਖਣਾ ਨਹੀਂ ਪੁੱਤਾ।
ਖੌਰੇ ਮਾਂ ਦੀਆਂ ਅਸੀਸਾਂ
ਕਿਉਂ ਨਾ ਸਾਡੇ ਹਿੱਸੇ ਆਈਆਂ...।
ਫੁੱਟਪਾਥ ਮੇਰਾ ਘਰ
ਇੱਥੇ ਮਿਲਦੇ ਕਈ ਸਰ।
ਘਰੋਂ ਚੱਲ ਕੇ ਕਈ ਆਉਂਦੇ,
ਪੰਜ-ਦਸ ਤਲੀ ਜਾਂਦੇ ਧਰ।
ਪੇਟ ਭਰਦਾ ਨਹੀਂ ਸਾਡਾ
ਦੱਸ ਕਿੱਥੋਂ ਖਰੀਦੀਏ ਰਜਾਈਆਂ...।
ਸਾਨੂੰ ਮਿਲ'ਜੇ ਜੇ ਰੋਟੀ
ਸਾਡਾ ਹੁੰਦਾ ਹੈ ਦੁਸਹਿਰਾ।
ਸਾਡੀ ਹੁੰਦੀ ਹੈ ਦੀਵਾਲੀ
ਸੁਟ ਮਿਲ ਜਾਏ ਜੇ ਮੈਲਾ।
ਰੱਬਾ ਇਹੋ ਦੁਸਹਿਰੇ-ਦੀਵਾਲੀਆਂ
ਕਿਉਂ ਸਾਡੇ ਹਿੱਸੇ ਆਈਆਂ...।
ਸੀਤ ਫਰਸ਼ਾਂ ਦੇ ਉਤੇ
ਅਸੀਂ ਰਾਤਾਂ ਨੇ ਲੰਘਾਈਆਂ।

ਧਰਤੀ 'ਤੇ ਆ ਕੇ
ਰੱਬਾ ਇਕ ਵਾਰੀ ਦੇਖ।
ਕਿੱਥੇ ਬਹਿ ਕੇ ਲਿਖੇ ਸੀ
ਤੂੰ ਸਾਡੇ ਰੱਬਾ ਲੇਖ।
ਕਾਹਤੋਂ ਬਰਫ ਜਿਹੀਆਂ ਠੰਡੀਆਂ
ਰਾਤਾਂ ਸਾਡੇ ਹਿੱਸੇ ਲਾਈਆਂ।
ਸੀਤ ਫਰਸ਼ਾਂ ਦੇ ਉਤੇ
ਅਸੀਂ ਰਾਤਾਂ ਨੇ ਲੰਘਾਈਆਂ।

*-ਬਲਜਿੰਦਰ ਸਿੰਘ ਸਿੱਧੂ*
*ਗੁਲਾਮ ਪੱਤਰਾ, ਫਿਰੋਜ਼ਪੁਰ।*
*ਫੋਨ: 91-95010-15085*

---

## ਅਬ ਕੋਈ ਗੁਲਸ਼ਨ ਨਾ ਉਜੜੇ

ਅਬ ਕੋਈ ਗੁਲਸ਼ਨ ਨਾ ਉਜੜੇ ਅਬ ਵਤਨ ਆਜ਼ਾਦ ਹੈ
ਰੂਹ ਗੰਗਾ ਕੀ ਹਿਮਾਲਯ ਕਾ ਬਦਨ ਆਜ਼ਾਦ ਹੈ।

ਖੇਤੀਯਾਂ ਸੋਨਾ ਉਗਾਏਂ, ਵਾਦੀਯਾਂ ਮੋਤੀ ਲੁਟਾਏਂ
ਆਜ ਗੌਤਮ ਕੀ ਜ਼ਮੀਂ, ਤੁਲਸੀ ਕਾ ਬਨ ਆਜ਼ਾਦ ਹੈ।

ਮੰਦਿਰੋਂ ਮੇਂ ਸ਼ੰਖ ਬਜੇਂ, ਮਸਜਿਦੋਂ ਮੇਂ ਹੋ ਅਜ਼ਾਂ
ਸ਼ੇਖ ਕਾ ਧਰਮ ਔਰ ਦੀਨ-ਏ-ਬ੍ਰਹਮਨ ਆਜ਼ਾਦ ਹੈ।

ਲੂਟ ਕੈਸੀ ਭੀ ਹੋ ਅਬ ਇਸ ਦੇਸ਼ ਮੇਂ ਰਹਨੇ ਨ ਪਾਏ
ਆਜ ਸਬਕੇ ਵਾਸਤੇ ਧਰਤੀ ਕਾ ਧਨ ਆਜ਼ਾਦ ਹੈ।

*-ਸਾਹਿਰ ਲੁਧਿਆਣਵੀ*

# ਅਜੋਕਾ ਯੁਗ ਅਤੇ ਪੰਜਾਬੀ ਵਿਰਸੇ ਦੀ ਸਾਰਥਕਤਾ

ਪੰਜਾਬੀ ਕੌਮ ਹਜ਼ਾਰਾਂ ਸਾਲ ਪੁਰਾਣੀ ਹੈ। ਪੰਜਾਬੀਆਂ ਦਾ ਵਿਰਸਾ ਹਜ਼ਾਰਾਂ ਸਾਲਾਂ ਦੇ ਸਫਰ ਵਿਚ ਬਣਿਆ, ਨਿਖਰਿਆ ਤੇ ਪੁਖਤਾ ਹੋਇਆ ਹੈ। ਕੀ ਇਹ ਵਿਰਸਾ ਪੰਜਾਬੀਆਂ ਨੂੰ ਅੱਜ ਦੇ ਹਾਲਾਤ ਨਾਲ ਨਿਪਟਣ ਵਿਚ ਸੇਧ ਦੇ ਸਕਦਾ ਹੈ? ਅਜੋਕੇ ਹਾਲਾਤ ਨੇ ਪੰਜਾਬ ਵਿਚ ਇਕ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ। ਇੰਜ ਲਗਦਾ ਹੈ ਜਿਵੇਂ ਹਰ ਚੀਜ਼ ਉਥਲ-ਪੁਥਲ ਹੋ ਰਹੀ ਹੈ। ਪਹਿਲਿਆਂ ਸਭ ਕਦਰਾਂ ਕੀਮਤਾਂ ਬਿਖਰ ਰਹੀਆਂ ਹਨ। ਹਰੇਕ ਪੁਰਾਣੇ ਰਿਸ਼ਤੇ ਅਤੇ ਕਦਰ ਨੂੰ ਢਾਹ ਲੱਗ ਰਹੀ ਹੈ। ਮਿਸਾਲ ਵਜੋਂ ਪਹਿਲਾਂ ਕਿਹਾ ਜਾਂਦਾ ਸੀ ਕਿ ਭਰਾ ਇਕ ਦੂਜੇ ਦੀਆਂ ਬਾਂਹਾਂ ਹੁੰਦੇ ਹਨ, ਪਰ ਹੁਣ ਹਾਲਾਤ ਇਹ ਹਨ ਕਿ ਅੱਜ ਭਰਾ ਭਰਾ ਨਾਲ ਗੱਲ ਕਰਨ ਨੂੰ ਤਿਆਰ ਨਹੀਂ।

**ਡਾ. ਜਸਪਾਲ ਸਿੰਘ**
**(ਯੂ. ਐਸ. ਏ.)**

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਔਲਾਦ ਵੀ ਆਪਣੇ ਮਾਂ-ਪਿਉ ਤੋਂ ਦੂਰ ਹੋ ਰਹੀ ਹੈ ਤੇ ਉਨ੍ਹਾਂ ਦੀ ਬੁਢਾਪੇ ਵਿਚ ਵੀ ਦੇਖ-ਭਾਲ ਕਰਨ ਨੂੰ ਇਕ ਬੋਝ ਸਮਝਣ ਲੱਗ ਪਈ ਹੈ। ਕਈ ਨੌਜਵਾਨ ਮੁੰਡੇ-ਕੁੜੀਆਂ ਦੇ ਇਸ ਕਰਕੇ ਕਤਲ ਵੀ ਕਰ ਦਿੱਤੇ ਜਾਂਦੇ ਹਨ ਕਿਉਂਕਿ ਉਹ ਆਪਣੀ ਮਰਜ਼ੀ ਨਾਲ ਵਿਆਹ ਕਰ ਲੈਂਦੇ ਹਨ ਜਾਂ ਕਰਨ ਦੀ ਖਾਹਸ਼ ਰੱਖਦੇ ਹਨ।

ਇਹ ਸਾਰੀ ਉਥਲ-ਪੁਥਲ ਕਿਉਂ ਹੋ ਰਹੀ ਹੈ ਅਤੇ ਇਸ ਨਾਲ ਸਿੱਝਣ ਲਈ ਸਾਡਾ ਵਿਰਸਾ ਸਾਡੀ ਕੀ ਮਦਦ ਕਰ ਸਕਦਾ ਹੈ? ਨਵੇਂ ਹਾਲਾਤ ਵਿਚ ਸਾਡਾ ਵਿਰਸਾ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਹੈ ਅਤੇ ਕਿਸ ਤਰ੍ਹਾਂ ਹੋਰ ਵਿਕਸਿਤ ਹੋ ਸਕਦਾ ਹੈ? ਅਜਿਹੇ ਕੁਝ ਸੁਆਲ ਹਰ ਖੇਤਰ ਵਿਚ ਉਠਾਏ ਜਾ ਰਹੇ ਹਨ।

ਕਈ ਭੱਦਰ ਪੁਰਸ਼ਾਂ ਦੀ ਰਾਇ ਹੈ ਕਿ ਅੱਜ ਦੇ ਹਾਲਾਤ ਨਾਲ ਨਜਿੱਠਣ ਲਈ ਪੰਜਾਬੀ ਬੋਲੀ, ਸਭਿਆਚਾਰ ਅਤੇ ਵਿਰਸਾ ਬਿਲਕੁਲ ਵਿਅਰਥ ਹਨ। ਇਸ ਲਈ ਸਾਨੂੰ ਇਹ ਸਭ ਛੱਡ ਕੇ ਅੰਗਰੇਜ਼ੀ ਦੇ ਲੜ ਲਗਣਾ ਚਾਹੀਦਾ ਹੈ ਅਤੇ ਯੂਰਪ ਤੇ ਅਮਰੀਕਾ ਦੇ ਤੌਰ-ਤਰੀਕੇ ਅਪਨਾਉਣੇ ਚਾਹੀਦੇ ਹਨ। ਉਹ ਕਹਿੰਦੇ ਹਨ, ਸਾਡੀ ਬੋਲੀ, ਸਭਿਆਚਾਰ ਅਤੇ ਵਿਰਸਾ ਸਾਡੀ ਤਰੱਕੀ ਵਿਚ ਇਕ ਅੜਿੱਕਾ ਬਣ ਗਏ ਹਨ। ਉਹ ਆਪਣੇ ਬੱਚਿਆਂ ਅਤੇ ਹੋਰਨਾਂ ਨੂੰ ਇਹ ਸਿਖਿਆ ਦਿੰਦੇ ਹਨ ਕਿ ਪੰਜਾਬੀ ਬੋਲੀ, ਸਭਿਆਚਾਰ ਅਤੇ ਵਿਰਸੇ ਨਾਲ ਕੋਈ ਸਰੋਕਾਰ ਨਹੀਂ ਰੱਖਣਾ ਚਾਹੀਦਾ ਕਿਉਂਕਿ ਇਹ ਉਨ੍ਹਾਂ ਨੂੰ ਦੁਨੀਆਂ ਦੀ ਮੰਡੀ ਵਿਚ ਪਿੱਛੇ ਰੱਖਦੇ ਹਨ। ਇਸ ਲਈ ਸੰਸਾਰੀਕਰਨ ਦੇ ਦੌਰ ਵਿਚ ਆਲਮੀ ਪੱਧਰ ਉਤੇ ਇਨ੍ਹਾਂ ਦੀ ਕੋਈ ਵੁੱਕਤ ਨਹੀਂ।

ਇਹ ਦਲੀਲ ਹਾਲਾਤ ਨਾਲ ਨਿਪਟਣ ਵਿਚ ਨਾਅਹਿਲ ਲੋਕਾਂ ਦੀ ਦਲੀਲ ਹੈ, ਕੌਮੀ ਤੇ ਸਭਿਆਚਾਰਕ ਖੁਦਕੁਸ਼ੀ ਦੀ ਦਲੀਲ ਹੈ। ਇਹ ਦਲੀਲ ਗੁਲਾਮੀ ਅਤੇ ਬੇਗੈਰਤ ਜ਼ਹਿਨੀਅਤ ਦੀ ਦਲੀਲ ਹੈ। ਪੰਜਾਬੀ ਲੋਕ ਇਹ ਆਤਮਘਾਤ ਨਹੀਂ ਕਰ ਸਕਦੇ ਕਿਉਂਕਿ ਇਸ ਦਾ ਮਤਲਬ ਆਪਣੀ ਹੋਂਦ ਅਤੇ ਪਛਾਣ ਨੂੰ ਗੁਆਉਣਾ ਹੈ। ਬਸਤੀਵਾਦੀਆਂ ਨੇ ਵੀ ਆਪਣੇ ਵੇਲੇ ਇਹੋ ਦਲੀਲ ਲੋਕਾਂ 'ਤੇ ਠੋਸਣ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਸੀ ਹੋਏ, ਕਿਉਂਕਿ ਕੌਮਾਂ ਐਵੇਂ ਆਤਮਘਾਤ ਨਹੀਂ ਕਰਦੀਆਂ। ਪੰਜਾਬੀਆਂ ਨੇ ਸਦਾ ਹੀ ਹਰ ਉਸ ਕੋਸ਼ਿਸ਼ ਦਾ ਮੂੰਹ ਤੋੜ ਜਵਾਬ ਦਿੱਤਾ ਹੈ, ਜੋ ਉਨ੍ਹਾਂ ਦੀ ਹੋਂਦ ਮੁਕਾਉਣ ਲਈ ਕੀਤੀ ਗਈ ਸੀ ਜਾਂ ਕੀਤੀ ਜਾ ਰਹੀ ਹੈ। ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਲਈ ਚੱਲ ਰਿਹਾ ਘੋਲ ਇਸ ਦੀ ਇਕ ਮਿਸਾਲ ਹੈ।

ਤੇਜ਼ੀ ਨਾਲ ਬਦਲ ਰਹੇ ਹਾਲਾਤ ਨਾਲ ਕਿਵੇਂ ਨਜਿਠਿਆ ਜਾਵੇ? ਆਪਣੇ ਵਿਰਸੇ ਤੋਂ ਸੇਧ ਲੈ ਕੇ ਅੱਜ ਦੇ ਹਾਲਾਤ ਦਾ ਨਿਰਣਾ ਕਿਸ ਤਰ੍ਹਾਂ ਕੀਤਾ ਜਾਵੇ? ਵਿਰਸਾ, ਸਭਿਆਚਾਰ ਅਤੇ ਰੂਹਾਨੀਅਤ ਕੋਈ ਐਸੀਆਂ ਚੀਜ਼ਾਂ ਨਹੀਂ ਜੋ ਪੱਥਰ 'ਤੇ ਲਕੀਰ ਹੋਣ। ਇਹ ਹਮੇਸ਼ਾ ਹਾਲਾਤ ਦਾ ਨਿਰਣਾ ਕਰਕੇ, ਉਨ੍ਹਾਂ ਦਾ ਜਾਇਜ਼ਾ ਲੈ ਕੇ ਹਾਲਾਤ ਵਿਚੋਂ ਪੈਦਾ ਹੋਏ ਮਸਲਿਆਂ ਨੂੰ ਹੱਲ ਕਰਨ ਦਾ ਰਾਹ ਹੁੰਦਾ ਹੈ। ਇਸੇ ਲਈ ਹੀ ਇਨ੍ਹਾਂ ਕਦਰਾਂ ਕੀਮਤਾਂ ਦੀ ਵੁੱਕਤ ਹੁੰਦੀ ਹੈ ਅਤੇ ਇਨ੍ਹਾਂ ਨੂੰ ਪਰਵਾਨ ਕੀਤਾ ਜਾਂਦਾ ਹੈ, ਇਨ੍ਹਾਂ 'ਤੇ ਅਮਲ ਕੀਤਾ ਜਾਂਦਾ ਹੈ। ਇਹ ਕਦਰਾਂ ਕੀਮਤਾਂ ਇਲਮ ਅਤੇ ਅਮਲ ਦਾ ਤੱਤ ਕੱਢ ਕੇ ਸਮੇਂ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਵਸੀਲਾ ਬਣ ਜਾਂਦੀਆਂ ਹਨ। ਜੋ ਕਦਰ ਕੀਮਤ ਸਮੇਂ ਦੀ ਲੋੜ ਨੂੰ ਪੂਰਾ ਨਹੀਂ ਕਰਦੀ, ਉਸ ਨੂੰ ਲੋਕ ਛੱਡ ਦਿੰਦੇ ਹਨ ਅਤੇ ਭੁੱਲ ਜਾਂਦੇ ਹਨ। ਮਿਸਾਲ ਵਜੋਂ ਕਿਹਾ ਜਾਂਦਾ ਸੀ ਕਿ ਦੁੱਧ ਅਤੇ ਪੁੱਤ ਕੋਈ ਨਹੀਂ ਵੇਚਦਾ, ਪਰ ਅੱਜ ਹਰੇਕ ਪਿੰਡ-ਸ਼ਹਿਰ ਵਿਚ ਦੁੱਧ ਵਿਕਦਾ ਹੈ ਤੇ ਦੁੱਧ ਵੇਚਣਾ ਕੋਈ ਮਾੜੀ ਗੱਲ ਨਹੀਂ ਸਮਝੀ ਜਾਂਦੀ, ਸਗੋਂ ਬਹੁਤੇ ਕਿਸਾਨ ਤਾਂ ਦੁੱਧ ਵੇਚ ਕੇ ਹੀ ਗੁਜ਼ਾਰਾ ਕਰ ਸਕਦੇ ਹਨ। ਬੇਸ਼ਕ ਉਨ੍ਹਾਂ ਨੂੰ ਆਪਣੇ ਪੀਣ ਲਈ ਦੁੱਧ ਨਹੀਂ ਵੀ ਮਿਲਦਾ ਤਾਂ ਵੀ ਮਜਬੂਰੀ ਕਰਕੇ ਵੇਚਣਾ ਪੈਂਦਾ ਹੈ। ਇਸੇ ਤਰ੍ਹਾਂ ਪਹਿਲਾਂ ਅੰਨ ਵੇਚਣ ਵਾਲੇ ਨੂੰ ਮਾੜਾ ਕਿਹਾ ਜਾਂਦਾ ਸੀ, ਪਰ ਹੁਣ ਬਿਨਾ ਫਸਲ ਵੇਚੇ ਉਸ ਦਾ ਗੁਜ਼ਾਰਾ ਹੀ ਨਹੀਂ ਬਲਕਿ ਹਾਲਾਤ ਇਥੇ ਪਹੁੰਚ ਚੁਕੇ ਹਨ ਕਿ ਫਸਲ ਵੇਚ ਕੇ ਵੀ ਉਸ ਦਾ ਗੁਜ਼ਾਰਾ ਨਹੀਂ। ਉਹ ਕਰਜ਼ੇ ਦੀ ਪੰਡ ਹੇਠ ਦਬਿਆ ਹੀ ਰਹਿੰਦਾ ਹੈ। ਕਈ ਮੁਹਤਬਰ ਤਾਂ ਇਥੋਂ ਤਕ ਵੀ ਕਹਿ ਦਿੰਦੇ ਹਨ ਕਿ ਕਰਜ਼ਾ ਤਾਂ ਇਨਸਾਨ ਦੀ ਬੁਨਿਆਦੀ ਲੋੜ ਅਤੇ ਹੱਕ ਹੈ। ਅਜਿਹੀਆਂ ਹੋਰ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਕਿ ਕਦਰਾਂ ਕੀਮਤਾਂ ਨੂੰ ਹਾਲਾਤ ਦੇ ਨਾਲ ਨਾਲ ਬਦਲਨਾ ਹੀ ਪੈਂਦਾ ਹੈ।

ਕਦੇ ਪੰਜਾਬ ਅੰਦਰ ਮੁੱਕਰ ਗਏ ਤੇ ਮਰ ਗਏ ਨੂੰ ਇਕੋ ਜਿਹਾ ਸਮਝਿਆ ਜਾਂਦਾ ਸੀ, ਪਰ ਅੱਜ ਹਾਕਮ ਟੋਲੇ ਦੀਆਂ ਸੱਭੇ ਹੀ ਪਾਰਟੀਆਂ ਚੋਣਾਂ ਦੌਰਾਨ ਲੋਕਾਂ ਦੇ ਭਲੇ ਨੂੰ ਅੱਗੇ ਰੱਖ ਕੇ ਚੱਲਣ ਦੇ ਵੱਡੇ ਵੱਡੇ ਦਾਅਵੇ ਕਰਦੀਆਂ ਹਨ ਤੇ ਚੋਣਾਂ ਬਾਅਦ ਕਿਸੇ ਵੀ ਵਾਅਦੇ 'ਤੇ ਕਾਇਮ ਨਹੀਂ ਰਹਿੰਦੀਆਂ। ਸਿਆਸਤਦਾਨ ਤੇ ਹਾਕਮ ਮੇਲ ਫੇਰ ਵੀ ਧੌਣਾਂ ਅਕੜਾ ਕੇ ਤੁਰੇ ਫਿਰਦੇ ਹਨ ਅਤੇ ਵਾਅਦਾ ਸ਼ਿਕਨੀ ਵਿਚ ਕਿਸੇ ਵੀ ਤਰ੍ਹਾਂ ਦੀ ਸ਼ਰਮ ਮਹਿਸੂਸ ਨਹੀਂ ਕਰਦੇ। ਇਹ ਬਦਲ ਰਹੀਆਂ ਕਦਰਾਂ ਕੀਮਤਾਂ ਦੀ ਨਿਸ਼ਾਨਦੇਹੀ ਹੈ। ਆਰਥਕ ਅਤੇ ਸਮਾਜਕ ਉਥਲ-ਪੁਥਲ ਕੋਈ ਅਸਮਾਨੋਂ ਡਿੰਗੀ ਹੋਈ ਬਲਾ ਨਹੀਂ ਹੈ, ਇਹ ਬੁਨਿਆਦੀ ਰਿਸ਼ਤਿਆਂ ਦੇ ਬਦਲਣ ਨਾਲ ਹੋ ਰਹੀ ਹੈ ਅਤੇ ਇਨ੍ਹਾਂ ਬੁਨਿਆਦੀ ਆਰਥਕ ਰਿਸ਼ਤਿਆਂ ਨੂੰ ਬਸਤੀਵਾਦੀ ਨਿਜ਼ਾਮ ਤੇ ਉਸ ਦੇ ਬਾਅਦ ਹਿੰਦੁਸਤਾਨ ਦੇ ਹਾਕਮ ਟੋਲੇ ਨੇ ਆਪਣੇ ਮੁਨਾਫਿਆਂ ਨੂੰ ਵਧਾਉਣ ਲਈ ਬਦਲਿਆ ਹੈ।

**ਕਦੇ ਪੰਜਾਬ ਅੰਦਰ ਮੁੱਕਰ ਗਏ ਤੇ ਮਰ ਗਏ ਨੂੰ ਇਕੋ ਜਿਹਾ ਸਮਝਿਆ ਜਾਂਦਾ ਸੀ, ਪਰ ਅੱਜ ਹਾਕਮ ਟੋਲੇ ਦੀਆਂ ਸੱਭੇ ਹੀ ਪਾਰਟੀਆਂ ਚੋਣਾਂ ਦੌਰਾਨ ਲੋਕਾਂ ਦੇ ਭਲੇ ਨੂੰ ਅੱਗੇ ਰੱਖ ਕੇ ਚੱਲਣ ਦੇ ਵੱਡੇ ਵੱਡੇ ਦਾਅਵੇ ਕਰਦੀਆਂ ਹਨ ਤੇ ਚੋਣਾਂ ਬਾਅਦ ਕਿਸੇ ਵੀ ਵਾਅਦੇ 'ਤੇ ਕਾਇਮ ਨਹੀਂ ਰਹਿੰਦੀਆਂ। ਸਿਆਸਤਦਾਨ ਤੇ ਹਾਕਮ ਮੇਲ ਫੇਰ ਵੀ ਧੌਣਾਂ ਅਕੜਾ ਕੇ ਤੁਰੇ ਫਿਰਦੇ ਹਨ ਅਤੇ ਵਾਅਦਾ ਸ਼ਿਕਨੀ ਵਿਚ ਕਿਸੇ ਵੀ ਤਰ੍ਹਾਂ ਦੀ ਸ਼ਰਮ ਮਹਿਸੂਸ ਨਹੀਂ ਕਰਦੇ। ਇਹ ਬਦਲ ਰਹੀਆਂ ਕਦਰਾਂ ਕੀਮਤਾਂ ਦੀ ਨਿਸ਼ਾਨਦੇਹੀ ਹੈ।**

ਤਬਦੀਲੀ ਕੁਦਰਤ ਦਾ ਕਾਨੂੰਨ ਹੈ। ਹਰ ਸ਼ੈਅ ਹਮੇਸ਼ਾ ਹੀ ਬਦਲਦੀ ਆਈ ਹੈ ਅਤੇ ਬਦਲਦੀ ਰਹੇਗੀ, ਪਰ ਅਹਿਮ ਚੀਜ਼ ਇਹ ਹੈ ਕਿ ਕਿਸ ਤਬਦੀਲੀ ਨਾਲ ਲੋਕਾਂ ਦਾ ਨੁਕਸਾਨ ਜਾਂ ਫਾਇਦਾ ਹੁੰਦਾ ਹੈ ਅਤੇ ਰਿਸ਼ਤਿਆਂ ਨੂੰ ਕਿਸ ਦਿਸ਼ਾ ਵਿਚ ਬਦਲਿਆ ਜਾਵੇ, ਜਿਸ ਨਾਲ ਸਭ ਦੇ ਹਿਤਾਂ ਦੀ ਰਾਖੀ ਹੋਵੇ। ਲੋਕਾਂ ਲਈ ਇਹ ਫੈਸਲੇ ਬਹੁਤ ਹੀ ਅਹਿਮ ਹਨ, ਪਰ ਇਹ ਫੈਸਲੇ ਲੋਕਾਂ ਦੇ ਹੱਥ ਵਿਚ ਨਹੀਂ। ਸਮਾਜ ਦਾ ਸਭ ਨਾਲੋਂ ਅਹਿਮ ਅਦਾਰਾ ਜੋ ਇਹ ਫੈਸਲੇ ਕਰਦਾ ਹੈ, ਉਹ ਹੈ ਰਿਆਸਤ ਜਾਂ ਰਾਜਤੰਤਰ। ਅੱਜ ਇਹ ਅਦਾਰੇ ਲੋਕਾਂ ਦੇ ਹੱਥ ਵਿਚ ਨਹੀਂ। ਮੂੰਹ ਜ਼ਬਾਨੀ ਭਾਵੇਂ ਕਿਹਾ ਜਾਂਦਾ ਹੈ ਕਿ ਰਿਆਸਤ ਅਤੇ ਸਰਕਾਰ ਸਭ ਲੋਕਾਂ ਦੇ ਭਲੇ ਲਈ ਨੇ, ਪਰ ਅਸਲ ਵਿਚ ਇਹ ਸਿਰਫ ਮੁੱਠੀ ਭਰ ਹਾਕਮ ਟੋਲੇ ਦੇ ਹੱਥਾਂ ਵਿਚ ਅਤੇ ਧਨਾਢਾਂ ਦੇ ਫਾਇਦੇ ਲਈ ਹਨ। ਹਰੇਕ ਕਾਨੂੰਨ ਅਤੇ ਅਦਾਰਾ ਹਾਕਮ ਟੋਲੇ ਦੇ ਫਾਇਦੇ ਲਈ ਹੈ ਅਤੇ ਲੋਕਾਂ ਦੇ ਜਿਸਮਾਨੀ ਤੇ ਰੂਹਾਨੀ ਹਿਤਾਂ ਨੂੰ ਰਗੜਾ ਲਾਉਂਦਾ ਆ ਰਿਹਾ ਹੈ। ਇਹ ਰਿਆਸਤ ਅਤੇ ਰਾਜਤੰਤਰ ਅੰਗਰੇਜ਼ ਬਸਤੀਵਾਦੀਆਂ ਨੇ ਹਿੰਦੁਸਤਾਨ ਅਤੇ ਪੰਜਾਬ ਦੀ ਲੁਟ ਕਰਨ ਲਈ ਬਣਾਏ ਸਨ ਅਤੇ 1947 ਦੀ ਵੰਡ ਪਿਛੋਂ ਹਾਕਮ ਟੋਲੇ ਨੇ ਵੀ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਨੂੰ ਲੁੱਟਣ ਲਈ ਇਸੇ ਢਾਂਚੇ ਨੂੰ ਬਰਕਰਾਰ ਰੱਖਿਆ। ਪਿਛਲੇ ਕੁਝ ਦਹਾਕਿਆਂ ਵਿਚ ਇਹ ਲੁੱਟ ਬਹੁਤ ਹੀ ਤੇਜ਼ ਹੋ ਗਈ ਹੈ।

ਰਿਆਸਤ ਅਤੇ ਸਰਕਾਰ ਦਾ ਹਰ ਕਾਨੂੰਨ ਲੋਕ ਭਲਾਈ ਦੀ ਥਾਂ ਲੋਕਾਂ ਦੀ ਲੁਟ ਖੋਹ ਕਰਨ ਲਈ ਹੀ ਬਣਾਇਆ ਗਿਆ ਹੋਣ ਕਰਕੇ ਇਹ ਰਿਆਸਤ ਅਤੇ ਰਾਜਤੰਤਰ ਦਰਪੇਸ਼ ਮਸਲਿਆਂ ਦੇ ਹੱਲ ਲਈ ਲੋਕ-ਵਿਰਸੇ ਅਤੇ ਸਭਿਆਚਾਰ ਤੋਂ ਕੋਈ ਸੇਧ ਲੈਣ ਵਿਚ ਦਿਲਚਸਪੀ ਨਹੀਂ ਰੱਖਦੇ, ਸਗੋਂ ਲੋਕਾਂ ਦੇ ਵਿਰਸੇ ਅਤੇ ਸਭਿਆਚਾਰ ਨੂੰ ਢਾਹ ਲਾ ਕੇ ਇਹ ਬਸਤੀਵਾਦੀ ਰਿਆਸਤ ਅਤੇ ਰਾਜਤੰਤਰ ਲੋਟੂਆਂ ਦੇ ਹਿਤਾਂ ਦੀ ਰਾਖੀ ਕਰਦਾ ਹੈ।

ਸਰਕਾਰ ਤੇ ਸਰਕਾਰੀ ਟੋਲਾ ਲੋਕਾਂ ਦੇ ਵਿਰਸੇ ਦੀ ਗੱਲ ਭਾਵੇਂ ਕਰਦੇ ਵੀ ਰਹਿਣ ਪਰ ਅਸਲੀਅਤ ਅਤੇ ਅਮਲ ਵਿਚ ਇਹ ਇਸ ਵਿਰਸੇ ਨੂੰ ਢਾਹ ਹੀ ਲਾਉਂਦੇ ਹਨ। ਮਿਸਾਲ ਵਜੋਂ ਕਾਂਗਰਸ ਪਾਰਟੀ ਅਤੇ ਇਸ ਦੇ ਲੀਡਰ ਦਾਅਵੇ ਕਰਦੇ ਰਹਿੰਦੇ ਹਨ ਕਿ ਉਹ ਹਿੰਦੁਸਤਾਨ ਦੇ ਮਹਾਨ ਵਿਰਸੇ ਦੀਆਂ ਲੀਹਾਂ 'ਤੇ ਚੱਲ ਰਹੇ ਹਨ, ਪਰ ਕਾਂਗਰਸ ਪਾਰਟੀ ਨੇ ਹਰ ਕਾਨੂੰਨ ਅਤੇ ਅਦਾਰਾ ਬਸਤੀਵਾਦੀ ਅਤੇ ਸਾਮਰਾਜ ਦੀਆਂ ਲੀਹਾਂ 'ਤੇ ਕਾਇਮ ਕੀਤਾ ਹੈ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਵੀ ਦਾਅਵਾ ਕਰਦੀ ਹੈ ਕਿ ਇਹ ਹਿੰਦੁਸਤਾਨ ਦੇ ਮਾਣਮੱਤੇ ਵਿਰਸੇ ਦੀ ਵਾਰਿਸ ਹੈ ਪਰ ਇਸ ਨੇ ਵੀ ਤਾਕਤ ਵਿਚ ਆ ਕੇ ਸਾਰੇ ਬਸਤੀਵਾਦੀ ਅਦਾਰੇ ਹੀ ਬਰਕਰਾਰ ਰੱਖੇ ਹਨ। ਇਸੇ ਤਰ੍ਹਾਂ ਅਕਾਲੀ ਪਾਰਟੀ ਅਤੇ ਹੋਰ ਪਾਰਟੀਆਂ ਵੀ ਅਜਿਹੇ ਦਾਅਵੇ-ਵਾਅਦੇ ਕਰਦੀਆਂ ਹਨ, ਪਰ ਪਰਨਾਲਾ ਉਥੇ ਹੀ ਰਹਿੰਦਾ ਹੈ।

ਰਿਆਸਤ ਅਤੇ ਰਾਜਤੰਤਰ ਦਾ ਕੋਈ ਵੀ ਫੈਸਲਾ ਲੋਕਾਂ ਦੇ ਹੱਥ ਵਿਚ ਨਹੀਂ ਅਤੇ ਨਾ ਹੀ ਉਹ ਲੋਕਾਂ ਦੇ ਸਭਿਆਚਾਰ ਅਤੇ ਦਰਸ਼ਨ ਤੋਂ ਸੇਧ ਲੈਂਦਾ ਹੈ। ਜੇ ਇਹ ਫੈਸਲੇ ਲੋਕਾਂ ਦੇ ਹੱਥ ਵਿਚ ਹੋਣ ਤਾਂ ਉਹ ਮਸਲਿਆਂ ਦੀ ਘੋਖ ਅਤੇ ਉਨ੍ਹਾਂ ਦੇ ਹੱਲ ਲਈ ਆਪਣੇ ਤਜਰਬੇ, ਦਰਸ਼ਨ ਅਤੇ ਵਿਰਸੇ ਤੋਂ ਸੇਧ ਲੈ ਕੇ ਫੈਸਲੇ ਕਰ ਸਕਦੇ ਹਨ। ਲੋਕਾਂ ਦੀ ਤਾਂਘ ਹੈ ਕਿ ਸਮਾਜ ਵਿਚ ਸਭ ਦੇ ਭਲੇ ਲਈ ਹਾਲਾਤ ਪੈਦਾ ਕੀਤੇ ਜਾਣ। ਸਾਡਾ ਦਰਸ਼ਨ, ਵਿਰਸਾ ਅਤੇ ਸਭਿਆਚਾਰ ਵੀ ਇਹ ਹੀ ਸਿਖਾਉਂਦਾ ਹੈ, ਪਰ ਹਾਕਮ ਟੋਲਾ, ਇਨ੍ਹਾਂ ਦੀਆਂ ਪਾਰਟੀਆਂ ਅਤੇ ਰਾਜਤੰਤਰ ਆਪਣੇ ਸੌੜੇ ਹਿਤਾਂ ਲਈ ਇਸ ਦਰਸ਼ਨ, ਵਿਰਸੇ ਅਤੇ ਸਭਿਆਚਾਰ ਦੇ ਦੁਸ਼ਮਣ ਬਣੇ ਬੈਠੇ ਹਨ। ਉਹ ਸਭ ਸਾਧਨਾਂ, ਸੱਧਰਾਂ ਅਤੇ ਸੋਚ ਨੂੰ ਵੇਚ ਰਹੇ ਹਨ ਤੇ ਜੇ ਕੋਈ ਇਸ ਦਾ ਵਿਰੋਧ ਕਰਦਾ ਹੈ ਤਾਂ ਉਸ ਨੂੰ ਤਰੱਕੀ ਦਾ ਵਿਰੋਧੀ ਕਹਿ ਕੇ ਜਬਰ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

ਹਾਕਮ ਟੋਲਾ ਸਿਰਫ ਆਪਣੇ ਮੁਨਾਫਿਆਂ ਨੂੰ ਵਧਾਉਣ ਵਿਚ ਹੀ ਦਿਲਚਸਪੀ ਰੱਖਦਾ ਹੈ। ਇਸ ਲਈ ਇਸ ਦੀ ਲੋਕਾਂ ਦੇ ਵਿਰਸੇ, ਦਰਸ਼ਨ ਅਤੇ ਸਭਿਆਚਾਰ ਵਿਚ ਕੋਈ ਦਿਲਚਸਪੀ ਨਹੀਂ। ਹਾਂ, ਜੇ ਇਹ ਇਸ ਵਿਰਸੇ ਤੋਂ ਕੋਈ ਮੁਨਾਫਾ ਖੱਟ ਸਕਦਾ ਹੈ ਤਾਂ ਉਹ ਉਸ ਵਿਚ ਜ਼ਰੂਰ ਦਿਲਚਸਪੀ ਵਿਖਾਉਂਦਾ ਹੈ, ਪਰ ਦਰਸ਼ਨ ਅਤੇ ਵਿਰਸੇ ਤੋਂ ਸੇਧ ਲੈ ਕੇ ਫੈਸਲੇ ਕਰਨਾ ਇਸ ਦੇ ਹਿਤਾਂ ਅਤੇ ਰੂਹਾਨੀਅਤ ਦੇ ਪੱਖ ਵਿਚ ਨਹੀਂ।

ਅਜੋਕੇ ਬਦਲੇ ਹਾਲਾਤ ਅਤੇ ਰਿਸ਼ਤਿਆਂ ਦਾ ਨਿਰਣਾ ਕਰਕੇ ਆਪਣੇ ਦਰਸ਼ਨ ਅਤੇ ਵਿਰਸੇ ਤੋਂ ਸੇਧ ਲੈ ਕੇ ਮਸਲਿਆਂ ਦੇ ਹੱਲ ਕਰਨ ਵਿਚ ਸਿਰਫ ਲੋਕ ਹੀ ਦਿਲਚਸਪੀ ਰਖਦੇ ਹਨ। ਇਸ ਲਈ ਉਹ ਆਪਣੀ ਬੋਲੀ, ਸਭਿਆਚਾਰ, ਵਿਰਸੇ ਦੀ ਰਾਖੀ ਲਈ ਘੋਲ ਵੀ ਚਲਾ ਰਹੇ ਹਨ। ਇਹ ਉਨ੍ਹਾਂ ਦੀ ਹੋਂਦ ਅਤੇ ਪਛਾਣ ਦਾ ਸੁਆਲ ਹੈ। ਹਾਕਮ ਟੋਲਾ ਅਤੇ ਉਸ ਦੀ ਰਿਆਸਤ ਲੋਕਾਂ ਨੂੰ ਕੁਚਲਣ ਲਈ ਉਨ੍ਹਾਂ ਦੇ ਵਿਰਸੇ ਨੂੰ ਢਾਹ ਲਾ ਰਹੀ ਹੈ, ਇਸ ਉਥਲ-ਪੁਥਲ ਦਾ ਮੁੱਖ ਕਾਰਨ ਬਣਿਆ ਹੈ, ਜਿਸ ਨਾਲ ਲੋਕਾਂ ਦਾ ਬਹੁਤ ਹੀ ਨੁਕਸਾਨ ਹੋ ਰਿਹਾ ਹੈ।



ਲੇਖਕ ਪ੍ਰਿੰ. ਸਰਵਣ ਸਿੰਘ ਜਸਵੰਤ ਸਿੰਘ ਕੰਵਲ ਨਾਲ

# ਜਸਵੰਤ ਸਿੰਘ ਕੰਵਲ ਅਜੇ ਕਾਇਮ ਹੈ

ਭਾਈ ਜੋਧ ਸਿੰਘ ਤੇ ਖੁਸ਼ਵੰਤ ਸਿੰਘ ਸੈਂਚਰੀ ਮਾਰਦੇ-ਮਾਰਦੇ ਰਹਿ ਗਏ ਸਨ। ਆਸ ਹੁਣ ਜਸਵੰਤ ਸਿੰਘ ਕੰਵਲ ਉਤੇ ਹੈ। ਇਸ ਵੇਲੇ ਪੰਜਾਬੀ ਦਾ ਉਹ ਸਭ ਤੋਂ ਵੱਡਉਮਰਾ ਲੇਖਕ ਹੈ। ਭਾਈ ਜੋਧ ਸਿੰਘ 31 ਮਈ 1882 ਤੋਂ 4 ਦਸੰਬਰ 1981 ਤਕ 99 ਸਾਲ 6 ਮਹੀਨੇ 4 ਦਿਨ ਜੀਵੇ। ਖੁਸ਼ਵੰਤ ਸਿੰਘ 2 ਫਰਵਰੀ 1915 ਤੋਂ 20 ਮਾਰਚ 2014 ਤਕ 99 ਸਾਲ 1 ਮਹੀਨਾ 18 ਦਿਨ ਜਿਉਂਦਾ ਰਿਹਾ। ਦੇਵਿੰਦਰ ਸਤਿਆਰਥੀ 28 ਮਈ 1908 ਤੋਂ 12 ਫਰਵਰੀ 2003 ਤੇ ਕਰਤਾਰ

**ਪ੍ਰਿੰ. ਸਰਵਣ ਸਿੰਘ**

ਸਿੰਘ ਦੁੱਗਲ ਪਹਿਲੀ ਮਾਰਚ 1917 ਤੋਂ 26 ਜਨਵਰੀ 2012 ਤਕ ਲਗਭਗ 95 ਸਾਲ ਜੀਵੇ।

ਜਗਜੀਤ ਸਿੰਘ ਅਨੰਦ 28 ਦਸੰਬਰ 1921 ਤੋਂ 19 ਜੂਨ 2015 ਤਕ, ਕਰਨੈਲ ਸਿੰਘ ਪਾਰਸ 28 ਜੂਨ 1916 ਤੋਂ 28 ਫਰਵਰੀ 2009, ਨਾਟਕਕਾਰ ਹਰਚਰਨ ਸਿੰਘ 10 ਦਸੰਬਰ 1914 ਤੋਂ 4 ਦਸੰਬਰ 2006, ਪ੍ਰੋ. ਪ੍ਰੀਤਮ ਸਿੰਘ 11 ਜਨਵਰੀ 1918 ਤੋਂ 26 ਅਕਤੂਬਰ 2008 ਅਤੇ ਡਾ. ਜਸਵੰਤ ਸਿੰਘ ਨੇਕੀ 27 ਅਗਸਤ 1925 ਤੋਂ 11 ਸਤੰਬਰ 2015 ਤਕ ਜਿਉਂਦੇ ਰਹੇ। ਨੱਬੇ ਸਾਲਾਂ ਦੀ ਉਮਰ ਤੋਂ ਟੱਪਣ ਵਾਲੇ ਇਹੀ ਨਾਮੀ ਪੰਜਾਬੀ ਲੇਖਕ ਹਨ।

ਸ਼ੇਕਸਪੀਅਰ ਸਿਰਫ 52 ਸਾਲ ਤੇ ਮੁਨਸ਼ੀ ਪ੍ਰੇਮ ਚੰਦ 56 ਸਾਲ ਜੀਵੇ ਸਨ। ਟੈਗੋਰ ਨੇ 80 ਸਾਲ ਤੇ ਬਰਟਰੰਡ ਰੱਸਲ ਨੇ 97 ਸਾਲ ਉਮਰ ਭੋਗੀ। ਲਿਓ ਤਾਲਸਤਾਏ ਨੇ 82 ਸਾਲ, ਜਦਕਿ ਦੁਨੀਆਂ ਦੇ ਬਹੁਤ ਸਾਰੇ ਨਾਮਵਰ ਲੇਖਕ ਸੱਤਰ ਬਹੱਤਰ ਸਾਲਾਂ ਤੋਂ ਵੀ ਘੱਟ ਜੀਵਨ ਜੀਵੇ। ਨਾਵਲਕਾਰ ਕੰਵਲ ਨੇ 27 ਜੂਨ 2019 ਨੂੰ ਸੌ ਸਾਲਾਂ ਦਾ ਹੋਣਾ ਹੈ। ਸੌਵਾਂ ਸਾਲ ਕ੍ਰਿਕਟ ਦੀ ਸੈਂਚਰੀ ਵਾਂਗ ਸੌਵੇਂ ਰਨ ਵਾਂਗ ਹੀ ਰਿਸਕੀ ਹੁੰਦੈ। ਕੰਵਲ ਦੀ ਸੈਂਚਰੀ ਵੱਜ ਗਈ ਤਾਂ ਸਾਡੇ ਪੰਜਾਬੀ ਲੇਖਕ ਦਾ ਵਿਸ਼ਵ ਰਿਕਾਰਡ ਹੋਵੇਗਾ!

ਮੈਂ ਜਦੋਂ ਕੈਨੇਡਾ ਤੋਂ ਪੰਜਾਬ ਆਉਂਦਾ ਹਾਂ ਤਾਂ ਢੁੱਡੀਕੇ ਜਸਵੰਤ ਸਿੰਘ ਕੰਵਲ ਨੂੰ ਜ਼ਰੂਰ ਮਿਲਦਾ ਹਾਂ। ਐਤਕੀਂ 9 ਦਸੰਬਰ ਨੂੰ ਸਵੇਰ ਸਾਰ ਮਿਲਣ ਗਿਆ ਤਾਂ ਉਹ ਚੜ੍ਹਦੀ ਕਲਾ 'ਚ ਮਿਲਿਆ। ਸਰੀਰ ਜ਼ਰੂਰ ਕੁਝ ਝੰਵਿਆਂ ਲੱਗਾ ਪਰ 'ਮੈਂ ਕਾਇਮ ਹਾਂ' ਦੇ ਬੋਲ ਗੜ੍ਹਕਵੇਂ ਲੱਗੇ। ਕੰਵਲ ਦੀਆਂ ਫੋਟੋਆਂ ਵਿਚਕਾਰ ਡਾ. ਜਸਵੰਤ ਗਿੱਲ ਦੀ ਫੋਟੋ ਲੱਗੀ ਹੋਈ ਸੀ। ਤੀਹ ਸਾਲ ਢੁੱਡੀਕੇ ਕਾਲਜ ਵਿਚ ਪੜ੍ਹਾਉਂਦਿਆਂ ਮੈਂ ਸੈਂਕੜੇ ਵਾਰ ਬਾਹਰਲੀ ਕੋਠੀ ਗਿਆ ਸਾਂ। ਕੋਠੀ ਉਵੇਂ ਦੀ ਸੀ ਪਰ ਡਾ. ਜਸਵੰਤ ਗਿੱਲ ਦੀ ਰੌਣਕ ਨਹੀਂ ਸੀ।

ਲੰਮੇ ਝੰਮੇ ਕੰਵਲ ਦਾ ਲਿਖਣ-ਮੇਜ ਨਿੱਕਾ ਜਿਹਾ ਹੈ, ਜੀਹਦੀ ਉਮਰ ਅੱਧੀ ਸਦੀ ਤੋਂ ਵੱਧ ਹੋ ਗਈ ਹੈ। ਉਹ ਉਹਦੇ ਗੁਆਂਢੀ ਕਾਰੀਗਰ ਨੇ ਬਣਾਇਆ ਸੀ। ਮੇਜ ਨਾਲ ਦੀ ਹੀ ਪੁਰਾਣੀ ਕੁਰਸੀ ਹੈ, ਜੋ ਹਲਕੇ ਫੁਲਕੇ ਕੰਵਲ ਦਾ ਭਾਰ ਸਹਿਣ ਜੋਗੀ ਹੀ ਹੈ। ਇਕ ਵਾਰ ਜੁਆਨੀ 'ਚ ਮੈਂ ਉਹਦੇ 'ਤੇ ਬੈਠਾ ਤਾਂ ਉਹ ਜਰਕ ਗਈ ਸੀ ਪਰ ਪੱਤੀਆਂ ਲਾ ਕੇ ਕੰਵਲ ਨੇ ਫਿਰ ਬਹਿਣ ਜੋਗੀ ਕਰ ਲਈ ਸੀ। ਫਿਰ ਮੈਂ ਉਹਦੇ ਉਤੇ ਬਹਿਣ ਦਾ ਖਤਰਾ ਨਹੀਂ ਸਹੇੜਿਆ।

ਐਤਕੀਂ ਜੀਅ ਕੀਤਾ 79ਵੇਂ ਸਾਲ ਦੀ ਵਡੇਰੀ ਉਮਰ 'ਚ ਫਿਰ ਬਹਿ ਕੇ ਵੇਖਾਂ। ਸਹਿੰਦਾ-ਸਹਿੰਦਾ ਭਾਰ ਪਾਇਆ ਤਾਂ ਉਹ ਚੀਕੀ ਜ਼ਰੂਰ ਪਰ ਭਾਰ ਪੂਰਾ ਹੀ ਸਹਿ ਗਈ। ਉਹ ਕੁਰਸੀ ਮੇਜ ਬਾਹਰ ਰੁੱਖ ਹੇਠਾਂ ਡੱਠੇ ਰਹਿੰਦੇ ਸਨ ਤੇ ਮੀਂਹ ਕਣੀ 'ਚ ਭਿੱਜਦੇ ਰਹੇ ਸਨ। ਸੱਤਰ ਸਾਲ ਦੀਆਂ 'ਵਾਵਾਂ ਉਸ ਮੇਜ-ਕੁਰਸੀ ਤੋਂ ਲੰਘੀਆਂ ਹਨ। ਐਤਕੀਂ ਉਹ ਕੰਵਲ ਦੇ ਬੈਡ ਰੂਮ ਵਿਚ ਰੱਖੇ ਵੇਖੇ। ਕੰਵਲ ਨੂੰ ਵਹਿਮ ਵਰਗਾ ਵਿਸ਼ਵਾਸ ਹੈ ਕਿ ਉਹ ਉਸੇ ਮੇਜ-ਕੁਰਸੀ 'ਤੇ ਹੀ ਚੰਗਾ ਲਿਖ ਸਕਦੈ!

ਇਕ ਪ੍ਰਕਾਸ਼ਕ ਨੇ ਕਿਹਾ ਹੈ ਕਿ ਮੈਂ 'ਜੀਵਨ ਕਣੀਆਂ' ਤੋਂ 'ਧੁਰ ਦਰਗਾਹ' ਤਕ ਪੁੱਜੇ ਜਸਵੰਤ ਸਿੰਘ ਕੰਵਲ ਬਾਰੇ 'ਨੇੜਿਓਂ ਡਿੱਠਾ ਕੰਵਲ' ਪੁਸਤਕ ਲਿਖਾਂ ਜੋ ਉਹਦੇ ਇਕੋਤਰ ਸੌਵੇਂ ਜਨਮ ਦਿਵਸ 'ਤੇ 27 ਜੂਨ 2019 ਨੂੰ ਰਿਲੀਜ਼ ਹੋਵੇ। ਕਿਤਾਬ ਲਿਖਣੀ ਸ਼ੁਰੂ ਕਰ ਲਈ ਹੈ, ਹੋ ਸਕਦੈ ਸਮੇਂ ਸਿਰ ਛਪ ਵੀ ਜਾਵੇ। ਸਾਡੀ ਦੁਆ ਹੈ, ਕੰਵਲ ਲੰਮੀ ਉਮਰ ਦਾ ਅਜਿਹਾ ਰਿਕਾਰਡ ਰੱਖੇ, ਜੋ ਛੇਤੀ ਕੀਤਿਆਂ ਨਾ ਟੁੱਟੇ।

# ਸੰਵੇਦਨਾ ਦੀ ਸਰਗਮ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸਾਂਝ ਨੂੰ ਗਲਵੱਕੜੀ ਪਾਉਂਦਿਆਂ ਕਿਹਾ ਸੀ, "ਦੋ ਜੀਆਂ ਦੀ ਗਿਣਤੀ ਵਧਦੀ ਤਾਂ ਟੱਬਰ ਹੁੰਦਾ ਅਤੇ ਟੱਬਰ ਰਲ ਕੇ ਇਕ ਸਮਾਜ ਦੀ ਸਿਰਜਣਾ ਕਰਦੇ, ਜਿਸ ਦੀਆਂ ਆਪਣੀਆਂ ਮਾਨਤਾਵਾਂ, ਸਮਾਜਕ ਸੰਦਰਭ ਅਤੇ ਸਮਾਜਕ ਸਰੋਕਾਰ ਹੁੰਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੰਵੇਦਨਾ ਦੀ ਗੱਲ ਕੀਤੀ ਹੈ। ਕੀ ਹੈ ਸੰਵੇਦਨਾ, ਦੂਜੇ ਦੇ ਦਰਦ, ਖੁਸ਼ੀ ਤੇ ਜਜ਼ਬਾਤ ਨੂੰ ਸਮਝਣਾ ਤੇ ਮਹਿਸੂਸ ਕਰਨਾ। ਉਹ ਕਹਿੰਦੇ ਹਨ, "ਸੰਵੇਦਨਾ, ਸੋਹਣੇ ਕਿਰਦਾਰ ਦਾ ਸਿਖਰ, ਸਦੀਵੀ ਪੈੜਾਂ ਵਿਚ ਪਸਰੀ ਸੁੰਦਰਤਾ ਅਤੇ ਸੁਹੰਢਣੇ ਪਲਾਂ ਵਿਚ ਘਰ ਕਰ ਬੈਠੀ ਅਪਣੱਤ।" ਉਨ੍ਹਾਂ ਨੂੰ ਅਫਸੋਸ ਹੈ, "ਸੰਵੇਦਨਾ ਦੀ ਤੋਟ ਹੀ ਏ ਕਿ ਮਨੁੱਖ ਨੇ ਫੈਲਰਨ ਦੀ ਥਾਂ ਸੁੰਗੜਨਾ ਸ਼ੁਰੂ ਕਰ ਦਿਤਾ। ਘਰਾਂ ਨੂੰ ਪੱਥਰ ਬਣਾ ਲਿਆ ਏ, ਜਿਸ ਵਿਚ ਰਹਿੰਦੇ ਨੇ ਪੱਥਰ-ਲੋਕ।...ਸੰਵੇਦਨਾ ਦੀ ਅਣਹੋਂਦ ਵਿਚੋਂ ਹੀ ਕਮੀਨਗੀ, ਕੁਹਜ, ਕੁਰਖਤਾ ਅਤੇ ਕਤਲਾਂ ਵਰਗੀਆਂ ਅਲਾਮਤਾਂ ਸੰਸਾਰ ਦੀ ਝੋਲੀ ਵਿਚ ਖੇਡਦੀਆਂ, ਦੁਨੀਆਂ ਨੂੰ ਅੱਗ ਦੇ ਢੇਰ 'ਤੇ ਬਿਠਾ ਗਈਆਂ।...ਪਰ ਸੰਵੇਦਨਸ਼ੀਲਤਾ ਰੂਹ ਵਿਚੋਂ ਹੋਣੀ ਚਾਹੀਦੀ ਹੈ। ਡਰਾਮੇਬਾਜ਼ੀ ਵਾਲੀ ਸੰਵੇਦਨਸ਼ੀਲਤਾ ਬਹੁਤ ਜਲਦੀ ਜਾਹਰ ਹੋ ਜਾਂਦੀ, ਜੋ ਸਾਡੇ ਅੰਤਰੀਵ ਦਾ ਖੋਖਲਾਪਣ ਹੁੰਦਾ।" ਉਨ੍ਹਾਂ ਨੇ ਨਸੀਹਤ ਕੀਤੀ ਹੈ, "ਸੰਵੇਦਨਾ ਦੀ ਸਰਜ਼ਮੀਂ ਵਿਚ ਸੂਲੀਆਂ ਅਤੇ ਸਲੀਬਾਂ ਨਾ ਉਗਾਓ। ਸਗੋਂ ਇਸ ਦੀ ਮਾਨਸਿਕ ਧਰਾਤਲ ਵਿਚ ਸਲੀਕਾ, ਸਹਿਜ, ਸੰਜਮ ਅਤੇ ਸੁਭ-ਕਰਮਨ ਦੀਆਂ ਕਲਮਾਂ ਲਾਓ।" -ਸੰਪਾਦਕ*

## ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੰਵੇਦਨਾ, ਸੂਖਮ ਸੋਚਾਂ ਦਾ ਸਮੁੰਦਰ, ਭਾਵੁਕ ਪਲਾਂ ਦੀ ਪਨੀਰੀ, ਕੋਮਲ ਅਹਿਸਾਸਾਂ ਦਾ ਭਰ ਵਗਦਾ ਦਰਿਆ ਅਤੇ ਆਪਣੇ ਆਪ ਨਾਲ ਬੈਠਾ ਖੁਦਾ।

ਸੰਵੇਦਨਾ, ਕਿਸੇ ਦੀ ਪੀੜਾ ਵਿਚ ਪੀੜ-ਪੀੜ ਹੋਣ ਜਾਣ ਦੀ ਅੰਤਰੀਵੀ ਜ਼ਿੱਦ, ਕਿਸੇ ਦੇ ਖਾਰੇ ਦੀਦਿਆਂ ਵਿਚ ਤਾਰੀ ਲਾਉਣ ਦਾ ਵਿਸਮਾਦ ਅਤੇ ਕਿਸੇ ਦੀ ਭਾਵਨਾ ਨੂੰ ਅਪਨਾਉਣ ਲਈ ਖੁਦ ਨਾਲ ਰਚਾਇਆ ਸੰਵਾਦ।

ਸੰਵੇਦਨਾ, ਰੋਸ਼ਨੀ ਵਿਹੂਣੇ ਨੈਣਾਂ ਵਿਚ ਚਾਨਣ ਧਰਨ ਦੀ ਤਮੰਨਾ, ਲਿਬਾਸਹੀਣ ਤਨਾਂ ਲਈ ਲਿਬਾਸ ਬਣਨ ਦੀ ਚਾਹਨਾ, ਨੰਗੇ ਸਿਰਾਂ ਲਈ ਚੁੰਨੀ ਬਣਨ ਦੀ ਧਾਰਨਾ ਅਤੇ ਸੁਪਨਹੀਣ ਅੱਖਾਂ ਵਿਚ ਸੁਪਨੇ ਸਜਾਉਣ ਦੇ ਕਰਮ ਲਈ ਕਾਹਲ।

ਸੰਵੇਦਨਾ, ਖੁਦ ਤੋਂ ਖੁਦ ਤੀਕ ਦਾ ਸਫਰ, ਖੁਦ ਵਿਚੋਂ ਖੁਦਾਈ ਨੂੰ ਪਾਉਣ ਦਾ ਰਾਹ ਅਤੇ ਖੁਦ ਹੀ ਮੱਥੇ 'ਤੇ ਲਿਸ਼ਕਵੀਂ ਸੁੰਦਰ ਤੇ ਸਜੀਲੀ ਭਾਹ।

ਸੰਵੇਦਨਾ, ਸੋਹਣੇ ਕਿਰਦਾਰ ਦਾ ਸਿਖਰ, ਸਦੀਵੀ ਪੈੜਾਂ ਵਿਚ ਪਸਰੀ ਸੁੰਦਰਤਾ ਅਤੇ ਸੁਹੰਢਣੇ ਪਲਾਂ ਵਿਚ ਘਰ ਕਰ ਬੈਠੀ ਅਪਣੱਤ।

ਸੰਵੇਦਨਾ, ਸੁਖਨ, ਸੁਹਜ, ਸਹਿਜ ਅਤੇ ਸਮਰਪਣ ਵਿਚੋਂ ਆਪਣੀਆਂ ਜੜ੍ਹਾਂ ਤਲਾਸ਼ਦੀ, ਇਨ੍ਹਾਂ ਨੂੰ ਯੁੱਗ ਜਿਉਣ ਦਾ ਵਰਦਾਨ ਅਤੇ ਇਨ੍ਹਾਂ ਰਾਹੀਂ ਹੀ ਸਿਰਜੀ ਜਾ ਰਹੀ ਪਛਾਣ।

ਸੰਵੇਦਨਾ, ਕਲਮ-ਕਾਨੀ ਦਾ ਕਰਮਯੋਗਤਾ ਨੂੰ ਨਿਚੋੜ ਕੇ ਕਲਮੀ ਸਫਰ 'ਤੇ ਤੁਰਨਾ, ਕਰਤਾਰੀ ਸਿਰਜਣਾ ਲਈ ਪਲ ਪਲ ਖੁਰਨਾ ਅਤੇ ਵਰਕਿਆਂ 'ਤੇ ਤਸਦੀਕ ਹੋ ਰਹੀ ਤਹਿਜ਼ੀਬ ਵਿਚ ਕਲਮ ਦੀਆਂ ਕਲਮਾਂ ਲਾਉਣ ਲਈ ਹਰ ਸਾਹੇ ਭੁਰਨਾ।

ਸੰਵੇਦਨਾ, ਸਮਿਆਂ ਦੀ ਸਾਖੀ, ਸੰਗ ਦੀ ਰਾਖੀ ਅਤੇ ਮਨਾਂ ਦੇ ਅੰਧਕਾਰ ਵਿਚ ਜਗਦਾ ਦੀਵਾ ਧਰਨ ਵਾਲੀ ਦੀਵਾਖੀ ਜਿਸ ਕਰਕੇ ਹੀ ਮਨ ਵਿਹੜੇ 'ਚ ਹਰ ਸਾਹੇ ਹੀ ਮਨਾਈ ਜਾਂਦੀ ਏ ਵਿਸਾਖੀ।

ਸੰਵੇਦਨਾ, ਮਾਨਸਿਕ ਅਵਸਥਾ, ਰੂਹ-ਰੰਗਰੇਜ਼ਤਾ ਦੀ ਰਵਾਨੀ, ਅਦਬ ਦੀ ਅਦਾਇਗੀ ਅਤੇ ਨਿਮਰਤਾ ਦੇ ਨਰਮ ਨਰਮ ਗੋਸ਼ੇ।

> **ਸੰਵੇਦਨਾ ਨੈਣਾਂ ਵਿਚ ਤੈਰਦੀ ਦੇਖਣੀ ਹੋਵੇ ਤਾਂ ਕਦੇ ਕਦਾਈਂ ਪਿੰਗਲਵਾੜੇ, ਬਿਰਧ ਆਸ਼ਰਮ ਜਾਂ ਸੀਨੀਅਰ ਸੈਂਟਰ ਜਾਣਾ। ਰੁੱਖਾਂ ਨੂੰ ਪੁੱਤਰਾਂ ਵਾਂਗ ਪਾਲਦੇ ਵਾਤਾਵਰਣ ਪ੍ਰੇਮੀਆਂ ਨੂੰ ਦੇਖਣਾ। ਪਾਣੀ ਦੀ ਮਲੀਨਤਾ ਅਤੇ ਪਾਣੀ ਦੀ ਬੂੰਦ ਨੂੰ ਬਚਾਉਣ ਲਈ ਜਦੋਜਹਿਦ ਦਾ ਭਾਗ ਬਣੇ, ਕਰਮਯੋਗੀ ਦਾ ਸਾਥ ਮਾਣਨਾ ਜਾਂ ਲੋੜਵੰਦਾਂ ਲਈ ਲੰਗਰ ਲਾਉਣ ਵਾਲੇ ਦਾਨੀਆਂ ਦੀ ਸੰਗਤ ਮਾਣਨਾ, ਜਿਨ੍ਹਾਂ ਲਈ ਸੇਵਾ ਦਾ ਅਰਥ, ਅਖਬਾਰੀ ਇਸ਼ਤਿਹਾਰ ਬਣਨਾ ਨਹੀਂ ਸਗੋਂ ਕਰਮਯੋਗਤਾ ਕਮਾਉਣਾ ਹੁੰਦਾ।**

ਸੰਵੇਦਨਾ, ਮੁਖੜੇ ਵਿਚੋਂ ਝਲਕਦੀ, ਬੋਲਾਂ ਵਿਚ ਲਰਜ਼ਦੀ, ਹਰਫਾਂ ਵਿਚ ਬਾਚੀਆਂ ਪਾਉਂਦੀ, ਕਿਰਤ ਵਿਚ ਕੋਮਲ ਛੋਹਾਂ ਉਪਜਾਉਂਦੀ ਅਤੇ ਤੁਹਾਡੀ ਸੋਚ-ਜੂਹੇ ਸ਼ੁਭ-ਕਰਮਨ ਕਮਾਉਂਦੀ।

ਸੰਵੇਦਨਹੀਣ ਲੋਕਾਂ ਨੇ ਹੀ ਜੀਵਨ ਦੇ ਹਰ ਰੰਗ ਨੂੰ ਪਿਲੱਤਣਾਂ ਵਿਚ ਰੰਗਿਆ। ਹਰ ਕਰਮ ਵਿਚੋਂ ਇਸ ਦੀ ਗੈਰ-ਮੌਜੂਦਗੀ ਨੇ ਕਰਮ-ਕਾਮਨਾ ਨੂੰ ਕੋਹਝ ਬਣਾ ਦਿਤਾ। ਬੋਲਾਂ ਵਿਚੋਂ ਇਸ ਦਾ ਮਨਫੀ ਹੋਣਾ, ਕੁਰਖਤਾ ਅਤੇ ਕਮੀਨਗੀ ਨੂੰ ਸੁੱਚੇ ਬੋਲਾਂ ਵਿਚ ਧਰ, ਬੋਲ-ਸਾਰਥਕਤਾ ਨੂੰ ਸੰਤਾਪ ਗਿਆ। ਚਾਲ, ਢਾਲ ਅਤੇ ਖਿਆਲ ਵਿਚੋਂ ਇਸ ਦੀ ਘਾਟ ਨੇ ਜੀਵਨ ਨੂੰ ਕਰੂਪ ਕਰ, ਇਸ ਦੀਆਂ ਮਸਤਕ ਰੇਖਾਵਾਂ ਨੂੰ ਹੀ ਧੁੰਦਲਾ ਕਰ ਦਿਤਾ।

ਸੰਵੇਦਨਾ ਦੀ ਸੱਖਣੇਪਣ ਦਾ ਇਹ ਕੇਹਾ ਵਰਤਾਰਾ ਏ ਕਿ ਮਨੁੱਖ ਨੇ ਕੁਦਰਤੀ ਦਾਤਾਂ ਨੂੰ ਪਲੀਤ ਕਰਕੇ ਖੁਦ ਦੀ ਕਬਰ ਬਣਾ ਲਿਆ ਏ। ਸਾਹ ਬਣਨ ਵਾਲੀ ਕਾਇਨਾਤ ਨੂੰ ਕਾਲੇ ਵਰਕਿਆਂ ਦੀ ਤਫਸੀਲ ਬਣਾ ਲਿਆ ਅਤੇ ਕਲਮ ਨਾਲ ਖੁਦ ਦਾ ਮਰਸੀਆ ਲਿਖਣ ਲਈ ਮਸ਼ਰੂਫ ਏ।

ਸੰਵੇਦਨਾ ਦੀ ਤੋਟ ਹੀ ਏ ਕਿ ਮਨੁੱਖ ਨੇ ਫੈਲਰਨ ਦੀ ਥਾਂ ਸੁੰਗੜਨਾ ਸ਼ੁਰੂ ਕਰ ਦਿਤਾ। ਘਰਾਂ ਨੂੰ ਪੱਥਰ ਬਣਾ ਲਿਆ ਏ, ਜਿਸ ਵਿਚ ਰਹਿੰਦੇ ਨੇ ਪੱਥਰ-ਲੋਕ। ਕਮਰਿਆਂ ਦੇ ਕੈਦਖਾਨੇ ਵਿਚ ਬੰਦ ਨੇ ਮਨੁੱਖ। ਚੌਂਕਿਆਂ ਅਤੇ ਚੁੱਲਿਆਂ 'ਚ ਚੁਗਲੀਆਂ ਕਰਦੀ ਏ ਖੁਦੀ ਦੀ ਅੱਗ। ਖੁਦ ਦੀਆਂ ਰੋਟੀਆਂ ਸੇਕਣ ਲਈ ਖੁਦ ਹੀ ਬਾਲਣ। ਸਬੰਧਾਂ ਨੂੰ ਚੁੱਲੇ 'ਚ ਝੋਕਣ ਲਈ ਰਤਾ ਵੀ ਤਰਸ ਨਹੀਂ ਉਪਜਦਾ।

ਸੰਵੇਦਨਾ ਦਾ ਸਰਬ-ਨਾਸ਼ ਹੀ ਏ ਕਿ ਮਨੁੱਖ ਜਿਉਣ ਦੀ ਥਾਂ ਮਰਨ ਨੂੰ ਤਰਜ਼ੀਹ ਦੇਣ ਲਈ ਜ਼ਹਿਰਾਂ ਦਾ ਵਪਾਰੀ ਬਣਿਆ ਸੰਤਾਨ ਪ੍ਰਾਪਤੀ ਦੇ ਸੁੱਖ ਤੋਂ ਵੀ ਵਿਹੂਣਾ ਹੋਈ ਜਾ ਰਿਹਾ ਏ। ਨਸ਼ਿਆਂ ਦੀ ਨਾਸ਼ਵਾਨਤਾ ਏ, ਮਨੁੱਖੀ ਵਿਨਾਸ਼ ਦਾ ਸਿਰਲੇਖ।

ਸੰਵੇਦਨਾ ਜਦ ਮਨੁੱਖੀ ਕਿਰਦਾਰ ਵਿਚੋਂ ਗੁੰਮ ਹੋਈ ਤਾਂ ਇਸ ਨੇ ਮਨੁੱਖ ਵਿਚ ਵੱਸਦੇ ਸੰਜੀਵ ਮਨੁੱਖ ਨੂੰ ਨਿਗਲਿਆ ਅਤੇ ਨਾਲ ਹੀ ਮਰ ਗਈ ਮਨੁੱਖੀ ਸੋਚ ਵਿਚ ਵੱਸਦੀ ਮਾਨਵਤਾ ਅਤੇ ਇਨਸਾਨੀਅਤ ਦੀ ਲੋਚਾ।

ਸੰਵੇਦਨਾ ਦੇ ਸੋਕੇ ਨੇ ਹੀ ਨਿਗਲ ਲਿਆ ਏ ਬੰਦਾ ਅਤੇ ਨਾਲ ਹੀ ਝਪਟੀ ਗਈ ਏ ਬੰਦਿਆਈ, ਭਲਿਆਈ ਅਤੇ ਚੰਗਿਆਈ ਜਿਸ ਨੇ ਮਨੱਖੀ ਵਿਕਾਸ ਨੂੰ ਸਾਵੀਆਂ ਸੇਧਾਂ ਦੇਣੀਆਂ ਸਨ।

ਸੰਵੇਦਨਾ ਦੀ ਅਣਹੋਂਦ ਵਿਚੋਂ ਹੀ ਕਮੀਨਗੀ, ਕੁਹਜ, ਕੁਰਖਤਾ ਅਤੇ ਕਤਲਾਂ ਵਰਗੀਆਂ ਅਲਾਮਤਾਂ ਸੰਸਾਰ ਦੀ ਝੋਲੀ ਵਿਚ ਖੇਡਦੀਆਂ, ਦੁਨੀਆਂ ਨੂੰ ਅੱਗ ਦੇ ਢੇਰ 'ਤੇ ਬਿਠਾ ਗਈਆਂ।

ਸੰਵੇਦਨਾ ਦਾ ਮਰ ਮੁੱਕ ਜਾਣਾ ਜੱਗ-ਜਾਹਰ ਹੁੰਦਾ ਜਦ ਪਰਦੇਸੀ ਬੱਚਿਆਂ ਨੂੰ ਉਡੀਕਦੇ ਮਾਪੇ ਸਿਵਿਆਂ ਦੇ ਰਾਹ ਤੁਰ ਪੈਂਦੇ। ਬੱਚਿਆਂ ਨੂੰ ਇੰਨੀ ਵੀ ਵਿਹਲ ਨਹੀਂ ਹੁੰਦੀ ਕਿ ਉਹ ਉਨ੍ਹਾਂ ਦੀਆਂ ਆਖਰੀ ਰਸਮਾਂ ਹੀ ਨਿਭਾ ਸਕਣ। ਕਦੇ ਕਦਾਈਂ ਉਹ ਸਿਵੇ ਦੀ ਬੁੱਝੀ ਰਾਖ ਦੇ ਮੁੱਢ ਬਹਿ, ਕੀਰਨੇ ਪਾਉਣ ਜੋਗੇ ਹੀ ਰਹਿੰਦੇ।

ਸੰਵੇਦਨਾ ਦੀ ਅਰਥੀ ਚੁੱਕੀ ਫਿਰਦੇ ਉਨ੍ਹਾਂ ਵਿਅਕਤੀਆਂ ਨੂੰ ਕੀ ਕਹੋਗੇ ਜੋ ਅਬਲਾ ਦੇ ਤਨ ਦੇ ਲੰਗਾਰ ਨੂੰ ਲੀਰਾਂ ਕਰ, ਇੱਜਤ ਨਾਲ ਖੇਡਦੇ। ਸਮੇਂ ਦੀ ਅੱਖ ਭਰ ਜਾਂਦੀ ਜਦ ਬਾਪ ਹੀ ਆਪਣੀ ਬੇਟੀ ਦਾ ਚੀਰਹਰਨ ਕਰਦਾ। ਅਜਿਹੇ ਬੰਦਿਆਂ ਦੀ ਸੰਵੇਦਨਾ ਧਾਹੀਂ ਰੋਂਦੀ ਆਪਣੇ ਆਪ ਨੂੰ ਮੂੰਹ ਦਿਖਾਉਣ ਜੋਗੀ ਵੀ ਨਹੀਂ ਰਹਿੰਦੀ।

ਸੰਵੇਦਨਾ ਦਾ ਮੁਖੌਟਾ ਪਾਉਣ ਵਾਲੇ ਰਾਜਨੀਤਕ ਅਤੇ ਧਾਰਮਕ ਲੀਡਰਾਂ ਦਾ ਖੋਖਲਾਪਣ ਜੱਗ-ਜਾਹਰ ਹੁੰਦਾ ਜਦ ਉਹ ਕਿਸੇ ਦੀ ਔਲਾਦ ਨੂੰ ਨਸ਼ਿਆਂ ਵਿਚ ਲਾ, ਨਸ਼ਿਆਂ ਦੇ ਵਿਰੋਧ ਦਾ ਅਖਬਾਰੀ ਇਸ਼ਤਿਹਾਰ ਬਣਦੇ। ਧਾਰਮਕਤਾ ਦਾ ਬਾਣਾ ਪਾਉਣ ਵਾਲੇ ਹੀ ਕਦਰਾਂ-ਕੀਮਤਾਂ ਨੂੰ ਸੂਲੀ ਟੰਗ ਸਭ ਤੋਂ ਵੱਧ ਅਧਾਰਮਕ ਹੁੰਦੇ। ਉਨ੍ਹਾਂ ਦੀ ਸੋਚ ਅਤੇ ਕਰਮ ਵਿਚੋਂ ਗਵਾਚ ਚੁੱਕੀ ਇਨਸਾਨੀਅਤ ਅਤੇ ਸੰਵੇਦਨਾ ਕਾਰਨ ਧਾਰਮਕਤਾ ਨੂੰ ਅਜਿਹਾ ਖੋਰਾ ਲੱਗਾ ਕਿ ਹੁਣ ਤਾਂ ਧਰਮ ਹੀ ਨਫਰਤ ਦਾ ਪਾਤਰ ਬਣ ਗਿਆ।

ਸੰਵੇਦਨਾ ਦੀ ਮੜ੍ਹੀ 'ਤੇ ਕੇਹਾ ਚਿਰਾਗ ਧਰੋਗੇ ਜਦ ਕੋਈ ਧਾਰਮਕ ਅਸਥਾਨ ਨਾਬਾਲਗ ਦੀ ਇੱਜਤ ਲੁੱਟਣ ਅਤੇ ਫਿਰ ਇਸ ਦੀ ਲਾਸ਼ ਨੂੰ ਦਫਨਾਉਣ ਲਈ ਵਰਤਿਆ ਜਾਣ ਲੱਗ ਪਵੇ। ਕੀ ਹੈ ਇਹ ਅਣਮਨੁੱਖੀ ਵਰਤਾਰਾ?

ਸੰਵੇਦਨਾ ਮਰ ਜਾਵੇ ਤਾਂ ਮਨੁੱਖ ਮਰਦਾ, ਮਨੁੱਖ ਮਰਦਾ ਤਾਂ ਉਸ ਦੀ ਇਨਸਾਨੀਅਤ ਮਰ ਜਾਂਦੀ। ਇਸ ਤੋਂ ਬਾਅਦ ਬਚਦਾ ਹੀ ਕੀ ਆ ਜੋ ਮਨੁੱਖ ਅਖਵਾਉਣ ਵਾਲਾ ਹੋਵੇ?

ਸੰਵੇਦਨਾ ਵਿਹੂਣੇ ਲੋਕ ਧਰਤੀ 'ਤੇ ਭਾਰ। ਮਾਂ-ਧਰਤੀ, ਪਾਣੀ-ਪਿਤਾ ਅਤੇ ਹਵਾ-ਗੁਰੂ ਦੇ ਸਭ ਤੋਂ ਵੱਡਾ ਦੋਖੀ। ਇਸ ਅਕ੍ਰਿਤਘਣਤਾ ਕਾਰਨ ਹੀ ਮਨੁੱਖ ਆਪਣੀਆਂ ਜੜ੍ਹਾਂ 'ਚ ਤੇਲ ਪਾ ਰਿਹਾ ਏ।

ਸੰਵੇਦਨਸ਼ੀਲ ਮਨ ਫਿਸ ਜਾਂਦਾ, ਜਦ ਬਾਲ ਨੂੰ ਰੂੜੀਆਂ ਤੋਂ ਚੁੱਗ ਰਹੇ ਕੂੜ-ਕਬਾੜ ਵੰਨੀਂ ਦੇਖਦਾ। ਸੁੱਕੇ ਟੁੱਕਰ ਤੇ ਜੂਠ ਲੱਭਦਿਆਂ ਖਾਣ ਲਈ ਆਪਸ ਵਿਚ ਝਗੜਦੇ ਭੁੱਖੇ ਬੱਚੇ। ਉਨ੍ਹਾਂ ਦੇ ਪੇਟ ਦੀ ਭੁੱਖ-ਪੂਰਤੀ ਦੀ ਜਦੋਜਹਿਦ ਵਿਚ ਹੀ ਉਲਝ ਕੇ ਰਹਿ ਜਾਂਦੀ ਗਿਆਨ-ਲੋਚਾ ਅਤੇ ਸਿਰ 'ਤੇ ਛੱਤ ਦੀ ਉਮੰਗ।

ਸੰਵੇਦਨਾ ਨੈਣਾਂ ਵਿਚ ਤੈਰਦੀ ਦੇਖਣੀ ਹੋਵੇ ਤਾਂ ਕਦੇ ਕਦਾਈਂ ਪਿੰਗਲਵਾੜੇ, ਬਿਰਧ ਆਸ਼ਰਮ ਜਾਂ ਸੀਨੀਅਰ ਸੈਂਟਰ ਜਾਣਾ। ਰੁੱਖਾਂ ਨੂੰ ਪੁੱਤਰਾਂ ਵਾਂਗ ਪਾਲਦੇ ਵਾਤਾਵਰਣ ਪ੍ਰੇਮੀਆਂ ਨੂੰ ਦੇਖਣਾ। ਪਾਣੀ ਦੀ ਮਲੀਨਤਾ ਅਤੇ ਪਾਣੀ ਦੀ ਬੂੰਦ ਨੂੰ ਬਚਾਉਣ ਲਈ ਜਦੋਜਹਿਦ ਦਾ ਭਾਗ ਬਣੇ, ਕਰਮਯੋਗੀ ਦਾ ਸਾਥ ਮਾਣਨਾ ਜਾਂ ਲੋੜਵੰਦਾਂ ਲਈ ਲੰਗਰ ਲਾਉਣ ਵਾਲੇ ਦਾਨੀਆਂ ਦੀ ਸੰਗਤ ਮਾਣਨਾ, ਜਿਨ੍ਹਾਂ ਲਈ ਸੇਵਾ ਦਾ ਅਰਥ, ਅਖਬਾਰੀ ਇਸ਼ਤਿਹਾਰ ਬਣਨਾ ਨਹੀਂ ਸਗੋਂ ਕਰਮਯੋਗਤਾ ਕਮਾਉਣਾ ਹੁੰਦਾ।

ਸੰਵੇਦਨਾ ਸਮਿਆਂ ਦਾ ਸੁੱਚਾ ਗਹਿਣਾ, ਜਿਸ ਦੀ ਕਥਨੀ ਤੇ ਕਰਨੀ ਦਾ ਕੀ ਕਹਿਣਾ। ਖੁਦ ਵਿਚੋਂ ਮਲੀਨਤਾ ਦਾ ਲਹਿਣਾ ਅਤੇ ਖੁਦ ਹੀ ਕਿਸੇ ਭਲਿਆਈ ਦੇ ਮਾਰਗੀਂ ਪੈਣਾ। ਸੰਵੇਦਨਾ ਸੁਖਨ ਦਾ ਸਬੱਬ। ਆਦਮੀ ਦੇ ਅੰਦਰ ਵੱਸਦਾ ਰੱਬ, ਜੋ ਬਣਦਾ ਅਨਹਦੀ ਰੱਜ, ਜਿਸ ਦਾ ਸੰਗ ਵਿਰਲਿਆਂ ਦਾ ਸਬੱਬ। ਸੰਵੇਦਨਾ ਨਦੀ ਦਾ ਨਿਰਮਲ ਨੀਰ। ਜੀਵਨ ਨਾਲ ਜੁੜਦੀ ਸੀਰ, ਜੀਵਨ-ਬਰੂਹੀਂ ਸਿਜਦਾ ਕਰਦਾ ਅਜਿਹਾ ਫਕੀਰ, ਜਿਸ ਦੀ ਹਾਕ ਜਦ ਹੁੰਦੀ ਦਿਲਗੀਰ ਤਾਂ ਜੀਵਨ-ਸਾਰਥਕਤਾ ਦੀ ਜਾਗਦੀ ਜ਼ਮੀਰ।

ਸੰਵੇਦਨਾ ਨੂੰ ਸਾਹਾਂ ਵਿਚ ਸਮਾਵੋ, ਇਸ ਦੀ ਲੱਜ਼ਤ ਨੂੰ ਆਪਣੀ ਕਰਮ-ਕੁੰਜੀ ਬਣਾਓ। ਇਸ ਰਾਹੀਂ ਆਪਣੇ ਬੋਲਾਂ ਵਿਚ ਪਾਕੀਜ਼ਗੀ ਦਾ ਰਾਗ ਗੁਣਗਣਾਓ ਅਤੇ ਹਰਫਾਂ ਵਿਚ ਅਰਥਾਂ ਦਾ ਦੀਪਕ ਜਗਾਓ।

> **ਸੰਵੇਦਨਾ ਦਾ ਮਰ ਮੁੱਕ ਜਾਣਾ ਜੱਗ-ਜਾਹਰ ਹੁੰਦਾ ਜਦ ਪਰਦੇਸੀ ਬੱਚਿਆਂ ਨੂੰ ਉਡੀਕਦੇ ਮਾਪੇ ਸਿਵਿਆਂ ਦੇ ਰਾਹ ਤੁਰ ਪੈਂਦੇ। ਬੱਚਿਆਂ ਨੂੰ ਇੰਨੀ ਵੀ ਵਿਹਲ ਨਹੀਂ ਹੁੰਦੀ ਕਿ ਉਹ ਉਨ੍ਹਾਂ ਦੀਆਂ ਆਖਰੀ ਰਸਮਾਂ ਹੀ ਨਿਭਾ ਸਕਣ। ਕਦੇ ਕਦਾਈਂ ਉਹ ਸਿਵੇ ਦੀ ਬੁੱਝੀ ਰਾਖ ਦੇ ਮੁੱਢ ਬਹਿ, ਕੀਰਨੇ ਪਾਉਣ ਜੋਗੇ ਹੀ ਰਹਿੰਦੇ।**

ਸੰਵੇਦਨਾ, ਸਿਰਫ ਕਿਤਾਬਾਂ, ਬੋਲਾਂ ਜਾਂ ਬਾਹਰੀ ਦਿਖਾਵੇ ਦੀ ਮੁਥਾਜ ਨਹੀਂ। ਇਸ ਨੂੰ ਤਾਂ ਆਪਣੇ ਅੰਤਰੀਵ ਵਿਚ ਉਗਾਉਣਾ ਪੈਣਾ, ਰੂਹ ਦਾ ਪਾਣੀ ਪਾਉਣਾ ਪੈਣਾ, ਭਾਵਨਾਵਾਂ ਦਾ ਅਰਘ ਚੜ੍ਹਾਉਣਾ ਪੈਣਾ ਅਤੇ ਇਸ ਦੀ ਆਭਾ ਵਿਚ ਖੁਦ ਤੇ ਚੌਗਿਰਦੇ ਨੂੰ ਰੁਸ਼ਨਾਉਣਾ ਪੈਣਾ।

ਸੰਵਦੇਨਸ਼ੀਲ ਲੋਕ ਸੁਪਨਸ਼ੀਲ ਅਤੇ ਪਿਆਰ ਦਾ ਨਿਰੰਤਰ ਗਾਉਂਦਾ ਝਰਨਾ। ਸ਼ਾਇਦ ਇਸੇ ਕਰਕੇ ਨਿੱਕੇ ਜਿਹੇ ਬੋਲ ਜਾਂ ਹਰਕਤ ਨਾਲ ਉਹ ਪੀੜ ਪੀੜ ਹੋ ਜਾਂਦੇ ਅਤੇ ਉਨ੍ਹਾਂ ਦੀ ਝੋਲੀ ਦੁੱਖਾਂ ਨਾਲ ਭਰੀ ਰਹਿੰਦੀ। ਪਰ ਫਿਰ ਵੀ ਉਹ ਮੋਹ ਵੰਡਦੇ।

ਸੰਵੇਦਨਸ਼ੀਲਤਾ ਬਹੁਲਤਾ ਵਿਚ ਹਾਜ਼ਰ ਏ ਵਿਦੇਸ਼ੀ ਧਰਤੀ 'ਤੇ। ਨਿੱਕੀ ਜਿਹੀ ਗਲਤੀ, ਮਾਨਸਿਕ ਠੇਸ ਜਾਂ ਕੁਤਾਹੀ ਲਈ 'ਮੁਆਫ ਕਰਨਾ' ਜਾਂ ਤੁੱਛ ਜਿਹੇ ਅਹਿਸਾਨ ਲਈ 'ਧੰਨਵਾਦ' ਉਨ੍ਹਾਂ ਦੇ ਹੋਠਾਂ 'ਤੇ ਹਮੇਸ਼ਾਂ ਤਾਰੀ ਰਹਿੰਦਾ। ਸ਼ਾਇਦ ਸੰਵਦੇਨਸ਼ੀਲਤਾ ਸਾਨੂੰ ਮਿਲੀ ਹੀ ਨਹੀਂ ਜਾਂ ਅਸੀਂ ਇਸ ਨੂੰ ਅਪਨਾਉਣ ਤੋਂ ਹਾਂ ਆਕੀ।

ਸੰਵੇਦਨਸ਼ੀਲ ਵਿਅਕਤੀ ਲਈ ਦੁੱਖ ਤੇ ਸੁੱਖ, ਰੋਗ ਤੇ ਸੋਗ ਨੂੰ, ਮਿਲਣਾ ਤੇ ਵਿਛੜਨਾ, ਰੁੱਸਣਾ ਅਤੇ ਮਨਾਉਣਾ, ਗਲ ਨਾਲ ਲਾਉਣਾ ਤੇ ਬਾਹਾਂ ਪਿਛੇ ਹਟਾਉਣਾ, ਅੱਖਰਾਂ ਵਿਚ ਅੱਥਰੂ ਟਿਕਾਉਣਾ ਤੇ ਸ਼ਬਦਾਂ ਨੂੰ ਵਰਾਉਣਾ ਅਤੇ ਸੱਜਣ ਬਣਾਉਣਾ ਤੇ ਸੱਜਣਤਾਈ ਨਿਭਾਉਣਾ, ਜੀਵਨ-ਤੀਬਰਤਾ ਦਾ ਸਿਖਰ।

ਸੰਵੇਦਨਸ਼ੀਲਤਾ ਅਣਮੁੱਲਾ ਖਜਾਨਾ, ਜੋ ਸਾਂਭਣਯੋਗ ਕਿਉਂਕਿ ਇਸ ਵਿਚੋਂ ਹੀ ਉਪਜਦੀ ਇਮਾਨਦਾਰੀ, ਪਾਕੀਜ਼ਗੀ ਅਤੇ ਸੱਚਾਈ। ਅਜਿਹੇ ਸ਼ਖਸ ਲਈ ਬਦਲਣਾ ਮਾਨਸਿਕਤਾ ਦਾ ਹਿੱਸਾ ਨਹੀਂ ਹੁੰਦਾ। ਉਸ ਲਈ ਨਿੱਕੀਆਂ ਅਤੇ ਅਣਗੌਲੀਆਂ ਚੀਜਾਂ, ਕਰਮ ਜਾਂ ਕ੍ਰਿਆ ਵੀ ਵੱਡੇ ਅਰਥਾਂ ਵਾਲੀ ਹੁੰਦੀ ਅਤੇ ਇਸ 'ਚੋਂ ਜੀਵਨੀ-ਬਹੁਪਰਤਾਂ ਦਾ ਵਿਸ਼ਲੇਸ਼ਣ ਕਰਦਾ।

ਸੰਵੇਦਨਾ, ਲਹਿਜਾ, ਆਦਤ, ਸੋਚ, ਸੰਜ਼ੀਦਗੀ ਅਤੇ ਸਧਾਰਨਤਾ ਵਿਚੋਂ ਪੈਦਾ ਹੁੰਦੀ, ਜੋ ਭਾਵਨਾਵਾਂ ਦਾ ਲਿਬਾਸ ਪਾ, ਸ਼ਖਸੀ ਬਿੰਬ ਦਾ ਮੁਹਾਂਦਰਾ ਬਣਦੀ। ਇਸੇ ਲਈ ਤਾਂ ਕਿਸੇ ਵਿਅਕਤੀ ਨਾਲ ਕੁਝ ਚਿਰ ਵਿਚਰਨ ਤੋਂ ਬਾਅਦ ਤੁਸੀਂ ਉਸ ਨੂੰ ਸਮਝ ਜਾਂਦੇ ਹੋ।

ਸੰਵੇਦਨਸ਼ੀਲਤਾ ਰੂਹ ਵਿਚੋਂ ਹੋਣੀ ਚਾਹੀਦੀ ਹੈ। ਡਰਾਮੇਬਾਜ਼ੀ ਵਾਲੀ ਸੰਵੇਦਨਸ਼ੀਲਤਾ ਬਹੁਤ ਜਲਦੀ ਜਾਹਰ ਹੋ ਜਾਂਦੀ, ਜੋ ਸਾਡੇ ਅੰਤਰੀਵ ਦਾ ਖੋਖਲਾਪਣ ਹੁੰਦਾ।

ਸੰਵੇਦਨਸ਼ੀਲ ਲੋਕ ਹੀ ਹੁੰਦੇ ਜੋ ਕਿਸੇ ਦ੍ਰਿਸ਼ ਦੀ ਕਰੁਣਾ ਨੂੰ ਹੰਝੂਆਂ ਨਾਲ ਭਿਉਂਦੇ, ਭਾਵੁਕ ਪਲਾਂ ਨਾਲ ਨਿੱਜੀ ਸਾਂਝ ਉਪਜਾਉਂਦੇ ਅਤੇ ਨਾਟਕੀ ਰੂਪਾਂਤਰਨ ਨੂੰ ਖੁਦ ਜਿਉਂਦੇ।

ਸੰਵੇਦਨਸ਼ੀਲ ਆਦਮੀ ਦੁੱਖ, ਦਰਦ ਅਤੇ ਪੀੜਾ ਨੂੰ ਬਹੁਤ ਮਹਿਸੂਸ ਕਰਦੇ। ਇਸ ਕਰਕੇ ਉਹ ਕਿਸੇ ਦੇ ਮਨ ਨੂੰ ਦੁਖਾਉਂਦੇ ਨਹੀਂ ਅਤੇ ਨਾ ਹੀ ਕਿਸੇ ਦੀ ਝੋਲੀ 'ਚ ਦਰਦ ਦਾ ਨਿਉਂਦਾ ਪਾਉਂਦੇ। ਉਹ ਤਾਂ ਚਾਵਾਂ ਦਾ ਸੰਧਾਰਾ ਅਤੇ ਸੰਤੋਖ ਤੇ ਸੁਗੰਧੀਆਂ ਦਾ ਸਰੂਪ ਹੁੰਦੇ।

ਸੰਵੇਦਨਾ, ਜੀਵਨੀ ਸੁੰਦਰਤਾ। ਸੰਵੇਦਨਾ ਤੋਂ ਬਗੈਰ ਲੰਘਾਇਆ ਸਮਾਂ 'ਉਮਰ' ਹੁੰਦਾ ਜਦ ਕਿ ਸੰਵੇਦਨਸ਼ੀਲ ਹੋ ਕੇ ਬੀਤਿਆਂ ਸਮਾਂ 'ਜ਼ਿੰਦਗੀ' ਹੁੰਦਾ। 'ਉਮਰ' ਤੋਂ 'ਜ਼ਿੰਦਗੀ' ਵੰਨੀਂ ਸਫਰ ਲਈ ਉਦਮ ਜਰੂਰ ਕਰਨਾ।

ਸੰਵੇਦਨਸ਼ੀਲ ਵਿਅਕਤੀਆਂ ਦੇ ਸਬੰਧ ਘੱਟ ਭਾਵੇਂ ਹੋਣ ਪਰ ਉਨ੍ਹਾਂ ਨੂੰ ਸਬੰਧਾਂ ਦੀ ਸਮਝ ਬਹੁਤ ਹੁੰਦੀ ਹੈ। ਉਹ ਤਕਰਾਰ ਨਹੀਂ, ਪਿਆਰ ਕਰਦੇ, ਉਹ ਆਸ ਨਹੀਂ ਰੱਖਦੇ ਪਰ ਵਿਸ਼ਵਾਸ ਕਰਦੇ। ਉਹ ਧਰਮ ਨਹੀਂ, ਕਰਮ ਵਿਚ ਯਕੀਨ ਰੱਖਦੇ।

ਕਿਸੇ ਦੀ ਸੰਵੇਦਨਾ ਨਾਲ ਖੇਡਣਾ, ਸਭ ਤੋਂ ਵੱਡਾ ਗੁਨਾਹ। ਕਿਸੇ ਦੀਆਂ ਭਾਵਨਾਵਾਂ ਨੂੰ ਜਖਮੀ ਕਰਨਾ, ਮਹਾਂ ਪਾਪ ਅਤੇ ਕਿਸੇ ਦੇ ਜਜ਼ਬਾਤ ਨੂੰ ਕਮਜੋਰੀ ਸਮਝ ਕੇ ਉਸ ਨੂੰ ਲਤਾੜਨ ਦੀ ਕੋਸ਼ਿਸ਼ ਕਰਨਾ, ਨਾ ਮੁਆਫੀਯੋਗ ਕੋਤਾਹੀ।

ਸੰਵੇਦਨਾਸ਼ੀਲ ਹੋਣਾ ਹੀ ਕਾਫੀ ਨਹੀਂ ਹੁੰਦਾ। ਸਗੋਂ ਸਾਨੂੰ ਦੂਸਰਿਆਂ ਦੀਆਂ ਭਾਵਨਾਵਾਂ ਅਤੇ ਸੋਚ-ਦ੍ਰਿਸ਼ਟੀ ਪ੍ਰਤੀ ਵੀ ਸੰਵੇਦਨਸ਼ੀਲ ਹੋਣ ਦੀ ਲੋੜ ਹੈ ਤਾਂ ਕਿ ਸਾਡੇ ਬੋਲਣ, ਕਥਨੀ, ਹਰਫ ਜਾਂ ਪ੍ਰਤੀਕ੍ਰਿਆ ਨਾਲ ਕਿਸੇ ਦੇ ਦਿਲ 'ਤੇ ਕੋਈ ਝਰੀਟ ਨਾ ਆਵੇ।

ਸੰਵੇਦਨਸ਼ੀਲ ਵਿਅਕਤੀ ਦੀ ਅੱਖ ਵਿਚ ਵੱਸਦੀ ਏ ਨਮੀ। ਇਹ ਨਮੀ ਜਦ ਵਕਤ ਦੇ ਨਾਮ ਹੁੰਦੀ ਤਾਂ ਜੀਵਨੀ-ਮਾਰੂਥਲ 'ਚ ਬੇਮੌਸਮੀ ਬਹਾਰਾਂ ਦੀ ਆਮਦ ਹੁੰਦੀ।

ਯਾਦ ਰੱਖਣਾ! ਹਰ ਬੱਚਾ ਸੰਵੇਦਨਸ਼ੀਲ ਹੁੰਦਾ। ਇਹ ਪਰਿਵਾਰਕ ਹਾਲਾਤ, ਪਾਲਣ-ਪੋਸ਼ਣ, ਆਲਾ-ਦੁਆਲਾ ਅਤੇ ਰਹਿਣੀ-ਬਹਿਣੀ ਦਾ ਅਸਰ ਹੁੰਦਾ ਕਿ ਉਹ ਵੱਡਾ ਹੋ ਕੇ ਸੰਵੇਦਨਾ ਤੋਂ ਸੰਵੇਦਨਹੀਣ ਹੋ ਜਾਂਦਾ।

ਮਨੁੱਖ ਦੀ ਕੇਹੀ ਤ੍ਰਾਸਦੀ ਹੈ ਕਿ ਅਸੀਂ ਕਿਸੇ ਦੇ ਸਾਹ-ਸੰਤਾਪ ਵਿਚੋਂ ਖੁਦ ਦੀ ਸਾਹ-ਨਿਰੰਤਰਤਾ ਭਾਲਦੇ ਹਾਂ। ਕਿਸੇ ਦੇ ਚਮਨ ਨੂੰ ਉਜਾੜ ਕੇ ਆਪਣੀ ਬਗੀਚੀ ਨੂੰ ਫੁੱਲਾਂ ਸੰਗ ਮਹਿਕਾਉਣਾ ਲੋਚਦੇ ਹਾਂ। ਕਿਸੇ ਦੇ ਮਨ-ਮਸਤਕ ਵਿਚ ਸੋਚ-ਉਲਝਣ ਪੈਦਾ ਕਰਕੇ, ਖੁਦ ਸੁਰਖਰੂ ਹੋਣ ਦਾ ਨਾਟਕ ਕਰ ਰਹੇ ਹਾਂ। ਅਜਿਹਾ ਕਰਕੇ ਥੋੜ੍ਹਚਿਰੀ ਖੁਸ਼ੀ ਤਾਂ ਸ਼ਾਇਦ ਮਿਲ ਜਾਵੇ ਪਰ ਇਹ ਰਾਤਾਂ ਦੀ ਨੀਂਦ ਹੰਘਾਲ, ਤੁਹਾਡੀ ਜੀਵਨ-ਤੋਰ ਨੂੰ ਲੜਖੜਾਉਣ ਲਾ ਦਿੰਦੀ ਏ। ਆਖਰ ਨੂੰ ਮਨੁੱਖ ਅਲਾਮਤਾਂ ਦਾ ਸ਼ਿਕਾਰ ਹੋ, ਮੌਤ ਮੰਗਣ ਜੋਗਾ ਰਹਿ ਜਾਂਦਾ।

ਸੰਵੇਦਨਾ ਦੀ ਸਰਘੀ ਵਿਚ ਬੰਨੇਰਿਆਂ ਤੋਂ ਉਤਰਦਾ ਏ ਠੁਮਕ-ਠੁਮਕ ਕਿਰਨਾਂ ਦਾ ਕਾਫਲਾ, ਤ੍ਰੇਲ ਧੋਤੀਆਂ ਫੁੱਲ-ਪੱਤੀਆਂ ਵਿਚ ਪੈਦਾ ਹੁੰਦੀ ਏ ਰੰਗਲੀ ਲਿਸ਼ਕੋਰ, ਘਰ ਦੀਆਂ ਬਰੂਹਾਂ ਵਿਚ ਚਾਨਣ ਡੋਲਦਾ ਏ ਸੂਰਜ, ਦਰਾਂ ਵਿਚ ਤੇਲ ਚੋਂਦੀਆਂ ਨੇ ਮਾਂਵਾਂ ਦੀਆਂ ਮੰਨਤਾਂ, ਚੌਂਕਿਆਂ ਵਿਚ ਚਾਵਾਂ ਦੀਆਂ ਚੁਗਲੀਆਂ ਕਰਦੇ ਨੇ ਚੌਂਕੇ। ਚੌਗਿਰਦੇ ਵਿਚ ਪਿਆਰ ਅਤੇ ਆਪਸੀ ਮੋਹ ਦਾ ਨਿੱਘ ਪੈਦਾ ਹੁੰਦਾ। ਇਸ ਦੇ ਚਾਨਣ ਵਿਚ ਧੋਤੇ ਜਾਂਦੇ ਨੇ ਪੀਹੜਿਆਂ 'ਤੇ ਬੈਠੇ ਹੋਇਆਂ ਦੇ ਚਿਹਰੇ। ਵਿਹੜੇ 'ਚ ਵਰ੍ਹਦਾ ਏ ਨੂਰ ਅਤੇ ਇਹ ਨੂਰ ਹੀ ਘਰਾਂ ਨੂੰ ਵੱਸਣ-ਰੱਸਣ ਤੇ ਜ਼ਿੰਦਗੀ ਦੇ ਹਰ ਪਲਾਂ ਨੂੰ ਭਰਪੂਰਤਾ ਨਾਲ ਜਿਉਣ ਦਾ ਅਦਬ ਸਿਖਾਉਂਦਾ। ਅਜਿਹੀ ਸੰਵੇਦਨਾ ਨੂੰ ਘਰਾਂ ਅਤੇ ਚੌਂਕਿਆਂ ਵਿਚ ਵਾਪਸ ਪਰਤਣ ਦੀ ਬਹੁਤ ਕਾਹਲ ਏ। ਅਸੀਂ ਹਾਕ ਮਾਰਨ ਤੋਂ ਹੀ ਪਤਾ ਨਹੀਂ ਕਿਉਂ ਤ੍ਰਹਿਣ ਲੱਗ ਪਏ ਹਾਂ?


> **ਸੰਵੇਦਨਾ, ਲਹਿਜਾ, ਆਦਤ, ਸੋਚ, ਸੰਜ਼ੀਦਗੀ ਅਤੇ ਸਧਾਰਨਤਾ ਵਿਚੋਂ ਪੈਦਾ ਹੁੰਦੀ, ਜੋ ਭਾਵਨਾਵਾਂ ਦਾ ਲਿਬਾਸ ਪਾ, ਸ਼ਖਸੀ ਬਿੰਬ ਦਾ ਮੁਹਾਂਦਰਾ ਬਣਦੀ। ਇਸੇ ਲਈ ਤਾਂ ਕਿਸੇ ਵਿਅਕਤੀ ਨਾਲ ਕੁਝ ਚਿਰ ਵਿਚਰਨ ਤੋਂ ਬਾਅਦ ਤੁਸੀਂ ਉਸ ਨੂੰ ਸਮਝ ਜਾਂਦੇ ਹੋ।**

ਸੰਵੇਦਨਾ ਦੀ ਸਰਜ਼ਮੀਂ ਵਿਚ ਸੂਲੀਆਂ ਅਤੇ ਸਲੀਬਾਂ ਨਾ ਉਗਾਓ। ਸਗੋਂ ਇਸ ਦੀ ਮਾਨਸਿਕ ਧਰਾਤਲ ਵਿਚ ਸਲੀਕਾ, ਸਹਿਜ, ਸੰਜਮ ਅਤੇ ਸੁਭ-ਕਰਮਨ ਦੀਆਂ ਕਲਮਾਂ ਲਾਓ। ਇਹ ਬਿਰਖ ਬਣ ਕੇ ਤੁਹਾਡੀ ਸ਼ਖਸੀਅਤ ਨੂੰ ਫੁੱਲਾਂ ਤੇ ਫਲਾਂ ਦਾ ਲਿਬਾਸ ਦੇਵੇਗੀ। ਸ਼ਖਸੀਅਤ ਵਿਚ ਇਕ ਅਜਿਹੀ ਅਗੰਮੀ ਖਿੱਚ ਪੈਦਾ ਹੋਵੇਗੀ ਜਿਸ ਦੀ ਰੰਗਤਾ ਵਿਚ ਦੁਨੀਆਂ ਸੁਹਾਵਣੀ ਹੋ ਜਾਵੇਗੀ।

ਕੀ ਤੁਹਾਡੇ ਮਨ ਵਿਚ ਸੰਸਾਰ ਨੂੰ ਸੁਹੰਢਣਾ ਤੇ ਸੁੰਦਰ ਸਿਰਜਣ ਦਾ ਸੁਪਨਾ ਆਇਆ ਏ? ਅਜਿਹਾ ਸੁਪਨਾ ਜਰੂਰ ਲੈਣਾ, ਤੁਹਾਡੇ ਮਨ ਵਿਚ ਇਸ ਦੀ ਪੂਰਤੀ ਦੀ ਖਾਹਸ਼ ਅੰਗੜਾਈਆਂ ਜਰੂਰ ਭਰੇਗੀ। ਤੁਸੀਂ ਸੰਵੇਦਨਾ ਦਾ ਸਮੁੰਦਰ ਹੋਵੋਗੇ।

# ਇਹ ਵੀ ਰਾਣੀਆਂ ਹਨ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਸ਼ਬਦਾਂ ਦੇ ਅਰਥ-ਵਿਸਤਾਰ ਜਾਂ ਨਵੇਂ ਸ਼ਬਦ ਉਗਮਣ ਦੀਆਂ ਕਹਾਣੀਆਂ ਬੜੀਆਂ ਵਿਚਿੱਤਰ ਅਤੇ ਦਿਲਚਸਪ ਹੁੰਦੀਆਂ ਹਨ। ਇਨ੍ਹਾਂ ਪੰਨਿਆਂ ਵਿਚ ਅਸੀਂ ਇਹੋ ਕਹਾਣੀਆਂ ਪਾਉਂਦੇ ਹਾਂ। ਪਿਛਲੇ ਦੋ ਲੇਖਾਂ ਵਿਚ ਮਾਸਟਰ ਅਤੇ ਮਿਸਤਰੀ ਬਾਰੇ ਲਿਖਿਆ ਸੀ। ਨਾਲ ਹੀ ਇਮਾਰਤ ਬਣਾਉਣ ਵਾਲੇ ਰਾਜ ਬਾਰੇ ਵੀ ਤੰਦ ਛੋਹੀ ਸੀ, ਭਾਵੇਂ ਇਸ ਬਾਰੇ ਨਿਸਚੇਪੂਰਬਕ ਕੁਝ ਨਹੀਂ ਸੀ ਕਿਹਾ ਗਿਆ। ਹਾਂ, ਰਾਜ ਨੂੰ ਵੱਡਾ, ਮੁੱਖ ਦੇ ਅਰਥਾਂ ਵਜੋਂ ਸਮਝਣ ਦੀ ਕੋਸਿਸ਼ ਕੀਤੀ ਗਈ ਸੀ। ਮੇਰੀਆਂ ਨਜ਼ਰਾਂ ਵਿਚੋਂ ਚਰਚਾ ਕੀਤੇ ਗਏ ਰਾਜ



ਅਤੇ ਮਿਸਤਰੀ ਨਾਲ ਸਬੰਧਤ ਇਕ ਹੋਰ ਸ਼ਬਦ ਗੁਜ਼ਰਿਆ ਸੀ ਪਰ ਇਹ ਅੰਸ਼ਕ ਤੌਰ 'ਤੇ ਨਵੀਂ ਘਾੜਤ ਹੋਣ ਕਰਕੇ ਇਸ ਨੂੰ ਵੱਖਰੇ ਤੌਰ 'ਤੇ ਨਜਿੱਠਣ ਦਾ ਫੈਸਲਾ ਕੀਤਾ।

ਕਿਸੇ ਵੀ ਵਰਤਾਰੇ ਬਾਰੇ ਮਨੁੱਖ ਦੀ ਸਮਝ ਲਗਾਤਾਰ ਵਧਦੀ ਜਾਂਦੀ ਹੈ, ਜਿਸ ਕਾਰਨ ਅਸੀਂ ਪੁਰਾਣੀ ਸਮਝ ਨੂੰ ਨੱਕਾਰਦੇ ਜਾਂਦੇ ਹਾਂ। ਮਿਸਾਲ ਵਜੋਂ ਕਿਸੇ ਵੇਲੇ ਇਹ ਸਮਝਿਆ ਜਾਂਦਾ ਸੀ ਕਿ ਖੂਨ ਦਾ ਦਬਾਅ ਸਰੀਰ ਵਿਚ ਖੂਨ ਵਧਣ ਨਾਲ ਹੁੰਦਾ ਹੈ। ਇਸ ਲਈ ਅਜਿਹੇ ਇਲਾਜ ਚੱਲ ਪਏ, ਜਿਨ੍ਹਾਂ ਨਾਲ ਮਨੁੱਖ ਦੇ ਸਰੀਰ ਵਿਚੋਂ ਖੂਨ ਕੱਢਿਆ ਜਾਣ ਲੱਗਾ। ਇਨ੍ਹਾਂ ਵਿਚੋਂ ਇੱਕ ਅਹੁਰ ਸੀ, ਸਰੀਰ ਵਿਚ ਜੋਕਾਂ ਲਾ ਕੇ ਖੂਨ ਕੱਢਣਾ। ਮਰੀਜ਼ ਲਈ ਇਹ ਇਲਾਜ ਏਨਾ ਕਰੂਰ ਅਤੇ ਕਸ਼ਟਦਾਇਕ ਸੀ ਕਿ ਕਈ ਵਾਰੀ ਉਸ ਦੀ ਮੌਤ ਹੀ ਹੋ ਜਾਂਦੀ ਸੀ। ਬਾਅਦ ਵਿਚ ਖੂਨ ਦੇ ਦਬਾਅ ਬਾਰੇ ਸਮਝ ਵਧਣ ਨਾਲ ਹੋਰ ਇਲਾਜ ਚੱਲ ਪਏ। ਨਵੀਂ ਸਮਝ ਅਨੁਸਾਰ ਇਲਾਜ ਤਾਂ ਨਵੇਂ ਚੱਲ ਸਕਦੇ ਹਨ ਪਰ ਵਸਤੂ ਵਰਤਾਰੇ ਦੀ ਕਿਸੇ ਖਾਸੀਅਤ ਵੱਲ ਸੰਕੇਤ ਕਰਦਾ ਸ਼ਬਦ ਏਨਾ ਸੌਖਾ ਨਹੀਂ ਬਦਲਿਆ ਜਾ ਸਕਦਾ, ਐਨ ਉਸੇ ਤਰ੍ਹਾਂ ਜਿਵੇਂ 'ਚੱਲ ਚੁੱਕਾ ਤੀਰ ਤੇ ਮੂੰਹ 'ਚੋਂ ਨਿਕਲਿਆ ਸ਼ਬਦ ਵਾਪਸ ਨਹੀਂ ਜਾ ਸਕਦੇ।'

ਉਪਰੋਕਤ ਸਥਿਤੀ ਦੇ ਮੁੱਖ ਤੌਰ 'ਤੇ ਦੋ ਕਾਰਨ ਹਨ। ਹਰ ਨਵੀਂ ਸਮਝ ਕਾਰਨ ਜੇ ਸ਼ਬਦ ਬਦਲੇ ਜਾਣ ਲੱਗੇ ਤਾਂ ਸੰਚਾਰ ਵਿਚ ਘੜਮੱਸ ਪੈ ਜਾਵੇਗਾ, ਅਰਥਾਤ ਕਿਹਾ ਕੁਝ ਜਾਵੇਗਾ, ਸਮਝਿਆ ਕੁਝ ਜਾਵੇਗਾ। ਪਾਰਦਰਸ਼ੀ ਸੰਚਾਰ ਲਈ ਸ਼ਬਦ ਮੁਕਾਬਲਤਨ ਸਥਿਰ ਹੀ ਚਾਹੀਦੇ ਹਨ। ਦੂਜਾ ਕਾਰਨ ਇਹ ਹੈ ਕਿ ਸਾਰੇ ਲੋਕ ਇਹ ਨਹੀਂ ਜਾਣਦੇ ਹੁੰਦੇ ਕਿ ਸ਼ਬਦ ਦੇ ਪਿਛੋਕੜ ਵਿਚ ਕੀ ਭਾਵ ਹੈ? ਕਿਸ ਨੂੰ ਪਤਾ ਹੈ ਕਿ ਕੌਲੀ ਨੂੰ ਕੌਲੀ ਕਿਉਂ ਕਿਹਾ ਜਾਣ ਲੱਗਾ, ਵਿਚ ਪਾ ਕੇ ਖਾਣ ਤੋਂ ਮਤਲਬ ਹੈ, ਜਿਵੇਂ ਕਹਿੰਦੇ ਹਨ, ਅੰਬ ਖਾਣੇ ਹਨ ਕਿ ਪੇੜ ਗਿਣਨੇ ਹਨ!

ਕਿਸੇ ਵੇਲੇ ਸਮਝਿਆ ਜਾਂਦਾ ਸੀ ਕਿ ਮਲੇਰੀਆ ਗੰਦੀ ਹਵਾ ਭਖਣ ਕਾਰਨ ਹੁੰਦਾ ਹੈ। ਖਿਆਲ ਕੀਤਾ ਜਾਂਦਾ ਹੈ ਕਿ 18ਵੀਂ ਸਦੀ ਵਿਚ ਇਟਲੀ ਦੇ ਇੱਕ ਡਾਕਟਰ ਨੇ ਮਲੇਰੀਆ ਸ਼ਬਦ ਘੜਿਆ ਸੀ, ਜੋ ਦੋ ਘਟਕਾਂ Mal+Aria ਤੋਂ ਬਣਾਇਆ ਗਿਆ ਸੀ। Mal ਦਾ ਅਰਥ 'ਗੰਦਾ' ਅਤੇ Aria ਦਾ 'ਹਵਾ' ਹੁੰਦਾ ਹੈ। ਨਵੇਂ ਬਣੇ ਇਸ ਲਫਜ਼ ਦਾ ਸ਼ਾਬਦਿਕ ਅਰਥ ਬਣਿਆ, ਗੰਦੀ ਹਵਾ। ਬਾਅਦ ਵਿਚ ਮਲੇਰੀਆ ਨੂੰ ਗੰਦੀ ਹਵਾ ਕਾਰਨ ਪੈਦਾ ਹੁੰਦਾ ਰੋਗ ਸਮਝਦਿਆਂ ਇਹ ਨਾਂ ਮਿਲਿਆ। ਬਹੁਤ ਪਿਛੋਂ ਸਮਝ ਆਈ ਕਿ ਮਲੇਰੀਆ ਗੰਦੀ ਹਵਾ ਕਾਰਨ ਨਹੀਂ ਬਲਕਿ ਮੱਛਰ ਦੇ ਕੱਟਣ ਨਾਲ ਹੁੰਦਾ ਹੈ, ਪਰ ਨਵੀਂ ਸਮਝ ਪਿਛੋਂ ਮਲੇਰੀਆ ਨੂੰ ਕਿਸੇ ਹੋਰ ਸ਼ਬਦ ਨਾਲ ਵਿਸਥਾਪਤ ਨਹੀਂ ਕੀਤਾ ਗਿਆ। ਪੰਜਾਬੀ ਭਾਸ਼ਾ ਵਿਚ ਇਸ ਨੂੰ ਤੇਈਆ ਕਹਿ ਦਿੱਤਾ ਜਾਂਦਾ ਹੈ, ਕਿਉਂਕਿ ਇਸ ਨਾਲ ਚੜ੍ਹਦਾ ਤਾਪ ਅਕਸਰ ਇਕ ਦੋ ਨਾਗੇ ਪਾ ਲੈਂਦਾ ਹੈ। ਕੀ ਨਵੀਂ ਸਮਝ ਅਨੁਸਾਰ ਇਸ ਰੋਗ ਨੂੰ ਪੰਜਾਬੀ ਵਿਚ ਮੱਛਰ-ਡੰਗਾ ਜਿਹਾ ਕੋਈ ਸ਼ਬਦ ਮਿਲਣਾ ਚਾਹੀਦਾ ਹੈ? ਪੰਜਾਬ ਸ਼ਬਦ ਦਾ ਅਰਥ ਪੰਜ ਪਾਣੀ ਹੈ, ਪਰ ਢਾਈ ਦਰਿਆ ਰਹਿਣ ਪਿਛੋਂ ਵੀ ਇਸ ਦਾ ਨਾਂ ਨਹੀਂ ਬਦਲਿਆ ਗਿਆ।

ਆਪਣੇ ਵਿਸ਼ੇ ਵੱਲ ਪਰਤਣ ਤੋਂ ਪਹਿਲਾਂ ਕੁਝ ਭੂਮਿਕਾ ਦਰਕਾਰ ਹੈ। ਪਿਛਲੇ ਅਰਸੇ ਵਿਚ ਭਾਰਤ ਸਰਕਾਰ ਨੇ ਇੱਕ ਸਲਾਹੁਣਯੋਗ 'ਸਵੱਛ ਭਾਰਤ ਅਭਿਆਨ' ਚਲਾਇਆ, ਜਿਸ ਤਹਿਤ ਘਰ ਘਰ ਪਾਖਾਨੇ ਲਵਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹਾਲਾਂਕਿ ਕੁਝ ਲੋਕ ਇਹ ਵੀ ਕਹਿ ਰਹੇ ਹਨ ਕਿ ਜਿਨ੍ਹਾਂ ਗਰੀਬ ਲੋਕਾਂ ਨੂੰ ਦੋ ਡੰਗ ਰੋਟੀ ਨਸੀਬ ਨਹੀਂ ਹੁੰਦੀ, ਉਹ ਲੈਟਰੀਨ ਕਾਸ ਲਈ ਜਾਣਗੇ! ਖਬਰਾਂ ਮੁਤਾਬਕ ਕੁਝ ਨਵੀਆਂ ਵਿਆਹੀਆਂ ਕੁੜੀਆਂ ਨੇ ਆਪਣੇ ਸਹੁਰੇ ਘਰ ਜਾਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਸਹੁਰੇ ਘਰ ਪਾਖਾਨਾ ਨਹੀਂ ਸੀ ਬਣਾਇਆ ਹੋਇਆ। ਹੁਣ ਤਾਂ ਇਹ ਮੁਹਿੰਮ ਵੀ ਚਲਾਈ ਜਾ ਰਹੀ ਹੈ ਕਿ ਸਾਰੀਆਂ ਕੁੜੀਆਂ ਪਾਖਾਨਾ-ਰਹਿਤ ਘਰ ਵਿਆਹ ਹੀ ਨਾ ਕਰਵਾਉਣ।

ਐਪਰ ਹੈਰਾਨਕੁਨ ਖੁਸ਼ਖਬਰੀ ਹੈ ਕਿ ਭਾਰਤ ਦੇ ਇੱਕ ਸੂਬੇ ਝਾੜਖੰਡ ਵਿਚ ਲੜਕੀਆਂ ਨੇ ਖੁਦ ਪਾਖਾਨਾ ਬਣਾਉਣ ਦਾ ਧੰਦਾ ਸ਼ੁਰੂ ਕਰ ਦਿੱਤਾ ਹੈ। ਰਵਾਇਤੀ ਤੌਰ 'ਤੇ ਲੜਕੀਆਂ ਨੂੰ ਘਰ ਵਿਚ ਹੀ ਰੱਖਿਆ ਜਾਂਦਾ ਸੀ ਤੇ ਅਕਸਰ ਹੀ ਪਿਆਰ ਨਾਲ ਰਾਣੀ ਦਾ ਨਾਂ ਦਿੱਤਾ ਜਾਂਦਾ ਸੀ। ਇਸਤਰੀਆਂ ਮੁਖ ਤੌਰ 'ਤੇ ਘਰ ਦਾ ਜਾਂ ਇਸਤਰੀਲਿੰਗੀ ਕੰਮ ਹੀ ਕਰਦੀਆਂ ਰਹੀਆਂ ਹਨ, ਅਸਲੀ ਰਾਜਿਆਂ ਦੀਆਂ ਰਾਣੀਆਂ ਤਾਂ ਡੱਕਾ ਵੀ ਦੂਹਰਾ ਨਹੀਂ ਸੀ ਕਰਦੀਆਂ। ਤਾਂ ਹੀ ਤਾਂ ਅਖਾਣ ਹੈ, 'ਮੈਂ ਵੀ ਰਾਣੀ ਤੂੰ ਵੀ ਰਾਣੀ, ਕੌਣ ਭਰੇਗਾ ਘਰ ਦਾ ਪਾਣੀ।'

ਝਾੜਖੰਡ ਦੇ ਪਿੰਡ ਦੁਬਾਲੀਆ ਦੀ ਰਹਿਣ ਵਾਲੀ ਤਿੰਨ ਬੱਚਿਆਂ ਦੀ ਮਾਂ ਸੀਮਾ ਖੁਜੂਰ ਦੇ ਪਤੀ ਦੀ 2010 ਵਿਚ ਮੌਤ ਹੋ ਗਈ। ਵਿਚਾਰੀ ਨੂੰ ਬਹੁਤ ਘਟ ਉਜਰਤ ਵਾਲੀ ਦਿਹਾੜੀ ਕਰਨੀ ਪਈ, ਜਿਸ ਨਾਲ ਪਰਿਵਾਰ ਦਾ ਢਿਡ ਨਹੀਂ ਸੀ ਭਰ ਸਕਦਾ। ਅੱਠ ਸਾਲ ਬਾਅਦ ਉਸ ਨੇ ਮਰਦਾਂ ਵਾਲਾ ਇਕ ਅਜਿਹਾ ਕੰਮ ਸ਼ੁਰੂ ਕਰ ਦਿੱਤਾ, ਜਿਸ ਨਾਲ ਦੇਸ਼ ਭਰ ਵਿਚ ਉਸ ਦੀ ਧਾਂਕ ਪੈ ਗਈ। ਇਹ ਕੰਮ ਸੀ ਪਿੰਡ ਪਿੰਡ ਸ਼ੌਚਾਲਾ ਬਣਾਉਣ ਦਾ। ਇਸ ਨਿਵੇਕਲੇ ਅਤੇ ਮਰਦਾਂ ਵਾਲਾ ਕਿੱਤਾ ਅਪਨਾਉਣ ਕਰਕੇ ਅਖਬਾਰਨਵੀਸਾਂ, ਲੋਕਾਂ ਜਾਂ ਸਰਕਾਰ ਨੇ ਉਸ ਨੂੰ ਰਾਜ-ਮਿਸਤਰੀ ਦੀ ਤਰਜ਼ ਤੇ 'ਰਾਣੀ-ਮਿਸਤਰੀ' ਦਾ ਲਕਬ ਦੇ ਦਿੱਤਾ। ਪਿੰਡ ਦੀਆਂ ਹੋਰ ਔਰਤਾਂ ਵੀ ਉਸ ਦੇ ਨਕਸ਼ੇ ਕਦਮ 'ਤੇ ਚੱਲਣ ਲੱਗ ਪਈਆਂ।

ਪਿੰਡ ਦੀ ਇਕ ਹੋਰ 24 ਸਾਲਾ ਨੂੰਹ, ਪ੍ਰੀਤੀ ਕੁਮਾਰੀ ਬੀ. ਏ. ਪਾਸ ਹੈ। ਵਿਚਾਰੀ ਸ਼ਹਿਰਨ ਪਿਆਰ-ਵਿਆਹ ਕਰਕੇ ਪਤੀ ਦੇ ਪਿੰਡ ਆ ਗਈ। ਪਹਿਲਾਂ ਹੋਰ ਕੰਮ ਕਰਦੀ ਰਹੀ, ਕੋਈ ਖਾਸ ਗੱਲ ਨਾ ਬਣੀ ਤੇ ਆਖਰ ਰਾਣੀ-ਮਿਸਤਰੀ ਦੀ ਟਰੇਨਿੰਗ ਲੈ ਕੇ ਇਹ ਧੰਦਾ ਸ਼ੁਰੂ ਕਰ ਦਿੱਤਾ। ਉਹ ਅੱਜ ਝਾੜਖੰਡ ਦੀਆਂ ਉਨ੍ਹਾਂ 55,000 ਔਰਤਾਂ ਵਿਚੋਂ ਹੈ, ਜਿਨ੍ਹਾਂ ਨੂੰ ਸਰਕਾਰ ਨੇ ਇੱਕ ਸਾਲ ਵਿਚ ਰਾਜਗੀਰੀ ਸਿੱਖਾਈ ਤੇ ਉਨ੍ਹਾਂ ਤੋਂ 15 ਲੱਖ ਪਾਖਾਨੇ ਬਣਵਾਏ। ਇਸ ਤਰ੍ਹਾਂ ਇਨ੍ਹਾਂ ਰਾਣੀ ਮਿਸਤਰੀਆਂ ਨੇ ਸੂਬੇ ਦੇ ਲੋਕਾਂ ਨੂੰ ਜੰਗਲ-ਪਾਣੀ



ਵਾਲੇ ਕੰਮ ਤੋਂ ਘਰ-ਪਾਣੀ ਵਾਲਾ ਕੰਮ ਜਾਂ ਬਾਹਰ ਜਾਣ-ਵਾਲੇ ਕੰਮ ਤੋਂ ਅੰਦਰ ਰਹਿਣ-ਵਾਲਾ ਕੰਮ ਕਰਵਾਉਣ ਲਾ ਦਿੱਤਾ।

ਰਾਜ ਨੂੰ ਖੁਲ੍ਹੇਆਮ ਪਾਖਾਨੇ ਦੇ ਦਲਿੱਦਰ 'ਚੋਂ ਕੱਢਣ ਲਈ ਇਥੋਂ ਦੀ ਜਲ ਅਤੇ ਸਫਾਈ ਸਕੱਤਰ ਅਰਾਧਨਾ ਪਟੇਲ ਨੇ ਵੱਡਾ ਬੀੜਾ ਚੁੱਕਿਆ। ਪਤਾ ਲੱਗਣ 'ਤੇ ਕਿ ਸੂਬੇ ਵਿਚ ਰਾਜ-ਮਿਸਤਰੀਆਂ ਦੀ ਕਮੀ ਹੈ, ਉਸ ਨੇ ਡੇਢ ਲੱਖ ਸਵੈ-ਸਹਾਇਤਾ ਮਹਿਲਾ ਸਮੂਹਾਂ ਨੂੰ ਇਸ ਕੰਮ ਵਿਚ ਲਾਇਆ। ਰਾਣੀ-ਮਿਸਤਰੀ ਵਾਲਾ ਧੰਦਾ ਕਰਨ ਦੀਆਂ ਇਛਿਤ ਇਸਤਰੀਆਂ ਨੂੰ ਦਸ ਦਿਨ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਰਾਣੀ-ਮਿਸਤਰੀਆਂ ਨੂੰ ਸ਼ੁਰੂ ਸ਼ੁਰੂ ਵਿਚ ਭਾਰੀ ਟੱਟੀਖਾਨੇ ਦੇ ਪੌਟ ਨੂੰ ਠੀਕ ਤਰ੍ਹਾਂ ਫਿੱਟ ਕਰਨ, ਖਾਈਆਂ ਪੁੱਟਣ ਅਤੇ ਸਾਹਲ ਲਾਉਣ ਸਮੇਂ ਬਹੁਤ ਦਿੱਕਤ ਪੇਸ਼ ਆਉਂਦੀ ਸੀ। ਇਹ ਕੰਮ ਬਹੁਤ ਜ਼ੋਰ ਵਾਲੇ ਵੀ ਸਨ। ਪਰ ਹੌਲੀ ਹੌਲੀ ਉਹ ਸਭ ਕਾਸੇ ਵਿਚ ਵੀ ਏਨਾ ਤਾਕ ਹੋ ਗਈਆਂ ਕਿ ਰਾਜ-ਮਿਸਤਰੀਆਂ ਨੂੰ ਵੀ ਮਾਤ ਪਾਉਣ ਲੱਗੀਆਂ। ਰਾਣੀਗੀਰੀ ਤੋਂ ਇਲਾਵਾ ਇਨ੍ਹਾਂ ਨੂੰ ਦੂਰ ਦੂਰ ਤੱਕ ਭੱਠਿਆਂ 'ਤੇ ਜਾ ਕੇ ਵਧੀਆਂ ਇੱਟਾਂ ਚੁਣਨ, ਭਾਅ ਕਰਨ ਅਤੇ ਹੋਰ ਅਜਿਹੇ ਕੁੱਤੇ ਕੰਮ ਵੀ ਇਕੱਲਿਆਂ ਹੀ ਕਰਨੇ ਪਏ। ਇਸ ਸਾਰੇ ਕੰਮ ਨੂੰ ਉਹ ਪੂਰੇ ਉਤਸ਼ਾਹ, ਲਗਨ, ਨਾਰੀਤਵ ਦੇ ਸਵੈਮਾਣ ਅਤੇ ਦੇਸ਼ 'ਚੋਂ ਗੰਦ ਕੱਢਣ ਦੇ ਭਾਵ ਨਾਲ ਕਰਦੀਆਂ ਹਨ। ਇੱਕ ਰਾਣੀ ਮਿਸਤਰੀ ਸੁਮਿੱਤਰਾ ਦੇਵੀ ਨੂੰ 50 ਸ਼ੌਚਾਲੇ ਬਣਾਉਣ ਕਰਕੇ ਬਲਾਕ ਸੰਮਤੀ ਵਲੋਂ ਸਨਮਾਨਤ ਵੀ ਕੀਤਾ ਗਿਆ।

ਖਬਰ ਹੈ ਕਿ ਉਹ ਰੋਜ਼ਾਨਾ 400 ਰੁਪਏ ਕਮਾ ਕੇ ਘਰ ਦੀ ਕਬੀਲਦਾਰੀ ਨਜਿੱਠਣ ਲੱਗ ਪਈਆਂ ਹਨ। ਉਨ੍ਹਾਂ ਦੀਆਂ ਬਣਾਈਆਂ ਟਾਇਲਟਾਂ ਅਕਸਰ ਮਰਦਾਂ ਦੀਆਂ ਬਣਾਈਆਂ ਟਾਇਲਟਾਂ ਨਾਲੋਂ ਵਧੀਆ ਅਤੇ ਕਲਾਤਮਕ ਵੀ ਹੁੰਦੀਆਂ ਹਨ। ਰਾਜ-ਮਿਸਤਰੀ ਉਨ੍ਹਾਂ ਦਾ ਕੰਮ ਦੇਖ ਕੇ ਸ਼ਰਮਾਉਣ ਲੱਗ ਪਏ ਹਨ, ਪਰ ਰਾਣੀ-ਮਿਸਤਰੀਆਂ ਨੇ 'ਮੈਂ ਵੀ ਰਾਣੀ, ਤੂੰ ਵੀ ਰਾਣੀ, ਕੌਣ ਭਰੇਗਾ ਘਰਦਾ ਪਾਣੀ' ਵਾਲੀ ਕਹਾਵਤ ਝੂਠੀ ਸਾਬਤ ਕਰ ਦਿੱਤੀ ਹੈ। ਜਿਵੇਂ ਸ਼ੁਰੂ ਵਿਚ ਦੱਸਿਆ ਗਿਆ ਹੈ, 'ਰਾਜ ਮਿਸਤਰੀ' ਵਾਲੇ ਸ਼ਬਦ ਜੁੱਟ ਵਾਲੇ 'ਰਾਜ' ਸ਼ਬਦ ਬਾਰੇ ਅਸੀਂ ਨਿਸਚਿਤ ਨਹੀਂ ਕਿ ਇਹ ਰਾਜਾ (ਬਾਦਸ਼ਾਹ) ਵੱਲ ਸੰਕੇਤ ਕਰਦਾ ਹੈ ਪਰ ਲੋਕਾਂ ਨੇ 'ਰਾਣੀ ਮਿਸਤਰੀ' ਸ਼ਬਦ ਘੜ ਕੇ ਇਸ ਦੇ ਇਸ ਅਰਥ ਪ੍ਰਤੀ ਲੋਕਾਂ ਦੀ ਸਮਝ ਵੱਲ ਸੰਕੇਤ ਜ਼ਰੂਰ ਕਰ ਦਿੱਤਾ ਹੈ। ਸ਼ਾਇਦ ਰਾਜਗਿਰੀ ਦੇ ਨਾਲ ਨਾਲ ਹੁਣ ਰਾਣੀਗਿਰੀ ਸ਼ਬਦ ਵੀ ਚਲਾਉਣਾ ਪਏਗਾ।

# ਚੰਗੇਜ਼ ਖਾਂ ਦੀ ਚੜ੍ਹਤ ਦੀ ਕਹਾਣੀ


ਵਾਸਦੇਵ ਸਿੰਘ ਪਰਹਾਰ
ਫੋਨ: 206-434-1155


ਦੁਨੀਆਂ ਵਿਚ ਚੜ੍ਹਤ ਇਕ ਬੰਦੇ, ਤੇਮੁਜਿਨ ਭਾਵ ਲੋਹਾ ਤੋਂ ਹੋਈ। ਇਹ ਤੇਮੁਜਿਨ ਛੋਟੇ ਜਿਹੇ ਖਾਨਾਬਦੋਸ਼ ਸਰਦਾਰ ਦਾ ਪੁੱਤਰ ਸੀ। ਸੰਨ 1206 ਦੀ ਬਹਾਰ ਰੁੱਤ ਵਿਚ ਖਾਨਾਬਦੋਸ਼ ਸਰਦਾਰਾਂ ਦਾ ਇਕੱਠ ਹੋਇਆ ਅਤੇ ਤੇਮੁਜਿਨ ਨੂੰ ਸਭ ਨੇ ਆਪਣਾ ਆਗੂ ਮੰਨ ਲਿਆ। ਇਨ੍ਹਾਂ ਸਾਰੇ ਖਾਨਾਬਦੋਸ਼ਾਂ ਦਾ ਕੋਈ ਪੱਕਾ ਘਰ ਟਿਕਾਣਾ ਨਹੀਂ ਸੀ। ਜਾਨਵਰਾਂ ਦੀਆਂ ਖੱਲਾਂ ਦੇ ਬਣੇ ਤੰਬੂ ਇਨ੍ਹਾਂ ਦੇ ਘਰ ਹੁੰਦੇ ਸਨ। ਇਸੇ ਕਰਕੇ ਇਨ੍ਹਾਂ ਨੂੰ ਪੱਕੇ ਘਰਾਂ ਅਤੇ ਵੱਸਦੇ ਸ਼ਹਿਰਾਂ ਤੋਂ ਨਫਰਤ ਸੀ।

'ਸੀਕਰਿਟ ਹਿਸਟਰੀ ਆਫ ਮੰਗੋਲਜ਼' ਅਨੁਸਾਰ ਖਾਨਾਬਦੋਸ਼ ਸਰਦਾਰਾਂ ਨੇ ਕਿਹਾ, "ਅਸੀਂ ਤੈਨੂੰ ਖਾਨ ਬਣਾਉਂਦੇ ਹਾਂ। ਜਦੋਂ ਤੂੰ ਖਾਨ ਹੈਂ ਤਾਂ ਹਿਰਾਵਲ ਦਸਤਾ ਬਣਾ ਕੇ ਦੁਸ਼ਮਣ 'ਤੇ ਟੁੱਟ ਪਵਾਂਗੇ। ਬਹੁਤ ਸਾਰੀਆਂ ਖੂਬਸੂਰਤ ਦਾਸੀਆਂ ਅਤੇ ਉਚ ਘਰਾਣਿਆਂ ਦੀਆਂ ਔਰਤਾਂ ਲਿਆਵਾਂਗੇ। ਜੇ ਜੰਗ ਸਮੇਂ ਅਸੀਂ ਤੁਹਾਡੇ ਹੁਕਮਾਂ ਦੀ ਉਲੰਘਣਾ ਕਰੀਏ ਤਾਂ ਸਾਨੂੰ ਆਪਣੇ ਰਿਸ਼ਤੇਦਾਰਾਂ ਅਤੇ ਔਰਤਾਂ ਤੋਂ ਵੱਖਰੇ ਕਰ ਦੇਣਾ, ਸਾਡੇ ਮੂੰਹ ਕਾਲੇ ਕਰਕੇ ਜਮੀਨ ਵਿਚ ਗੱਡ ਦੇਣਾ।" ਇਸ ਜੋਸ਼ੀਲੀ ਤਕਰੀਰ ਨਾਲ ਤੇਮੁਜਿਨ ਨੂੰ ਚੰਗੇਜ਼ (ਗੰਗੀਜ਼) ਖਾਂ ਦਾ ਖਿਤਾਬ ਮਿਲਿਆ। ਚੰਗੇਜ਼ ਦੇ ਅਰਥ ਮੰਗੋਲ ਭਾਸ਼ਾ ਵਿਚ ਸਭ ਨੂੰ ਆਪਣੇ ਵਿਚ ਸਮਾ ਜਾਣ ਵਾਲੇ ਹਨ।

ਤੁਰਕ ਅਤੇ ਮੰਗੋਲ ਕਬੀਲਿਆਂ ਨੂੰ ਇਕੱਠੇ ਕਰਕੇ ਉਸ ਨੇ ਸਮੇਂ ਦੀ ਸਭਿਅਤਾ ਦਾ ਨਾਮੋ-ਨਿਸ਼ਾਨ ਮਿਟਾ ਕੇ ਵਹਿਸ਼ੀਪੁਣੇ ਦਾ ਰਾਜ ਫੈਲਾਇਆ। ਸਭ ਤੋਂ ਪਹਿਲਾਂ ਉਸ ਨੇ ਆਪਣੇ ਪਿਤਾ ਦੇ ਕਾਤਲਾਂ ਤਾਤਾਰ ਕਬੀਲੇ ਦਾ ਅੰਤ ਕੀਤਾ। ਲੋਕ ਮੰਗੋਲਾਂ ਨੂੰ ਹੀ ਤਾਤਾਰ ਆਖਣ ਲੱਗ ਪਏ। ਉਸ ਨੇ ਖਾਨਾਬਦੋਸ਼ਾਂ ਦਾ 'ਯਾਸਾ' ਨਾਮੀ ਕਾਨੂੰਨ ਬਣਾਇਆ। ਚੋਰੀ ਕਰਨ, ਕਿਸੇ ਦੀ ਪਤਨੀ ਨੂੰ ਚੁੱਕ ਕੇ ਲੈ ਜਾਣ ਅਤੇ ਹੋਰ ਅਪਰਾਧਾਂ ਦੀਆਂ ਸਜ਼ਾਵਾਂ ਨਿਯਤ ਕੀਤੀਆਂ।

ਚੰਗੇਜ਼ ਖਾਂ ਆਪਣੇ ਪੁੱਤਰਾਂ-ਜਗਤਾਈ, ਓਗਾਦਈ, ਤੇਲੀਓ ਅਤੇ ਜੇਬ ਜਾਂ ਹੋਰ ਭਰੋਸੇਯੋਗ ਸਰਦਾਰਾਂ ਨੂੰ ਵੱਖ-ਵੱਖ ਮੁਹਿੰਮਾਂ 'ਤੇ ਭੇਜਦਾ। ਉਸ ਦੀ ਫੌਜ ਦੇ ਹਰ ਸਿਪਾਹੀ ਕੋਲ ਦੋ ਜਾਂ ਤਿੰਨ ਤੀਰ-ਕਮਾਨ, ਦੋ-ਦੋ ਫੁੱਟ ਲੰਮੇ ਤੀਰਾਂ ਦੇ ਦੋ ਜਾਂ ਤਿੰਨ ਭਰੇ ਭੱਥੇ, ਇਸ ਤੋਂ ਇਲਾਵਾ ਜੰਗੀ ਕੁਹਾੜਾ ਅਤੇ ਰੱਸਾ ਹੋਣਾ ਜ਼ਰੂਰੀ ਸੀ। ਬਰਛੇ ਦੇ ਇਕ ਪਾਸੇ ਕੁੰਡੀ ਬਣਾਈ ਹੁੰਦੀ ਸੀ, ਜਿਸ ਨੂੰ ਫਸਾ ਕੇ ਵਿਰੋਧੀ ਨੂੰ ਘੋੜੇ ਤੋਂ ਹੇਠਾਂ ਡੇਗਿਆ ਜਾਂਦਾ ਸੀ। ਅਮੀਰਾਂ ਕੋਲ ਲੋਹੇ ਦੀਆਂ ਟੋਪੀਆਂ ਅਤੇ ਵਰਦੀਆਂ ਹੁੰਦੀਆਂ ਸਨ। ਸਰਦਾਰਾਂ ਦੇ ਘੋੜਿਆਂ ਦੇ ਵੀ ਲੋਹੇ ਦੀਆਂ ਵਰਦੀਆਂ ਹੁੰਦੀਆਂ ਸਨ। ਸਿਰ ਦੀ ਲੋਹੇ ਦੀ ਟੋਪੀ ਦਾ ਜੋ ਹਿੱਸਾ ਗਰਦਨ ਦੁਆਲੇ ਹੁੰਦਾ, ਉਹ ਚਮੜੇ ਜਾਂ ਲੋਹੇ ਦੀਆਂ ਛੋਟੀਆਂ ਛੋਟੀਆਂ ਲਟਕਦੀਆਂ ਜ਼ੰਜੀਰੀਆਂ ਦਾ ਹੁੰਦਾ ਸੀ। ਤੀਰਾਂ ਦੀ ਮਾਰ ਦੋ ਸੌ ਗਜ਼ ਤੱਕ ਹੋ ਸਕਦੀ ਸੀ, ਪਰ ਸੱਠ ਗਜ਼ ਤੱਕ ਮਾਰ ਤਾਂ ਪੂਰੀ ਹੁੰਦੀ ਸੀ।

ਹਰ ਸਿਪਾਹੀ ਕੋਲ ਤਿੰਨ ਚਾਰ ਘੋੜੇ ਹੁੰਦੇ ਸਨ। ਇਕ ਘੋੜਾ ਥੱਕ ਜਾਵੇ ਜਾਂ ਜੰਗ ਵਿਚ ਮਰ ਜਾਵੇ ਤਾਂ ਤੁਰੰਤ ਦੂਜੇ ਘੋੜੇ ਦੀ ਸਵਾਰੀ ਕਰ ਲੈਂਦੇ। ਘੋੜ ਸਵਾਰੀ ਤਾਂ ਇਨ੍ਹਾਂ ਨੂੰ ਚਾਰ ਪੰਜ ਸਾਲ ਦੀ ਉਮਰ ਵਿਚ ਹੀ ਆ ਜਾਂਦੀ ਸੀ, ਜਦੋਂ ਇਹ ਇਕ ਥਾਂ ਤੋਂ ਦੂਜੀ ਥਾਂ ਜਾਂਦੇ ਤਾਂ ਚਾਰ ਪੰਜ ਸਾਲ ਦੇ ਬੱਚਿਆਂ ਨੂੰ ਵੱਖਰੇ ਘੋੜੇ 'ਤੇ ਬਿਠਾ ਦਿੰਦੇ। ਦੌੜੇ ਜਾਂਦੇ ਘੋੜਿਆਂ ਤੋਂ ਤੀਰ ਦਾ ਨਿਸ਼ਾਨਾ ਲਾ ਸਕਦੇ। ਇਤਿਹਾਸਕਾਰ ਐਰਿਕ ਹਿਲਡਿੰਗਰ ਅਨੁਸਾਰ ਜਿਹੜੇ ਬੱਚੇ ਬਿਮਾਰ ਜਾਂ ਕਮਜ਼ੋਰ ਹੁੰਦੇ, ਉਨ੍ਹਾਂ ਨੂੰ ਬੋਝ ਸਮਝ ਕੇ ਛੋਟਿਆਂ ਨੂੰ ਹੀ ਮਾਰ ਦਿੰਦੇ।



ਪਲੈਨੋ ਕਾਰਪੀਠੀ ਅਨੁਸਾਰ ਮੰਗੋਲ ਬੜੇ ਗੰਦੇ, ਘਟੀਆ ਖਾਣਾ ਖਾਣ ਵਾਲੇ, ਨਿਰਦਈ, ਘੁਮੰਡੀ, ਭਾਵ ਹਰ ਭੈੜੀ ਆਦਤ ਦੇ ਮਾਲਕ ਸਨ। ਲੁੱਟ-ਖਸੁੱਟ ਕਰਨਾ, ਬੇਦੋਸ਼ਿਆਂ ਨੂੰ ਮਾਰਨਾ ਤਾਂ ਇਨ੍ਹਾਂ ਦੀ ਖੇਡ ਸੀ। ਸਾਰੇ ਕਬੀਲਿਆਂ ਨੂੰ ਮਿਲਾ ਕੇ ਪਹਿਲਾਂ ਚੰਗੇਜ਼ ਨੇ ਚੀਨ 'ਤੇ ਹਮਲਾ ਕੀਤਾ, ਜੋ ਉਸ ਸਮੇਂ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਸੀ। ਉਤਰ ਵਿਚ ਚਿਨ, ਦੱਖਣ ਵਿਚ ਸੰਗ ਅਤੇ ਉਤਰ-ਪੱਛਮ ਵਿਚ ਹਸੀ ਹਸੀਆ। ਚੰਗੇਜ਼ ਦੇ ਜ਼ੁਲਮਾਂ ਦੀ ਧਾਂਕ ਕਾਰਨ ਦੂਜੇ ਬਾਦਸ਼ਾਹਾਂ ਦੇ ਕਈ ਫੌਜੀ ਉਸ ਨਾਲ ਆ ਮਿਲਦੇ ਅਤੇ ਇਸ ਤਰ੍ਹਾਂ ਚੰਗੇਜ਼ ਦੀ ਜਿੱਤ ਆਸਾਨ ਹੋ ਜਾਂਦੀ।

ਚੰਗੇਜ਼ ਦੀਆਂ ਜੰਗੀ ਚਾਲਾਂ ਵੀ ਬੜੀਆਂ ਦਿਲਚਸਪ ਸਨ। ਉਸ ਨੇ ਇਕ ਸ਼ਹਿਰ ਨੂੰ ਘੇਰਾ ਪਾਇਆ ਪਰ ਇਹ ਕਈ ਮਹੀਨੇ ਬੇਅਸਰ ਰਿਹਾ। ਸ਼ਹਿਰ ਦੇ ਉਚਾਈ ਵਾਲੇ ਪਾਸੇ ਦਰਿਆ ਵਗਦਾ ਸੀ। ਚੰਗੇਜ਼ ਨੇ ਉਸ ਦਰਿਆ 'ਤੇ ਬੰਨ੍ਹ ਬਣਾ ਕੇ ਸਾਰਾ ਪਾਣੀ ਉਸ ਸ਼ਹਿਰ ਨੂੰ ਮੋੜ ਦਿੱਤਾ। ਹੜ੍ਹ ਕਾਰਨ ਸ਼ਹਿਰ ਵਿਚ ਭਗਦੜ ਮੱਚ ਗਈ ਅਤੇ ਸੌਖਿਆਂ ਹੀ ਚੰਗੇਜ਼ ਦਾ ਕਬਜ਼ਾ ਹੋ ਗਿਆ।

ਮੰਗੋਲਾਂ ਨੂੰ ਇਹ ਮਾਣ ਹੋ ਗਿਆ ਕਿ ਰੱਬ ਨੇ ਉਨ੍ਹਾਂ ਨੂੰ ਬਾਕੀ ਦੁਨੀਆਂ 'ਤੇ ਰਾਜ ਕਰਨ ਲਈ ਪੈਦਾ ਕੀਤਾ ਹੈ। ਅਫਗਾਨਿਸਤਾਨ ਵਿਚ ਐਸੀ ਤਬਾਹੀ ਮਚਾਈ ਕਿ ਲੋਕ ਭੁੱਖੇ ਮਰਦੇ ਕੁੱਤਿਆਂ ਅਤੇ ਬਿੱਲੀਆਂ ਦਾ ਮਾਸ ਖਾਣ ਲਈ ਮਜਬੂਰ ਹੋ ਗਏ। ਚੰਗੇਜ਼ ਪਿਸ਼ੌਰ ਤੱਕ ਆਇਆ ਪਰ ਅਗਾਂਹ ਹਿੰਦੁਸਤਾਨ ਦੇ ਗਰਮ ਮੌਸਮ ਤੋਂ ਡਰਦਾ ਪਿੱਛੇ ਮੁੜ ਗਿਆ। ਉਸ ਦੇ ਇਕ ਦਸਤੇ ਨੇ ਮੁਲਤਾਨ ਵੀ ਮਾਰ ਲਿਆ ਸੀ। ਅਫਗਾਨਿਸਤਾਨ ਵਿਚ ਕਿਸਾਨਾਂ ਨੇ ਖੇਤਾਂ ਨੂੰ ਪਾਣੀ ਦੇਣ ਲਈ ਧਰਤੀ ਹੇਠਾਂ ਪਾਣੀ ਦੀਆਂ ਲੁਕਵੀਆਂ ਨਾਲੀਆਂ ਬਣਾਈਆਂ ਸਨ। ਚੰਗੇਜ਼ ਤੋਂ ਬਚਣ ਲਈ ਲੋਕ ਇਨ੍ਹਾਂ ਨਾਲੀਆਂ ਵਿਚ ਲੁਕ ਗਏ ਪਰ ਚੰਗੇਜ਼ ਨੇ ਨਾਲੀਆਂ ਤਬਾਹ ਕਰਕੇ ਅੱਗੇ ਤੋਂ ਫਸਲਾਂ ਦਾ ਹੋਣਾ ਹੀ ਬੰਦ ਕਰ ਦਿੱਤਾ।

ਜਦੋਂ ਵੀ ਚੰਗੇਜ਼ੀ ਫੌਜਾਂ ਕਿਸੇ ਕਿਲ੍ਹੇ ਜਾਂ ਸ਼ਹਿਰ ਨੂੰ ਘੇਰਾ ਪਾਉਂਦੀਆਂ ਤਾਂ ਲੋਕਾਂ ਨੂੰ ਨਰਮ ਲਹਿਜ਼ੇ ਵਿਚ ਆਤਮ-ਸਮਰਪਣ ਕਰਕੇ ਨਰਮੀ ਦੇ ਵਰਤਾਓ ਦਾ ਵਾਅਦਾ ਕਰਦੇ। ਜਦੋਂ ਉਹ ਬਾਹਰ ਆਉਂਦੇ ਤਾਂ ਆਖਦੇ, ਆਓ, ਅਸੀਂ ਤਾਤਾਰੀ ਰਸਮ ਨਾਲ ਤੁਹਾਡੀ ਗਿਣਤੀ ਕਰਨੀ ਹੈ। ਲੋਕਾਂ ਵਿਚੋਂ ਕਾਰੀਗਰਾਂ ਨੂੰ ਵੱਖਰੇ ਕਰ ਲੈਂਦੇ, ਬਾਕੀਆਂ ਵਿਚੋਂ ਜੋ ਉਨ੍ਹਾਂ ਨੂੰ ਗੁਲਾਮ ਬਣਾਉਣ ਲਈ ਠੀਕ ਲੱਗਦੇ, ਉਨ੍ਹਾਂ ਨੂੰ ਵੱਖ ਕਰਕੇ ਬਾਕੀਆਂ ਨੂੰ ਕਤਲ ਕਰ ਦਿੰਦੇ।

ਚੰਗੇਜ਼ ਦੀ ਫੌਜ ਦੇ ਵੱਡੇ ਯੂਨਿਟ ਦੀ ਗਿਣਤੀ ਦਸ ਹਜ਼ਾਰ ਸੀ, ਜਿਸ ਨੂੰ ਸਿੱਕ ਤੁੰਮਨ ਕਹਿੰਦੇ। ਤੁੰਮਨ ਅੱਗੇ ਇਕ ਹਜ਼ਾਰ ਦੇ ਸਿੰਘਨ ਅਤੇ ਅੱਗੇ ਦਸਾਂ ਦਸਾਂ ਦੇ ਅੰਬਾਨ ਹੁੰਦੇ ਸਨ। ਜੰਗ ਸਮੇਂ ਦਸਾਂ ਵਿਚੋਂ ਜੇ ਇਕ ਵੀ ਜਾਨ ਬਚਾਉਣ ਲਈ ਭੱਜ ਨਿਕਲਦਾ ਤਾਂ ਸਾਰੇ ਦਸਾਂ ਨੂੰ ਸਜ਼ਾ-ਏ-ਮੌਤ ਦਿੱਤੀ ਜਾਂਦੀ।

ਸੰਨ 1227 ਵਿਚ ਚੰਗੇਜ਼ ਕੁਦਰਤੀ ਮੌਤ ਮਰਿਆ ਪਰ ਕਿਹਾ ਜਾਂਦਾ ਹੈ ਕਿ ਘੋੜੇ ਤੋਂ ਡਿੱਗਣ ਨਾਲ ਐਸਾ ਜ਼ਖਮੀ ਹੋਇਆ ਕਿ ਠੀਕ ਨਾ ਹੋ ਸਕਿਆ। ਉਸ ਨੂੰ ਉਸ ਦੇ ਤਖਤ ਸਮੇਤ ਧਰਤੀ ਵਿਚ ਦਫਨ ਕੀਤਾ ਗਿਆ। ਨਾਲ ਹੀ ਉਸ ਦੇ ਚਹੇਤੇ ਨੌਕਰ ਅਤੇ ਪਤਨੀਆਂ ਵੀ ਉਸ ਦੇ ਦੁਆਲੇ ਹੀ ਦਫਨ ਕੀਤੇ ਗਏ। ਬਹੁਤ ਸਾਰਾ ਧਨ ਦੌਲਤ ਵੀ ਦੱਬਿਆ ਗਿਆ। ਮੰਗੋਲਾਂ ਨੇ ਕਬਰ ਪੁੱਟਣ ਵਾਲੇ ਮਜ਼ਦੂਰ ਕਤਲ ਕਰ ਦਿੱਤੇ ਤਾਂ ਕਿ ਚੰਗੇਜ਼ ਦੀ ਕਬਰ ਦਾ ਕਿਸੇ ਨੂੰ ਪਤਾ ਨਾ ਲੱਗੇ। ਕਬਰ ਦੀ ਥਾਂ ਨੂੰ ਚੰਗੀ ਤਰ੍ਹਾਂ ਦਬਾ ਕੇ ਉਪਰ ਦਰੱਖਤ ਲਾ ਦਿੱਤੇ ਤਾਂ ਕਿ ਖਾਨ ਦੀ ਨੀਂਦ ਵਿਚ ਕਦੇ ਖਲਲ ਨਾ ਪਵੇ। ਅੱਜ ਤਕ ਚੰਗੇਜ਼ ਦੀ ਕਬਰ ਦੀ ਥਾਂ ਦਾ ਕਿਸੇ ਨੂੰ ਨਹੀਂ ਪਤਾ।

# ਬਣਜਾਰਾ=ਬੱਬੂ ਮਾਨ+ਟਰੱਕ+ਟਰਾਲਾ!

**ਫਿਲਮ ਸਮੀਖਿਆ**

**ਇਕਬਾਲ ਸਿੰਘ ਚਾਨਾ**

ਬੱਬੂ ਮਾਨ ਪੰਜਾਬੀਆਂ ਦਾ ਚਹੇਤਾ ਗਾਇਕ ਹੈ, ਹੀਰੋ ਵੀ ਹੈ! ਕਈ ਫਿਲਮਾਂ ਵਿਚ ਪੰਜਾਬੀਆਂ ਦਾ ਹੀਰੋ ਬਣ ਚੁਕਾ ਹੈ। ਪਿਛਲੀ ਫਿਲਮ 'ਬਾਜ਼' 4 ਸਾਲ ਪਹਿਲਾਂ ਆਈ ਸੀ, ਤੇ ਹੁਣ 'ਬਣਜਾਰਾ' ਬਣ ਕੇ ਦਰਸ਼ਕਾਂ ਅੱਗੇ ਪੇਸ਼ ਹੋਇਆ ਹੈ।

ਜਿਵੇਂ ਕਿ ਫਿਲਮ ਦੀ ਪਬਲੀਸਿਟੀ ਵਿਚ ਪ੍ਰਚਾਰਿਆ ਗਿਆ ਹੈ, ਬੱਬੂ ਮਾਨ ਨੇ ਇਸ ਫਿਲਮ ਵਿਚ ਟ੍ਰਿਪਲ ਰੋਲ ਕੀਤਾ ਹੈ-ਦਾਦੇ, ਪਿਓ ਤੇ ਪੁੱਤਰ ਦਾ (ਹਾਲਾਂਕਿ ਬਾਪ ਦਾ ਰੋਲ ਇਕ ਸੀਨ ਦਾ ਹੀ ਹੈ)! ਇਸ ਤੋਂ ਪਹਿਲਾਂ ਹਿੰਦੀ ਫਿਲਮਾਂ ਵਿਚ ਵੀ ਦਿਲੀਪ ਕੁਮਾਰ, ਅਮਿਤਾਭ ਬੱਚਨ ਅਤੇ ਮਹਿਮੂਦ ਜਿਹੇ ਐਕਟਰ ਤਿੰਨ ਤਿੰਨ




ਕਿਰਦਾਰ ਨਿਭਾ ਚੁਕੇ ਹਨ, ਪਰ ਜੋ ਰੋਲ 'ਬੈਰਾਗ' ਵਿਚ ਦਿਲੀਪ ਕੁਮਾਰ ਨਿਭਾ ਗਿਆ, ਅੱਜ ਤਕ ਕੋਈ ਉਸ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕਿਆ।

ਬੱਬੂ ਮਾਨ ਵੀ ਪੰਜਾਬੀ ਫਿਲਮ ਵਿਚ ਟ੍ਰਿਪਲ ਰੋਲ ਕਰਨ ਵਾਲਾ ਪਹਿਲਾ ਐਕਟਰ ਬਣ ਗਿਆ ਹੈ! ਬੱਬੂ ਮਾਨ ਦੇ ਨਾਲ 2 ਹੋਰ ਵੱਡੇ ਐਕਟਰ ਹਨ-ਟਰੱਕ ਤੇ ਟਰਾਲਾ! ਇਹ ਤਿੰਨੇ ਹੀ ਪੂਰਾ ਸਮਾਂ ਸਕਰੀਨ ਤੇ ਛਾਏ ਰਹਿੰਦੇ ਹਨ। ਇਹ ਤਿੰਨੇ ਹਨ ਤਾਂ ਖੂਬਸੂਰਤ ਲੋਕੇਸ਼ਨਾਂ ਅਤੇ ਫੋਟੋਗਰਾਫੀ ਵੀ ਵੇਖਣ ਨੂੰ ਮਿਲੇਗੀ। ਫਿਲਮ ਦੇ ਦੋ ਕੈਮਰਾਮੈਨ ਹਨ। ਕੈਨੇਡਾ ਵਾਲੇ ਦੀ ਫੋਟੋਗ੍ਰਾਫੀ ਕਮਾਲ ਦੀ ਹੈ ਪਰ ਭਾਰਤ ਵਾਲੇ ਦੀ ਖਰਾਬ।

ਹੀਰੋ ਬੱਬੂ ਮਾਨ ਦੇ ਤਿੰਨ ਰੋਲ ਹਨ, ਇਸ ਲਈ ਹੀਰੋਇਨਾਂ ਵੀ ਕਈ ਹਨ। ਕੈਨੇਡਾ ਵਾਲੇ ਹਿੱਸੇ ਦੀ ਸ਼ਰਧਾ ਆਰੀਆ ਜ਼ਿਆਦਾਤਰ ਓਵਰ ਐਕਟਿੰਗ ਦਾ ਸ਼ਿਕਾਰ ਰਹੀ ਹੈ, ਹਾਲਾਂਕਿ ਇਮੋਸ਼ਨਲ ਦ੍ਰਿਸ਼ਾਂ ਵਿਚ ਉਸ ਨੇ ਸਾਬਿਤ ਕੀਤਾ ਹੈ ਕਿ ਇਕ ਵਧੀਆ ਐਕਟਰੈਸ ਹੈ। ਪੰਜਾਬ ਵਾਲੇ ਹਿੱਸੇ ਵਾਲੀ ਹੀਰੋਇਨ ਸਾਰਾਹ ਖੱਤਰੀ ਸਾਧਾਰਨ ਹੈ। ਦਾਦੇ ਦੇ ਰੋਲ ਵਾਲੇ ਬੱਬੂ ਮਾਨ ਦੀ ਹੀਰੋਇਨ ਜਿਆ ਮੁਸਤਫਾ ਠੀਕ ਠਾਕ ਹੈ। ਫਿਲਮ 'ਆਸੀਸ' ਵਿਚ ਆਪਣੀ ਛਾਪ ਹੋਰ ਗੂੜ੍ਹੀ ਕਰਨ ਵਾਲੇ ਰਾਣਾ ਰਣਬੀਰ ਦਾ 'ਬਣਜਾਰਾ' ਵਿਚ ਰੋਲ ਤੇ ਐਕਟਿੰਗ ਫਾਲਤੂ ਜਿਹੀ ਲਗਦੇ ਹਨ। ਹਰਦੀਪ ਗਿੱਲ ਨੇ ਆਪਣਾ ਕਿਰਦਾਰ ਵਧੀਆ ਨਿਭਾਇਆ ਹੈ।

ਫਿਲਮ ਦੀ ਕਹਾਣੀ ਵਿਚ ਕੁਝ ਵੀ ਨਵਾਂ ਨਹੀਂ। ਟਰੱਕ ਡਰਾਈਵਰ ਦਾਦਾ ਹਰਨੇਕ ਸਿੰਘ 1947 ਵਿਚ ਇੱਕ ਜ਼ਖਮੀ ਅਬਲਾ ਨੂੰ ਬਚਾ ਕੇ ਪੰਜਾਬ ਲੈ ਆਉਂਦਾ ਹੈ। ਮੰਗੇਤਰ ਵੱਲੋਂ ਠੁਕਰਾਏ ਜਾਣ 'ਤੇ ਉਹ ਹਰਨੇਕ ਦੀ ਬਣ ਜਾਂਦੀ ਹੈ। ਉਸ ਦਾ ਪੁੱਤਰ 1984 ਵਿਚ ਦੰਗਿਆਂ ਦਾ ਸ਼ਿਕਾਰ ਹੋ ਜਾਂਦਾ ਹੈ। ਪੋਤਾ ਬੱਬੂ ਮਾਨ ਵੀ ਕਈ ਟਰੱਕਾਂ ਦਾ ਮਾਲਿਕ ਹੈ, ਖੁਦ ਵੀ ਟਰੱਕ ਚਲਾਉਂਦਾ ਹੈ ਤੇ ਪ੍ਰੇਮਿਕਾ ਦੇ ਪਿਛੇ ਕੈਨੇਡਾ ਜਾ ਕੇ ਵੀ ਟਰਾਲਾ ਡਰਾਈਵਰ ਬਣ ਜਾਂਦਾ ਹੈ। ਰਾਣਾ ਰਣਬੀਰ ਉਸ ਨਾਲ ਕਲੀਨਰ ਹੈ। ਅੱਧੋਂ ਵੱਧ ਫਿਲਮ ਟਰਾਲੇ ਵਿਚ ਤੇ ਬਚੀ ਖੁਚੀ ਪੰਜਾਬ ਦੇ ਟਰੱਕ ਵਿਚ ਗੁਜ਼ਰ ਜਾਂਦੀ ਹੈ।

1947 ਦੇ ਬਟਵਾਰੇ 'ਤੇ ਬਣੀ ਸੰਨੀ ਦਿਓਲ ਦੀ ਫਿਲਮ 'ਗਦਰ' ਤੋਂ ਪ੍ਰਭਾਵਤ ਹੋ ਕੇ ਦਾਦੇ ਵਾਲਾ ਪਾਰਟ ਲਿਖਿਆ ਗਿਆ ਹੈ, ਪਰ ਸੰਨੀ ਦਿਓਲ ਵਾਲੇ ਕਰੰਟ ਦੇ ਉਹ ਨੇੜੇ-ਤੇੜੇ ਵੀ ਨਹੀਂ ਹੋ ਗੁਜ਼ਰਦਾ। ਮਝੈਲੀ ਬੋਲੀ ਦੇ ਉਚਾਰਨ ਦੇ ਚੱਕਰ 'ਚ ਕਿਰਦਾਰ ਕਮਜ਼ੋਰ ਹੋ ਜਾਂਦਾ ਹੈ, ਇੰਜ ਲਗਦਾ ਜਿਵੇਂ ਹਮੇਸ਼ਾ ਅਫੀਮ ਛਕੀ ਰੱਖਦਾ ਹੋਵੇ। ਪੋਤੇ ਵਾਲੇ ਰੋਲ ਵਿਚ ਜਚਦਾ ਹੈ। ਵਿਚ ਵਿਚਾਲੇ ਘਸੋੜੇ ਗਏ 1984 ਦੇ ਬਾਪ ਦੇ ਰੋਲ ਵਿਚ ਕਰਨ ਲਈ ਹੀ ਕੁਝ ਨਹੀਂ ਸੀ। ਫਾਈਟ ਮਾਸਟਰ ਦਾ ਕੰਮ ਬੇਹੱਦ ਘਟੀਆ ਹੈ, ਬਟਵਾਰੇ ਤੇ 84 ਦੇ ਦੰਗਿਆਂ ਦਾ ਜ਼ਰਾ ਵੀ ਪ੍ਰਭਾਵ ਨਜ਼ਰ ਨਹੀਂ ਆਉਂਦਾ।

ਫਿਲਮ ਦੇ ਡਾਇਲਾਗ ਸੁਰਮੀਤ ਮਾਵੀ ਅਤੇ ਖੁਦ ਬੱਬੂ ਮਾਨ ਨੇ ਲਿਖੇ ਹਨ। ਬੱਬੂ ਬਾਰੇ ਸੁਣਿਆ ਹੈ ਕਿ ਆਪਣੇ ਕਰੈਕਟਰ ਦੇ ਡਾਇਲਾਗ ਉਹ ਖੁਦ ਹੀ ਲਿਖਦਾ ਹੈ। ਵਧੀਆ ਲਿਖੇ ਹਨ। ਬੱਬੂ ਦੇ 90% ਡਾਇਲਾਗ ਕੱਢ ਕੇ ਬਾਕੀ ਸੁਰਮੀਤ ਮਾਵੀ ਦੇ ਹੋਣਗੇ। ਬਹੁਤ ਤਰੁੱਟੀਆਂ ਹਨ ਤੇ ਕਲਾਕਾਰਾਂ ਨੇ ਉਚਾਰਨ ਵੀ ਠੀਕ ਨਹੀਂ ਕੀਤਾ। ਡਾਇਰੈਕਟਰ ਨੇ ਵੀ ਧਿਆਨ ਨਹੀਂ ਦਿੱਤਾ। ਧੀਰਜ ਰਤਨ ਦਾ ਸਕ੍ਰੀਨਪਲੇ ਵੀ ਢਿੱਲਾ ਹੈ।

ਫਿਲਮ ਦਾ ਵਧੀਆ ਪੱਖ ਹੈ, ਉਸ ਦਾ ਗੀਤ-ਸੰਗੀਤ। ਬੱਬੂ ਮਾਨ ਦੇ ਲਿਖੇ, ਸੰਗੀਤਬੱਧ ਕੀਤੇ ਤੇ ਗਾਏ ਗੀਤ ਵਾਕਿਆ ਹੀ ਖੂਬਸੂਰਤ ਹਨ। ਫਿਲਮੀਕਰਣ ਵੀ ਵਧੀਆ ਹੈ। ਡਾਇਰੈਕਟਰ ਮੁਸ਼ਤਾਕ ਪਾਸ਼ਾ ਦਾ ਕੰਮ ਉਸ ਦੀਆਂ ਪਹਿਲੀਆਂ ਫਿਲਮਾਂ ਨਾਲੋਂ ਬਿਹਤਰ ਹੈ।

ਬੱਬੂ ਮਾਨ ਦੇ ਫੈਨ ਵੱਡੀ ਗਿਣਤੀ ਵਿਚ ਹਨ, ਇਸ ਲਈ ਜਿਵੇਂ ਸੰਭਾਵਨਾ ਸੀ, ਫਿਲਮ ਨੂੰ ਓਪਨਿੰਗ ਵਧੀਆ ਲੱਗੀ ਹੈ। ਪਰ ਫਿਲਮ ਨੂੰ ਚਲਾਉਣ ਲਈ ਚੰਗੀ ਕਹਾਣੀ ਵੀ ਚਾਹੀਦੀ ਹੁੰਦੀ ਹੈ! ਅੱਗੇ ਤੇਰੇ ਭਾਗ ਲੱਛੀਏ!

# ਭੱਜੋ ਵੀਰੋ ਵੇ: ਭੱਜਣਗੇ ਤਾਂ ਦਰਸ਼ਕ ਹੁਣ!

ਅੰਬਰਦੀਪ ਸਿੰਘ ਅੱਜ ਦੇ ਦੌਰ ਦਾ ਵੱਡਾ ਫਿਲਮੀ ਲੇਖਕ ਹੈ। ਉਸ ਦੀ ਕਲਮ ਨੇ ਕਈ ਵਧੀਆ ਪੰਜਾਬੀ ਫਿਲਮਾਂ ਦਿੱਤੀਆਂ ਹਨ। 2016 ਵਿਚ ਫਿਲਮ 'ਲਾਹੌਰੀਏ' ਰਾਹੀਂ ਉਹ ਇਕ ਡਾਇਰੈਕਟਰ ਵੀ ਬਣ ਗਿਆ। 2016 ਵਿਚ ਆਈ 'ਲਵ ਪੰਜਾਬ' ਵਿਚ ਉਸ ਨੂੰ ਇਕ ਰੋਲ ਵਿਚ ਵੇਖ ਕੇ ਲੱਗਾ ਕਿ ਉਹ ਸ਼ਾਇਦ ਐਕਟਿੰਗ ਦਾ ਸ਼ੌਕ ਵੀ ਪੂਰਾ ਕਰ ਰਿਹਾ ਹੈ। ਲੇਕਿਨ ਇਸੇ ਸਾਲ ਦੇ ਸ਼ੁਰੂ ਵਿਚ ਆਈ 'ਲੌਂਗ ਲਾਚੀ' ਵਿਚ ਉਹ ਹੀਰੋ ਵੀ ਬਣ ਗਿਆ। ਹੈਰਾਨੀ ਵੀ ਹੋਈ। ਹੀਰੋਇਨ ਨੀਰੂ ਬਾਜਵਾ, ਸਾਈਡ ਹੀਰੋ ਐਮੀ ਵਿਰਕ ਤੇ ਹੀਰੋ ਅੰਬਰਦੀਪ ਸਿੰਘ। ਫਿਲਮ ਗੁਜ਼ਾਰੇ ਜੋਗੀ ਚੱਲ ਵੀ ਗਈ।

ਫਿਲਮ 'ਲੌਂਗ ਲਾਚੀ' ਵਿਚ ਅੰਬਰਦੀਪ ਨੇ ਇਕ ਲੋਲੜ੍ਹ ਜਿਹੇ ਬੰਦੇ ਦਾ ਰੋਲ ਕੀਤਾ ਸੀ, ਜੋ ਸ਼ਾਇਦ ਆਪਣੀ ਪਰਸਨੈਲਿਟੀ ਨੂੰ ਸਾਹਮਣੇ ਰੱਖ ਕੇ ਆਪਣੇ ਲਈ ਹੀ ਲਿਖਿਆ ਹੋਵੇਗਾ। ਫਿਲਮ ਚੱਲਣ ਦਾ ਕਾਰਨ ਨੀਰੂ ਤੇ ਐਮੀ ਦੀ ਆਪਣੀ ਪ੍ਰਸਿੱਧੀ ਅਤੇ ਫਿਲਮ ਦਾ ਗੀਤ-ਸੰਗੀਤ ਸੀ। ਇਸੇ ਸਾਲ ਦੇ ਅੰਤ ਵਿਚ ਉਹ ਹੀਰੋ ਦੇ ਤੌਰ 'ਤੇ ਆਪਣੀ ਦੂਜੀ ਫਿਲਮ 'ਭੱਜੋ ਵੀਰੋ ਵੇ' ਵੀ ਲੈ ਆਇਆ ਹੈ। ਅਸੀਂ ਕਿਸੇ ਨੂੰ ਮਨੋਜ ਕੁਮਾਰ ਬਣਨ ਤੋਂ ਨਹੀਂ ਰੋਕ ਸਕਦੇ, ਪਰ ਮਨੋਜ ਕੁਮਾਰ ਪਹਿਲਾਂ ਹੀਰੋ, ਫਿਰ ਡਾਇਰੈਕਟਰ ਤੇ ਬਾਅਦ ਵਿਚ ਲੇਖਕ ਬਣਿਆ। ਇਥੇ ਕੰਮ ਉਲਟੇ ਪਾਸਿਓਂ ਸ਼ੁਰੂ ਹੋਇਆ। ਵੈਸੇ ਮਨੋਜ ਕੁਮਾਰ ਆਪਣੇ ਸਮੇਂ ਵਿਚ ਹੈਂਡਸਮ ਵੀ ਬਹੁਤ ਸੀ। ਇੱਥੇ ਵੀ ਬਹਿਸ ਵਾਲੀ ਕੋਈ ਗੱਲ ਨਹੀਂ। ਹਰ ਬੰਦਾ ਸ਼ੀਸ਼ੇ ਮੋਹਰੇ ਆਪਣੇ ਆਪ ਨੂੰ ਹੀਰੋ ਹੀ ਸਮਝਦਾ ਹੈ।

ਫਿਲਮ 'ਭੱਜੋ ਵੀਰੋ ਵੇ' ਦਾ ਕਾਨਸੈਪਟ ਵਧੀਆ ਸੀ। ਚਾਰ ਭਰਾਵਾਂ ਦੇ ਪਰਿਵਾਰ ਵਿਚੋਂ ਕਿਸੇ ਦਾ ਵੀ ਵਿਆਹ ਨਾ ਹੋਣ ਦੇ ਦੁਖਾਂਤ ਅਤੇ ਤਕਲੀਫ ਦੀ ਕਹਾਣੀ ਵਿਚ ਟਵਿਸਟ ਸ਼ੁਰੂ ਸ਼ੁਰੂ ਵਿਚ ਬੜੇ ਚੰਗੇ ਸਨ, ਪਰ ਫਿਲਮ ਦੀ ਸਭ ਤੋਂ ਵੱਡੀ ਕਮਜ਼ੋਰੀ ਉਸ ਦਾ ਹੀਰੋ ਅੰਬਰਦੀਪ ਹੈ, ਜਿਸ ਨੇ ਲੇਖਕ ਤੇ ਨਿਰਦੇਸ਼ਕ ਅੰਬਰਦੀਪ ਨੂੰ ਭਟਕਾ ਕੇ ਰੱਖ ਦਿੱਤਾ। ਉਸ ਦੀ ਕਲਮ ਦੀ ਚੁੰਬਕੀ ਖਿੱਚ ਇਸ ਫਿਲਮ ਵਿਚ ਬਿਖਰ ਕੇ ਰਹਿ ਗਈ ਹੈ। ਚਾਲੀਆਂ ਨੂੰ ਢੁਕਣ ਵਾਲੇ ਬੰਦੇ ਨੂੰ ਕਾਲਿਜ ਦਾ ਸਟੂਡੈਂਟ ਵੇਖ ਕੇ ਹਾਸਾ ਨਿਕਲ ਜਾਂਦਾ ਹੈ। ਡਾਇਲਾਗ ਬੋਲ ਦੇਣੇ ਹੀ ਐਕਟਿੰਗ ਨਹੀਂ ਹੈ! ਹੀਰੋਇਨ ਉਸ ਦੀ ਕਿਹੜੀ ਖੂਬੀ 'ਤੇ ਫਿਦਾ ਹੈ, ਸਮਝ ਤੋਂ ਬਾਹਰ ਹੈ।

ਇਸੇ ਤਰ੍ਹਾਂ ਇਕ ਪਾਸੇ ਤਾਂ ਸ਼ਰੀਕ ਇਸੇ ਤਾੜ ਵਿਚ ਹਨ ਕਿ ਇਨ੍ਹਾਂ 'ਚੋਂ ਕਿਸੇ ਦਾ ਵਿਆਹ ਨਾ ਹੋਵੇ ਤਾਂ ਕਿ ਉਹ ਉਨ੍ਹਾਂ ਦੀ ਜਮੀਨ ਹੜੱਪ ਸਕਣ। ਜਮੀਨ ਵਾਲੇ ਵੀ ਹਨ, ਚਾਹੇ ਥੋੜ੍ਹੀ ਹੀ ਸਹੀ; ਇੱਕ ਭਰਾ ਟੈਕਸੀ ਵੀ ਚਲਾਉਂਦਾ ਹੈ ਤੇ ਘਰ ਮੱਝ ਵੀ ਹੈ। ਹੀਰੋਇਨ ਦੇ ਘਰ ਆ ਜਾਣ 'ਤੇ ਉਹ ਜਿਹੋ ਜਿਹੀ ਗਰੀਬੀ ਦਾ ਮੁਜਾਹਰਾ ਕਰਦੇ ਹਨ, ਉਸ ਵਿਚੋਂ ਸਿਰਫ 'ਲੇਖਕ ਦੀ ਗਰੀਬੀ' ਹੀ ਝਲਕਦੀ ਹੈ, ਹੋਰ ਕੁਝ ਨਹੀਂ।

ਕਹਾਣੀ ਹੁਣ ਤਕ ਤੁਸੀਂ ਸਮਝ ਹੀ ਗਏ ਹੋਵੋਗੇ ਕਿ ਅੰਤ ਵਿਚ ਸਾਰੇ ਛੜੇ ਭਰਾਵਾਂ ਦਾ ਵਿਆਹ ਹੋਣਾ ਹੈ। ਇੰਟਰਵਲ ਤੋਂ ਠੀਕ ਪਹਿਲਾਂ ਗੁੱਗੂ ਗਿੱਲ ਦੀ ਜ਼ੋਰਦਾਰ ਐਂਟਰੀ ਹੈ, ਲੱਗਾ ਕਿ ਫਿਲਮ ਗਤੀ ਫੜੇਗੀ, ਪਰ ਮਾਮੇ ਗੁੱਗੂ ਦੇ ਘਰ ਜਾ ਕੇ ਹੀਰੋ ਤੇ ਉਸ ਦੇ ਭਰਾ ਦੀਆਂ ਬੇਤੁਕੀਆਂ ਤੇ ਹਾਸੋਹੀਣੀਆਂ ਹਰਕਤਾਂ ਨੇ ਇਕ ਚੰਗੇ ਕਨਸੈਪਟ ਦਾ ਜਲੂਸ ਕੱਢ ਕੇ ਰੱਖ ਦਿੱਤਾ।

ਕਲਾਕਾਰਾਂ ਦੀ ਗੱਲ ਕਰੀਏ ਤਾਂ ਹੀਰੋ ਫਿਲਮ ਦਾ ਨੈਗੇਟਿਵ ਪੁਆਇੰਟ ਹੈ। ਵੱਡੇ ਭਰਾ ਦੇ ਰੋਲ ਵਿਚ ਹਰਦੀਪ ਗਿੱਲ ਨੇ ਕਮਾਲ ਦੀ ਐਕਟਿੰਗ ਕਰਕੇ ਸਾਬਿਤ ਕਰ ਦਿੱਤਾ ਕਿ ਉਹ ਵਧੀਆ ਐਕਟਰ ਹੈ। ਦੂਜੇ ਦੋ ਭਰਾਵਾਂ ਦੇ ਰੋਲ ਵਿਚ ਸੁਖਵਿੰਦਰ ਰਾਜ ਅਤੇ ਬਲਵਿੰਦਰ ਬੁਲਿਟ ਨੇ ਵੀ ਵਧੀਆ ਕਿਰਦਾਰ ਨਿਭਾਏ ਹਨ। ਤਿੰਨਾਂ ਨੇ ਹੀਰੋ ਨੂੰ ਸੰਭਾਲਣ ਦੀ ਕਾਫੀ ਕੋਸ਼ਿਸ਼ ਕੀਤੀ ਹੈ। ਹੀਰੋਇਨ ਸਿੰਮੀ ਚਾਹਲ ਨੂੰ ਵੈਸਟਰਨ ਲੁੱਕ ਦਿੱਤੀ ਗਈ ਹੈ, ਪਰ ਉਸ ਦੇ ਕਰਨ ਲਈ ਕੁਝ ਵੀ ਖਾਸ ਨਹੀਂ ਸੀ। ਬੱਸ ਸ਼ੋਅ ਪੀਸ ਬਣ ਕੇ ਰਹਿ ਗਈ ਹੈ।

ਫਿਲਮ ਵਿਚ ਸਭ ਤੋਂ ਵੱਧ ਪ੍ਰਭਾਵਤ ਗੁੱਗੂ ਗਿੱਲ ਨੇ ਕੀਤਾ ਹੈ, ਉਹ ਅੱਜ ਵੀ ਪਹਿਲਾਂ ਵਰਗਾ ਹੈਂਡਸਮ ਹੈ, ਸਦਾਬਹਾਰ ਹੈ। ਪਰ ਉਸ ਦੇ ਕਿਰਦਾਰ ਬਾਰੇ ਵੀ ਲੇਖਕ ਕਨਫੀਊਜ਼ਡ ਹੈ। ਉਹ ਜਾਬਰ ਹੈ, ਸਮਗਲਰ ਹੈ, ਲੁਟੇਰਾ ਹੈ ਜਾਂ ਭਾਵੁਕ ਇਨਸਾਨ ਹੈ-ਸਮਝਣਾ ਮੁਸ਼ਕਿਲ ਹੈ, ਬੱਸ ਘਾਲਾ ਮਾਲਾ ਹੀ ਹੈ। ਯਾਦ ਗਰੇਵਾਲ ਜਿਹੇ ਵਧੀਆ ਆਰਟਿਸਟ ਨੂੰ ਵੀ ਕਮਜ਼ੋਰ ਕਿਰਦਾਰ ਦਿੱਤਾ ਗਿਆ, ਫਿਰ ਵੀ ਜਿੱਥੇ ਉਸ ਨੂੰ ਮੌਕਾ ਮਿਲਿਆ, ਉਸ ਨੇ ਆਪਣੀ ਛਾਪ ਛੱਡੀ ਹੈ। ਹੌਬੀ ਧਾਲੀਵਾਲ ਤੇ ਨਿਰਮਲ ਰਿਸ਼ੀ ਠੀਕ ਠੀਕ ਹਨ। ਨਿਰਮਲ ਰਿਸ਼ੀ ਨੂੰ 'ਦਾਣਾ ਪਾਣੀ' ਤੋਂ ਬਾਅਦ ਦੂਜੀ ਵਾਰ ਲੇਖਿਕਾ ਦੇ ਰੂਪ ਵਿਚ ਵੇਖਿਆ। ਪਹਿਲਾਂ ਵਾਂਗ ਹੀ ਉਸ ਦਾ ਕਿਰਦਾਰ ਅਟਪਟਾ ਜਿਹਾ ਲੱਗਾ। ਲੇਖਿਕਾ ਵਾਲੀ ਸੌਫਟ ਭਾਸ਼ਾ ਦਾ ਉਚਾਰਨ ਕਰਨਾ ਉਸ ਦੇ ਵੱਸ ਦੀ ਗੱਲ ਨਹੀਂ ਹੈ। ਉਹ ਤਾਂ ਧਾਕੜ ਜਿਹੀ ਪੇਂਡੂ ਔਰਤ ਦੇ ਕਿਰਦਾਰ ਹੀ ਸਹਿਜ ਨਾਲ ਨਿਭਾ ਸਕਦੀ ਹੈ।

ਫਿਲਮ 'ਚ ਸੁਰਿੰਦਰ ਸ਼ਿੰਦੇ ਅਤੇ ਕੁਲਦੀਪ ਮਾਣਕ ਦੀ ਆਵਾਜ਼ ਸੁਣ ਕੇ ਇੱਕ ਵਾਰ ਫੇਰ ਮਜ਼ਾ ਆ ਗਿਆ। ਤਾਜ਼ਾ ਰਿਕਾਰਡ ਕੀਤੇ ਜਤਿੰਦਰ ਸ਼ਾਹ ਦੇ ਗੀਤ ਫਿਲਮ ਵਿਚ ਚੰਗੇ ਲੱਗਦੇ ਹਨ।

ਕੁਲ ਮਿਲਾ ਕੇ 'ਭੱਜੋ ਵੀਰੋ ਵੇ' ਸਾਲ 2018 ਵਿਚ ਆਈ ਬਹੁਤ ਹੀ ਨਿਰਾਸ ਕਰਨ ਵਾਲੀ ਫਿਲਮ ਹੈ। ਜੇ ਵੱਡੇ ਵੱਡੇ ਦਿੱਗਜਾਂ ਨੇ ਅੱਗੋਂ ਇਹੋ ਫਿਲਮਾਂ ਦੇਣੀਆਂ ਹਨ ਤਾਂ ਉਹ ਦਿਨ ਦੂਰ ਨਹੀਂ ਜਦ ਦਰਸ਼ਕ ਹੀ ਇਨ੍ਹਾਂ ਤੋਂ ਦੂਰ ਭੱਜਣਗੇ!

# ਖਾਲੀ ਜੇਬਾਂ ਵਾਲੇ ਸਿਤਾਰੇ

ਫਿਲਮੀ ਦੁਨੀਆਂ ਦੇ ਖੇਤਰ ਵਿਚ ਕਈ ਸਿਤਾਰੇ ਅਜਿਹੇ ਹਨ ਜੋ ਖਾਲੀ ਹੱਥ ਆਏ ਅਤੇ ਆਪਣੀ ਮਿਹਨਤ ਤੇ ਕਿਸਮਤ ਦੇ ਬਲ 'ਤੇ ਛਾ ਗਏ। ਜਿਹੜੇ ਸਿਤਾਰਿਆਂ ਦੀਆਂ ਜੇਬਾਂ ਕਦੇ ਖਾਲੀ ਹੁੰਦੀਆਂ ਸਨ, ਉਹੀ ਅੱਗੇ ਜਾ ਕੇ ਕਰੋੜਾਂ ਦੇ ਮਾਲਕ ਬਣੇ। ਅਜਿਹੇ ਕੁਝ ਸਿਤਾਰਿਆਂ ਬਾਰੇ ਜਾਣਕਾਰੀ ਇਉਂ ਹੈ:


**ਨਵਾਜ਼ੂਦੀਨ ਸਿੱਦੀਕੀ:** ਉਤਰ ਪ੍ਰਦੇਸ਼ ਦੇ ਕਿਸਾਨ ਪਰਿਵਾਰ ਵਿਚ ਪੈਦਾ ਹੋਏ ਨਵਾਜ਼ੂਦੀਨ



ਸਿੱਦੀਕੀ ਨੇ ਵੀ ਸ਼ੁਹਰਤ ਦੀ ਬੁਲੰਦੀ ਤਕ ਪਹੁੰਚਣ ਤੋਂ ਪਹਿਲਾਂ ਦਰ-ਦਰ ਦੀਆਂ ਠੋਕਰਾਂ ਖਾਧੀਆਂ ਹਨ ਪਰ ਅੱਜ ਉਸ ਦੀ ਮੌਜੂਦਗੀ ਫਿਲਮ ਨੂੰ ਹਿੱਟ ਕਰਾਉਣ ਦਾ ਫਾਰਮੂਲਾ ਬਣ ਚੁੱਕੀ ਹੈ। ਕੋਈ ਸਮਾਂ ਸੀ ਜਦੋਂ ਉਹ ਚੌਕੀਦਾਰ ਦਾ ਕੰਮ ਕਰਕੇ ਦੋ ਵੇਲੇ ਦੀ ਰੋਟੀ ਮਸਾਂ ਕਮਾਉਂਦਾ ਸੀ।

ਨਵਾਜ਼ੂਦੀਨ ਸਿੱਦੀਕੀ ਦਾ ਕਹਿਣਾ ਹੈ ਕਿ ਉਸ ਦੇ ਪਰਿਵਾਰ ਅਤੇ ਜਾਣ-ਪਛਾਣ ਵਾਲਿਆਂ ਨੂੰ ਕਦੀ ਇਸ ਗੱਲ ਦਾ ਯਕੀਨ ਨਹੀਂ ਆਇਆ ਕਿ ਕੋਈ ਪੱਕੇ ਰੰਗ ਦਾ ਮੁੰਡਾ ਵੀ ਫਿਲਮਾਂ ਵਿਚ ਨਾਇਕ ਬਣ ਸਕਦਾ ਹੈ।

**ਹੈਲੇ ਬੇਰੀ:** ਔਸਕਰ ਅਤੇ ਏਮੀ ਪੁਰਸਕਾਰ ਜੇਤੂ ਹੈਲੇ ਬੇਰੀ ਕੋਲ ਅੱਜ ਸੱਤ ਕਰੋੜ ਡਾਲਰ ਦੀ ਜਾਇਦਾਦ ਹੈ ਪਰ ਉਸ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਜਦੋਂ ਉਹ ਹੌਲੀਵੁੱਡ ਵਿਚ ਕਿਸਮਤ ਅਜ਼ਮਾਉਣ ਆਈ ਸੀ ਤਾਂ ਉਸ ਨੂੰ ਬੇਘਰ ਲੋਕਾਂ ਦੇ ਲਈ ਬਣੇ ਸਹਾਰਾ ਘਰ 'ਚ ਆਸਰਾ ਲੈਣਾ ਪਿਆ ਸੀ, ਕਿਉਂਕਿ ਘਰੋਂ ਉਹ ਖਾਲੀ ਹੱਥ ਨਿਕਲੀ ਸੀ ਅਤੇ ਉਸ ਦੀ ਮਾਂ ਦਾ ਕਹਿਣਾ ਸੀ ਕਿ ਜਾਂ ਤਾਂ ਘਰ ਪਰਤ ਆਵੇ ਜਾਂ ਫਿਰ ਖੁਦ ਹੀ ਆਪਣਾ ਧਿਆਨ ਰੱਖੇ।



**ਜੈਨੀਫਰ ਲੋਪੇਜ਼:** ਅੱਜ ਜੈਨੀਫਰ ਗਿਆਰਾਂ ਕਰੋੜ ਡਾਲਰ ਦੀ ਜਾਇਦਾਦ ਦੀ ਮਾਲਕਣ ਹੈ ਪਰ ਇਕ ਵਕਤ ਅਜਿਹਾ ਸੀ ਕਿ ਉਸ ਕੋਲ ਰਹਿਣ ਲਈ ਛੱਤ ਨਹੀਂ ਸੀ। 18 ਸਾਲ ਦੀ ਉਮਰ ਵਿਚ ਮਾਂ ਦੇ ਨਾਲ ਝਗੜਾ ਹੋਣ ਤੋਂ ਬਾਅਦ ਉਹ ਘਰ ਛੱਡ ਗਈ ਸੀ। ਫਿਰ ਜਿਸ ਡਾਂਸ ਸਟੂਡੀਓ ਵਿਚ ਉਹ ਡਾਂਸ ਸਿੱਖਦੀ ਸੀ, ਉਥੇ ਹੀ ਉਸ ਨੇ ਸੋਫੇ 'ਤੇ ਸੌਣਾ ਸ਼ੁਰੂ ਕਰ ਦਿੱਤਾ। ਲੋਪੇਜ਼ ਦੀ ਮਾਂ ਚਾਹੁੰਦੀ ਸੀ ਕਿ ਉਹ ਪੜ੍ਹਾਈ ਕਰੇ ਅਤੇ ਕਾਲਜ ਵਿਚ ਦਾਖਲਾ ਲਵੇ ਜਦੋਂਕਿ ਉਹ ਨੱਚਣ-ਗਾਉਣ ਨੂੰ ਹੀ ਆਪਣੀ ਜ਼ਿੰਦਗੀ ਬਣਾਉਣਾ ਚਾਹੁੰਦੀ ਸੀ।

**ਇਰਫਾਨ ਖਾਨ:** ਇਕ ਮੁਲਾਕਾਤ ਦੌਰਾਨ ਇਰਫਾਨ ਨੇ ਕਿਹਾ ਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਇਹ ਵਕਤ ਵੀ ਦੇਖਿਆ ਹੈ, ਜਦੋਂ ਜੁਰਾਸਿਕ ਪਾਰਕ ਫਿਲਮ ਦੇਖਣ ਲਈ ਉਸ ਦੀ ਜੇਬ ਵਿਚ ਪੈਸੇ ਨਹੀਂ ਸਨ ਤੇ ਅੱਜ ਉਹੀ ਇਰਫਾਨ ਖਾਨ ਜੁਰਾਸਿਕ ਪਾਰਕ ਜਿਹੀਆਂ ਕੌਮਾਂਤਰੀ ਫਿਲਮਾਂ ਦੀ ਪਛਾਣ ਬਣ ਗਿਆ ਹੈ। 90 ਦੇ ਦਹਾਕੇ ਦੀ ਸ਼ੁਰੂਆਤ ਤੋਂ ਹੀ ਇਰਫਾਨ ਟੈਲੀਵਿਜ਼ਨ 'ਤੇ ਛੋਟੇ-ਛੋਟੇ ਕਿਰਦਾਰ ਨਿਭਾਉਣ ਲੱਗ ਪਿਆ ਸੀ ਪਰ ਸ਼ੁਹਰਤ ਦੀਆਂ ਪੌੜੀਆਂ ਚੜ੍ਹਦੇ-ਚੜ੍ਹਦੇ ਨੂੰ ਉਸ ਨੂੰ ਕਈ ਸਾਲ ਲੱਗ ਗਏ।



**ਓਪਰਾ ਵਿਨਫਰੇ:** ਓਪਰਾ ਵਿਨਡਰੇ ਦੀ ਕਹਾਣੀ ਕਿਸੇ ਪਰੀ ਕਥਾ ਜਿਹੀ ਹੈ। ਕੋਈ ਸਮਾਂ ਸੀ ਕਿ ਉਸ ਦੇ ਪਰਿਵਾਰ ਕੋਲ ਕੱਪੜੇ ਖਰੀਦਣ ਲਈ ਪੈਸੇ ਨਹੀਂ ਸਨ ਅਤੇ ਉਹ ਬੋਰੀ ਪਹਿਨ ਕੇ ਗੁਜ਼ਾਰਾ ਕਰਦੀ ਸੀ। ਅੱਜ ਉਹ ਪੂਰੀ ਦੁਨੀਆਂ ਲਈ ਮਹਿਲਾ ਸ਼ਕਤੀਕਰਨ ਦੀ ਮਿਸਾਲ ਹੈ ਅਤੇ 3 ਅਰਬ ਡਾਲਰ ਦੀ ਜਾਇਦਾਦ ਦੀ ਮਾਲਕ ਹੈ।

**ਡੇਨੀਅਲ ਕ੍ਰੈਗ:** ਹੌਲੀਵੁੱਡ ਦਾ ਜੇਮਜ਼ ਬਾਂਡ ਯਾਨੀ ਡੇਨੀਅਲ ਕ੍ਰੈਗ ਜੋ ਅੱਜ ਮਹਿੰਗੀਆਂ ਘੜੀਆਂ ਅਤੇ ਕਾਰਾਂ ਦੇ ਵਿਗਿਆਪਨ ਵਿਚ ਨਜ਼ਰ ਆਉਂਦਾ ਹੈ, ਆਪਣੇ ਸੰਘਰਸ਼ ਦੇ ਦਿਨਾਂ ਦੌਰਾਨ ਲੰਡਨ ਦੇ ਪਾਰਕ ਵਿਚ ਬੈਂਚ 'ਤੇ ਸੌਂਦਾ ਹੁੰਦਾ ਸੀ। ਉਸ ਕੋਲ ਘਰ ਦਾ ਕਿਰਾਇਆ ਦੇਣ ਲਈ ਵੀ ਪੈਸੇ ਨਹੀਂ ਸਨ। ਉਸ ਨੂੰ ਫਿਲਮ 'ਸਕਾਈਫਾਲ' ਲਈ 1.7 ਕਰੋੜ ਡਾਲਰ ਵਿਚ ਸਾਈਨ ਕੀਤਾ ਗਿਆ ਸੀ।

**ਜਿਮ ਕੈਰੀ:** ਪੂਰੀ ਦੁਨੀਆਂ ਨੂੰ ਹਸਾਉਣ ਵਾਲੇ ਕੈਨੇਡੀਅਨ ਅਮਰੀਕਨ ਅਦਾਕਾਰ ਤੇ ਕਾਮੇਡੀਅਨ ਜਿਮ ਕੈਰੀ ਦਾ ਖੁਦ ਦਾ ਜੀਵਨ ਕਾਫੀ ਮੁਸ਼ਕਿਲਾਂ ਭਰਿਆ ਰਿਹਾ ਹੈ। ਉਹ 12 ਸਾਲ ਦਾ ਸੀ ਜਦੋਂ ਉਸ ਦੇ ਪਿਤਾ ਦੀ ਨੌਕਰੀ ਚਲੀ ਗਈ। ਪਰਿਵਾਰ ਦੇ ਕੋਲ ਘਰ ਦਾ ਕਿਰਾਇਆ ਦੇਣ ਲਈ ਪੈਸੇ ਨਹੀਂ ਸਨ। ਪਹਿਲਾਂ ਉਨ੍ਹਾਂ ਨੇ ਆਪਣੀ ਗੱਡੀ ਨੂੰ ਹੀ ਘਰ ਵਿਚ ਤਬਦੀਲ ਕਰ ਲਿਆ ਅਤੇ ਫਿਰ ਬਾਅਦ ਵਿਚ ਵੱਡੀ ਭੈਣ ਜੋ



ਵਿਆਹੀ ਹੋਈ ਸੀ, ਉਨ੍ਹਾਂ ਦੇ ਘਰ ਦੇ ਵਿਹੜੇ ਵਿਚ ਤੰਬੂ ਗੱਡ ਕੇ ਰਹਿਣ ਲੱਗੇ।



**ਰਜਨੀਕਾਂਤ:** ਰਜਨੀਕਾਂਤ ਦੀ ਕਹਾਣੀ ਕੌਣ ਨਹੀਂ ਜਾਣਦਾ। ਅੱਜ ਦੱਖਣ ਭਾਰਤ ਵਿਚ ਉਸ ਨੂੰ ਭਗਵਾਨ ਵਾਂਗ ਪੂਜਿਆ ਜਾਂਦਾ ਹੈ ਪਰ ਕਦੇ ਰਜਨੀਕਾਂਤ ਸਟੇਸ਼ਨ 'ਤੇ ਕੁਲੀ ਦਾ ਅਤੇ ਬੱਸ ਕੰਡਕਟਰ ਦਾ ਕੰਮ ਕਰਦਾ ਹੁੰਦਾ ਸੀ। ਅੱਜ ਰਜਨੀਕਾਂਤ ਭਾਰਤ ਦੇ ਸਭ ਤੋਂ ਅਮੀਰ ਲੋਕਾਂ 'ਚੋਂ ਇਕ ਹੈ। ਉਸ ਦੇ ਕੋਲ ਪੰਜ ਕਰੋੜ ਡਾਲਰ ਦੀ ਜਾਇਦਾਦ ਹੈ।

ਨਿਰਵਿਘਨ ਪ੍ਰਕਾਸ਼ਨ ਦੇ 20ਵੇਂ ਸਾਲ 'ਚ (ਪਹਿਲੀ ਜਨਵਰੀ 2000-2019)

## ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ ਪਾਠਕਾਂ ਨੂੰ

# ਸਾਲ 2019 ਮੁਬਾਰਕ

ਰੱਬ ਕਰੇ ਨਵਾਂ ਸਾਲ ਕੁਲ ਲੋਕਾਈ ਲਈ ਅਮਨ, ਖੁਸ਼ਹਾਲੀ ਅਤੇ ਖੁਸ਼ੀਆਂ ਭਰਿਆ ਚੜ੍ਹੇ

**'ਪੰਜਾਬ ਟਾਈਮਜ਼ ਨਾਈਟ'**
**4 ਮਈ 2019**

**ਐਟਲਾਂਟਿਸ ਬੈਂਕੁਇਟਸ**
**1273 N Rand Rd, Arlington Heights, IL 60004**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



| | | | | | | |
|---|---|---|---|---|---|---|
| ਸਵਰਨਜੀਤ ਸਿੰਘ ਢਿਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ |



| | | | | | | | |
|---|---|---|---|---|---|---|---|
| ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ | ਜਗਦੀਸ਼ਰ ਸਿੰਘ ਕਲੇਰ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਦਰਸ਼ਨ ਸਿੰਘ ਗਰੇਵਾਲ |



| | | | | | | | |
|---|---|---|---|---|---|---|---|
| ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਅਯੁਧਿਆ ਸਲਵਾਨ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ |

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



| | | | | | | | | | | | |
|---|---|---|---|---|---|---|---|---|---|---|---|
| ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ | ਮੇਜਰ ਕੁਲਾਰ |

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

**Published simultaneously from Chicago, California & New York.**

Ph: 847-359-0746
*e-mail: punjabtimes1@sbcglobal.net, website: www.punjabtimesusa.com*